**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067

*Jassi Gill*
CA DRE Lic.#01180969
CA DRE# 00966763

**Ad Space Available**
**Call 847-359-0746**

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 50, December 12, 2015
20451 N Plum Grove Rd., Palatine, IL 60074
Ph:847-359-0746, Fax:847-705-9388


# ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਜੱਗ-ਜ਼ਾਹਿਰ

## ਪਿੰਕੀ ਕੈਟ ਨੇ ਦੱਸੀ ਪੁਲਿਸ ਦੀ ਦਰਿੰਦਗੀ ਭਰੀ ਕਹਾਣੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਖਾੜਕੂਵਾਦ ਸਮੇਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਕੋਹ-ਕੋਹ ਕੇ ਮਾਰਨ ਦਾ ਮਾਮਲਾ ਇਕ ਵਾਰ ਮੁੜ ਭਖ ਗਿਆ ਹੈ। ਉਸ ਕਾਲੇ ਦੌਰ ਵਿਚ ਪੁਲਿਸ ਦੇ ਮੁਖ਼ਬਰ ਰਹੇ ਗੁਰਮੀਤ ਸਿੰਘ ਪਿੰਕੀ ਉਰਫ ਪਿੰਕੀ ਕੈਟ ਵੱਲੋਂ ਕੀਤੇ ਖੁਲਾਸਿਆਂ ਨਾਲ ਪੁਲਿਸ ਦੇ ਨਾਲ-ਨਾਲ ਇਸ ਮੁੱਦੇ ਉਤੇ ਖੇਡੀ ਜਾ ਰਹੀ ਸਿਆਸਤ ਦਾ ਵੀ ਪਰਦਾਫਾਸ਼ ਹੋਇਆ ਹੈ। ਪਿੰਕੀ ਨੇ ਪੰਜਾਹ ਪੁਲਿਸ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕੀਤਾ ਹੈ। ਇਨ੍ਹਾਂ 50 ਵਾਰਦਾਤਾਂ ਵਿਚ ਤਤਕਾਲੀ ਪੁਲਿਸ ਅਧਿਕਾਰੀਆਂ ਨੇ ਸਿੱਖ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਕਿਸੇ ਰਿਕਾਰਡ ਵਿਚ ਲਿਆਉਣ ਦੀ ਥਾਂ ਮੌਤ ਦੇ ਘਾਟ ਉਤਾਰ ਦਿੱਤਾ।

ਪਿੰਕੀ ਕੈਟ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਦਾ ਚਹੇਤਾ ਹੈ ਅਤੇ ਖਾੜਕੂਵਾਦ ਸਮੇਂ ਉਸ ਦੀ ਮੁਖ਼ਬਰੀ ਉਤੇ ਕਈ ਨੌਜਵਾਨ



ਪੁਲਿਸ ਨੇ ਫੜੇ ਸਨ। ਬਾਅਦ ਵਿਚ ਉਸ ਨੂੰ ਪੁਲਿਸ ਇੰਸਪੈਕਟਰ ਬਣਾ ਦਿੱਤਾ ਗਿਆ। ਉਸ ਨੇ ਮਾਮੂਲੀ ਤਕਰਾਰ ਪਿੱਛੋਂ ਲੁਧਿਆਣਾ ਦੇ ਨੌਜਵਾਨ ਅਵਤਾਰ ਸਿੰਘ ਗੋਲਾ ਦਾ 2001 ਵਿਚ ਕਤਲ ਕਰ ਦਿੱਤਾ ਸੀ। ਇਸ ਦੋਸ਼ ਵਿਚ 2007 ਵਿਚ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ, ਪਰ ਮਈ 2014 ਵਿਚ ਬਾਦਲ ਹਕੂਮਤ ਵੱਲੋਂ ਉਸ ਨੂੰ ਸੱਤ ਸਾਲ ਤੇ ਸੱਤ ਮਹੀਨਿਆਂ ਬਾਅਦ ਹੀ ਚੁੱਪ-ਚੁਪੀਤੇ ਰਿਹਾਅ ਕਰ ਦਿੱਤਾ ਗਿਆ ਤੇ ਫਿਰ ਨੌਕਰੀ ਵੀ ਬਹਾਲ ਕਰ ਦਿੱਤੀ। ਬਹਾਲੀ ਦਾ ਤਿੱਖਾ ਵਿਰੋਧ ਹੋਣ 'ਤੇ ਬਾਦਲ ਸਰਕਾਰ ਨੂੰ ਉਸ ਨੂੰ ਨੌਕਰੀ ਤੋਂ ਹਟਾਉਣਾ ਪਿਆ। ਇਹੀ ਰੰਜਿਸ਼ ਪਿੰਕੀ ਨੂੰ ਕਤਲੋਗਾਰਤ ਬਾਰੇ ਖੁਲਾਸੇ ਕਰਨ ਦੇ ਰਾਹ ਲੈ ਆਈ ਹੈ। ਉਸ ਨੂੰ ਗਿਲਾ ਹੈ ਕਿ ਜਿਨ੍ਹਾਂ ਦੇ ਇਸ਼ਾਰੇ 'ਤੇ ਉਹ ਖੁਦ ਘਿਨਾਉਣੇ ਜੁਰਮਾਂ ਨੂੰ ਅੰਜਾਮ ਦਿੰਦਾ ਰਿਹਾ, ਉਹ ਮੁਸੀਬਤ ਸਮੇਂ ਉਸ ਦੇ ਨਾਲ ਨਹੀਂ ਖੜ੍ਹ ਰਹੇ। ਪਿੰਕੀ ਨੇ ਸੁਮੇਧ ਸੈਣੀ ਅਤੇ ਕੇ.ਪੀ.ਐਸ. ਗਿੱਲ 'ਤੇ ਗੰਭੀਰ ਦੋਸ਼ ਲਾਏ ਹਨ। ਇਨ੍ਹਾਂ ਖੁਲਾਸਿਆਂ ਪਿੱਛੋਂ ਇਹ ਸੱਚ ਵੀ ਸਾਹਮਣੇ ਆਇਆ ਹੈ ਕਿ ਇਸ ਕਤਲੋਗਾਰਤ ਬਾਰੇ ਚਸ਼ਮਦੀਦ ਗਵਾਹਾਂ ਦੀ ਕਮੀ ਨਹੀਂ। ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਸਾਹਮਣੇ ਲਿਆਉਣ ਬਾਰੇ ਲੰਬੇ ਸਮੇਂ ਤੋਂ ਆਵਾਜ਼ ਉਠਾਈ ਜਾ ਰਹੀ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2007 ਵਿਚ ਇਸ ਦੀ ਜਾਂਚ ਦੇ ਹੁਕਮ ਦਿੱਤੇ ਸਨ, ਪਰ ਸਰਕਾਰ ਨੇ ਇਹ ਰਿਪੋਰਟ ਹੀ ਦੱਬ ਲਈ ਹੈ। ਉਸ ਸਮੇਂ ਐਸ.ਐਸ.ਪੀ. ਰਹੇ ਸੁਮੇਧ ਸੈਣੀ 'ਤੇ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ ਲੱਗਦੇ ਰਹੇ ਹਨ, ਪਰ ਇਸ ਦੇ ਬਾਵਜੂਦ ਉਸ ਨੂੰ ਪੁਲਿਸ ਮੁਖੀ ਬਣਾ ਦਿੱਤਾ ਗਿਆ। ਅਕਾਲੀ ਦਲ ਨੇ 1997 ਵਿਚ ਆਪਣੇ ਚੋਣ ਮਨੋਰਥ ਪੱਤਰ ਵਿਚ ਵਾਅਦਾ ਕੀਤਾ ਸੀ ਕਿ ਸਰਕਾਰ ਆਉਣ 'ਤੇ ਝੂਠੇ ਮੁਕਾਬਲਿਆਂ ਦੀ ਜਾਂਚ ਲਈ ਟਰੁਥ ਕਮਿਸ਼ਨ (ਸਚਾਈ ਕਮਿਸ਼ਨ) ਬਣਾਇਆ ਜਾਵੇਗਾ, ਪਰ ਦੋ ਵਾਰ ਲਗਾਤਾਰ ਸਰਕਾਰ ਬਣਾਉਣ ਦੇ ਬਾਵਜੂਦ ਇਸ ਪਾਸਿਓਂ ਮੂੰਹ ਫੇਰੀ ਰੱਖਿਆ। ਭਾਈ ਜਸਵੰਤ ਸਿੰਘ ਖਾਲੜਾ ਵੱਲੋਂ 25 ਹਜ਼ਾਰ ਅਣਪਛਾਤੀਆਂ ਲਾਸ਼ਾਂ ਦੇ ਦਿੱਤੇ ਗਏ ਅੰਕੜੇ ਨੂੰ ਅੱਜ ਸਰਕਾਰੀ ਤੌਰ ਪ੍ਰਮਾਣਿਕਤਾ ਮਿਲੀ ਹੈ।

(ਬਾਕੀ ਸਫਾ 6 'ਤੇ)

### ਸੁਮੇਧ ਸੈਣੀ ਬਾਰੇ ਖੁਲਾਸੇ ਤੋਂ ਅਕਾਲੀ ਘਿਰੇ

**ਚੰਡੀਗੜ੍ਹ:** ਪਿੰਕੀ ਵੱਲੋਂ ਸੂਬੇ ਦੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਬਾਰੇ ਖੁਲਾਸਿਆਂ ਨੇ ਅਕਾਲੀ-ਭਾਜਪਾ ਸਰਕਾਰ ਨੂੰ ਵੀ ਆਪਣੇ ਪੰਥਕ ਵੋਟ ਬੈਂਕ ਸਾਹਮਣੇ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ, ਕਿਉਂਕਿ ਕੁਝ ਪੰਥਕ ਹਲਕਿਆਂ ਦੇ ਵਿਰੋਧ ਦੇ ਬਾਵਜੂਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸੈਣੀ ਨੂੰ ਡੀ.ਜੀ.ਪੀ. ਬਣਾਈ ਰੱਖਿਆ। ਉਧਰ, ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਪਿੰਕੀ ਦੇ ਖੁਲਾਸਿਆਂ ਬਾਰੇ ਜਵਾਬ ਕਾਂਗਰਸ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਦਿਨਾਂ ਵਿਚ ਸੂਬੇ ਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ।

# ਤਿੱਖੀਆਂ ਸਰਗਰਮੀਆਂ ਨਾਲ ਪੰਜਾਬ ਦਾ ਸਿਆਸੀ ਪਾਰਾ ਚੜ੍ਹਿਆ


**ਚੰਡੀਗੜ੍ਹ:** ਪੰਜਾਬ ਵਿਚ ਅਕਾਲੀ ਦਲ ਦੀਆਂ ਸਦਭਾਵਨਾ ਰੈਲੀਆਂ ਅਤੇ ਕਾਂਗਰਸ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਹੱਥ ਆਉਣ ਪਿੱਛੋਂ ਸੂਬੇ ਦੀ ਸਿਆਸਤ ਵਿਚ ਖੂਬ ਹਲਚਲ ਮਚੀ ਹੈ। ਸੂਬੇ ਵਿਚ ਸੱਤਾ ਦੀ ਤੀਜੀ ਦਾਅਵੇਦਾਰ ਆਮ ਆਦਮੀ ਪਾਰਟੀ (ਆਪ) ਵੀ ਮੈਦਾਨ ਵਿਚ ਨਿੱਤਰ ਆਈ ਹੈ। ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਵੱਲੋਂ 15 ਦਸੰਬਰ ਨੂੰ ਰੈਲੀਆਂ ਰਾਹੀਂ ਆਪਣੀ ਤਾਕਤ ਵਿਖਾਉਣ ਦਾ ਐਲਾਨ ਕੀਤਾ ਹੋਇਆ ਹੈ। 'ਆਪ' ਨੇ ਵੀ ਇਸੇ ਦਿਨ 13 ਲੋਕ ਸਭਾ ਹਲਕਿਆਂ ਵਿਚ ਰੈਲੀਆਂ ਕਰ ਕੇ ਮੈਦਾਨ ਮੱਲਣ ਦਾ ਫੈਸਲਾ ਕੀਤਾ ਹੈ।

ਸਿਆਸੀ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ 15 ਦਸੰਬਰ ਦੀਆਂ ਰੈਲੀਆਂ ਸੂਬੇ ਦੇ ਸਿਆਸੀ ਹਾਲਾਤ ਦੀ ਤਸਵੀਰ ਕਾਫੀ ਹੱਦ ਤੱਕ ਸਾਫ ਕਰ ਦੇਣਗੀਆਂ। ਕੈਪਟਨ ਵੱਲੋਂ ਬਾਦਲਾਂ ਦੇ ਹਲਕੇ ਬਠਿੰਡੇ ਵਿਚ ਆਪਣਾ ਤਾਜਪੋਸ਼ੀ ਸਮਾਗਮ ਰੱਖ ਕੇ ਸ਼ਕਤੀ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਦੇ ਮੁਕਾਬਲੇ ਬਾਦਲ ਧੜੇ ਵੱਲੋਂ ਕੈਪਟਨ ਦੇ ਜੱਦੀ ਹਲਕੇ ਪਟਿਆਲਾ ਵਿਚ ਰੈਲੀ ਕੀਤੀ ਜਾ ਰਹੀ ਹੈ।

ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਦੇ ਤਲਖ਼ ਮਾਹੌਲ ਨੂੰ ਠੰਢਾ ਕਰਨ ਦੇ ਦਾਅਵੇ ਨਾਲ ਸਦਭਾਵਨਾ ਰੈਲੀਆਂ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਅਜਿਹੀਆਂ ਰੈਲੀਆਂ ਬਠਿੰਡਾ, ਮੋਗਾ, ਗੁਰਦਾਸਪੁਰ ਤੇ ਨਕੋਦਰ (ਜਲੰਧਰ) ਵਿਚ ਕੀਤੀਆਂ ਜਾ ਚੁੱਕੀਆਂ ਹਨ। 'ਆਪ' ਨੂੰ ਤੀਜੀ ਧਿਰ ਵਜੋਂ ਵੇਖਿਆ ਜਾ ਰਿਹਾ ਹੈ। ਸਿਆਸੀ ਹਲਕਿਆਂ ਵਿਚ ਇਸ ਪਾਰਟੀ ਦੀ ਖੂਬ ਚਰਚਾ ਹੁੰਦੀ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੀ ਇਸ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ, ਪਰ ਇਸ ਪਾਰਟੀ ਵਿਚ ਅਜੇ ਵੀ ਕਿਸੇ ਸਥਾਨਕ ਆਗੂ ਦਾ ਉਭਾਰ ਦਿਖਾਈ ਨਹੀਂ ਦਿੰਦਾ। ਉਧਰ, ਪੰਜਾਬ ਦੀਆਂ ਚਾਰ ਖੱਬੇ ਪੱਖੀ ਪਾਰਟੀਆਂ ਨੇ ਵਿਧਾਨ ਸਭਾ ਚੋਣਾਂ ਆਪਣੇ ਬਲਬੂਤੇ 'ਤੇ ਲੜਨ ਦਾ ਐਲਾਨ ਕਰ ਦਿੱਤਾ ਹੈ।


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime Realty
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


REGULAR
2.09 9/10
Diesel EC Unleaded
8.88 9/10 2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC
SIGN
COMPANY
Call For More Info:
1-661-586-5080


HIGH QUALITY PICTURE
HD TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


STATEN SOLAR
AFFORDABLE ENERGY FOR EVERYONE
Save with Solar
Commercial, Agricultural and Residential
For South California
Simran Deol
Solar Engineer
661-412-4728
661-427-0843 (fax)
BYE BILL
No One Can Beat Our Price Guaranteed!
Top Quality Product *20 Years Performance Guarantee
*25 Years Guarantee for Panels *Free Maintenance for
20 Years *No Need to worry about increasing utility
*Professional Installation *24/7 Monitoring
For North California
Balwinder Garcha
Sales Rep Bay Area
by North California
510-468-9525

# ‘ਨੈਸ਼ਨਲ ਹੈਰਲਡ’ ਕੇਸ ਨਾਲ ਕਾਂਗਰਸ ਘਿਰੀ

**ਨਵੀਂ ਦਿੱਲੀ:** ‘ਨੈਸ਼ਨਲ ਹੈਰਲਡ’ ਮਾਮਲੇ ਨੇ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਕਾਂਗਰਸ ਨੇ ਸਰਕਾਰ ‘ਤੇ ਉਸ ਦੇ ਨੇਤਾਵਾਂ ਖ਼ਿਲਾਫ਼ ਸਿਆਸੀ ਬਦਲਾਲਊ ਨੀਤੀ ਦਾ ਦੋਸ਼ ਲਾਇਆ ਹੈ ਅਤੇ ਸਰਕਾਰ ਨੇ ਇਸ ਦੋਸ਼ ਨੂੰ ਰੱਦ ਕੀਤਾ ਹੈ। ਹੈਰਲਡ ਮਾਮਲੇ ਵਿਚ ਸੰਮਨ ਰੱਦ ਕਰਵਾਉਣ ਦੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਹੋਰਾਂ ਦੀਆਂ ਅਪੀਲਾਂ ਨੂੰ ਦਿੱਲੀ ਹਾਈ ਕੋਰਟ ਵੱਲੋਂ ਰੱਦ ਕੀਤੇ ਜਾਣ ਤੋਂ ਇਕ ਦਿਨ ਬਾਅਦ ਸੰਸਦ ਦੇ ਦੋਵਾਂ ਸਦਨਾਂ ਵਿਚ ਕਾਂਗਰਸ ਦੇ ਮੈਂਬਰਾਂ ਨੇ ਰੱਜ ਕੇ ਹੰਗਾਮਾ ਕੀਤਾ ਜਿਸ ਕਾਰਨ ਕਈ ਵਾਰ ਸਦਨਾਂ ਨੂੰ ਉਠਾਉਣਾ ਪਿਆ। ਜਿਵੇਂ ਹੀ ਸੰਸਦ ਦੇ ਦੋਵੇਂ ਸਦਨ ਜੁੜੇ, ਕਾਂਗਰਸ ਦੇ ਮੈਂਬਰ ਸਰਕਾਰ ਖ਼ਿਲਾਫ਼ ਨਾਅਰੇ ਲਾਉਣ ਲੱਗ ਪਏ। ਲੋਕ ਸਭਾ ਵਿਚ ਤ੍ਰਿਣਮੂਲ ਕਾਂਗਰਸ ਨੇ ਕਾਂਗਰਸ ਦਾ ਸਾਥ ਦਿੱਤਾ।

ਯਾਦ ਰਹੇ ਕਿ ‘ਨੈਸ਼ਨਲ ਹੈਰਲਡ’ ਅਖ਼ਬਾਰ ਦੇ ਅਸਾਸਿਆਂ ਵਿਚ ਵਿੱਤੀ ਧਾਂਦਲੀਆਂ ਦੇ ਦੋਸ਼ ਵਿਚ ਸ੍ਰੀਮਤੀ ਗਾਂਧੀ ਅਤੇ ਉਪ ਪ੍ਰਧਾਨ ਰਾਹੁਲ ਗਾਂਧੀ ਵਿਰੁੱਧ ਅਦਾਲਤ ਵਿਚ ਕੇਸ ਚਲਾਉਣ ਉਤੇ ਰੋਕ ਲਾਉਣ ਤੋਂ ਦਿੱਲੀ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ। ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ ‘ਨੈਸ਼ਨਲ ਹੈਰਲਡ’ ਦੇ ਅਸਾਸਿਆਂ ਵਿਚ ਵਿੱਤੀ ਬੇਨਿਯਮੀਆਂ ਦਾ ਦੋਸ਼ ਲਾਇਆ ਸੀ। ਜ਼ਿਕਰਯੋਗ ਹੈ ਕਿ ਅੱਜ ਕੱਲ੍ਹ ਬੰਦ ਹੋ ਚੁੱਕੇ ਅੰਗਰੇਜ਼ੀ ਅਖ਼ਬਾਰ ‘ਨੈਸ਼ਨਲ ਹੈਰਲਡ’ ਜੋ ਕਾਂਗਰਸ ਪਾਰਟੀ ਦਾ ਤਰਜਮਾਨ ਸੀ, ਉਤੇ ਇਜਾਰੇਦਾਰੀ ਸਥਾਪਿਤ ਕਰਨ ਲਈ ਹਿੱਸੇਦਾਰੀਆਂ ਵਿਚ ਧਾਂਦਲੀਆਂ ਕਰਨ ਅਤੇ ਫੰਡਾਂ ਦੀ ਦੁਰਵਰਤੋਂ ਤੇ ਧੋਖਾਧੜੀ ਕਰਨ ਵਿਰੁੱਧ ਭਾਜਪਾ ਆਗੂ ਸੁਬਰਾਮਨੀਅਮ ਸਵਾਮੀ ਨੇ ਸ਼ਿਕਾਇਤ ਕੀਤੀ ਸੀ। ਹਾਈਕੋਰਟ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਆਗੂਆਂ ਵੱਲੋਂ ਉਠਾਏ ਇਤਰਾਜ਼ਾਂ ਨੂੰ ਅਦਾਲਤ ਵਿਚ ਦੋਸ਼ ਆਇਦ ਕਰਨ ਮੌਕੇ ਵਿਚਾਰਿਆ ਜਾ ਸਕਦਾ ਹੈ।ਇਸੇ ਦੌਰਾਨ ਮੈਟਰੋਪੋਲਿਟਨ ਅਦਾਲਤ ਨੇ ਸ੍ਰੀਮਤੀ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਹੋਰਨਾਂ ਦੀ ਨੈਸ਼ਨਲ ਹੈਰਲਡ ਮਾਮਲੇ ਵਿਚ ਪੇਸ਼ੀ ਤੋਂ ਛੋਟ ਸਬੰਧੀ ਪਾਈ ਨਵੀਂ ਅਰਜ਼ੀ ਮਨਜ਼ੂਰ ਕਰ ਲਈ, ਪਰ ਅਦਾਲਤ ਨੇ ਉਨ੍ਹਾਂ ਨੂੰ 19 ਦਸੰਬਰ ਨੂੰ ਨਿੱਜੀ ਤੌਰ ‘ਤੇ ਪੇਸ਼ ਹੋਣ ਲਈ ਕਿਹਾ ਹੈ।

## ਜਸਟਿਸ ਜ਼ੋਰਾ ਸਿੰਘ ਕਮਿਸ਼ਨ ਮਿਆਦ ਪੁੱਗਣ ਬਾਅਦ ਸ਼ੁਰੂ ਕਰੇਗਾ ਜਾਂਚ!

**ਚੰਡੀਗੜ੍ਹ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਪੁਲਿਸ ਫਾਇਰਿੰਗ ਦੀ ਜਾਂਚ ਲਈ ਕਾਇਮ ਕੀਤਾ ਜਸਟਿਸ (ਰਿਟਾਇਰਡ) ਜ਼ੋਰਾ ਸਿੰਘ ਕਮਿਸ਼ਨ ਆਪਣੀ ਮਿਆਦ ਪੁੱਗਣ ਬਾਅਦ ਪੜਤਾਲ ਸ਼ੁਰੂ ਕਰੇਗਾ। ਇਸ ਦੀ ਦੋ ਮਹੀਨਿਆਂ ਦੀ ਮਿਆਦ 15 ਦਸੰਬਰ ਨੂੰ ਸਮਾਪਤ ਹੋ ਰਹੀ ਹੈ, ਪਰ ਕਮਿਸ਼ਨ ਪੜਤਾਲ ਲਈ 17 ਦਸੰਬਰ ਨੂੰ ਪਹਿਲੀ ਵਾਰ ਫਰੀਦਕੋਟ ‘ਚ ਘਟਨਾ ਸਥਾਨ ਦਾ ਦੌਰਾ ਕਰੇਗਾ।

## ਗੋਲਡਨ ਪੰਜਾਬ ਕਲੱਬ ਦਾ ਸਭਿਆਚਾਰਕ ਮੇਲਾ 9 ਜਨਵਰੀ ਨੂੰ

**ਫਰੀਮਾਂਟ (ਬਿਊਰੋ):** ਸਭਿਆਚਾਰਕ ਸੰਸਥਾ ਗੋਲਡਨ ਪੰਜਾਬ ਕਲੱਬ ਵਲੋਂ ਇਕ ਸਭਿਆਚਾਰਕ ਮੇਲਾ ਆਉਂਦੀ 9 ਜਨਵਰੀ 2016 ਸਨਿਚਰਵਾਰ ਸ਼ਾਮ 6 ਵਜੇ ਤੋਂ ਦੇਰ ਰਾਤ ਤੱਕ ਨਿਊਆਰਕ ਦੇ ਓਅਸਿਸ ਪੈਲੇਸ (35145, ਨਿਊਆਰਕ ਬੁਲੇਵਾਰਡ) ਵਿਚ ਕਰਵਾਇਆ ਜਾ ਰਿਹਾ ਹੈ।

ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਔਜਲਾ ਅਤੇ ਜਨਰਲ ਸਕੱਤਰ ਪ੍ਰੋ. ਬਲਜਿੰਦਰ ਸਿੰਘ ਨੇ ਦਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ। ਪ੍ਰੋਗਰਾਮ ਵਿਚ ਅਜੇ ਅਕੈਡਮੀ, ਯੂ ਸੀ ਡੇਵਿਸ, ਫਰੀਮਾਂਟ, ਹੇਵਰਡ, ਸਟਾਕਟਨ, ਕੂਪਰਟੀਨੋ ਅਤੇ ਟਰੇਸੀ ਆਦਿ ਤੋਂ ਬੱਚਿਆਂ ਦੀਆਂ ਟੀਮਾਂ ਹਿੱਸਾ ਲੈਣ ਪਹੁੰਚ ਰਹੀਆਂ ਹਨ। ਇਸ ਤੋਂ ਇਲਾਵਾ ਹੋਰ ਮਨੋਰੰਜਕ ਆਈਟਮਾਂ ਅਤੇ ਡੀ ਜੇ ਵੀ ਹੋਵੇਗਾ।

ਪ੍ਰੋਗਰਾਮ ਨੂੰ ਮੇਲੇ ਦਾ ਰੂਪ ਦੇਣ ਲਈ ਕੱਪੜਿਆਂ ਅਤੇ ਗਹਿਣਿਆਂ ਦੇ ਸਟਾਲ ਵੀ ਲਗਣਗੇ। ਦਾਖਲਾ ਟਿਕਟ ਦਸ ਡਾਲਰ ਹੋਵੇਗੀ ਜਿਸ ਵਿਚ ਡਿਨਰ ਦੇ ਨਾਲ-ਨਾਲ ਪ੍ਰੋਗਰਾਮ ਦੇ ਮੁੱਖ ਸਪਾਂਸਰ ਸਤਵੰਤ ਇੰਸ਼ੋਰੈਂਸ ਵਲੋਂ ਵਿਸ਼ੇਸ਼ ਤੋਹਫ਼ਾ ਬਲੈਂਡਰ ਕੱਪ ਦਿੱਤਾ ਜਾਵੇਗਾ। ਹੋਰ ਜਾਣਕਾਰੀ ਲਈ ਤਾਰਾ ਸਾਗਰ ਫੋਨ 510-453-5779 ਜਾਂ ਪ੍ਰੀਤਮ ਸਿੰਘ ਫੋਨ 510-750-4067 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਡੋਨਾਲਡ ਵੱਲੋਂ ਅਮਰੀਕਾ ਵਿਚ ਮੁਸਲਮਾਨਾਂ ਦੇ ਦਾਖਲੇ ‘ਤੇ ਪਾਬੰਦੀ ਦਾ ਸੱਦਾ


**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਬਣਨ ਦੇ ਮੁੱਖ ਦਾਅਵੇਦਾਰ ਡੋਨਾਲਡ ਟਰੰਪ ਨੇ ਅਮਰੀਕਾ ਵਿਚ ਮੁਸਲਮਾਨਾਂ ਦੇ ਦਾਖਲੇ ‘ਤੇ ਪੂਰੀ ਤਰ੍ਹਾਂ ਰੋਕ ਲਾਉਣ ਦਾ ਸੱਦਾ ਦਿੱਤਾ ਹੈ; ਹਾਲਾਂਕਿ ਇਕ ਦਿਨ ਪਹਿਲਾਂ ਹੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕਾ ਵਿਚ ਦਾਖਲੇ ਲਈ ਧਾਰਮਿਕ ਜਾਂਚਾਂ ਨੂੰ ਖਾਰਜ ਕਰਨ ਦੀ ਅਪੀਲ ਕੀਤੀ ਸੀ। ਦੂਜੇ ਬੰਨੇ, ਟਰੰਪ ਦੇ ਇਸ ਬਿਆਨ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰੀ ਦੇ ਹੋਰ ਦਾਅਵੇਦਾਰਾਂ ਨੇ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ।

ਸ੍ਰੀ ਟਰੰਪ ਦੀ ਪ੍ਰਚਾਰ ਮੁਹਿੰਮ ਵਲੋਂ ਜਾਰੀ ਬਿਆਨ ਮੁਤਾਬਕ ਉਨ੍ਹਾਂ ਨੇ ਸੱਦਾ ਦਿੱਤਾ ਹੈ ਕਿ ਜਦੋਂ ਤਕ ਸਾਡੇ ਪ੍ਰਤੀਨਿਧੀ ਇਹ ਪਤਾ ਨਹੀਂ ਲਾ ਲੈਂਦੇ ਕਿ ਕੀ ਚੱਲ ਰਿਹਾ ਹੈ, ਉਦੋਂ ਤਕ ਮੁਸਲਮਾਨਾਂ ਦਾ ਅਮਰੀਕਾ ਵਿਚ ਦਾਖਲਾ ਪੂਰੀ ਤਰ੍ਹਾਂ ਰੋਕ ਦਿੱਤਾ ਜਾਵੇ। ਕਿਹਾ ਗਿਆ ਕਿ ਮੁਸਲਿਮ ਆਬਾਦੀ ਦਾ ਇਕ ਹਿੱਸਾ ਅਮਰੀਕੀਆਂ ਨੂੰ ਨਫਰਤ ਕਰਦਾ ਹੈ। ਟਰੰਪ ਮੁਤਾਬਕ, ਸੈਂਟਰ ਫਾਰ ਸਕਿਉਰਿਟੀ ਪਾਲਿਸੀ ਦੇ ਸਰਵੇਖਣ ਦੇ ਹਾਲ ਹੀ ਵਿਚ ਜਾਰੀ ਅੰਕੜਿਆਂ ਮੁਤਾਬਕ ਸਰਵੇਖਣ ਵਿਚ ਹਿੱਸਾ ਲੈਣ ਵਾਲੇ 25 ਫ਼ੀਸਦ ਲੋਕਾਂ ਨੇ ਮੰਨਿਆ ਕਿ ਵਿਸ਼ਵ ਜਹਾਦ ਦੇ ਤੌਰ ‘ਤੇ ਅਮਰੀਕੀ ਲੋਕਾਂ ਖਿਲਾਫ ਹਿੰਸਾ ਜਾਇਜ਼ ਹੈ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu

*Doctor of Chiropractic*

Ph: 510-940-8236

1090 La Playa Dr., Hayward CA 94545

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ

ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ ‘ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ

ਜਗਦੇਵ ਸਿੰਘ

ਫੋਨ: 510-689-4625



JAGDEV SINGH
*Realtor*
CalBre #01423409
42820 Albrae, St.,
Fremont, CA 94538

REALTOR® EQUAL HOUSING OPPORTUNITY

Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW *(Only In WA)*
*Divorce *Annulment
*International Custody

INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਦਹਿਸ਼ਤਗਰਦੀ ਕਾਰਾ ਸੀ ਕੈਲੀਫੋਰਨੀਆ ਵਾਲਾ ਗੋਲੀ ਕਾਂਡ

**ਵਾਸ਼ਿੰਗਟਨ:** ਕੈਲੀਫੋਰਨੀਆ ਵਿਚ ਹੋਏ ਕਤਲੇਆਮ ਦੀ ਐਫ.ਬੀ.ਆਈ. ਵੱਲੋਂ ਦਹਿਸ਼ਤੀ ਘਟਨਾ ਵਜੋਂ ਜਾਂਚ ਕੀਤੀ ਜਾ ਰਹੀ ਹੈ। ਰਿਪੋਰਟਾਂ ਮੁਤਾਬਕ ਹਮਲਾਵਰ ਪਾਕਿਸਤਾਨੀ ਮਹਿਲਾ ਦੇ ਇਸਲਾਮਿਕ ਸਟੇਟ ਨਾਲ ਸਬੰਧ ਸਨ ਤੇ ਉਹ ਜਥੇਬੰਦੀ ਦੇ ਮੁਖੀ ਅਬੂ ਬਕਰ ਅਲ-ਬਗਦਾਦੀ ਨਾਲ ਫੇਸਬੁੱਕ ਉਤੇ ਜੁੜੀ ਹੋਈ ਸੀ।



ਹਮਲਾਵਰ ਜੋੜੇ ਸਈਦ ਰਿਜ਼ਵਾਨ ਫਾਰੂਕ (28) ਤੇ ਉਸ ਦੀ ਪਤਨੀ ਤਾਸ਼ਫੀਨ ਮਲਿਕ (27) ਦੀ ਰਿਹਾਇਸ਼ ਤੋਂ ਹਥਿਆਰਾਂ ਦੇ ਜਖੀਰੇ ਤੋਂ ਇਲਾਵਾ ਇਲੈਕਟ੍ਰਾਨਿਕ ਸਾਮਾਨ ਵੀ ਬਰਾਮਦ ਹੋਇਆ ਜਿਸ ਨੂੰ ਉਨ੍ਹਾਂ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਧਰ ਇਸਲਾਮਿਕ ਸਟੇਟ ਪੱਖੀ ਅਰਬੀ ਭਾਸ਼ਾ ਦੀ ਖਬਰ ਏਜੰਸੀ ਨੇ ਮਲਿਕ ਤੇ ਫਾਰੂਕ ਦੇ ਇਸਲਾਮਿਕ ਸਟੇਟ ਦੇ ਹਮਦਰਦ ਹੋਣ ਦਾ ਪ੍ਰਗਟਾਵਾ ਕੀਤਾ ਹੈ, ਪਰ ਉਸ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

ਦੱਸਣਯੋਗ ਹੈ ਕਿ ਪਿਛਲੇ ਹਫਤੇ ਕੈਲੀਫੋਰਨੀਆ ਦੇ ਅਪਾਹਜ ਕੇਂਦਰ ਵਿਚ ਕ੍ਰਿਸਮਸ ਦੀ ਪਾਰਟੀ ਦੌਰਾਨ ਪਾਕਿਸਤਾਨੀ ਮੂਲ ਦੇ ਜੋੜੇ ਵੱਲੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਦੌਰਾਨ 14 ਵਿਅਕਤੀਆਂ ਦੀ ਮੌਤ ਤੇ 17 ਹੋਰ ਜ਼ਖਮੀ ਹੋ ਗਏ ਸਨ। ਅਮਰੀਕਾ ਵਿਚ ਇਸ ਸਾਲ ਗੋਲੀਬਾਰੀ ਦੀਆਂ 300 ਤੋਂ ਵੱਧ ਘਟਨਾਵਾਂ ਹੋਈਆਂ ਹਨ। ਮੁਲਕ ਵਿਚ 2012 ਤੋਂ ਬਾਅਦ ਇਹ ਸਭ ਤੋਂ ਭਿਆਨਕ ਕਾਰਾ ਹੈ। ਜੋੜੇ ਨੇ ਹਮਲਾਵਰਾਂ ਵਰਗੇ ਕੱਪੜੇ ਪਹਿਨੇ ਹੋਏ ਸਨ ਤੇ ਉਨ੍ਹਾਂ ਸਾਨ ਬਰਨਾਰਡਿਨੋ ਵਿਚ ਇਨਲੈਂਡ ਰੀਜਨਲ ਕੇਂਦਰ ਵਿਚ ਹੋ ਰਹੀ ਪਾਰਟੀ ਨੂੰ ਨਿਸ਼ਾਨਾ ਬਣਾਇਆ ਸੀ। ਹਮਲਾਵਰ ਗੋਲੀਬਾਰੀ ਤੋਂ ਬਾਅਦ ਕਾਲੇ ਰੰਗ ਦੀ ਐਸ.ਯੂ.ਵੀ. ਵਿਚ ਮੌਕੇ ਤੋਂ ਫਰਾਰ ਹੋ ਗਏ ਸਨ। ਪੁਲਿਸ ਨੂੰ ਉਨ੍ਹਾਂ ਦਾ ਕਾਫੀ ਦੇਰ ਤੱਕ ਪਿੱਛਾ ਕਰਨਾ ਪਿਆ ਜਿਸ ਮਗਰੋਂ ਕਈ ਘੰਟਿਆਂ ਬਾਅਦ ਪੁਲਿਸ ਨੇ ਮੁਕਾਬਲੇ ਵਿਚ ਉਨ੍ਹਾਂ ਨੂੰ ਮਾਰ ਸੁੱਟਿਆ।

ਪਾਕਿਸਤਾਨੀ ਮੂਲ ਦਾ ਇਹ ਜੋੜਾ ਵੱਖਵਾਦੀਆਂ ਦੇ ਸੰਪਰਕ ਵਿਚ ਸੀ। ਉਨ੍ਹਾਂ ਦੇ ਘਰ ਤੋਂ ਬਰਾਮਦ ਹਥਿਆਰਾਂ ਦੇ ਜ਼ਖੀਰੇ ਤੋਂ ਸੰਕੇਤ ਮਿਲਦਾ ਹੈ ਕਿ ਉਹ ਹੋਰ ਹਮਲਾ ਕਰਨ ਦੀ ਯੋਜਨਾ ਉਲੀਕ ਰਹੇ ਸਨ। ਕੈਲੀਫੋਰਨੀਆ ਵਿਚ ਪਾਕਿਸਤਾਨੀ ਮੂਲ ਦੇ ਆਪਣੇ ਅਮਰੀਕੀ ਪਤੀ ਨਾਲ ਗੋਲੀਬਾਰੀ ਕਰਨ ਵਾਲੀ ਪਾਕਿਸਤਾਨੀ ਮਹਿਲਾ ਨੇ ਫੇਸਬੁੱਕ 'ਤੇ ਪੋਸਟ ਪਾ ਕੇ ਇਸਲਾਮਿਕ ਸਟੇਟ ਦੇ ਆਗੂ ਅਬੂ ਬਕਰ ਅਲ ਬਗਦਾਦੀ ਪ੍ਰਤੀ ਆਪਣੀ ਵਫਾਦਾਰੀ ਪ੍ਰਗਟਾਈ ਸੀ ਅਤੇ ਇਸ ਹਮਲੇ ਤੋਂ ਪਹਿਲਾਂ ਆਪਣੇ ਪਤੀ ਨੂੰ ਕੱਟੜਵਾਦ ਦਾ ਪਾਠ ਪੜ੍ਹਾਇਆ ਸੀ। ਇਸ ਹਮਲੇ ਦੀ ਜ਼ਿੰਮੇਵਾਰੀ ਆਈ.ਐਸ. ਵੱਲੋਂ ਲਈ ਗਈ ਹੈ। ਆਪਣੇ ਆਨਲਾਈਨ ਬੁਲੇਟਿਨ ਵਿਚ ਆਈ.ਐਸ. ਨੇ ਹਮਲਾਵਰਾਂ ਨੂੰ ਆਪਣਾ ਸਮਰਥਕ ਦੱਸਿਆ ਹੈ।

## ਸਿੱਖਾਂ ਵੱਲੋਂ ਗੋਲੀਕਾਂਡ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ

**ਕੈਲੀਫੋਰਨੀਆ:** ਅਮਰੀਕਾ ਦੇ ਕੈਲੀਫੋਰਨੀਆ ਵਿਚ ਹੋਏ ਗੋਲੀਕਾਂਡ ਵਿਚ ਮਾਰੇ ਗਏ ਲੋਕਾਂ ਨੂੰ ਇਥੋਂ ਦੇ ਸਿੱਖ ਭਾਈਚਾਰੇ ਵੱਲੋਂ ਵੀ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਕੈਲੀਫੋਰਨੀਆ ਦੇ ਜ਼ਿਆਦਾਤਰ ਗੁਰਦੁਆਰਾ ਸਾਹਿਬ ਵਿਚ ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਲਈ ਅਰਦਾਸ ਸਮਾਗਮ ਕਰਵਾਇਆ ਗਿਆ। ਅਮਰੀਕਾ ਦੇ ਸੂਬੇ ਕੈਲੀਫੋਰਨੀਆ ਵਿਚ ਵੱਡੀ ਗਿਣਤੀ ਵਿਚ ਸਿੱਖ ਭਾਈਚਾਰਾ ਰਹਿੰਦਾ ਹੈ।ਇਸ ਕਰ ਕੇ ਸਿੱਖ ਭਾਈਚਾਰੇ ਵੱਲੋਂ ਇਸ ਗੋਲੀਕਾਂਡ ਦੀ ਸਖਤ ਸ਼ਬਦਾਂ ਵਿਚ ਨਿੰਦਿਆ ਕੀਤੀ ਜਾ ਰਹੀ ਹੈ।

## ਓਬਾਮਾ ਨੇ ਆਈ.ਐਸ. ਨੂੰ ਵੰਗਾਰਿਆ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਖਿਆ ਹੈ ਕਿ ਕੈਲੀਫੋਰਨੀਆ ਗੋਲੀਕਾਂਡ ਵਰਗੀਆਂ ਘਟਨਾਵਾਂ ਰਾਹੀਂ ਅਮਰੀਕੀਆਂ ਨੂੰ ਡਰਾਇਆ ਨਹੀਂ ਜਾ ਸਕਦਾ। ਰੇਡੀਓ ਰਾਹੀਂ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਓਬਾਮਾ ਨੇ ਆਖਿਆ ਕਿ ਜਿਸ ਜੋੜੇ ਨੇ ਸੈਨ ਬਨਾਰਡਿਨੋ ਗੋਲੀਕਾਂਡ ਨੂੰ ਅੰਜਾਮ ਦਿੱਤਾ ਸੀ, ਉਹ ਕੱਟੜਪੰਥੀ ਸਨ। ਓਬਾਮਾ ਨੇ ਆਖਿਆ ਹੈ ਕਿ ਸਾਨੂੰ ਪਤਾ ਹੈ ਕਿ ਆਈ.ਐਸ. ਤੇ ਦੂਜੇ ਕੱਟੜਪੰਥੀ ਸੰਗਠਨ ਦੁਨੀਆਂ ਭਰ ਵਿਚ ਹਿੰਸਕ ਘਟਨਾਵਾਂ ਲਈ ਨੌਜਵਾਨਾਂ ਨੂੰ ਉਕਸਾ ਰਹੇ ਹਨ। ਉਨ੍ਹਾਂ ਆਈ.ਐਸ. ਅਤਿਵਾਦੀ ਸੰਗਠਨ ਦੇ ਖਾਤਮੇ ਦਾ ਪ੍ਰਣ ਲੈਂਦੇ ਹੋਏ ਕਿਹਾ ਕਿ ਹੁਣ ਹੋਰ ਬਰਦਾਸ਼ਤ ਕਰਨਾ ਮੁਸ਼ਕਿਲ ਹੈ।

# ਆਈ.ਐਸ. ਨੇ ਰਾਕਟ ਲਾਂਚਰ ਨਾਲ ਉਡਾਏ ਬੰਧਕ

**ਸਨਾਅ:** ਅਤਿਵਾਦੀ ਸੰਗਠਨ ਆਈ.ਐਸ (ਇਸਲਾਮਿਕ ਸਟੇਟ) ਨੇ ਨਵਾਂ ਵੀਡੀਓ ਜਾਰੀ ਕੀਤਾ ਹੈ। ਇਸ ਵਿਚ ਅਤਿਵਾਦੀਆਂ ਨੇ ਯਮਨ ਵਿਚ 25 ਬੰਧਕਾਂ ਨੂੰ ਵੱਖ-ਵੱਖ ਢੰਗ ਨਾਲ ਮਾਰ ਦਿੱਤਾ। ਵੀਡੀਓ ਵਿਚ ਦਹਿਸ਼ਤਗਰਦਾਂ ਨੇ ਚਾਰ ਬੰਧਕਾਂ ਦੇ ਗਲ ਵਿਚ ਵਿਸਫੋਟਕ ਸਮਗਰੀ ਬੰਨ੍ਹ ਕੇ ਧਮਾਕਾ ਕਰ ਦਿੱਤਾ। ਆਈ.ਐਸ. ਦਾ ਪੂਰਾ ਵੀਡੀਓ 15 ਮਿੰਟ 23 ਸੈਕੰਡ ਦਾ ਹੈ। ਵੀਡੀਓ ਦੀ ਸ਼ੁਰੂਆਤ ਵਿਚ ਨਾਰੰਗੀ ਜੰਪ ਸੂਟ ਪਾਏ ਹੋਏ ਚਾਰ ਬੰਧਕ ਖੜ੍ਹੇ ਦਿਖਾਈ ਦਿੰਦੇ ਹਨ। ਇਕ ਅਤਿਵਾਦੀ ਨੇ ਇਨ੍ਹਾਂ ਦੀ ਗਰਦਨ ਵਿਚ ਵਿਸਫੋਟਕ ਸਮਗਰੀ ਲਗਾਈ ਤੇ ਸਾਰਿਆਂ ਨੂੰ ਉਡਾ ਦਿੱਤਾ ਗਿਆ। ਇਸ ਤੋਂ ਬਾਅਦ ਦੂਜੇ ਸਮੂਹ ਨੂੰ ਕਿਸੇ ਪਹਾੜੀ ਨੇੜੇ ਬਿਠਾ ਕੇ ਉਨ੍ਹਾਂ 'ਤੇ ਰਾਕਟ ਲਾਂਚਰ ਦਾਗ ਦਿੱਤਾ ਗਿਆ। ਵੀਡੀਓ ਵਿਚ ਹਮਲੇ ਤੋਂ ਬਾਅਦ ਬੰਧਕਾਂ ਦੇ ਚੀਥੜੇ ਉੱਡਦੇ ਹੋਏ ਦਿਖਾਈ ਦਿੱਤੇ।

# ਆਈ.ਐਸ. ਦੀ ਹਿੱਟ ਲਿਸਟ 'ਤੇ ਯੂ.ਕੇ.

**ਲੰਡਨ:** ਬਰਤਾਨੀਆ ਦੀਆਂ ਖੁਫੀਆ ਏਜੰਸੀਆਂ ਨੇ ਦੇਸ਼ ਵਿਚ ਵੱਡੇ ਦਹਿਸ਼ਤਗਰਦੀ ਹਮਲੇ ਦੀ ਸੰਭਾਵਨਾ ਪ੍ਰਗਟਾਈ ਹੈ। ਡੇਲੀ ਮੇਲ ਦੀ ਰਿਪੋਰਟ ਅਨੁਸਾਰ ਆਈ.ਐਸ. ਨੇ ਹਮਲੇ ਲਈ ਬਰਤਾਨੀਆ ਨੂੰ ਚੁਣਿਆ ਹੈ।

ਰਿਪੋਰਟ ਵਿਚ ਇਸ ਗੱਲ ਦਾ ਵੇਰਵਾ ਦਿੱਤਾ ਗਿਆ ਹੈ ਕਿ ਆਈ.ਐਸ. ਨੇ ਬਰਤਾਨੀਆ ਵਿਚ ਰਹਿਣ ਵਾਲੇ ਆਪਣੇ ਸਾਥੀਆਂ ਨੂੰ ਹਮਲੇ ਦੀ ਜ਼ਿੰਮੇਵਾਰੀ ਸੌਂਪੀ ਹੈ। ਇਸ ਕਰ ਕੇ ਆਈ.ਐਸ. ਨਾਲ ਜੁੜੇ ਬਹੁਤ ਸਾਰੇ ਨੌਜਵਾਨ ਸੀਰੀਆ ਤੋਂ ਵਾਪਸ ਬਰਤਾਨੀਆ ਪਰਤੇ ਰਹੇ ਹਨ। ਬਰਤਾਨੀਆ ਦੀ ਸੰਸਦ ਵਿਚ ਇਸ ਗੱਲ ਦਾ ਖਾਸ ਤੌਰ ਉਤੇ ਜ਼ਿਕਰ ਕੀਤਾ ਗਿਆ ਹੈ। ਇਸ ਪਿੱਛੋਂ ਸੰਸਦ ਨੇ ਸੀਰੀਆ 'ਚ ਆਈ.ਐਸ. ਦੇ ਟਿਕਾਣਿਆਂ 'ਤੇ ਹਮਲੇ ਕਰਨ ਦੀ ਆਗਿਆ ਦਿੱਤੀ ਹੈ। ਬਰਤਾਨੀਆ ਦੀਆਂ ਖੁਫੀਆ ਏਜੰਸੀਆਂ ਨੇ ਸੀਰੀਆ ਤੋਂ ਵਾਪਸ ਆਏ ਨੌਜਵਾਨਾਂ ਉਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਬਰਤਾਨੀਆ ਦੇ ਤਕਰੀਬਨ 700 ਨੌਜਵਾਨ ਆਈ.ਐਸ. 'ਚ ਸ਼ਾਮਲ ਹਨ। ਆਈ. ਐਸ. ਦਾ ਖਤਰਨਾਕ ਦਹਿਸ਼ਤਗਰਦ ਜੇਹਾਦੀ ਜਾਨ ਵੀ ਬਰਤਾਨੀਆ ਦਾ ਹੀ ਰਹਿਣ ਵਾਲਾ ਹੈ।

# ਕੈਨੇਡਾ ਵਿਚ ਭੰਗ ਨੂੰ ਮਿਲੇਗੀ ਕਾਨੂੰਨੀ ਮਾਨਤਾ

**ਓਟਾਵਾ:** ਕੈਨੇਡਾ ਵਿਚ ਭੰਗ ਨੂੰ ਛੇਤੀ ਹੀ ਕਾਨੂੰਨੀ ਮਾਨਤਾ ਮਿਲਣ ਜਾ ਰਹੀ ਹੈ। ਲਿਬਰਲ ਸਰਕਾਰ ਭੰਗ ਬਾਰੇ ਬਿੱਲ ਸੰਸਦ ਵਿਚ ਪੇਸ਼ ਕਰਨ ਜਾ ਰਹੀ ਹੈ।

ਕੈਨੇਡਾ ਦੀ ਸੰਸਦ ਦੇ ਪਹਿਲੇ ਸੈਸ਼ਨ ਲਈ ਜਸਟਿਨ ਟਰੂਡੋ ਸਰਕਾਰ ਨੇ ਪ੍ਰਮੁੱਖਤਾ ਨਾਲ ਇਸ ਨੂੰ ਆਪਣੇ ਏਜੰਡੇ ਵਿਚ ਸ਼ਾਮਲ ਕੀਤਾ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਗਰੀਬੀ ਤੋਂ ਮੁਕਤ ਕਰਨਾ, ਕਾਰਬਨ ਨਿਕਾਸ ਘਟਾਉਣਾ ਵੀ ਟਰੂਡੋ ਸਰਕਾਰ ਦੇ ਏਜੰਡੇ ਵਿਚ ਸ਼ਾਮਲ ਹੈ। ਸਰਕਾਰ ਦੇ ਏਜੰਡੇ ਦਾ ਖੁਲਾਸਾ ਕੈਨੇਡਾ ਦੇ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੇ ਸੰਸਦ ਦੇ ਉੱਪਰਲੇ ਸਦਨ ਸੈਨੇਟ ਵਿਚ ਦਿੱਤੇ ਆਪਣੇ ਭਾਸ਼ਣ ਦੌਰਾਨ ਕੀਤਾ।

ਭੰਗ ਕੈਨੇਡਾ ਦੀਆਂ ਪਾਰਲੀਮੈਂਟ ਚੋਣਾਂ ਵਿਚ ਪ੍ਰਮੁੱਖ ਮੁੱਦਾ ਸੀ। ਕੈਨੇਡਾ ਵਿਚ ਵੱਡੀ ਗਿਣਤੀ ਵਿਚ ਲੋਕ ਭੰਗ ਦੇ ਆਦੀ ਹਨ। ਇਸ ਕਰ ਕੇ ਚੋਣਾਂ ਵਿਚ ਲਿਬਰਲ ਪਾਰਟੀ ਨੇ ਇਸ ਨੂੰ ਪ੍ਰਮੁੱਖਤਾ ਨਾਲ ਚੁੱਕਿਆ। ਕੈਨੇਡਾ ਵਿਚ ਤਕਰੀਬਨ 10 ਲੱਖ ਲੋਕ ਭੰਗ ਦਾ ਨਸ਼ਾ ਕਰਦੇ ਹਨ।

# ਭਾਰਤ ਨੂੰ ਵਿੱਤੀ ਸਹਾਇਤਾ ਬੰਦ ਕਰੇਗਾ ਬਰਤਾਨੀਆ

**ਲੰਡਨ:** ਇਸ ਸਾਲ ਦੇ ਅੰਤ ਵਿਚ ਬਰਤਾਨੀਆ ਸਰਕਾਰ ਭਾਰਤ ਨੂੰ ਲੱਖਾਂ ਪੌਂਡਾਂ ਦੀ ਦਿੱਤੀ ਜਾਂਦੀ ਸਹਾਇਤਾ ਬੰਦ ਕਰ ਦੇਵੇਗੀ। ਕੌਮਾਂਤਰੀ ਵਿਕਾਸ ਬਾਰੇ ਵਿਭਾਗ ਵੱਲੋਂ ਜਾਰੀ ਅੰਕੜਿਆਂ ਅਨੁਸਾਰ 2014 ਵਿਚ ਭਾਰਤ ਨੂੰ 27 ਕਰੋੜ 90 ਲੱਖ ਪੌਂਡ ਮਿਲੇ ਸਨ ਜੋ ਪਿਛਲੇ ਸਾਲ ਦੀ ਤੁਲਨਾ ਵਿਚ ਇਕ ਕਰੋੜ ਪੌਂਡ ਵਧ ਸਨ। ਬਰਤਾਨੀਆ 2016 ਤੋਂ ਗਰਾਂਟਾਂ ਤੇ ਤਕਨੀਕੀ ਸਹਾਇਤਾ ਦੀ ਪੇਸ਼ਕਸ਼ ਜਾਰੀ ਰੱਖੇਗਾ, ਪਰ ਵਿੱਤੀ ਸਹਾਇਤਾ ਬੰਦ ਕਰ ਦੇਵੇਗਾ।

ਬਰਤਾਨੀਆ ਦੇ ਕੌਮਾਂਤਰੀ ਵਿਕਾਸ ਸਕੱਤਰ ਜਸਟਾਇਨ ਗਰੀਨਿੰਗ ਨੇ ਤਿੰਨ ਸਾਲ ਪਹਿਲਾਂ ਐਲਾਨ ਕੀਤਾ ਸੀ ਕਿ ਬਰਤਾਨੀਆ ਵੱਲੋਂ ਭਾਰਤ ਨੂੰ ਦਿੱਤੀ ਜਾਂਦੀ ਸਹਾਇਤਾ 2015 ਦੇ ਅੰਤ ਵਿਚ ਬੰਦ ਕਰ ਦਿੱਤੀ ਜਾਵੇਗੀ ਕਿਉਂਕਿ ਦੋਵਾਂ ਦੇਸ਼ਾਂ ਨੇ ਨਵੀਂ ਤਰ੍ਹਾਂ ਦੇ ਸਬੰਧ ਵਿਕਸਤ ਕਰ ਲਏ ਹਨ।

# ਤਾਰਾ ਖਿਲਾਫ ਬੁੜੈਲ ਜੇਲ੍ਹ 'ਚ ਚੱਲੇਗਾ ਮੁਕੱਦਮਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਜਗਤਾਰ ਸਿੰਘ ਤਾਰਾ ਖਿਲਾਫ ਮੁਕੱਦਮਾ ਬੁੜੈਲ ਜੇਲ੍ਹ ਵਿਚ ਲੱਗਣ ਵਾਲੀ ਵਿਸ਼ੇਸ਼ ਅਦਾਲਤ ਵਿਚ ਚਲਾਇਆ ਜਾਵੇਗਾ। ਸੀ.ਆਰ.ਪੀ.ਸੀ. ਦੀ ਧਾਰਾ 268 ਲੱਗੇ ਹੋਣ ਕਾਰਨ ਤਾਰਾ ਨੂੰ ਜੇਲ੍ਹ ਤੋਂ ਬਾਹਰ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਇਸ ਮਾਮਲੇ ਵਿਚ ਇਥੋਂ ਦੀ ਜ਼ਿਲ੍ਹਾ ਅਦਾਲਤ, ਸੁਪਰੀਮ ਕੋਰਟ ਤੋਂ ਰਿਕਾਰਡ ਹਾਸਲ ਕਰੇਗੀ। ਅਦਾਲਤ ਵੱਲੋਂ ਟ੍ਰਾਇਲ ਬੁੜੈਲ ਜੇਲ੍ਹ ਵਿਚ ਚਲਾਏ ਜਾਣ ਦੇ ਆਦੇਸ਼ ਜਾਰੀ ਕੀਤੇ ਹਨ। ਮਾਮਲੇ ਦੀ ਸੁਣਵਾਈ ਲਈ ਛੇ ਜਨਵਰੀ ਦੀ ਤਰੀਕ ਪਾਈ ਗਈ ਹੈ।

# ਇਕ ਵਾਰ ਫਿਰ ਭਖਿਆ ਬਾਬਰੀ ਮਸਜਿਦ ਦਾ ਵਿਵਾਦ

**ਲਖਨਊ:** ਬਾਬਰੀ ਕਾਂਡ ਦੀ 23ਵੀਂ ਬਰਸੀ ਮੌਕੇ ਇਹ ਮਸਲਾ ਮੁੜ ਭਖ ਗਿਆ ਹੈ। ਬਰਸੀ ਮੌਕੇ ਆਰ.ਐਸ.ਐਸ ਨੇ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਦਾ ਮੁੜ ਸੰਕਲਪ ਲਿਆ ਹੈ। ਉਧਰ, ਲਖਨਊ ਦੇ ਲਕਸ਼ਮਣ ਮੇਲਾ ਮੈਦਾਨ ਵਿਚ ਮੁਸਲਿਮ ਭਾਈਚਾਰੇ ਦਾ ਪ੍ਰਤੀਨਿਧ ਕਰਨ ਵਾਲਿਆਂ ਕਈ ਖੇਤਰੀ ਪਾਰਟੀਆਂ ਤੇ ਸੰਗਠਨਾਂ ਨੇ ਪ੍ਰਦਰਸ਼ਨ ਕੀਤਾ ਤੇ ਬਾਬਰੀ ਮਸਜਿਦ ਨੂੰ ਉਸੇ ਵਿਵਾਦਤ ਜ਼ਮੀਨ 'ਤੇ ਮੁੜ ਬਣਾਉਣ ਤੇ ਮਸਜਿਦ ਨੂੰ ਢਾਹੁਣ ਵਾਲੇ ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ। ਸਾਂਝੇ ਪ੍ਰੋਗਰਾਮ ਤਹਿਤ ਨਵੇਂ ਮੰਚ ਦਾ ਐਲਾਨ ਵੀ ਕੀਤਾ ਗਿਆ।

ਦੂਜੇ ਪਾਸੇ ਸ਼ਿਵ ਸੈਨਾ ਨੇ ਆਰ.ਐਸ.ਐਸ ਨੂੰ ਥਾਪੜਾ ਦਿੰਦੇ ਹੋਏ ਕਿਹਾ ਹੈ ਕਿ ਮੰਦਰ ਬਣਾਉਣ ਦੀ ਤਾਰੀਕ ਐਲਾਨ ਦਿੱਤੀ ਜਾਵੇ। ਇਹ ਮਾਮਲਾ ਉਸ ਵੇਲੇ ਭਖ ਗਿਆ ਸੀ ਜਦੋਂ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਕਿਹਾ ਸੀ ਕਿ ਰਾਮ ਮੰਦਰ ਬਣਾਉਣਾ ਟੀਚਾ ਹੈ। ਇਸ ਲਈ ਜੀਵਨ ਵੀ ਕੁਰਬਾਨ ਕਰਨਾ ਪਏ ਤਾਂ ਤਿਆਰ ਰਹਿਣਾ ਚਾਹੀਦਾ ਹੈ।

ਇਸ ਬਿਆਨ ਤੋਂ ਬਾਅਦ ਲਗਾਤਾਰ ਵਿਰੋਧੀ ਧਿਰਾਂ ਵੱਲੋਂ ਨਿਸ਼ਾਨਾ ਸਾਧ ਕੇ ਪੁੱਛਿਆ ਜਾ ਰਿਹਾ ਹੈ ਕਿ ਮੰਦਰ ਬਣੇਗਾ, ਇਹ ਕਿਉਂ ਨਹੀਂ ਦੱਸਿਆ ਜਾ ਰਿਹਾ। ਰਾਮ ਮੰਦਰ ਮੁੱਦੇ 'ਤੇ ਭਾਗਵਤ ਦੇ ਬਿਆਨ 'ਤੇ ਚੁਟਕੀ ਲੈਂਦਿਆਂ ਨਿਤਿਸ਼ ਕੁਮਾਰ ਨੇ ਕਿਹਾ ਸੀ ਕਿ ਮੰਦਰ ਕਦ ਬਣੇਗਾ, ਤਾਰੀਕ ਤਾਂ ਦੱਸਣ। ਇਸੇ ਤੋਂ ਬਾਅਦ ਹੁਣ ਆਰ.ਐਸ.ਐਸ. ਨੇ ਸਥਿਤੀ ਸਾਫ ਕੀਤੀ ਹੈ।

ਬਜਰੰਗ ਦਲ ਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਦੇ ਕਾਰਕੁੰਨਾਂ ਵੱਲੋਂ ਰਾਮ ਮੰਦਰ ਦਾ ਜਲਦ ਨਿਰਮਾਣ ਕਰਨ ਦਾ ਪ੍ਰਣ ਲਿਆ ਗਿਆ ਤੇ ਬਾਬਰੀ ਕਾਂਡ ਦੀ 23ਵੀਂ ਬਰਸੀ ਨੂੰ 'ਸ਼ੌਰਿਆ ਦਿਵਸ' ਵਜੋਂ ਮਨਾਇਆ।

ਵਿਸ਼ਵ ਹਿੰਦੂ ਪ੍ਰੀਸ਼ਦ ਦਿੱਲੀ ਦੇ ਪ੍ਰਧਾਨ ਰਾਮਪਾਲ ਸਿੰਘ ਨੇ ਕਿਹਾ ਕਿ ਰਾਮ ਮੰਦਰ ਦਾ ਨਿਰਮਾਣ ਸੋਮਨਾਥ ਦੇ ਮੰਦਰ ਵਾਂਗ ਸੰਸਦ ਵਿਚ ਕੋਈ ਐਕਟ ਲਿਆ ਕੇ ਉਸ ਰਾਹੀਂ ਕਰਨਾ ਚਾਹੀਦਾ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਅਯੁੱਧਿਆ ਦੀ ਜਨਮ ਭੂਮੀ 'ਤੇ ਤੁਰੰਤ ਮੰਦਰ ਦਾ ਨਿਰਮਾਣ ਕਰਨ ਦੀ ਮੰਗ ਕੀਤੀ।



## ਮੰਦਰ ਬਣਾਉਣ ਦੀ ਤਾਰੀਕ ਐਲਾਨੇ ਭਾਗਵਤ: ਸ਼ਿਵ ਸੈਨਾ


**ਮੁੰਬਈ:** ਆਰ.ਐਸ.ਐਸ ਮੁਖੀ ਮੋਹਨ ਭਾਗਵਤ ਦੇ ਰਾਮ ਮੰਦਰ ਬਣਾਉਣ ਵਾਲੇ ਬਿਆਨ ਦਾ ਸਵਾਗਤ ਕਰਦਿਆਂ ਸ਼ਿਵ ਸੈਨਾ ਨੇ ਨਿਰਮਾਣ ਦੀ ਤਾਰੀਕ ਐਲਾਨਣ ਦੀ ਗੱਲ ਕਹੀ ਹੈ। ਸ਼ਿਵ ਸੈਨਾ ਨੇ ਆਪਣੇ ਰਸਾਲੇ 'ਸਾਮਨਾ' ਵਿਚ ਕਿਹਾ ਹੈ ਕਿ"ਇਸ ਮੁੱਦੇ 'ਤੇ ਮੋਹਨ ਭਾਗਵਤ ਦੇ ਰੁਖ ਦਾ ਅਸੀਂ ਸਵਾਗਤ ਕਰਦੇ ਹਾਂ। ਹੁਣ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਦੀ ਤਾਰੀਕ ਐਲਾਨਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਇਸ ਬਾਬਤ ਆਰ.ਐਸ.ਐਸ ਪਹਿਲਾਂ ਹੀ ਆਪਣਾ ਪੱਖ ਰੱਖ ਚੁੱਕੀ ਹੈ।

## ਅਯੁੱਧਿਆ ਵਿਚ ਮੰਦਰ ਨਹੀਂ, ਬਾਬਰੀ ਮਸਜਿਦ ਬਣੇਗੀ: ਓਵੈਸੀ

**ਨਵੀਂ ਦਿੱਲੀ:** ਅਯੁੱਧਿਆ ਵਿਵਾਦ ਉਤੇ ਐਮ.ਆਈ.ਐਮ ਦੇ ਪ੍ਰਧਾਨ ਅਸਦੁਦੀਨ ਓਵੈਸੀ ਨੇ ਕਿਹਾ ਕਿ ਮੋਹਨ ਭਾਗਵਤ ਦਾ ਸੁਪਨਾ ਕਦੇ ਪੂਰਾ ਨਹੀਂ ਹੋਵੇਗਾ। ਅਯੁੱਧਿਆ ਵਿਚ ਰਾਮ ਮੰਦਰ ਬਿਲਕੁੱਲ ਨਹੀਂ ਬਣੇਗਾ। ਛੇ ਦਸੰਬਰ 1992 ਨੂੰ ਅਯੁੱਧਿਆ ਦਾ ਵਿਵਾਦਤ ਢਾਂਚਾ ਗਿਰਾਇਆ ਗਿਆ ਸੀ। ਓਵੈਸੀ ਨੇ ਕਿਹਾ ਕਿ ਮਸਜਿਦ ਦੀ ਹਰ ਇੱਟ ਕਹਿ ਰਹੀ ਹੈ ਕਿ ਬਾਬਰੀ ਮਸਜਿਦ ਜ਼ਰੂਰ ਬਣੇਗੀ। ਹਿੰਦੁਸਤਾਨ ਦੇ ਸੰਵਿਧਾਨ ਤੇ ਸੁਪਰੀਮ ਕੋਰਟ ਉਤੇ ਸਾਨੂੰ ਪੂਰਾ ਭਰੋਸਾ ਹੈ ਤੇ ਅਯੁੱਧਿਆ ਵਿਚ ਬਾਬਰੀ ਮਸਜਿਦ ਜ਼ਰੂਰ ਬਣੇਗੀ"। ਮੋਹਨ ਭਾਗਵਤ ਨੇ ਜੋ ਸੁਪਨੇ ਦੇਖੇ ਹਨ, ਉਹ ਕਦੇ ਵੀ ਪੂਰਾ ਨਹੀਂ ਹੋਵੇਗਾ।

## ਦੁਨੀਆਂ ਦਾ 13ਵਾਂ ਨਵਾਂ ਕੈਂਸਰ ਦਾ ਮਰੀਜ਼ ਭਾਰਤੀ

**ਨਵੀਂ ਦਿੱਲੀ:** ਦੁਨੀਆਂ ਦਾ ਹਰੇਕ 13ਵਾਂ ਨਵਾਂ ਕੈਂਸਰ ਦਾ ਮਰੀਜ਼ ਭਾਰਤੀ ਹੈ ਤੇ ਵਿਸ਼ਵ ਪੱਧਰ ਉਤੇ ਕੈਂਸਰ ਮਰੀਜ਼ਾਂ ਵਿਚ ਭਾਰਤ ਦੀ ਹਿੱਸੇਦਾਰੀ 7.5 ਫੀਸਦੀ ਹੈ।





ਲੋਕ ਸਭਾ ਵਿਚ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਜੇ.ਪੀ. ਨੱਡਾ ਨੇ ਕਿਹਾ ਕਿ ਸਾਲ 2012 ਵਿਚ ਵਿਸ਼ਵ ਵਿਚ 14067894 ਕੈਂਸਰ ਦੇ ਮਾਮਲਿਆਂ ਵਿਚੋਂ ਭਾਰਤ ਵਿਚ 1057204 ਮਾਮਲੇ ਸਾਹਮਣੇ ਆਏ ਸਨ। ਦੇਸ਼ ਵਿਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਵਧਣ ਦਾ ਕਾਰਨ ਸਿਹਤ ਪ੍ਰਤੀ ਅਵੇਸਲਾਪਣ, ਗਲਤ ਜੀਵਨ ਸ਼ੈਲੀ, ਤੰਬਾਕੂ ਤੇ ਤੰਬਾਕੂ ਉਤਪਾਦਾਂ ਦੀ ਵਰਤੋਂ ਤੇ ਅਸੰਤੁਲਿਤ ਭੋਜਨ ਹੈ।

# ਸਿੱਖ ਕਤਲੇਆਮ: ਟਾਈਟਲਰ ਖਿਲਾਫ ਮੁੜ ਜਾਂਚ ਦੇ ਹੁਕਮ

**ਨਵੀਂ ਦਿੱਲੀ:** ਦਿੱਲੀ ਵਿਚ ਹੋਏ ਸਿੱਖ ਕਤਲੇਆਮ ਨਾਲ ਸਬੰਧਤ ਇਕ ਮਾਮਲੇ ਵਿਚ ਕੜਕੜਡੂਮਾ ਅਦਾਲਤ ਨੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਦਿੱਤੀ ਕਲੀਨ ਚਿੱਟ ਰੱਦ ਕਰਦੇ ਹੋਏ ਦੁਬਾਰਾ ਜਾਂਚ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ ਦੋ ਫਰਵਰੀ ਨੂੰ ਹੋਵੇਗੀ। ਅਦਾਲਤ ਨੇ ਇਹ ਹੁਕਮ ਸੀ.ਬੀ.ਆਈ. ਵੱਲੋਂ ਕਤਲੇਆਮ ਨਾਲ ਸਬੰਧਤ ਇਕ ਮਾਮਲੇ ਵਿਚ ਟਾਈਟਲਰ ਦੀ ਭੂਮਿਕਾ ਦੀ ਮੁੜ ਤੋਂ ਜਾਂਚ ਕਰਨ ਦੀ ਇੱਛਾ ਪ੍ਰਗਟਾਉਣ ਦੇ ਮੱਦੇਨਜ਼ਰ ਦਿੱਤਾ ਹੈ।

ਸੀ.ਬੀ.ਆਈ. ਨੇ ਪੀੜਤਾਂ ਦੀ ਅਰਜ਼ੀ ਮਿਲਣ ਉਪਰੰਤ ਮੁੜ ਜਾਂਚ ਦੀ ਇੱਛਾ ਅਦਾਲਤ ਵਿਚ ਪ੍ਰਗਟਾਈ ਸੀ। ਇਥੇ ਵਰਣਨਯੋਗ ਹੈ ਕਿ ਸੀ.ਬੀ.ਆਈ. ਵੱਲੋਂ ਕਲੀਨ ਚਿੱਟ ਦੇਣ ਤੋਂ ਬਾਅਦ ਮਾਮਲਾ ਬੰਦ ਕਰਨ ਦੀ ਰਿਪੋਰਟ 'ਤੇ ਅਦਾਲਤ ਨੇ 17 ਨਵੰਬਰ ਲਈ ਫੈਸਲਾ ਰਾਖਵਾਂ ਰੱਖ ਲਿਆ ਸੀ, ਪਰ ਜੱਜ ਛੁੱਟੀ 'ਤੇ ਹੋਣ ਕਾਰਨ ਇਹ ਫੈਸਲਾ ਚਾਰ ਦਸੰਬਰ ਤੱਕ ਟਾਲ ਦਿੱਤਾ



ਗਿਆ ਸੀ। ਪੀੜਤ ਲਖਵਿੰਦਰ ਕੌਰ ਦੇ ਵਕੀਲਾਂ ਨੇ ਤਕਰੀਬਨ ਡੇਢ ਕੁ ਹਫਤੇ ਪਹਿਲਾਂ ਇਸ ਮਾਮਲੇ ਵਿਚ ਲਾਪਰਵਾਹੀ ਵਰਤਣ ਦਾ ਦੋਸ਼ ਲਾਉਂਦਿਆਂ ਸੀ.ਬੀ.ਆਈ. ਖਿਲਾਫ ਪਟੀਸ਼ਨ ਦਾਖਲ ਕਰ ਦਿੱਤੀ ਸੀ। ਪਟੀਸ਼ਨ 'ਤੇ ਸੀ. ਬੀ. ਆਈ. ਨੇ ਅਦਾਲਤ ਵਿਚ ਜਵਾਬ ਦਾਖਲ ਕਰਦੇ ਹੋਏ ਕਿਹਾ ਸੀ ਕਿ ਉਹ ਇਸ ਮਾਮਲੇ ਦੀ ਮੁੜ ਤੋਂ ਜਾਂਚ ਕਰਨ ਲਈ ਤਿਆਰ ਹੈ। ਇਹ ਮਾਮਲਾ ਦਿੱਲੀ ਦੇ ਪੁਲ ਬੰਗਸ਼ ਇਲਾਕੇ ਦਾ ਹੈ, ਜਿਥੇ ਪਹਿਲੀ ਨਵੰਬਰ 1984 ਨੂੰ ਇਥੋਂ ਦੇ ਗੁਰਦੁਆਰੇ ਵਿਚ ਬਾਦਲ ਸਿੰਘ, ਠਾਕੁਰ ਸਿੰਘ ਤੇ ਗੁਰਚਰਨ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਸੀ ਤੇ ਇਸ ਮਾਮਲੇ 'ਚ ਟਾਈਟਲਰ ਨੂੰ ਦੋਸ਼ੀ ਮੰਨਿਆ ਗਿਆ ਸੀ।

### ਟਾਈਟਲਰ 'ਤੇ ਸਿੱਖ ਨੌਜਵਾਨ ਵੱਲੋਂ ਹਮਲਾ

**ਨਵੀਂ ਦਿੱਲੀ:** ਦੱਖਣੀ ਦਿੱਲੀ ਦੇ ਚਤਰਪੁਰਾ ਇਲਾਕੇ ਵਿਚ ਇਕ ਵਿਆਹ ਸਮਾਗਮ ਵਿਚ ਕਾਂਗਰਸ ਦੇ ਸੀਨੀਅਰ ਆਗੂ ਤੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਮੁਲਜ਼ਮ ਜਗਦੀਸ਼ ਟਾਈਟਲਰ 'ਤੇ ਇਕ ਸਿੱਖ ਨੌਜਵਾਨ ਨੇ ਹਮਲਾ ਕਰ ਦਿੱਤਾ। ਟਾਈਟਲਰ ਨੂੰ ਹਮਲੇ ਵਿਚ ਕੋਈ ਨੁਕਸਾਨ ਨਹੀਂ ਪੁੱਜਾ ਜਦਕਿ ਹਮਲਾ ਕਰਨ ਵਾਲੇ ਨੌਜਵਾਨ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ।

ਮਹਿਰੌਲੀ ਵਿਚ ਇਕ ਫਾਰਮ ਹਾਊਸ ਵਿਖੇ ਸਮਾਗਮ ਦੌਰਾਨ 23 ਸਾਲ ਨੌਜਵਾਨ ਸਹਿਜ ਉਮੰਗ ਸਿੰਘ ਭਾਟੀਆ ਨੇ ਟਾਈਟਲਰ ਵੱਲ ਕੱਚ ਦਾ ਟੁਕੜਾ ਵਗਾ ਮਾਰਿਆ ਤੇ ਬੁਰਾ ਭਲਾ ਕਿਹਾ। ਪੁਲਿਸ ਮੁਤਾਬਕ ਜਦੋਂ ਟਾਈਟਲਰ ਵਿਆਹ ਵਿਚ ਸ਼ਾਮਲ ਹੋਇਆ ਤਾਂ ਸਹਿਜ ਉਮੰਗ ਨੇ ਉਸ ਵੱਲ ਕੱਚ ਦਾ ਟੁਕੜਾ ਸੁੱਟਿਆ ਅਤੇ ਗਾਲ੍ਹਾਂ ਕੱਢੀਆਂ। ਕੱਚ ਦਾ ਟੁਕੜਾ ਟਾਈਟਲਰ ਨੂੰ ਨਾ ਲੱਗਾ ਤੇ ਉਸ ਨੂੰ ਸੁਰੱਖਿਅਤ ਉਸ ਦੀ ਕਾਰ ਕੋਲ ਲਿਜਾਇਆ ਗਿਆ।

## ਦਿੱਲੀ ਵਿਚ ਯਾਦਗਾਰ-84 ਬਣਾਉਣ ਦਾ ਕੰਮ ਸ਼ੁਰੂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦਗਾਰ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਗੁਰਦੁਆਰਾ ਰਕਾਬ ਗੰਜ ਸਾਹਿਬ ਕੰਪਲੈਕਸ ਵਿਖੇ ਕਮੇਟੀ ਦੇ ਦਫਤਰ ਦੇ ਨੇੜੇ ਰਕਾਬ ਗੰਜ ਸੜਕ ਵੱਲ ਤੇ ਦਫਤਰ ਦੇ ਵਿਚਕਾਰਲੀ ਥਾਂ ਉਪਰ ਇਹ ਯਾਦਗਾਰ ਉਸਾਰੀ ਜਾਣੀ ਹੈ। ਦਿੱਲੀ ਕਮੇਟੀ ਉਪਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 'ਚੋਣ ਮਨੋਰਥ ਪੱਤਰ' ਵਿਚ ਦਿੱਲੀ ਦੇ ਸਿੱਖਾਂ ਨਾਲ ਵਾਅਦਾ ਕੀਤਾ ਸੀ ਕਿ ਨਵੰਬਰ '84 ਦੇ ਸਿੱਖਾਂ ਦੀ ਯਾਦਗਾਰ ਉਸਾਰੀ ਜਾਵੇਗੀ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਪ੍ਰਧਾਨ ਤੇ ਦਿੱਲੀ ਨਗਰ ਨਿਗਮ ਦੇ ਤਤਕਾਲੀ ਕੌਂਸਲਰ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬੀ ਬਾਗ ਵਿਚ ਸ਼ੀਲਾ ਦੀਕਸ਼ਿਤ ਦੀ ਸਰਕਾਰ ਵੇਲੇ ਇਕ ਪਾਰਕ ਦਾ ਨਾਮਕਰਨ 1984 ਦੇ ਸ਼ਹੀਦਾਂ ਦੇ ਨਾਂ 'ਤੇ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਨੂੰ ਤਤਕਾਲੀ ਸੂਬਾ ਸਰਕਾਰ ਨੇ ਸਿਰੇ ਨਹੀਂ ਚੜ੍ਹਨ ਦਿੱਤਾ ਸੀ।

ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਵਿਚ ਭੜਕੇ ਸਿੱਖਾਂ ਵਿਰੋਧੀ ਦੰਗਿਆਂ ਵਿਚ ਹਜ਼ਾਰਾਂ ਸਿੱਖ ਮਾਰੇ ਗਏ ਸਨ। ਸਿਆਸੀ ਦਲਾਂ ਨੇ ਉਨ੍ਹਾਂ ਬੇਕਸੂਰਾਂ ਦੀ ਯਾਦਗਾਰ ਬਣਾਉਣ ਲਈ ਲੰਬੇ ਸਮੇਂ ਤੋਂ ਵੱਖ-ਵੱਖ ਸਰਕਾਰਾਂ ਅੱਗੇ ਮੰਗ ਰੱਖੀ, ਪਰ ਕਿਸੇ ਨੇ ਇਹ ਪੂਰੀ ਨਹੀਂ ਕੀਤੀ। ਇਸ ਯਾਦਗਾਰ ਉਪਰ ਕੋਈ ਛੱਤ ਨਹੀਂ ਪਾਈ ਜਾ ਰਹੀ ਤੇ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੇ ਨਾਂ ਇਸ ਯਾਦਗਾਰ ਵਿਚ ਉੱਕਰੇ ਜਾਣਗੇ ਤੇ ਇਸ ਦੀ ਦਿੱਖ ਇਕ ਕੰਧ ਵਾਂਗ ਹੋਵੇਗੀ ਤੇ ਆਲਾ-ਦੁਆਲਾ ਉਸੇ ਰੂਪ ਵਿਚ ਤਿਆਰ ਕੀਤਾ ਜਾਵੇਗਾ ਤਾਂ ਜੋ ਇਥੇ ਆਉਣ ਵਾਲੇ ਲੋਕ ਇਸ ਕਾਂਡ ਬਾਰੇ ਸਾਰੀ ਜਾਣਕਾਰੀ ਲੈ ਸਕਣ।

## ਭੁੱਲਰ ਦੀ ਰਿਹਾਈ ਦਾ ਮਾਮਲਾ ਕੇਂਦਰ 'ਤੇ ਛੱਡਿਆ

**ਨਵੀਂ ਦਿੱਲੀ:** ਅੰਮ੍ਰਿਤਸਰ ਜੇਲ੍ਹ ਵਿਚ ਬੰਦ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਾਮਲਾ ਸੁਪਰੀਮ ਕੋਰਟ ਨੇ ਕੇਂਦਰ ਉਤੇ ਛੱਡ ਦਿੱਤਾ ਹੈ। ਉਂਜ ਭੁੱਲਰ ਦਾ ਕੇਸ ਦਿੱਲੀ ਪੁਲਿਸ ਵੱਲੋਂ ਚਲਾਇਆ ਗਿਆ ਸੀ, ਪਰ ਉਸ ਖਿਲਾਫ ਕੇਂਦਰੀ ਕਾਨੂੰਨ ਟਾਡਾ ਤਹਿਤ ਕੇਸ ਚੱਲਿਆ ਜਿਸ ਕਾਰਨ ਸਜ਼ਾ ਮੁਆਫੀ ਦਾ ਅਧਿਕਾਰ ਕੇਂਦਰ ਕੋਲ ਹੈ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਜੇਕਰ ਨਿਆਂਪਾਲਿਕਾ ਨੇ ਉਮਰ ਕੈਦ ਸੁਣਾਉਣ ਸਮੇਂ ਸਜ਼ਾ ਬਾਰੇ ਕੋਈ ਤਾਕੀਦ ਨਹੀਂ ਕੀਤੀ ਹੈ ਤਾਂ ਦੋਸ਼ੀ ਨੂੰ ਮੁਆਫੀ ਦੇਣ ਲਈ ਸਰਕਾਰ ਆਜ਼ਾਦ ਹੈ। ਇਸ ਫੈਸਲੇ ਦੇ ਆਧਾਰ 'ਤੇ ਦਵਿੰਦਰਪਾਲ ਸਿੰਘ ਭੁੱਲਰ ਸਜ਼ਾ ਵਿਚ ਛੋਟ ਦਾ ਹੱਕਦਾਰ ਹੈ।

ਜ਼ਿਕਰਯੋਗ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਨੂੰ ਦਿੱਲੀ ਵਿਚ 1993 ਵਿਚ ਕੀਤੇ ਗਏ ਬੰਬ ਧਮਾਕੇ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਪਰ 31 ਮਾਰਚ 2014 ਨੂੰ ਉਸ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਗਿਆ ਸੀ।

## ਸੋਸ਼ਲ ਮੀਡੀਆ ਦੇ ਟਾਕਰੇ ਲਈ ਨਿਤਰਿਆ ਬਾਦਲ ਧੜਾ

**ਤਰਨਤਾਰਨ:** ਸੋਸ਼ਲ ਮੀਡੀਆ ਉਪਰ ਸ਼੍ਰੋਮਣੀ ਅਕਾਲੀ ਦਲ ਤੇ ਉਸ ਦੇ ਪ੍ਰਮੁੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਤੋਂ ਦੁਖੀ ਹੋਏ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਟਾਕਰਾ ਕਰਨ ਦਾ ਮਨ ਬਣਾ ਲਿਆ ਹੈ।

ਅਕਾਲੀ ਦਲ ਨੇ ਜਿਥੇ ਸੋਸ਼ਲ ਮੀਡੀਆ ਉਪਰ ਅਜਿਹਾ ਪ੍ਰਚਾਰ ਕਰਨ ਵਾਲਿਆਂ ਖਿਲਾਫ ਕਾਨੂੰਨ ਪ੍ਰਕਿਰਿਆ ਨਾਲ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਉਥੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਪ੍ਰਾਪਤੀਆਂ ਤੇ ਵਿਰੋਧੀ ਪਾਰਟੀਆਂ ਖਿਲਾਫ ਮਿਲ ਰਹੇ ਮੁੱਦਿਆਂ ਨੂੰ ਉਭਾਰਨ ਲਈ ਖੁਦ ਸੋਸ਼ਲ ਮੀਡੀਆ ਦਾ ਸਹਾਰਾ ਲਿਆ ਹੈ। ਇਸ ਲਈ ਵੱਖ-ਵੱਖ ਸਾਈਟਾਂ ਬਣਾ ਕੇ ਉਨ੍ਹਾਂ ਉਪਰ ਕੰਮ ਕਰਨ ਲਈ ਤਜ਼ਰਬੇਕਾਰ ਟੀਮਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਇਹ ਸਾਰਾ ਕੰਮ ਇਕ ਨੌਜਵਾਨ ਕੈਬਨਿਟ ਮੰਤਰੀ ਦੀ ਦੇਖ ਰੇਖ ਕੀਤਾ ਜਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਪੰਜਾਬ ਵਿਚ ਵੱਖ-ਵੱਖ ਥਾਵਾਂ ਉਤੇ ਵਾਪਰੀਆਂ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਤੋਂ ਬਾਅਦ ਗਰਮਦਲੀਆਂ ਤੇ ਕੁਝ ਧਾਰਮਿਕ ਜਥੇਬੰਦੀਆਂ ਵੱਲੋਂ ਧਰਨੇ, ਪ੍ਰਦਰਸ਼ਨ ਤੇ ਬੰਦ ਦੇ ਸੱਦੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਹਾਕਮ ਧਿਰ ਨੂੰ ਨਿਸ਼ਾਨ ਬਣਾਇਆ ਜਾ ਰਿਹਾ ਹੈ।



ਸਰਕਾਰ ਨੇ ਸੋਸ਼ਲ ਮੀਡੀਆ ਉਤੇ ਅਜਿਹੇ ਸੰਦੇਸ਼ ਭੇਜਣ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ, ਪਰ ਮਸਲੇ ਦਾ ਹੱਲ ਨਾ ਨਿਕਲਦਾ ਵੇਖ ਕੇ ਸੋਸ਼ਲ ਮੀਡੀਆ ਦੇ ਮਾਧਿਅਮ ਨਾਲ ਸਰਕਾਰ ਖਿਲਾਫ ਹੋ ਰਹੇ ਪ੍ਰਚਾਰ ਦਾ ਟਾਕਰਾ ਕਰਨ ਦਾ ਮਨ ਬਣਾ ਲਿਆ। ਚੋਣਾਂ ਨੇੜੇ ਆਉਂਦੇ ਦੇਖਦੇ ਹੋਏ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਦੇ ਇੰਚਾਰਜਾਂ, ਵਿਧਾਇਕਾਂ ਅਤੇ ਮੰਤਰੀਆਂ ਨੂੰ ਸੋਸ਼ਲ ਮੀਡੀਆ ਰਾਹੀਂ ਆਪਣੀ ਸਰਕਾਰ ਦੇ ਕੰਮਾਂ ਕਾਜਾਂ ਨੂੰ ਸਲਾਹੇ ਜਾਣ ਦੇ ਨਾਲ-ਨਾਲ ਮੁੱਖ ਵਿਰੋਧੀ ਪਾਰਟੀ ਕਾਂਗਰਸ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਖਿਲਾਫ ਪ੍ਰਚਾਰ ਕਰਨ ਲਈ ਕਿਹਾ ਗਿਆ ਹੈ।

## ਸ਼ਰਾਬ ਮਾਮਲੇ ਬਾਰੇ ਭਗਵੰਤ ਖਿਲਾਫ ਜਾਂਚ

**ਫਰੀਦਕੋਟ:** ਪਿੰਡ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਵੱਲੋਂ ਸ਼ਰਾਬ ਪੀ ਕੇ ਆਉਣ ਦੇ ਮਾਮਲੇ ਵਿਚ ਫਰੀਦਕੋਟ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਐਸ.ਪੀ.ਐਚ. ਨੇ ਸ਼ਿਕਾਇਤਕਰਤਾ ਜਸਵਿੰਦਰ ਸਿੰਘ ਸਿੱਖਾਂ ਵਾਲਾ ਮੈਂਬਰ ਫਾਸਟ ਕੋਰਟ ਸੈਂਟਰਲ ਯੂਨੀਵਰਸਿਟੀ ਬਠਿੰਡਾ ਸਾਬਕਾ ਪ੍ਰਧਾਨ ਜ਼ਿਲ੍ਹਾ ਯੂਥ ਕਾਂਗਰਸ ਦੇ ਬਿਆਨ ਦਰਜ ਕੀਤੇ। ਇਸ ਮੌਕੇ ਉਨ੍ਹਾਂ ਨਾਲ ਕਈ ਹੋਰ ਕਾਂਗਰਸੀ ਆਗੂ ਸਤਿੰਦਰ ਸਿੰਘ ਸੱਤਾ ਭੱਟੀਆਂ, ਬਲਕਰਨ ਸਿੰਘ ਸੂਰਘੂਰੀ, ਜਸਪਾਲ ਸਿੰਘ ਕੋਟਕਪੂਰਾ ਦਿਹਾਤੀ ਮੌਜੂਦ ਸਨ, ਫਿਲਹਾਲ ਬਿਆਨ ਸਿਰਫ ਇਕ ਆਗੂ ਦੇ ਹੀ ਦਰਜ ਕਰਵਾਏ ਹਨ।

## ਕਾਰਗਿਲ ਯੁੱਧ ਦਾ ਜਵਾਨ ਨਿਕਲਿਆ ਆਈ.ਐਸ. ਦਾ ਜਾਸੂਸ

**ਨਵੀਂ ਦਿੱਲੀ**: ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਲਈ ਜਾਸੂਸੀ ਕਰਨ ਦੇ ਇਲਜ਼ਾਮ ਵਿਚ ਦਿੱਲੀ ਕਰਾਈਮ ਬਰਾਂਚ ਨੇ ਰਾਜੌਰੀ ਦੇ ਥਾਣਾ ਮੰਡੀ ਇਲਾਕੇ ਤੋਂ ਮੁਨੱਵਰ ਅਹਿਮਦ ਮੀਰ ਨੂੰ ਗ੍ਰਿਫਤਾਰ ਕੀਤਾ ਹੈ। ਮੁਨੱਵਰ ਭਾਰਤੀ ਸੈਨਾ ਦਾ ਸਾਬਕਾ ਜਵਾਨ ਦੱਸਿਆ ਜਾ ਰਿਹਾ ਹੈ। ਮੁਨੱਵਰ ਨੇ 1999 ਦੀ ਕਾਰਗਿਲ ਲੜਾਈ ਵਿਚ ਹਿੱਸਾ ਲਿਆ ਸੀ।

ਜ਼ਿਕਰਯੋਗ ਹੈ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਜਾਸੂਸੀ ਕਰਵਾ ਕੇ ਭਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਿਸ ਤੇ ਸੁਰੱਖਿਆ ਬਲਾਂ ਵਿਚ ਹੀ ਉਨ੍ਹਾਂ ਦੇ ਏਜੰਟ ਕੰਮ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਦਿੱਲੀ ਪੁਲਿਸ ਨੇ ਦੋ ਗ੍ਰਿਫਤਾਰੀਆਂ ਕੀਤੀਆਂ ਸਨ। ਇਨ੍ਹਾਂ ਵਿਚ ਬੀ.ਐਸ.ਐਫ. ਦੀ ਇੰਟੈਲੀਜੈਂਸ ਵਿੰਗ ਵਿਚ ਤਾਇਨਾਤ ਹੈੱਡ ਕਾਂਸਟੇਬਲ ਤੇ ਜੰਮੂ-ਕਸ਼ਮੀਰ ਪੁਲਿਸ ਦੇ ਸਾਬਕਾ ਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਭਲਾ ਕਰਨ ਵਾਲੀ ਨੀਅਤ ਨਾਲ ਨਹੀਂ ਚੱਲਦੀਆਂ ਭਲਾਈ ਸਕੀਮਾਂ

**ਚੰਡੀਗੜ੍ਹ:** ਕਮਜ਼ੋਰ ਵਰਗਾਂ ਲਈ ਚਲਾਈਆਂ ਭਲਾਈ ਸਕੀਮਾਂ ਉਤੇ ਸਿਆਸਤ ਭਾਰੂ ਰਹਿੰਦੀ ਹੈ। ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕਣ ਦੇ ਮਕਸਦ ਨਾਲ ਸ਼ੁਰੂ ਹੁੰਦੀਆਂ ਇਹ ਸਕੀਮਾਂ ਵੋਟ ਬੈਂਕ ਦੀ ਸਿਆਸਤ ਦੇ ਚੱਕਰਵਿਊ ਵਿਚ ਫਸ ਕੇ ਆਪਣਾ ਅਸਲੀ ਮਕਸਦ ਗੁਆ ਰਹੀਆਂ ਹਨ। ਪੰਜਾਬ ਮੰਤਰੀ ਮੰਡਲ ਵੱਲੋਂ ਕੀਤੇ ਫੈਸਲੇ ਮੁਤਾਬਕ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਭਲਾਈ ਵਿਭਾਗ ਨੇ ਬਜ਼ੁਰਗਾਂ, ਵਿਧਵਾਵਾਂ, ਅੰਗਹੀਣਾਂ ਅਤੇ ਬੇਸਹਾਰਿਆਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਦੀ ਰਾਸ਼ੀ ਵੰਡਣ ਦਾ ਅਧਿਕਾਰ ਮੁੜ ਪੰਚਾਇਤਾਂ ਹਵਾਲੇ ਕਰ ਦਿੱਤਾ ਹੈ।

ਗਰੀਬਾਂ ਦੀਆਂ ਲੜਕੀਆਂ ਦੇ ਵਿਆਹ ਮੌਕੇ 15 ਹਜ਼ਾਰ ਰੁਪਏ ਸ਼ਗਨ ਸਕੀਮ ਦੀ ਅਦਾਇਗੀ ਵੀ ਹੁਣ ਪੰਚਾਇਤਾਂ ਰਾਹੀਂ ਹੀ ਕੀਤੀ ਜਾਵੇਗੀ। ਗੌਰਤਲਬ ਹੈ ਕਿ ਕੁਝ ਸਮਾਂ ਪਹਿਲਾਂ ਪੰਚਾਇਤਾਂ ਤੋਂ ਇਹ ਅਧਿਕਾਰ ਲੈ ਕੇ ਪੈਨਸ਼ਨ ਤੇ ਸ਼ਗਨ ਸਕੀਮ ਦੀ ਰਾਸ਼ੀ ਸਿੱਧੀ ਲਾਭਪਾਤਰੀਆਂ ਦੇ ਖਾਤਿਆਂ ਵਿਚ ਭੇਜਣ ਦੀ ਵਿਵਸਥਾ ਕੀਤੀ ਗਈ ਸੀ। ਸਰਕਾਰ ਨੇ ਪੈਨਸ਼ਨਾਂ ਦੇਣ ਦਾ ਤਰੀਕਾ ਬਦਲਣ ਦੇ ਨਾਲ-ਨਾਲ ਇਨ੍ਹਾਂ ਦੀ ਰਾਸ਼ੀ ਵੀ



ਦੁੱਗਣੀ ਕਰਨ ਦਾ ਫੈਸਲਾ ਕੀਤਾ ਹੈ। ਰਾਸ਼ੀ ਦੁੱਗਣੀ ਕਰਨ ਦਾ ਵਾਅਦਾ ਅਕਾਲੀ ਦਲ ਦੇ 2007 ਦੇ ਚੋਣ ਮਨੋਰਥ ਪੱਤਰ ਵਿਚ ਕੀਤਾ ਗਿਆ ਸੀ। ਗੁਆਂਢੀ ਰਾਜ ਹਰਿਆਣਾ ਵਿਚ 1200 ਰੁਪਏ ਮਹੀਨਾ ਪੈਨਸ਼ਨ ਮਿਲ ਰਹੀ ਹੈ ਜਿਸ ਨੂੰ ਅਗਲੇ ਸਾਲ ਦੇ ਸ਼ੁਰੂ ਵਿਚ 1400 ਰੁਪਏ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸੂਬੇ ਵਿਚ 16 ਲੱਖ ਦੇ ਕਰੀਬ ਬਜ਼ੁਰਗ, ਵਿਧਵਾਵਾਂ, ਬੇਸਹਾਰਾ ਅਤੇ ਅੰਗਹੀਣ ਵਿਅਕਤੀ ਪੈਨਸ਼ਨ ਦੀ ਉਡੀਕ ਕਰਦੇ ਰਹਿੰਦੇ ਹਨ। ਕਈ ਵਾਰ ਛੇ-ਛੇ ਮਹੀਨੇ ਤੱਕ ਵੀ ਦੇਰੀ ਹੋ ਜਾਂਦੀ ਰਹੀ ਹੈ।

ਸਰਕਾਰ ਦੇ ਇਸ ਫੈਸਲੇ ਨੂੰ ਸਮਾਜਿਕ ਸੁਰੱਖਿਆ ਪ੍ਰਤੀ ਗੰਭੀਰਤਾ ਦੇ ਬਜਾਏ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਹ ਫੈਸਲਾ ਕੁਝ ਦੇਰੀ ਨਾਲ ਕੀਤੇ ਜਾਣ ਦੀ ਸੰਭਾਵਨਾ ਸੀ, ਪਰ ਪੰਜਾਬ ਵਿਚ ਕਿਸਾਨਾਂ-ਮਜ਼ਦੂਰਾਂ ਦੇ ਅੰਦੋਲਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਬੇਅਦਬੀ ਦੀਆਂ ਘਟਨਾਵਾਂ ਕਾਰਨ ਪੈਦਾ ਹੋਏ ਅਣਸੁਖਾਵੇਂ ਨੂੰ ਸੁਖਾਵਾਂ ਬਣਾਉਣ ਲਈ ਕਈ ਫੈਸਲੇ ਜਲਦੀ ਕਰਨੇ ਪਏ ਹਨ। ਇਸ ਤੋਂ ਪਹਿਲਾਂ ਜਾਅਲੀ ਪੈਨਸ਼ਨਾਂ ਲਗਾਉਣ ਤੇ ਪੈਨਸ਼ਨ ਰਾਸ਼ੀ ਵਿਚ ਹੋਏ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਹੀ ਸਰਕਾਰ ਨੇ ਕਈ ਵਾਰ ਜਾਂਚ ਕਰਵਾਈ। ਇਨ੍ਹਾਂ ਜਾਂਚ ਰਿਪੋਰਟਾਂ ਨੂੰ ਆਧਾਰ ਬਣਾ ਕੇ ਹੀ ਪੈਨਸ਼ਨ ਰਾਸ਼ੀ ਲਾਭਪਾਤਰੀਆਂ ਦੇ ਖਾਤਿਆਂ ਵਿਚ ਭੇਜਣ ਲਈ ਬੈਂਕਾਂ ਨਾਲ ਸਮਝੌਤੇ ਕੀਤੇ ਗਏ। ਪੰਜਾਬ ਸਰਕਾਰ ਨੇ ਕਣਕ ਦੇ ਬੀਜ ਦੇ ਮਾਮਲੇ ਵਿਚ ਵੀ ਸਿੱਧੀ ਸਬਸਿਡੀ ਦਾ ਫੈਸਲਾ ਇਸੇ ਸਾਲ ਲਿਆ ਹੈ। ਸਿੱਧੀ ਸਬਸਿਡੀ ਪਿੱਛੇ ਦਲੀਲ ਇਹੀ ਦਿੱਤੀ ਗਈ ਕਿ ਗਰੀਬ ਲਾਭਪਾਤਰੀਆਂ ਨੂੰ ਕਿਸੇ ਆਗੂ ਜਾਂ ਅਧਿਕਾਰੀ ਪਿੱਛੇ ਤਰਲੇ ਨਹੀਂ ਕਰਨੇ ਪੈਣਗੇ। ਉਹ ਦੇਸ਼ ਦੇ ਸਨਮਾਨਿਤ ਨਾਗਰਿਕ ਦੀ ਤਰ੍ਹਾਂ ਆਪਣੇ ਖਾਤੇ ਵਿਚੋਂ ਪੈਸੇ ਲੈ ਸਕੇਗਾ।

### ਬਾਦਲ ਨੇ ਖੁਸ਼ ਕੀਤੇ ਸਰਕਾਰੀ ਮੁਲਾਜ਼ਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਆਪਣੇ ਮੁਲਾਜ਼ਮਾਂ ਨੂੰ ਮੋਟੇ ਗੱਫੇ ਦੇਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਛੇਵੇਂ ਤਨਖਾਹ ਕਮਿਸ਼ਨ ਦੇ ਗਠਨ ਐਲਾਨ ਕੀਤਾ। ਉਨ੍ਹਾਂ ਇਹ ਫੈਸਲਾ ਸਰਕਾਰ, ਬੋਰਡਾਂ ਤੇ ਕਾਰਪੋਰੇਸ਼ਨਾਂ ਦੀਆਂ ਮੁਲਾਜ਼ਮ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਲਿਆ। ਨਵੇਂ ਤਨਖਾਹ ਕਮਿਸ਼ਨ ਵੱਲੋਂ ਮੁਲਾਜ਼ਮਾਂ ਲਈ ਨਵੇਂ ਪੇ-ਸਕੇਲ ਤੇ ਸੂਬਾ ਸਰਕਾਰ ਦੇ ਪੈਨਸ਼ਨਰਾਂ ਤੇ ਪਰਿਵਾਰਕ ਪੈਨਸ਼ਨਰਾਂ ਨੂੰ ਸੋਧੀ ਹੋਈ ਪੈਨਸ਼ਨ ਦੇਣ ਸਬੰਧੀ ਆਪਣੀਆਂ ਸਿਫਾਰਸ਼ਾਂ ਦਿੱਤੀਆਂ ਜਾਣਗੀਆਂ। ਮੁਲਾਜ਼ਮ ਯੂਨੀਅਨਾਂ ਦੀ ਇਕ ਹੋਰ ਮੰਗ ਨੂੰ ਪ੍ਰਵਾਨ ਕਰਦਿਆਂ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਇਕ ਜੁਲਾਈ, 2015 ਤੋਂ ਲਾਗੂ ਛੇ ਫੀਸਦੀ ਮਹਿੰਗਾਈ ਭੱਤੇ (ਡੀ.ਏ.) ਦੀ ਬਕਾਇਆ ਕਿਸ਼ਤ ਜਨਵਰੀ, 2016 ਤੋਂ ਅਦਾ ਕੀਤੀ ਜਾਵੇਗੀ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੁਰੱਖਿਆ ਵਿਹੂਣੇ ਗੁਰੂਘਰਾਂ ਬਾਰੇ ਉਠੀ ਨਵੀਂ ਮੰਗ



**ਚੰਡੀਗੜ੍ਹ:** ਬਾਪੂ ਸੂਰਤ ਸਿੰਘ ਖਾਲਸਾ ਸੰਘਰਸ਼ ਕਮੇਟੀ ਅਤੇ ਤਾਲਮੇਲ ਕਮੇਟੀ ਵਲੋਂ ਇਥੇ ਗੁਰਦੁਆਰਾ ਗੁਰ ਸਾਗਰ ਵਿਖੇ ਕਰਵਾਏ ਸਰਬ ਧਰਮ ਸੰਮੇਲਨ ਵਿਚ ਸੁਰੱਖਿਆ ਦੇ ਪ੍ਰਬੰਧ ਕਰਨ ਤੋਂ ਅਸਮਰੱਥ ਕਮੇਟੀਆਂ ਵਾਲੇ ਗੁਰਦੁਆਰਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਉਪਰ ਰੋਕ ਲਾਉਣ ਦੀ ਮੰਗ ਉਠਾਈ ਗਈ। ਇਸ ਮੌਕੇ ਮਤਾ ਪਾਸ ਕੀਤਾ ਗਿਆ ਕਿ ਹਰ ਗੁਰਦੁਆਰੇ ਵਿਚ ਮੁੱਖ ਗ੍ਰੰਥੀ, ਦੋ ਸਹਾਇਕ ਗ੍ਰੰਥੀ, ਪਹਿਰੇਦਾਰ ਅਤੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਲਾਉਣਾ ਯਕੀਨੀ ਬਣਾਇਆ ਜਾਵੇ। ਜੋ ਕਮੇਟੀਆਂ ਅਜਿਹਾ ਪ੍ਰਬੰਧ ਕਰਨ ਤੋਂ ਅਸਮਰੱਥ ਹਨ, ਉਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕੀਤਾ ਜਾਵੇ।

ਕਈ ਘੰਟਿਆਂ ਦੇ ਵਿਚਾਰ-ਵਟਾਂਦਰੇ ਤੋਂ ਬਾਅਦ ਇਕ ਹੋਰ ਅਹਿਮ ਮਤਾ ਪਾਸ ਕਰਦਿਆਂ ਸੱਦਾ ਦਿੱਤਾ ਗਿਆ ਕਿ ਗੁਰਦੁਆਰਿਆਂ ਦੀ ਗਿਣਤੀ ਪ੍ਰਧਾਨਗੀਆਂ ਹਾਸਲ ਕਰਨ ਲਈ ਨਾ ਵਧਾਈ ਜਾਵੇ ਅਤੇ ਆਬਾਦੀ ਅਤੇ ਦੂਰੀ ਨੂੰ ਧਿਆਨ ਵਿਚ ਰੱਖ ਕੇ ਹੀ ਗੁਰਦੁਆਰਿਆਂ ਦੀ ਸਥਾਪਨਾ ਕੀਤੀ ਜਾਵੇ ਜਦਕਿ ਪਹਿਲਾਂ ਬਣ ਚੁੱਕੇ ਇਕ-ਦੂਸਰੇ ਦੇ ਨੇੜੇ ਗੁਰਦੁਆਰਿਆਂ ਨੂੰ ਹੋਰ ਧਾਰਮਿਕ ਜਾਂ ਸਮਾਜੀ ਸੰਸਥਾਵਾਂ ਵਿਚ ਤਬਦੀਲ ਕੀਤਾ ਜਾਵੇ। ਇਕ ਹੋਰ ਮਤੇ ਰਾਹੀਂ ਸਮੂਹ ਗੁਰਦੁਆਰਿਆਂ ਵਿਚਲੇ ਮੌਜੂਦਾ ਗੁਟਕੇ-ਪੋਥੀਆਂ ਅਤੇ ਧਾਰਮਿਕ ਪੁਸਤਕਾਂ ਦਾ ਰਿਕਾਰਡ ਤਿਆਰ ਕਰ ਕੇ ਇਨ੍ਹਾਂ ਦੀ ਖੁੱਲ੍ਹੀ ਵਿਕਰੀ ਬੰਦ ਕਰਨ ਦਾ ਮਤਾ ਵੀ ਪਾਸ ਕੀਤਾ। ਸੰਮੇਲਨ ਧਾਰਮਿਕ ਗ੍ਰੰਥਾਂ ਦੀ ਹੋ ਰਹੀ ਬੇਅਦਬੀ ਅਤੇ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਦੇ ਮੁੱਦਿਆਂ ਉਪਰ ਚਰਚਾ ਕਰਨ ਲਈ ਕਰਵਾਇਆ ਗਿਆ ਸੀ। ਇਸ ਮੌਕੇ ਪਿੰਡ ਹਸਨਪੁਰ (ਲੁਧਿਆਣਾ) ਦੇ 84 ਸਾਲਾ ਬਜ਼ੁਰਗ ਬਾਪੂ ਸੂਰਤ ਸਿੰਘ ਖਾਲਸਾ ਵਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਤਕਰੀਬਨ 11 ਮਹੀਨਿਆਂ ਤੋਂ ਵਿੱਢੀ ਭੁੱਖ-ਹੜਤਾਲ ਦੇ ਸੰਘਰਸ਼ ਦੀ ਹਮਾਇਤ ਦਾ ਮਤਾ ਵੀ ਪਾਸ ਕੀਤਾ ਗਿਆ। ਇਕ ਹੋਰ ਮਤੇ ਰਾਹੀਂ ਪਿੰਡਾਂ, ਸ਼ਹਿਰਾਂ ਅਤੇ ਮੁਹੱਲਾ ਪੱਧਰਾਂ 'ਤੇ ਨੌਜਵਾਨਾਂ ਦੀਆਂ ਕਮੇਟੀਆਂ ਬਣਾ ਕੇ ਗੁਰੂ ਘਰਾਂ ਦੀ ਪਹਿਰੇਦਾਰੀ ਸਮੇਤ ਆਧੁਨਿਕ ਤਕਨੀਕਾਂ ਰਾਹੀਂ ਧਰਮ ਪ੍ਰਚਾਰ ਕਰਨ ਦਾ ਮਤਾ ਵੀ ਪਾਸ ਕੀਤਾ। ਮਨੁੱਖੀ ਅਧਿਕਾਰਾਂ ਦੇ ਹੋਰ ਰਹੇ ਘਾਣ ਵਿਰੁੱਧ ਲਹਿਰ ਉਸਾਰਨ ਦਾ ਮਤਾ ਵੀ ਪਾਸ ਹੋਇਆ।

ਸੰਮੇਲਨ ਨੂੰ ਪ੍ਰਿੰਸੀਪਲ ਰਵੀ ਸਿੰਘ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰੀ, ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲੇ, ਭਾਈ ਸੁਖਜੀਤ ਸਿੰਘ ਲੰਗਰਾਂ ਵਾਲੇ, ਬਾਬਾ ਅਜੀਤ ਸਿੰਘ, ਬਾਬਾ ਗਗਨਦੀਪ ਸਿੰਘ ਪਡਿਆਲਾ, ਗਿਆਨੀ ਜਸਬੀਰ ਸਿੰਘ ਵੇਰਕਾ, ਮੌਲਾਨਾ ਮੁਹੰਮਦ ਅਜਮਲ ਖਾਂ, ਸ਼ਹਿਜ਼ਾਦ ਹੁਸੈਨ ਮਾਲੇਰਕੋਟਲਾ, ਕਰਨੈਲ ਸਿੰਘ ਪੀਰ ਮੁਹੰਮਦ, ਸਵਰਨ ਸਿੰਘ ਪਡਿਆਲਾ, ਗੁਰਨਾਮ ਸਿੰਘ ਸਿੱਧੂ, ਬ੍ਰਹਮ ਕੁਮਾਰੀ ਮਾਤਾ ਰੂਪ ਕਲਿਆਣੀ ਜੰਮੂ, ਸਵਾਮੀ ਆਸ਼ੂਤੋਸ਼ ਗੋਧਰਾ ਅਤੇ ਬਾਬਾ ਪ੍ਰਿਤਪਾਲ ਸਿੰਘ ਗੁਰਦੁਆਰਾ ਗੁਰ ਸਾਗਰ, ਸਵਰਾਜ ਲਹਿਰ ਪੰਜਾਬ ਦੇ ਮੁਖੀ ਪ੍ਰੋਫੈਸਰ ਮਨਜੀਤ ਸਿੰਘ ਤੇ ਪ੍ਰਸ਼ੋਤਮ ਸਿੰਘ ਫੱਗੂਆਣਾ, ਬਹਾਦਰ ਸਿੰਘ ਭਾਰਟਾ, ਜੰਗ ਸਿੰਘ, ਭਵਨਦੀਪ ਸਿੰਘ ਸਿੱਧੂ, ਜਤਿੰਦਰ ਸਿੰਘ ਈਸੜੂ, ਰਘਵਿੰਦਰ ਸਿੰਘ, ਹਰਮਨਜੀਤ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਬੇਅਦਬੀ ਉਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਇਕ ਬੁਲਾਰੇ ਵੱਲੋਂ ਤਿੱਖੇ ਸ਼ਬਦਾਂ ਦੀ ਵਰਤੋਂ ਕਰਨ ਕਾਰਨ ਕੁੱਝ ਸਮਾਂ ਹੰਗਾਮਾ ਹੁੰਦਾ ਰਿਹਾ। ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲਿਆਂ ਨੇ ਇਸ ਮੌਕੇ ਆਪਣੇ ਹੀ ਭਾਈਚਾਰੇ ਨੂੰ ਖਰੀਆਂ-ਖਰੀਆਂ ਸੁਣਾਉਂਦਿਆਂ ਕਿਹਾ ਕਿ ਸੰਤ ਸਮਾਜ ਨੂੰ ਅੰਦਰੋਂ ਅਤੇ ਬਾਹਰੋਂ ਇਕ ਹੋਣ ਦੀ ਲੋੜ ਹੈ।

## ਪਾਕਿਸਤਾਨੀ ਰੰਗ ਵਿਚ ਰੰਗਿਆ ਕੌਮਾਂਤਰੀ ਵਪਾਰ ਮੇਲਾ

**ਅੰਮ੍ਰਿਤਸਰ:** ਅੰਮ੍ਰਿਤਸਰ ਵਿਚ ਲੱਗੇ ਤਿੰਨ ਦਿਨਾਂ ਕੌਮਾਂਤਰੀ ਮੇਲੇ 'ਪਾਈਟੈਕਸ 2015' ਵਿਚ ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ, ਭੂਟਾਨ, ਇਰਾਨ ਤੇ ਨੇਪਾਲ ਸਮੇਤ ਅੱਠ ਸਾਰਕ ਦੇਸ਼ਾਂ ਦੇ ਉਤਪਾਦਕਾਂ ਤੇ ਵਪਾਰੀਆਂ ਨੇ ਹਿੱਸਾ ਲਿਆ।

ਮੇਲੇ ਵਿਚ ਲੱਗੇ 350 ਤੋਂ ਵੱਧ ਸਟਾਲਾਂ ਵਿਚੋਂ ਪਾਕਿਸਤਾਨੀ ਲੇਡੀਜ਼ ਸੂਟ, ਜੁੱਤੀਆਂ, ਪਾਕਿਸਤਾਨੀ ਖਾਣ-ਪੀਣ ਦੀਆਂ ਵਸਤਾਂ ਤੇ ਅੰਮ੍ਰਿਤਸਰੀ ਸ਼ਾਲ ਸਭ ਤੋਂ ਵੱਧ ਖਿੱਚ ਦਾ ਕੇਂਦਰ ਰਹੇ। ਮੇਲੇ ਦੀ ਸਮਾਪਤੀ ਮੌਕੇ ਕੀਤੇ ਗਏ ਸਮਾਗਮ ਦੀ ਪ੍ਰਧਾਨਗੀ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੇ ਕੀਤੀ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਸਥਿਤ ਪ੍ਰਗਤੀ ਮੈਦਾਨ ਦੀ ਤਰਜ਼ 'ਤੇ ਅੰਮ੍ਰਿਤਸਰ ਵਿਚ ਪੱਕੇ ਸ਼ੈਡ ਬਣਾਏ ਜਾਣਗੇ।

## ਭਾਜਪਾ ਤੇ ਅਕਾਲੀਆਂ ਵਿਚਕਾਰ ਸਨੇਹ ਜਾਗਿਆ

**ਚੰਡੀਗੜ੍ਹ:** ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਹਾਰ ਤੇ ਪੰਜਾਬ ਵਿਚ ਅਕਾਲੀਆਂ ਖਿਲਾਫ ਫੈਲੇ ਲੋਕ ਰੋਹ ਪਿੱਛੋਂ ਦੋਵਾਂ ਭਾਈਵਾਲਾਂ ਵਿਚ ਅਤਿ ਦਾ ਮੋਹ ਵਿਖਾਈ ਦੇ ਰਿਹਾ ਹੈ। ਭਾਜਪਾ ਆਗੂ ਜਿਥੇ ਅਕਾਲੀਆਂ ਦੀਆਂ ਸਦਭਾਵਨਾ ਰੈਲੀਆਂ ਵਿਚ ਛਾਏ ਪਏ ਹਨ, ਉਥੇ 2017 ਦੀਆਂ ਵਿਧਾਨ ਸਭਾ ਚੋਣਾਂ ਮਿਲ ਕੇ ਲੜਨ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਕੇਂਦਰ ਵਿਚ ਸਰਕਾਰ ਬਣਨ ਪਿੱਛੋਂ ਪੰਜਾਬ ਭਾਜਪਾ ਆਗੂਆਂ ਦੇ ਤੇਵਰ ਬਦਲ ਗਏ ਸਨ ਤੇ ਪਾਰਟੀ ਹਾਈਕਮਾਨ ਕੋਲ ਸੂਬੇ ਵਿਚ ਇਕੱਲਿਆਂ ਚੋਣਾਂ ਲੜਨ ਦੀ ਗੱਲ ਰੱਖੀ ਜਾ ਰਹੀ ਸੀ। ਅਜੇ ਪਿਛਲੇ ਮਹੀਨੇ ਹੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਹਰਿਆਣਾ ਵਿਚ ਚੌਟਾਲਿਆਂ ਦੀ ਰੈਲੀ ਵਿਚ ਭਾਜਪਾ ਸਰਕਾਰ ਦੀ ਭੰਡੀ ਕਰਨ ਪਿੱਛੋਂ ਭਾਜਪਾ ਆਗੂਆਂ ਨੇ ਅਕਾਲੀਆਂ ਦੇ 'ਬਾਈਕਾਟ' ਕਰਨਾ ਸ਼ੁਰੂ ਕਰ ਦਿੱਤਾ ਸੀ।

ਇਥੋਂ ਤੱਕ ਕਿ ਪੰਜਾਬ ਵਿਚ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਤੇ ਬੇਅਦਬੀ ਕਾਂਡ ਪਿੱਛੋਂ ਅਕਾਲੀਆਂ ਖਿਲਾਫ ਫੈਲੇ ਰੋਹ ਦਾ ਖਾਮੋਸ਼ ਬੈਠ ਕੇ ਤਮਾਸ਼ਾ ਦੇਖਿਆ ਜਾ ਰਿਹਾ ਸੀ, ਪਰ ਬਿਹਾਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੇ ਪੰਜਾਬ ਕਾਂਗਰਸ ਦੀ ਕਮਾਨ ਕੈਪਟਨ ਅਮਰਿੰਦਰ ਸਿੰਘ ਹੱਥ ਆਉਣ ਪਿੱਛੋਂ ਭਾਜਪਾ ਆਗੂ, ਅਕਾਲੀਆਂ ਤੇ ਨੇੜੇ ਲੱਗਣਾ ਸ਼ੁਰੂ ਹੋ ਗਏ ਤੇ ਸਦਭਾਵਨਾ ਰੈਲੀਆਂ ਵਿਚ ਸਰਗਰਮ ਭੂਮਿਕਾ ਨਿਭਾਅ ਰਹੇ ਹਨ। ਅਸਲ ਵਿਚ ਭਾਜਪਾ ਆਮ ਆਦਮੀ ਪਾਰਟੀ ਦੀ ਸਿਆਸਤ ਵਿਚ 'ਘੁਸਪੈਠ' ਤੋਂ ਕਾਫੀ ਚਿੰਤਤ ਹੈ।

## ਪੰਜਾਬ ਦੇ ਸੱਤ ਉਮੀਦਵਾਰਾਂ ਦੇ ਚੋਣ ਲੜਨ 'ਤੇ ਪਾਬੰਦੀ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਸੱਤ ਉਮੀਦਵਾਰਾਂ ਦੇ ਚੋਣ ਲੜਨ 'ਤੇ ਤਿੰਨ ਸਾਲ ਦੀ ਪਾਬੰਦੀ ਲਾਈ ਹੈ। ਇਹ ਉਮੀਦਵਾਰ ਪੀਪਲਜ਼ ਐਕਟ, 1951 ਐਂਡ ਰੂਲਜ਼ ਅਧੀਨ ਚੋਣਾਂ ਵਿਚ ਹੋਇਆ ਖਰਚਾ ਪੇਸ਼ ਕਰਨ ਵਿਚ ਅਸਫਲ ਰਹੇ ਹਨ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਜਲੰਧਰ ਤੋਂ ਅਨਿਲ ਕੁਮਾਰ ਭਗਤ ਤੇ ਤਰਸੇਮ ਪੀਟਰ, ਲੁਧਿਆਣਾ ਤੋਂ ਅਕਸ਼ੰਬਰ ਨਾਥ ਮਿਸ਼ਰਾ ਤੇ ਸਿਮਰਜੀਤ ਸਿੰਘ, ਸੰਗਰੂਰ ਤੋਂ ਗੁਰਦੀਪ ਸਿੰਘ ਤੇ ਜਯੋਤੀ ਦੇਵਾਜੀ ਅਨਸੂਈਆ ਤੇ ਗੁਰਪ੍ਰੀਤ ਸਿੰਘ ਬਰਨਾਲਾ ਨੂੰ ਚੋਣ ਖਰਚੇ ਬਾਰੇ ਬਿਊਰਾ ਨਾ ਪੇਸ਼ ਕਰਨ ਸਦਕਾ ਚੋਣ ਲੜਨ ਤੋਂ ਅਯੋਗ ਕਰਾਰ ਦਿੱਤਾ ਗਿਆ ਹੈ। ਚੋਣ ਕਮਿਸ਼ਨ ਵੱਲੋਂ ਇਨ੍ਹਾਂ ਉਮੀਦਵਾਰਾਂ ਨੂੰ ਤੈਅ ਸਮੇਂ ਦੌਰਾਨ ਆਪਣਾ ਪੱਖ ਰੱਖਣ ਲਈ ਨੋਟਿਸ ਵੀ ਜਾਰੀ ਕੀਤਾ ਗਿਆ ਸੀ।

## ਝੂਠੇ ਪੁਲਿਸ ਮੁਕਾਬਲਿਆਂ ਦਾ ਸੱਚ ਜੱਗ-ਜ਼ਾਹਿਰ

*(ਸਫਾ ਇਕ ਦੀ ਬਾਕੀ)*

ਪਿਛਲੇ ਢਾਈ ਦਹਾਕਿਆਂ ਤੋਂ ਸੂਬੇ ਵਿਚ ਕਾਂਗਰਸ ਤੇ ਅਕਾਲੀਆਂ ਨੇ ਵਾਰੀ-ਵਾਰੀ ਸੱਤਾ ਸੰਭਾਲੀ, ਪਰ ਆਪਣੇ ਚਹੇਤੇ ਪੁਲਿਸ ਅਫਸਰਾਂ ਨੂੰ ਬਚਾਉਣ ਲਈ ਇਸ ਸੱਚ 'ਤੇ ਪਰਦਾ ਪਾਈ ਰੱਖਿਆ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਦਾਅਵਾ ਕਰ ਰਹੇ ਹਨ ਕਿ ਜੇ 2017 ਵਿਚ ਕਾਂਗਰਸ ਦੀ ਸਰਕਾਰ ਆਈ ਤਾਂ ਉਹ ਪਿੰਕੀ ਵੱਲੋਂ ਕੀਤੇ ਖੁਲਾਸਿਆਂ ਦੀ ਜਾਂਚ ਕਰਵਾਉਣਗੇ। ਕਾਂਗਰਸ ਹਕੂਮਤ ਵੇਲੇ ਅਕਾਲੀ ਵੀ ਇਹ ਦਾਅਵੇ ਕਰਦੇ ਰਹੇ ਹਨ, ਪਰ ਇਸ ਸੱਚ ਤੋਂ ਪਰਦਾ ਚੁੱਕਣ ਦਾ ਹੀਆ ਕੋਈ ਨਹੀਂ ਕਰ ਰਿਹਾ।

ਫਰਜ਼ੀ ਮੁਕਾਬਲਿਆਂ ਦੇ ਸਿਲਸਿਲੇ ਵਿਚ ਭਾਵੇਂ ਸੁਪਰੀਮ ਕੋਰਟ ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ 2500 ਤੋਂ ਉਪਰ ਪਟੀਸ਼ਨ ਦਾਇਰ ਕੀਤੀਆਂ ਗਈਆਂ, ਪਰ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਾਮਲਿਆਂ ਨੂੰ ਛੱਡ ਕੇ ਗੁਨਾਹਗਾਰ ਅਧਿਕਾਰੀਆਂ ਨੂੰ ਕੋਈ ਸਜ਼ਾ ਨਹੀਂ ਹੋਈ।

ਇਸ ਬਰਖਾਸਤ ਇੰਸਪੈਕਟਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਆਗੂ ਤੇ ਸਾਬਕਾ ਸੰਸਦ ਮੈਂਬਰ ਰਜਿੰਦਰ ਕੌਰ ਬੁਲਾਰਾ ਦੇ ਪਤੀ ਪ੍ਰੋ. ਰਜਿੰਦਰ ਸਿੰਘ ਬੁਲਾਰਾ ਨੂੰ ਵੀ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦਾ ਦਾਅਵਾ ਕੀਤਾ ਹੈ। ਗੁਰਮੀਤ ਸਿੰਘ ਪਿੰਕੀ, ਜੋ ਲੰਬਾ ਸਮਾਂ ਲੁਧਿਆਣਾ ਜ਼ਿਲ੍ਹੇ ਵਿਚ ਤਾਇਨਾਤ ਰਿਹਾ ਹੈ, ਨੇ ਇਸ ਜ਼ਿਲ੍ਹੇ ਵਿਚ ਸਿੱਖ ਨੌਜਵਾਨਾਂ ਨੂੰ ਸੀ.ਆਈ.ਏ. ਸਟਾਫ ਅੰਦਰ ਕਿਸ ਤਰ੍ਹਾਂ ਤਸੀਹੇ ਦੇ ਕੇ ਮਾਰਿਆ ਗਿਆ, ਬਾਰੇ ਵਿਸਥਾਰਪੂਰਵਕ ਖੁਲਾਸਾ ਕੀਤਾ ਹੈ।

## ਨਵਜੋਤ ਸਿੰਘ ਸਿੱਧੂ ਨੇ ਪੁਆਇਆ 'ਆਪ' ਵਿਚ ਕਲੇਸ਼

**ਪਟਿਆਲਾ:** ਭਾਜਪਾ ਆਗੂ ਨਵਜੋਤ ਸਿੰਘ ਸਿੱਧੂ ਨੇ ਆਮ ਆਦਮੀ ਪਾਰਟੀ ਵਿਚ ਕਲੇਸ਼ ਪਵਾ ਦਿੱਤਾ ਹੈ। 'ਆਪ' ਦੀ ਹਾਈਕਮਾਨ ਨੇ ਨਵਜੋਤ ਸਿੱਧੂ ਲਈ ਪਾਰਟੀ ਦੇ ਦਰ ਖੋਲ੍ਹ ਦਿੱਤੇ ਹਨ, ਪਰ ਪੰਜਾਬ ਲੀਡਰਸ਼ਿਪ ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ। 'ਆਪ' ਦੇ ਪੰਜਾਬ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਸਣੇ ਹੋਰ ਸੀਨੀਅਰ ਆਗੂ ਸਿੱਧੂ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੇ ਹੱਕ ਵਿਚ ਨਹੀਂ। ਦੂਜੇ ਪਾਸੇ, ਕੇਜਰੀਵਾਲ ਵੱਲੋਂ ਸਿੱਧੂ ਦਾ ਪਾਰਟੀ ਵਿਚ ਆਉਣ ਲਈ ਸਵਾਗਤ ਕੀਤਾ ਹੈ। ਕੇਜਰੀਵਾਲ ਦੇ ਬਿਆਨ ਮਗਰੋਂ ਪਾਰਟੀ ਤੋਂ ਬਰਖਾਸਤ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਪਾਰਟੀ ਦੇ ਸਿਧਾਂਤਾਂ 'ਤੇ ਸਵਾਲ ਉਠਾਏ ਹਨ।



ਡਾ. ਗਾਂਧੀ ਨੇ ਆਖਿਆ ਹੈ ਕਿ ਜੇਕਰ ਸਿੱਧੂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਇਹ ਸਿਆਸੀ ਮੌਕਾਪ੍ਰਸਤੀ ਤੇ ਥੁੱਕ ਕੇ ਚੱਟਣ ਵਾਲੀ ਗੱਲ ਹੋਵੇਗੀ। ਡਾ. ਗਾਂਧੀ ਨੇ ਆਖਿਆ ਹੈ ਕਿ ਦੋ ਵਾਰ ਅੰਮ੍ਰਿਤਸਰ ਸਾਹਿਬ ਤੋਂ ਭਾਜਪਾ ਦੇ ਐਮ.ਪੀ. ਬਣਨ ਮਗਰੋਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਪਾਰਟੀ ਵੱਲੋਂ ਸਿੱਧੂ ਨੂੰ ਸੀਟ ਨਾ ਦਿੱਤੇ ਜਾਣ ਕਾਰਨ ਉਨ੍ਹਾਂ ਦੀ ਪਾਰਟੀ ਨਾਲ ਨਾਰਾਜ਼ਗੀ ਹੈ। ਕੇਜਰੀਵਾਲ ਵੱਲੋਂ ਸਿੱਧੂ ਦਾ ਸਵਾਗਤ ਕਰਨ ਵਾਲੇ ਬਿਆਨ ਤੋਂ ਇੰਝ ਲੱਗਦਾ ਹੈ ਕਿ ਕੁਝ ਨਾ ਕੁਝ ਦਾਲ ਜ਼ਰੂਰ ਪੱਕ ਰਹੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਲੇਖਕਾਂ ਨੂੰ ਰਚਨਾਤਮਕ ਆਜ਼ਾਦੀ ਲਈ ਖੜ੍ਹੇ ਹੋਣ ਦਾ ਸੱਦਾ

**ਫਰਿਜ਼ਨੋ (ਬਿਊਰੋ):** ਭਾਰਤ ਵਿਚ ਲਿਖਣ-ਬੋਲਣ ਦੀ ਆਜਾਦੀ 'ਤੇ ਹੋ ਰਹੇ ਹਮਲਿਆਂ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਥੋੜੀ ਹੈ। ਅਸਹਿਣਸ਼ੀਲਤਾ ਦੇ ਇਸ ਵਤੀਰੇ ਵਿਰੁਧ ਜਿਸ ਤਰ੍ਹਾਂ ਸਾਹਿਤਕਾਰ, ਕਲਾਕਾਰ ਅਤੇ ਬੁਧੀਜੀਵੀ ਖੜੇ ਹੋਏ ਹਨ, ਉਸ ਨਾਲ ਅਸਹਿਣਸ਼ੀਲਤਾ ਦੇ ਵੇਗ ਨੂੰ ਠੱਲ ਪੈਣ ਦੀਆਂ ਸੰਭਾਵਨਾਵਾਂ ਉਜਾਗਰ ਹੋਈਆਂ ਹਨ। ਆਪਣੇ ਸਵੈਮਾਣ ਦੀ ਰਾਖੀ ਲਈ ਲੇਖਕਾਂ ਅਤੇ ਕਲਾਕਾਰਾਂ ਨੂੰ ਡਟ ਕੇ ਖੜੇ ਹੋਣ ਦੀ ਲੋੜ ਹੈ।

ਵਿਸ਼ਵ ਪੰਜਾਬੀ ਸਾਹਿੱਤ ਅਕਾਦਮੀ



(ਵਿਪਸਾ) ਦੇ 23ਵੇਂ ਸਾਲਾਨਾ ਸਮਾਗਮ ਵਿਚ ਇਸ ਸਬੰਧੀ ਸਭਾ ਦੇ ਸਕੱਤਰ ਹਰਜਿੰਦਰ ਕੰਗ ਵਲੋਂ ਪੇਸ਼ ਕੀਤਾ ਗਿਆ ਮਤਾ ਸਰਬਸੰਮਤੀ ਨਾਲ ਪਾਸ ਹੋਇਆ। ਸਮਾਗਮ ਵਿਚ ਸੈਂਟਰਲ ਵੈਲੀ ਅਤੇ ਬੇ ਏਰੀਏ ਤੋਂ ਵਡੀ ਗਿਣਤੀ ਵਿਚ ਸਾਹਿਤਕਾਰ ਤੇ ਸਾਹਿਤ ਪ੍ਰੇਮੀ ਪਹੁੰਚੇ ਹੋਏ ਸਨ।

ਅਕਾਦਮੀ ਦੇ ਚੇਅਰਮੈਨ ਡਾ. ਗੁਰੂਮੇਲ ਸਿੱਧੂ ਨੇ 1992 ਵਿਚ ਸਾਹਿਤ ਸਭਾ ਵਜੋਂ ਹੋਂਦ ਵਿਚ ਆਈ ਸੰਸਥਾ ਦੇ ਅਕਾਦਮੀ ਵਿਚ ਤਬਦੀਲ ਹੋਣ ਦੇ ਸਫਰ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕਿਸੇ ਸੰਸਥਾ ਦਾ ਮਹੱਤਵ ਉਸ ਵਿਚ ਕੰਮ ਕਰਦੇ ਤੇ ਉਸ ਨਾਲ ਜੁੜੇ ਬੰਦਿਆ ਨਾਲ ਹੁੰਦਾ ਹੈ। ਸਾਹਿੱਤ ਸੰਸਾਰ ਵਿਚ ਨਾਮਣਾ ਖੱਟ ਚੁੱਕੇ ਰਚਨਾਕਾਰ ਹੀ ਵਿਪਸਾ ਦੇ ਮੈਂਬਰ ਨਹੀਂ, ਸਗੋਂ ਪੰਜਾਬੀ ਦੇ ਚੋਟੀ ਦੇ ਸਾਹਿਤਕਾਰ ਤੇ ਗਾਇਕ ਵੀ ਇਸ ਦੇ ਸਮਾਗਮਾਂ ਵਿਚ ਸ਼ਿਰਕਤ ਕਰਦੇ ਹਨ, ਜਿਨ੍ਹਾਂ ਵਿਚ ਸੁਰਜੀਤ ਪਾਤਰ ਤੋਂ ਲੈ ਕੇ ਦਲੀਪ ਕੌਰ ਟਿਵਾਣਾ ਵਰਗੀਆਂ ਨਾਮਵਰ ਹਸਤੀਆਂ ਸ਼ਾਮਿਲ ਹਨ।

ਅਕਾਦਮੀ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦਾ ਜਿਕਰ ਕਰਦਿਆਂ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ ਸੁਖਵਿੰਦਰ ਕੰਬੋਜ ਨੇ ਅਕਾਦਮੀ ਮੈਂਬਰਾਂ ਦੇ ਸਾਹਿਤਕ ਸੰਸਾਰ ਬਾਰੇ ਸੰਖੇਪ ਜਾਣਕਾਰੀ ਦਿਤੀ।

ਬਾਬਾ ਫਰੀਦ ਨੂੰ ਸਮਰਪਿਤ ਇਸ ਸਮਾਗਮ ਵਿਚ ਰੇਡੀਓ ਹੋਸਟ ਤੇ ਕਵੀ ਸੰਤੋਖ ਮਿਨਹਾਸ ਨੇ ਬਾਬਾ ਫਰੀਦ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਦੀ ਕਵਿਤਾ ਦੀ ਪ੍ਰਮਾਣਿਕਤਾ ਦਾ ਅੰਦਾਜਾ ਇੱਥੋਂ ਲਾਇਆ ਜਾ ਸਕਦਾ ਹੈ ਕਿ ਇਸ ਨੂੰ ਆਦਿ ਗ੍ਰੰਥ ਵਿਚ ਸ਼ਾਮਿਲ ਕਰਕੇ 'ਬਾਣੀ' ਦਾ ਦਰਜਾ ਦਿੱਤਾ ਗਿਆ। ਬਾਬਾ ਫਰੀਦ ਦੀ ਕਵਿਤਾ ਧਰਾਤਲ ਨਾਲ ਜੁੜੀ ਕਵਿਤਾ ਹੈ।

ਸਮਾਗਮ ਵਿਚ ਡਾ. ਗੁਰੂਮੇਲ ਸਿਧੂ ਦੀ 'ਐਨਅਦਰ ਆਸਪੈਕਟ ਆਫ ਗਦਰ ਮੂਵਮੈਂਟ', ਡਾ. ਸੁਰਜੀਤ ਬਰਾੜ ਦੀ ਸੰਪਾਦਿਤ 'ਹਰਜਿੰਦਰ ਕੰਗ ਦਾ ਕਵਿਤਾ ਸੰਸਾਰ' ਤੇ ਪ੍ਰੋ. ਕੇਵਲ ਕਲੋਟੀ ਦਾ ਨਾਵਲ 'ਸੱਚ ਸੁਣੋ ਸੱਚ ਦਾ ਵੇਲਾ' ਪੁਸਤਕਾਂ ਰਿਲੀਜ ਕੀਤੀਆਂ ਗਈਆਂ। ਕੰਗ ਦੀ ਕਿਤਾਬ ਬਾਰੇ ਡਾ. ਗੁਰੂਮੇਲ ਨੇ ਕਿਹਾ ਕਿ ਇਸ ਵਿਚ ਕੰਗ ਦੀ ਗੀਤਕਾਰੀ ਤੇ ਗਜ਼ਲਗੋਈ ਦੇ ਵੱਖ ਵੱਖ ਪਹਿਲੂਆਂ ਬਾਰੇ ਪ੍ਰਸਿੱਧ ਆਲੋਚਕਾਂ ਦੇ ਲੇਖ ਸ਼ਾਮਿਲ ਹਨ। ਸੁਖਵਿੰਦਰ ਕੰਬੋਜ ਨੇ ਪ੍ਰੋ. ਕਲੋਟੀ ਦੇ ਨਾਵਲਾਂ ਬਾਰੇ ਗੱਲ ਕੀਤੀ।

ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਈ ਮੀਡੀਆ ਸ਼ਖਸੀਅਤ ਸਿੱਧੂ ਦਮਦਮੀ ਨੇ ਭਾਰਤ ਵਿਚਲੀ ਹਾਲੀਆ ਅਸਹਿਣਸ਼ੀਲਤਾ ਦੇ ਪ੍ਰਸੰਗ ਵਿਚ ਕਿਹਾ ਕਿ ਇਸ ਦਮਘੋਟੂ ਮਾਹੌਲ ਖਿਲਾਫ ਇਸ ਤਰ੍ਹਾਂ ਦੀਆਂ ਅਕਾਦਮੀਆਂ ਦੇ ਥੜੇ ਤੋਂ ਆਵਾਜ ਉਠਣੀ ਚਾਹੀਦੀ ਹੈ। ਲੋਕ ਲੇਖਕਾਂ ਦੇ ਆਖੇ ਘੱਟ ਲਗਦੇ ਹਨ। ਲੇਖਕਾਂ ਅਤੇ ਪਾਠਕਾਂ ਵਿਚਲਾ ਰਚਨਈ ਪੁਲ ਟੁੱਟ ਗਿਆ ਹੈ।

ਸਿੱਧੂ ਦਮਦਮੀ ਨੇ ਕਿਹਾ ਕਿ ਲੇਖਕਾਂ ਨੂੰ ਸਿਰਫ ਕਹਾਣੀ, ਕਵਿਤਾ ਜਾਂ ਕਿਤਾਬ ਲਿਖ ਕੇ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ, ਸਗੋਂ ਕਲਮ ਜਾਂ ਰਚਨਾਤਮਿਕਤਾ ਉਤੇ ਹੁੰਦੇ ਹਮਲਿਆਂ ਖਿਲਾਫ ਚਲਦੇ ਅੰਦੋਲਨਾਂ ਦਾ ਵੀ ਹਿੱਸਾ ਬਣਨਾ ਚਾਹੀਦਾ ਹੈ।

ਗਾਇਕ ਸੁਖਦੇਵ ਸਾਹਿਲ ਦੇ ਕਲਾਸੀਕਲ ਗਾਇਨ ਨੇ ਪ੍ਰੋਗਰਾਮ ਵਿਚ ਵਿਸ਼ੇਸ਼ ਰੰਗ ਭਰਿਆ ਜਿਸ ਦਾ ਸਾਥ ਤਬਲਾ ਵਾਦਕ ਸੁਰਜੀਤ ਬਾਵਾ ਨੇ ਦਿੱਤਾ। ਆਸ਼ਾ ਸ਼ਰਮਾ ਨੇ ਸੰਗੀਤ ਸਮਾਗਮ ਦਾ ਬਾਖੂਬੀ ਸੰਚਾਲਨ ਕੀਤਾ। ਸਭਾ ਦੇ ਸਾਬਕਾ ਪ੍ਰਧਾਨ ਸੁਖਵਿੰਦਰ ਕੰਬੋਜ ਅਤੇ ਅਸ਼ਰਫ ਗਿੱਲ ਦਾ ਉਨਾਂ ਵਲੋਂ ਅਕਾਦਮੀ ਲਈ ਨਿਭਾਈਆਂ ਸੇਵਾਵਾਂ ਲਈ ਅਤੇ ਪ੍ਰੋ ਕਲੋਟੀ ਦਾ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਲਈ ਸਨਮਾਨ ਕੀਤਾ ਗਿਆ।

ਸਮਾਗਮ ਦੇ ਛੇਕੜਲੇ ਦੌਰ ਵਿਚ ਤਾਰਾ ਸਾਗਰ, ਕੁਲਵੰਤ ਸੇਖੋਂ, ਰਣਜੀਤ ਗਿੱਲ, ਘਣਗੱਸ, ਨੰਨੂ ਸਹੋਤਾ, ਅਜੇ ਤਨਵੀਰ, ਨੀਲਮ ਸੈਣੀ, ਸੁੱਖੀ ਧਾਲੀਵਾਲ, ਸੰਤੋਖ ਮਿਨਹਾਸ, ਜਗਜੀਤ ਨੌਸ਼ਹਿਰਵੀ, ਅਸ਼ਰਫ ਗਿੱਲ, ਸੁਖਵਿੰਦਦਰ ਕੰਬੋਜ, ਰਮਨ ਵਿਰਕ, ਗੈਰੀ ਢੇਸੀ, ਜਸਪਾਲ ਸੂਸ, ਸੁਰਿੰਦਰ ਸੀਰਤ ਆਦਿ ਕਵੀਆਂ ਨੇ ਆਪਣਾ ਕਲਾਮ ਪੇਸ਼ ਕੀਤਾ। ਗਿਆਨ-ਵਿਗਿਆਨ ਅਤੇ ਸਾਹਿਤ ਨਾਲ ਸਬੰਧਿਤ ਕਿਤਾਬਾਂ ਦੀ ਇਕ ਪ੍ਰਦਰਸ਼ਨੀ ਵੀ ਖਿੱਚ ਦਾ ਕਾਰਨ ਬਣੀ ਰਹੀ।

ਸਮਾਗਮ ਵਿਚ ਪੁੱਜੀਆਂ ਸੈਂਟਰਲ ਵੈਲੀ ਦੀਆਂ ਉਘੀਆਂ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਚਰਨਜੀਤ ਬਾਠ, ਅਜੀਤ ਗਿੱਲ, ਅਵਤਾਰ ਗਿੱਲ, ਰੇਡੀਓ ਹੋਸਟ ਹੈਰੀ ਮਾਨ, ਮਨਜੀਤ ਕੁਲਾਰ, ਬਲਰਾਜ ਬਰਾੜ, ਗੁਰਦੀਪ ਨਿੱਝਰ, ਡਾ. ਨਿੰਦੀ, ਤ੍ਰਿਲੋਕ ਮਿਨਹਾਸ ਅਤੇ ਪਿਸ਼ੌਰਾ ਸਿੰਘ ਢਿਲੋਂ ਸ਼ਾਮਲ ਸਨ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Golden State Realty
9912 Kapalua Ln., Elk Grove, CA 95624



Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773
email: samchahal@hotmail.com
Serving all over California



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਕਿਸਾਨ ਖੁਦਕੁਸ਼ੀਆਂ ਬਾਰੇ ਨਾ ਜਾਗੀ ਸਰਕਾਰ

**ਰੋਜ਼ 34 ਕਿਸਾਨ ਕਰਦੇ ਨੇ ਖੁਦਕੁਸ਼ੀ**



## ਵਿਸ਼ਵ ਪੱਧਰ 'ਤੇ ਕਿਸਾਨ ਖੁਦਕੁਸ਼ੀਆਂ ਦੀ ਸਮੱਸਿਆ

**ਪੈਰਿਸ:** 'ਨਿਊਜ਼ ਵੀਕ' ਦੀ ਇਕ ਰਿਪੋਰਟ ਅਨੁਸਾਰ ਫਰਾਂਸ ਵਿਚ ਹਰ ਦੋ ਦਿਨਾਂ ਵਿਚ ਇਕ ਕਿਸਾਨ ਆਪਣੀ ਜੀਵਨ ਲੀਲਾ ਖਤਮ ਕਰ ਲੈਂਦਾ ਹੈ। ਚੀਨ ਵਿਚ ਸ਼ਹਿਰੀਕਰਨ ਦੇ ਨਾਂ ਉਤੇ ਲਈ ਜਾ ਰਹੀ ਜ਼ਮੀਨ ਕਾਰਨ ਖੁਦਕੁਸ਼ੀ ਦਾ ਰੁਝਾਨ ਪਨਪ ਰਿਹਾ ਹੈ। ਬਰਤਾਨੀਆ ਵਿਚ 2001 ਦੌਰਾਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਸ ਗੁਣਾ ਵਧ ਗਈਆਂ ਸਨ। ਇਨ੍ਹਾਂ ਵਿਚੋਂ ਬਹੁਤੇ ਉਹ ਦੇਸ਼ ਹਨ ਜਿਨ੍ਹਾਂ ਵਿਚ ਕਿਸਾਨਾਂ ਦੀ ਗਿਣਤੀ ਪੂਰੀ ਆਬਾਦੀ ਦਾ ਦੋ ਤੋਂ ਚਾਰ ਫੀਸਦੀ ਹੀ ਹੈ। ਭਾਰਤ ਵਰਗੇ ਦੇਸ਼ ਵਿਚ ਜਿਥੇ ਅੱਜ ਵੀ ਤਕਰੀਬਨ ਪੰਜਾਹ ਫੀਸਦੀ ਲੋਕਾਂ ਦੀ ਰੋਜ਼ੀ-ਰੋਟੀ ਖੇਤੀ 'ਤੇ ਨਿਰਭਰ ਹੈ, ਕਿਸਾਨਾਂ ਦੀ ਦਸ਼ਾ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

**ਚੰਡੀਗੜ੍ਹ:** ਕਿਸਾਨ ਖੁਦਕੁਸ਼ੀਆਂ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰਦੀ ਦਾ ਰਹੀ ਹੈ। ਸੰਸਦ ਅੰਦਰ ਪੇਸ਼ ਕੀਤੇ ਗਏ ਅੰਕੜਿਆਂ ਵਿਚ ਸਰਕਾਰ ਨੇ ਖੁਦ ਮੰਨਿਆ ਹੈ ਕਿ ਦੇਸ਼ ਵਿਚ 2014 ਦੌਰਾਨ ਹਰ ਰੋਜ਼ 34 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਇਸ ਤੋਂ ਪਹਿਲਾਂ ਵੀਹ ਸਾਲਾਂ ਦੇ ਅੰਕੜੇ ਦੱਸਦੇ ਹਨ ਕਿ 2,98,000 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। ਇਹ ਸਰਕਾਰੀ ਅੰਕੜੇ ਹਨ ਤੇ ਸਮੱਸਿਆ ਇਸ ਤੋਂ ਵੀ ਵੱਧ ਗੰਭੀਰ ਹੈ। ਭਾਰਤ ਵਿਚ ਕਣਕ ਦੇ ਪਿਛਲੇ ਸੀਜ਼ਨ ਵਿਚ ਬੇਮੌਸਮੀ ਬਰਸਾਤ ਤੇ ਸਾਉਣੀ ਦੇ ਸੀਜ਼ਨ ਵਿਚ 14 ਫੀਸਦੀ ਬਰਸਾਤ ਵਿਚ ਕਮੀ ਦੇ ਕਾਰਨ ਅੱਠ ਸੂਬਿਆਂ ਵਿਚ ਪਏ ਸੋਕੇ ਨਾਲ ਖੁਦਕੁਸ਼ੀਆਂ ਦਾ ਵਰਤਾਰਾ ਤੇਜ਼ ਹੋਇਆ ਹੈ।

ਪੰਜਾਬ ਅੰਦਰ ਵੀ ਚਿੱਟੇ ਮੱਛਰ ਦੇ ਹਮਲੇ, 1509 ਬਾਸਮਤੀ ਦੀ ਘੱਟ ਰੇਟ 'ਤੇ ਖਰੀਦ ਤੇ ਗੰਨੇ ਦੇ ਬਕਾਏ ਵਿਚ ਦੇਰੀ ਕਾਰਨ ਕਿਸਾਨ ਡਾਢਾ ਪਰੇਸ਼ਾਨ ਹੈ। ਸੂਬਾ ਸਰਕਾਰ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈਣ ਦੀ ਥਾਂ ਮੌਤਾਂ ਬਾਰੇ ਤੱਥ ਲੁਕਾਉਣ ਵਿਚ ਜੁਟੀ ਹੋਈ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰ ਨੂੰ ਹਾਲ ਹੀ ਵਿਚ ਭੇਜੀ ਗਈ ਰਿਪੋਰਟ ਮੁਤਾਬਕ ਪੰਜਾਬ ਵਿਚ ਛੇ ਮਹੀਨਿਆਂ ਦੌਰਾਨ ਸਿਰਫ ਪੰਜ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਕੇਂਦਰੀ ਖੇਤੀ ਮੰਤਰਾਲੇ ਦੀ ਸੂਚਨਾ ਅਨੁਸਾਰ ਪੰਜਾਬ ਵਿਚ ਇਸ ਸਾਲ ਪਹਿਲੀ ਜਨਵਰੀ ਤੋਂ 30 ਜੂਨ ਤੱਕ ਸਿਰਫ ਪੰਜ ਕਿਸਾਨਾਂ ਨੇ ਖੇਤੀ ਸੰਕਟ ਕਾਰਨ ਖੁਦਕੁਸ਼ੀ ਕੀਤੀ ਹੈ। ਸੂਬਿਆਂ ਵੱਲੋਂ ਕਿਸਾਨਾਂ ਦੀ ਖੁਦਕੁਸ਼ੀ ਦੀ ਰਿਪੋਰਟ ਹਰ ਵਰ੍ਹੇ ਕੇਂਦਰੀ ਖੇਤੀ ਮੰਤਰਾਲੇ ਨੂੰ ਭੇਜੀ ਜਾਂਦੀ ਹੈ। ਜਦੋਂ ਕਿ ਪੰਜਾਬ ਸਰਕਾਰ ਨੇ ਸਾਲ 2011 ਮਗਰੋਂ ਖੇਤੀ ਮੰਤਰਾਲੇ ਨੂੰ ਇਹ ਰਿਪੋਰਟ ਭੇਜਣੀ ਬੰਦ ਕਰ ਦਿੱਤੀ ਸੀ। ਸਾਲ 2004 ਤੋਂ 2011 ਤੱਕ ਸੂਬੇ ਵਿਚ ਖੁਦਕੁਸ਼ੀ ਕਰਨ ਵਾਲੇ 1468 ਕਿਸਾਨਾਂ ਦੀ ਰਿਪੋਰਟ ਭੇਜੀ ਸੀ। ਇਹ ਅੰਕੜੇ ਸਾਬਤ ਕਰਦੇ ਹਨ ਕਿ ਸਰਕਾਰ ਇਸ ਸਮੱਸਿਆ ਦੇ ਹੱਲ ਦੀ ਥਾਂ ਗਲਤ ਤੱਥ ਦੇ ਕੇ ਗੁੰਮਰਾਹ ਕਰਨ ਦੀ ਨੀਤੀ 'ਤੇ ਚੱਲ ਰਹੀ ਹੈ। ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਵੱਲੋਂ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਸੂਬੇ ਵਿਚ ਪਿਛਲੇ ਇਕ ਦਹਾਕੇ ਦੌਰਾਨ ਖੇਤੀ ਖੇਤਰ ਵਿਚ ਖੁਦਕੁਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 6926 ਸੀ, ਜਿਨ੍ਹਾਂ ਵਿਚੋਂ 3954 ਕਿਸਾਨ ਸਨ ਤੇ 2972 ਬੇਜ਼ਮੀਨੇ ਮਜ਼ਦੂਰ ਸਨ। ਇਨ੍ਹਾਂ ਵਿਚੋਂ 74 ਫ਼ੀਸਦੀ ਕਿਸਾਨਾਂ ਤੇ 58.6 ਫੀਸਦੀ ਬੇਜ਼ਮੀਨੇ ਮਜ਼ਦੂਰਾਂ ਨੇ ਭਾਰੀ ਕਰਜ਼ੇ ਕਾਰਨ ਖੁਦਕੁਸ਼ੀ ਕੀਤੀ ਸੀ। ਯੂਨੀਵਰਸਿਟੀ ਮਾਹਿਰਾਂ ਦਾ ਕਹਿਣਾ ਹੈ ਕਿ ਸਰਵੇ ਦੇ ਤੱਥਾਂ ਉਤੇ ਨਜ਼ਰ ਮਾਰੀਏ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਰਾਜ ਵਿਚ ਔਸਤਨ ਰੋਜ਼ਾਨਾ ਇਕ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਸਰਕਾਰ ਦੇ ਇਸ ਸਰਵੇ ਨੂੰ ਆਧਾਰ ਬਣਾਈਏ ਤਾਂ ਰਾਜ ਵਿਚ ਪਿਛਲੇ ਛੇ ਮਹੀਨਿਆਂ ਦੌਰਾਨ 184 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ।

ਕਿਸਾਨ ਆਗੂਆਂ ਅਨੁਸਾਰ ਪੰਜਾਬ ਸਰਕਾਰ ਨੇ 30 ਸਤੰਬਰ, 2013 ਨੂੰ ਜਾਰੀ ਪੱਤਰ ਰਾਹੀਂ ਸਰਵੇਖਣ ਤੇ ਉਸ ਸਰਵੇਖਣ ਦੀ ਰਿਪੋਰਟ ਦੇ ਆਧਾਰ ਉਤੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਨੂੰ ਮੁਆਵਜਿਆਂ ਦੀ ਗੱਲ ਕੀਤੀ ਸੀ ਤੇ ਉਸ ਤੋਂ ਬਾਅਦ 10 ਨਵੰਬਰ, 14 ਨੂੰ ਪੱਤਰ ਜਾਰੀ ਕਰਕੇ ਹੁਕਮ ਦਿੱਤਾ ਸੀ ਕਿ 31 ਮਾਰਚ, 2013 ਤੋਂ ਬਾਅਦ ਹੋਈਆਂ ਖੁਦਕੁਸ਼ੀਆਂ ਦੀ ਰਿਪੋਰਟ ਸਬੰਧਤ ਡੀ.ਸੀ. ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਹਰ ਮਹੀਨੇ ਸਰਕਾਰ ਨੂੰ ਭੇਜੇ ਪਰ ਸਰਕਾਰ ਦਾ ਇਹ ਫੈਸਲੇ ਮਹਿਜ਼ ਕਾਗਜ਼ਾਂ ਦਾ ਪੁਲੰਦਾ ਬਣ ਕੇ ਰਹਿ ਗਿਆ। ਪੰਜਾਬ ਸਰਕਾਰ ਵੱਲੋਂ 2000 ਤੋਂ 2010 ਤੱਕ ਕਰਵਾਏ ਸਰਵੇ ਮੁਤਾਬਕ ਤਕਰੀਬਨ ਸੱਤ ਹਜ਼ਾਰ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀ ਕਰ ਚੁੱਕੇ ਹਨ। ਲੰਬੇ ਸਮੇਂ ਤੱਕ ਤਾਂ ਸਰਕਾਰ ਇਹ ਗੱਲ ਮੰਨਣ ਲਈ ਹੀ ਤਿਆਰ ਨਹੀਂ ਹੋਈ ਕਿ ਕਿਸਾਨ ਕਰਜ਼ੇ ਕਾਰਨ ਖੁਦਕੁਸ਼ੀ ਕਰ ਰਿਹਾ ਹੈ।

## ਕਿਸਾਨਾਂ ਦੇ 1800 ਕਰੋੜ ਰੁਪਏ ਖਜ਼ਾਨੇ ਵਿਚ ਫਸੇ

**ਚੰਡੀਗੜ੍ਹ:** ਪੰਜਾਬ ਦੇ ਹਜ਼ਾਰਾਂ ਕਿਸਾਨਾਂ ਦੀ ਫਸਲ ਦੇ ਤਕਰੀਬਨ 1800 ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿਚ ਫਸ ਗਏ ਹਨ। ਤਕਰੀਬਨ ਦੋ ਹਫਤਿਆਂ ਤੋਂ ਵੇਚੀ ਫਸਲ ਦੀ ਕਿਸਾਨਾਂ ਨੂੰ ਅਦਾਇਗੀ ਨਹੀਂ ਹੋਈ ਹੈ। ਡੇਢ ਹਫਤਾ ਪਹਿਲਾਂ ਖਰੀਦ ਕੇਂਦਰਾਂ ਵਿਚੋਂ ਝੋਨੇ ਦੀ ਖਰੀਦ ਦਾ ਕੰਮ ਨਿਪਟ ਚੁੱਕਿਆ ਹੈ, ਪਰ ਕਿਸਾਨਾਂ ਨੂੰ ਅਦਾਇਗੀ ਨਹੀਂ ਹੋਈ ਹੈ। ਮਿਲੇ ਵੇਰਵਿਆਂ ਅਨੁਸਾਰ ਪੰਜਾਬ ਦੇ ਖਰੀਦ ਕੇਂਦਰਾਂ ਵਿਚ 13 ਨਵੰਬਰ ਤੋਂ ਮਗਰੋਂ ਫਸਲ ਵੇਚਣ ਵਾਲਿਆਂ ਨੂੰ ਸਰਕਾਰ ਨੇ ਕੋਈ ਪੈਸਾ ਨਹੀਂ ਦਿੱਤਾ। ਦੂਸਰੀ ਵਾਰ ਕਿਸਾਨਾਂ ਨੂੰ ਅਦਾਇਗੀ ਲਈ ਚੱਕਰ ਕੱਟਣੇ ਪੈ ਰਹੇ ਹਨ।

## ਬੇਅਦਬੀ ਮਾਮਲੇ ਵਿਚ ਸੰਸਦ ਵਿਚ ਭਿੜੇ ਕਾਂਗਰਸੀ ਤੇ ਅਕਾਲੀ

**ਨਵੀਂ ਦਿੱਲੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਲੋਕ ਸਭ ਵਿਚ ਗੂੰਜਿਆ। ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਲੋਕ ਸਭਾ ਵਿਚ ਮਾਮਲਾ ਉਠਾਉਣ ਉਤੇ ਕਾਂਗਰਸੀ ਤੇ ਅਕਾਲੀ ਮੈਂਬਰਾਂ ਵਿਚਾਲੇ ਤਿੱਖਾ ਤਕਰਾਰ ਵੀ ਹੋਇਆ। ਬਿੱਟੂ ਨੇ ਮਾਮਲਾ ਉਠਾਉਂਦਿਆਂ ਅਕਾਲੀ ਦਲ ਤੇ ਭਾਜਪਾ ਸਰਕਾਰ 'ਤੇ ਇਲਜ਼ਾਮ ਲਾਇਆ ਕਿ ਸੱਤਾ ਧਿਰ ਪੰਜਾਬ ਨੂੰ ਮੁੜ ਅਤਿਵਾਦ ਦੇ ਕਾਲੇ ਦੌਰ ਵੱਲ ਲਿਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਲੜੀਵਾਰ ਘਟਨਾਵਾਂ ਵਾਪਰੀਆਂ ਹਨ ਤੇ ਸੱਤਾ ਧਿਰ ਇਸ 'ਤੇ ਸਿਆਸਤ ਕਰ ਰਹੀ ਹੈ।



ਬਿੱਟੂ ਨੇ ਇਲਜ਼ਾਮ ਲਾਇਆ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਵਿਚ ਅਸਫਲ ਰਹੀ ਹੈ ਤੇ ਉਲਟਾ ਪੁਲਿਸ ਨੇ ਨਿਆਂ ਮੰਗ ਰਹੇ ਲੋਕਾਂ ਉਤੇ ਫਾਇਰਿੰਗ ਕਰਕੇ ਦੋ ਜਣਿਆਂ ਨੂੰ ਮਾਰ ਸੁੱਟਿਆ। ਉਨ੍ਹਾਂ ਨੇ ਇਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਜੱਜ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਬਿੱਟੂ ਦੇ ਇਲਜ਼ਾਮਾਂ ਦਾ ਅਕਾਲੀ ਸੰਸਦ ਮੈਂਬਰ ਸ਼ੇਰ ਸਿੰਘ ਗੁਬਾਇਆ ਨੇ ਵਿਰੋਧ ਕੀਤਾ। ਕੁਝ ਭਾਜਪਾ ਸੰਸਦ ਮੈਂਬਰਾਂ ਨੇ ਵੀ ਗੁਬਾਇਆ ਦਾ ਸਾਥ ਦਿੱਤਾ। ਇਸ ਮੌਕੇ ਕਾਫੀ ਰੌਲਾ-ਰੱਪਾ ਪਿਆ। ਕੁਝ ਕਾਂਗਰਸੀ ਵੀ ਬਿੱਟੂ ਦੀ ਹਮਾਇਤ ਉਤੇ ਆ ਗਏ।

## ਬੁਰਜ ਖਲੀਫਾ ਨੂੰ ਮਾਤ ਦੇਵੇਗਾ ਸਾਊਦੀ ਅਰਬ

**ਜਦਾਹ:** ਸਾਊਦੀ ਅਰਬ ਨੇ ਦੁਨੀਆਂ ਦੀ ਸਭ ਤੋਂ ਵੱਡੀ ਇਮਾਰਤ ਬਣਾਉਣ ਦਾ ਐਲਾਨ ਕੀਤਾ ਹੈ। ਸਾਊਦੀ ਪ੍ਰਿੰਸ ਅਲਵੀਦ ਬਿਨ ਤਲਾਲ ਨੇ ਆਖਿਆ ਹੈ ਕਿ ਇਮਾਰਤ ਜਦਾਹ ਵਿਚ ਬਣਾਈ ਜਾ ਰਹੀ ਹੈ ਤੇ ਇਸ ਉਤੇ ਦੋ ਬਿਲੀਅਨ ਯੂਰੋ ਦਾ ਖਰਚ ਆਵੇਗਾ। ਇਸ ਇਮਾਰਤ ਦਾ ਨਾਮ 'ਕਿੰਗਡਮ ਟਾਵਰ' ਰੱਖਿਆ ਗਿਆ ਹੈ। ਇਸ ਵਿਚ 170 ਮੰਜ਼ਿਲਾਂ ਹੋਣਗੀਆਂ ਤੇ ਉਚਾਈ 3,300 ਫੁੱਟ ਹੋਵੇਗੀ। ਇਸ ਸਮੇਂ ਬੁਰਜ ਖ਼ਲੀਫ਼ਾ ਦੁਨੀਆਂ ਦੀ ਸਭ ਤੋਂ ਉਚੀ ਇਮਾਰਤ ਹੈ।

ਬੁਰਜ ਖ਼ਲੀਫ਼ਾ ਦੀ ਉਚਾਈ 2,716 ਫੁੱਟ ਹੈ। ਜਦੋਂਕਿ ਨਿਊਯਾਰਕ ਦੇ ਫਰੀਡਮ ਟਾਵਰ ਦੀ ਇਮਾਰਤ ਦੁਨੀਆਂ ਦੀ ਪੰਜਵੀਂ ਸਭ ਤੋਂ ਉਚੀ ਇਮਾਰਤ ਹੈ। ਇਸ ਦੀ ਉਚਾਈ 1,792 ਫੁੱਟ ਹੈ। ਕਿੰਗਡਮ ਟਾਵਰ ਵਿਚ ਹੋਟਲ, ਘਰ ਅਤੇ ਦਫਤਰ ਅਤੇ ਵੱਡੇ ਸ਼ੋਪਿੰਗ ਸੈਂਟਰ ਹੋਣਗੇ। ਇਸ ਨੂੰ 2018 ਤੱਕ ਪੂਰਾ ਕਰ ਲਿਆ ਜਾਵੇਗਾ। ਇਸ ਵਿਸ਼ਾਲ ਇਮਾਰਤ ਨੂੰ ਬਣਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਤੇ ਚਾਰ ਮੰਜ਼ਿਲਾਂ ਬਣ ਕੇ ਤਿਆਰ ਵੀ ਹੋ ਗਈਆਂ ਹਨ। ਸਾਊਦੀ ਪ੍ਰਿੰਸ ਅਲਵੀਦ ਬਿਨ ਤਲਾਲ ਅਨੁਸਾਰ ਇਹ ਟਾਵਰ ਜਦਾਹ ਸ਼ਹਿਰ ਦੀ ਸ਼ਾਨ ਹੋਵੇਗੀ।

# ਕੇਜਰੀਵਾਲ ਸਰਕਾਰ ਨੇ ਮਾਲਾਮਾਲ ਕੀਤੇ ਵਿਧਾਇਕ

**ਨਵੀਂ ਦਿੱਲੀ:** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਤਨਖਾਹ ਵਾਧੇ ਦਾ ਬਿੱਲ ਦੇ ਪਾਸ ਹੁੰਦਿਆਂ ਹੀ ਵਿਧਾਇਕਾਂ ਦੀ ਤਨਖਾਹ ਵਿਚ 400 ਫੀਸਦੀ ਦਾ ਇਜ਼ਾਫਾ ਹੋਇਆ ਹੈ।

ਸਾਰੇ ਭੱਤਿਆਂ ਨੂੰ ਮਿਲਾ ਕੇ ਹੁਣ ਦਿੱਲੀ ਦੇ ਵਿਧਾਇਕਾਂ ਨੂੰ ਹਰ ਮਹੀਨੇ 2,35,000 ਰੁਪਏ ਤਨਖਾਹ ਮਿਲੇਗੀ। ਸਰਕਾਰ ਵੱਲੋਂ ਪੇਸ਼ ਬਿੱਲ ਵਿਚ ਵਿਧਾਇਕਾਂ ਦੀ ਮੁੱਢਲੀ ਤਨਖਾਹ ਨੂੰ 12,000 ਤੋਂ ਵਧਾ ਕੇ 50,000 ਰੁਪਏ ਕਰ ਦਿੱਤੀ ਹੈ। ਵਿਧਾਨ ਸਭਾ ਵਿਚ ਹਾਜ਼ਰੀ ਲਈ ਮਿਲਣ ਵਾਲੇ ਭੱਤੇ ਨੂੰ ਵਧਾ ਕੇ 1,000 ਤੋਂ 2,000 ਰੁਪਏ ਕਰ ਦਿੱਤਾ ਹੈ। ਹੁਣ ਵਿਧਾਇਕਾਂ ਦੀ




ਮਹੀਨਾਵਾਰ ਤਨਖਾਹ ਵਿਚ ਪ੍ਰਤੀ ਸਾਲ 5,000 ਰੁਪਏ ਦਾ ਵਾਧਾ ਹੋਣਾ ਹੈ। ਪ੍ਰਸਤਾਵ ਮੁਤਾਬਕ ਵਿਧਾਇਕ ਦਾ ਤਨਖਾਹ ਭੱਤਾ 88,000 ਹਰ ਮਹੀਨੇ ਵਧ ਕੇ 1,85,000 ਰੁਪਏ ਹੋ ਜਾਵੇਗਾ।

ਇਸ ਬਿੱਲ ਦੇ ਪਾਸ ਹੋਣ ਨਾਲ ਵਿਧਾਇਕਾਂ ਨੂੰ ਦਿੱਤਾ ਜਾਣ ਵਾਲਾ ਭੱਤਾ 6,000 ਤੋਂ ਵਧ ਕੇ 30,000 ਰੁਪਏ ਹੋ ਜਾਵੇਗਾ ਜਦਕਿ ਆਪਣੇ ਵਿਧਾਨ ਸਭਾ ਖੇਤਰ ਵਿਚ ਦਫਤਰ ਆਦਿ ਲਈ ਕਿਰਾਏ ਦੇ ਰੂਪ ਵਿਚ ਹਰ ਇਕ ਵਿਧਾਇਕ ਨੂੰ 25,000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ। ਵਿਧਾਨ ਸਭਾ ਖੇਤਰ ਦੇ ਨਾਂ ਉਤੇ ਹਰ ਮਹੀਨੇ ਵਿਧਾਇਕਾਂ ਨੂੰ 50,000 ਰੁਪਏ ਮਿਲਣਗੇ। ਇਸ ਦੇ ਨਾਲ ਹੀ ਲੈਪਟਾਪ, ਮੋਬਾਈਲ ਤੇ ਪ੍ਰਿੰਟਰ ਆਦਿ ਲਈ ਹਰੇਕ ਕਾਰਜਕਾਲ ਦੌਰਾਨ ਹਰੇਕ ਵਿਧਾਇਕ ਨੂੰ ਇਕ ਲੱਖ ਰੁਪਏ ਦੀ ਰਕਮ ਦਿੱਤੀ ਜਾਵੇਗੀ।

## ਮੁਸਲਿਮ ਬ੍ਰਦਰਹੁਡ ਆਗੂ ਦੀ ਸਜ਼ਾ-ਏ-ਮੌਤ ਰੱਦ

**ਕਾਹਿਰਾ:** ਮਿਸਰ ਦੀ ਸਰਵਉੱਚ ਅਦਾਲਤ ਨੇ ਪਾਬੰਦੀਸ਼ੁਦਾ ਸੰਗਠਨ ਬ੍ਰਦਰਹੁਡ ਦੇ ਮੁੱਖ ਆਗੂ ਮੁਹੰਮਦ ਬਾਦਈ ਤੇ ਹੋਰ 11 ਨੂੰ ਅਗਸਤ 2013 ਵਿਚ ਰਾਸ਼ਟਰ ਖਿਲਾਫ ਭੀੜ ਇਕੱਠੀ ਕਰਕੇ ਹਿੰਸਾ ਕਰਨ ਦੇ ਮਾਮਲੇ ਵਿਚ ਸੁਣਾਈ ਮੌਤ ਦੀ ਸਜ਼ਾ ਨੂੰ ਰੱਦ ਕਰ ਦਿੱਤਾ ਹੈ। ਪਾਬੰਦੀਸ਼ੁਦਾ ਸੰਗਠਨ ਬ੍ਰਦਰਹੁਡ ਦੇ 71 ਸਾਲਾ ਆਗੂ ਬਾਦਈ ਤੇ ਅਮਰੀਕਨ-ਮਿਸਰ ਦੇ ਨਾਗਰਿਕ ਮੁਹੰਮਦ ਸੁਲਤਾਨ ਸਮੇਤ 36 ਉਤੇ ਰਾਸ਼ਟਰ ਖਿਲਾਫ ਵਿਦਰੋਹ ਪੈਦਾ ਕਰਨ ਤੇ ਭੀੜ ਇੱਕਠੀ ਕਰਕੇ ਉਸ ਨੂੰ ਹਿੰਸਾ ਲਈ ਉਕਸਾਉਣ ਦਾ ਦੋਸ਼ ਸੀ।

# ਈ-ਗਵਰਨੈਂਸ ਪੱਖੋਂ ਛਾ ਗਿਆ ਆਪਣਾ ਪੰਜਾਬ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪ੍ਰਸ਼ਾਸਕੀ ਸੁਧਾਰਾਂ ਲਈ ਛੇੜੀ ਗਈ ਮੁਹਿੰਮ ਨੂੰ ਕੌਮੀ ਪੱਧਰ ਉਤੇ ਹੁੰਗਾਰਾ ਮਿਲਿਆ ਹੈ। ਭਾਰਤ ਸਰਕਾਰ ਵੱਲੋਂ ਪੰਜਾਬ ਦੀਆਂ ਈ-ਗਵਰਨੈਂਸ ਬਾਰੇ ਕੀਤੀਆਂ ਪਹਿਲ ਕਦਮੀਆਂ ਨੂੰ ਪਹਿਲਾ ਸਥਾਨ ਦਿੱਤਾ ਹੈ। ਕੇਂਦਰ ਸਰਕਾਰ ਦੇ ਇਲੈਕਟ੍ਰਾਨਿਕਸ ਤੇ ਇਨਫਰਮੇਸ਼ਨ ਟੈਕਨਾਲੋਜੀ ਵਿਭਾਗ ਵੱਲੋਂ 31 ਅਕਤੂਬਰ ਨੂੰ ਜਾਰੀ ਆਪਣੀ ਤਿਮਾਹੀ ਦਰਜਾਬੰਦੀ ਵਿਚ ਪੰਜਾਬ ਨੂੰ ਈ-ਡਿਸਟਰਿਕਟ ਪ੍ਰੋਜੈਕਟ ਵਿਚ ਦੇਸ਼ ਭਰ ਵਿਚੋਂ ਸਰਵੋਤਮ ਦਰਜਾਬੰਦੀ ਦਿੱਤੀ ਹੈ। ਈ-ਡਿਸਟਰਿਕਟ ਨੂੰ ਕਿਸੇ ਭੂਗੋਲਿਕ ਖੇਤਰ ਵਿਚ ਈ-ਜ਼ੋਨ ਦੀ ਪਛਾਣ ਵਜੋਂ ਵਰਤਿਆ ਜਾਂਦਾ ਹੈ।

ਭਾਰਤ ਸਰਕਾਰ ਵੱਲੋਂ ਜਾਰੀ ਇਨ੍ਹਾਂ ਦਰਜਾਬੰਦੀਆਂ ਵਿਚ ਮੱਧ ਪ੍ਰਦੇਸ਼ ਨੂੰ ਦੂਜਾ ਤੇ ਉੱਤਰ ਪ੍ਰਦੇਸ਼ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਨੂੰ ਚੰਡੀਗੜ੍ਹ ਤੋਂ 14 ਪਾਇਦਾਨ ਉੱਚਾ ਸਥਾਨ ਹਾਸਲ ਹੋਇਆ ਹੈ। ਚੰਡੀਗੜ੍ਹ, ਜਿਸ ਨੂੰ ਕਿ ਸਿੱਖਿਆ ਪੱਖੋਂ ਬੇਹੱਦ ਉਨਤ ਮੰਨਿਆ ਜਾਂਦਾ ਹੈ, ਨੂੰ ਦੇਸ਼ ਵਿਚ 15ਵਾਂ ਸਥਾਨ ਹਾਸਲ ਹੋਇਆ ਹੈ।

ਪੰਜਾਬ ਨੂੰ ਦੇਸ਼ ਭਰ ਵਿਚ ਜਿਨ੍ਹਾਂ ਮਾਪਦੰਡਾਂ 'ਤੇ ਸਰਵੋਤਮ ਐਲਾਨਿਆ ਗਿਆ ਉਨ੍ਹਾਂ ਵਿਚ ਸੂਬੇ ਵੱਲੋਂ ਅਸਰਦਾਰ ਢੰਗ ਨਾਲ ਪਾਈਲਟ ਪ੍ਰੋਜੈਕਟ ਲਾਗੂ ਕੀਤੇ ਜਾਣੇ, ਸਾਰੇ ਸੂਬਿਆਂ ਵਿਚੋਂ ਸਭ ਤੋਂ ਵੱਧ ਸੇਵਾਵਾਂ ਦਾ ਕੰਪਿਊਟਰੀਕਰਨ, 1000 ਤੋਂ ਵੀ ਜ਼ਿਆਦਾ

**ਈ-ਡਿਸਟਰਿਕਟ ਪ੍ਰਾਜੈਕਟ 'ਚ ਦੇਸ਼ ਭਰ ਵਿਚੋਂ ਸਰਵੋਤਮ**



ਫੀਲਡ ਦਫਤਰਾਂ ਵਿਚ ਕੁਨੈਕਟੀਵਿਟੀ ਤੇ ਸਾਜੋ ਸਾਮਾਨ ਮੁਹੱਈਆ ਕਰਨਾ, ਸਿਸਟਮ ਇੰਟੈਗਰੇਟਰ ਦੀ ਸਮੇਂ ਸਿਰ ਚੋਣ ਤੇ ਜ਼ਿਲ੍ਹਾ ਈ-ਗਵਰਨੈਂਸ ਸੁਸਾਇਟੀ ਦੇ ਰੂਪ ਵਿਚ ਤਕੜਾ ਪ੍ਰਸ਼ਾਸਕੀ ਢਾਂਚਾ ਤੇ ਹੋਰ ਕਈ ਮਾਪਦੰਡ ਸ਼ਾਮਲ ਹਨ। ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹਿਰੀ ਦੇ ਪੇਂਡੂ ਖੇਤਰਾਂ ਵਿਚ 2174 ਸੇਵਾ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ ਜੋ ਕਿ ਲੋਕਾਂ ਨੂੰ 200 ਸੇਵਾਵਾਂ ਪ੍ਰਦਾਨ ਕਰਨਗੇ।

ਇਸ ਨਾਗਰਿਕ ਪੱਖੀ ਸੇਵਾਵਾਂ ਪ੍ਰਦਾਨ ਕਰਨ ਵਾਲੀ ਪ੍ਰਣਾਲੀ ਨੂੰ ਸੂਬੇ ਭਰ ਵਿਚ ਅਪਣਾ ਕੇ ਪੰਜਾਬ ਦੇਸ਼ ਦਾ ਪਹਿਲਾ ਅਜਿਹਾ ਸੂਬਾ ਬਣ ਜਾਵੇਗਾ ਜੋ ਕਿ ਸਰਕਾਰ ਵੱਲੋਂ ਨਾਗਰਿਕ ਪੱਖੀ ਸੁਵਿਧਾਵਾਂ ਆਨ ਲਾਈਨ ਮੁਹੱਈਆ ਕਰਵਾਉਂਦਾ ਹੈ। ਸੂਬੇ ਵੱਲੋਂ ਸਾਰੇ 147 ਵਿਭਾਗਾਂ ਤੇ 143 ਸ਼ਾਖਾਵਾਂ ਨੂੰ ਆਪਸ ਵਿਚ ਜੋੜ ਕੇ ਸਾਂਝੇ ਟੀਚੇ ਆਨ ਲਾਈਨ ਰੂਪ ਵਿਚ ਆਈ.ਡਬਲਿਊ.ਡੀ.ਐਮ.ਐਸ. ਪ੍ਰਣਾਲੀ ਰਾਹੀਂ ਨੇਪਰੇ ਚਾੜ੍ਹੇ ਜਾਂਦੇ ਹਨ। ਇਸ ਤੋਂ ਇਲਾਵਾ ਸਾਰੇ 22 ਖਜ਼ਾਨਾ ਤੇ 74 ਉਪ-ਖਜ਼ਾਨਿਆਂ ਨੂੰ ਆਈ.ਐਫ.ਐਮ.ਐਸ. ਪ੍ਰੋਜੈਕਟ ਰਾਹੀਂ ਆਟੋਮੇਟਿਡ ਆਨ ਲਾਈਨ ਪ੍ਰੋਸੈਸਿੰਗ ਨਾਲ ਜੋੜਿਆ ਗਿਆ ਹੈ।

## ਭਾਰਤ 'ਚ ਮੁਸਲਮਾਨਾਂ ਤੋਂ ਜ਼ਿਆਦਾ ਗਾਂ ਸੁਰੱਖਿਅਤ: ਥਰੂਰ

**ਨਵੀਂ ਦਿੱਲੀ:** ਸੰਸਦ 'ਚ ਅਸਹਿਣਸ਼ੀਲਤਾ 'ਤੇ ਬਹਿਸ ਦੌਰਾਨ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਲੋਕ ਸਭਾ ਵਿਚ ਕਿਹਾ ਕਿ ਇਸ ਦੇਸ਼ ਵਿਚ ਮੁਸਲਮਾਨਾਂ ਤੋਂ ਜ਼ਿਆਦਾ ਗਾਂ ਸੁਰੱਖਿਅਤ ਹੈ। ਥਰੂਰ ਨੇ ਅਸਹਿਣਸ਼ੀਲਤਾ ਨੂੰ ਕੌਮੀ ਸੁਰੱਖਿਆ ਲਈ ਖਤਰਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵਿਸ਼ਵ ਵਿਚ 'ਮੇਕ ਇੰਨ ਇੰਡੀਆ' ਦਾ ਉਦੋਂ ਤੱਕ ਪ੍ਰਚਾਰ ਨਹੀਂ ਕਰ ਸਕਦਾ, ਜਦ ਤੱਕ ਦੇਸ਼ 'ਚ 'ਹੇਟ ਇੰਨ ਇੰਡੀਆ' ਯਾਨੀ ਨਫਰਤ ਦਾ ਮਾਹੌਲ ਰਹੇਗਾ। ਥਰੂਰ ਨੇ ਕਿਹਾ ਕਿ ਭਾਰਤ ਦੀ ਅਸਹਿਣਸ਼ੀਲਤਾ ਸਬੰਧੀ ਅੱਜ ਵਿਦੇਸ਼ਾਂ ਵਿਚ ਖੂਬ ਗੱਲਾਂ ਹੋ ਰਹੀਆਂ ਹਨ। ਦੇਸ਼ ਦੇ ਅਕਸ ਨੂੰ ਵੀ ਵੱਡਾ ਧੱਕਾ ਲੱਗ ਰਿਹਾ ਹੈ। ਇਸ ਤੋਂ ਪਹਿਲਾਂ ਕਾਂਗਰਸ ਨੇ ਦਾਅਵਾ ਕੀਤਾ ਕਿ ਬੀ.ਜੇ.ਪੀ. ਸ਼ਾਸਤ ਦੇਸ਼ਾਂ ਵਿਚ ਫਿਰਕੂ ਹਿੰਸਾ ਵਧੀ ਹੈ।

## ਤੇਜ਼ੀ ਨਾਲ ਵਿਕਾਸ ਵਾਲਾ ਸੂਬਾ ਬਣਿਆ ਬਿਹਾਰ

**ਮੁੰਬਈ:** ਬਿਹਾਰ ਦੇਸ਼ ਦਾ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਸੂਬਾ ਬਣ ਗਿਆ ਹੈ। ਬ੍ਰਿਕਵਰਕ ਰੇਟਿੰਗਜ਼ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਵਿੱਤੀ ਸਾਲ 2014-15 ਦੌਰਾਨ ਬਿਹਾਰ ਦੇ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ 17.06 ਫੀਸਦੀ ਦਰਜ ਕੀਤੀ ਗਈ ਜਦਕਿ ਮਹਾਰਾਸ਼ਟਰ ਵਿਚ ਵਿਕਾਸ ਦਰ 11.69 ਫੀਸਦੀ ਦਰਜ ਕੀਤੀ ਗਈ ਅਤੇ 16.87 ਖਰਬ ਰੁਪਏ ਦੀ ਆਰਥਿਕਤਾ ਦੇ ਨਾਲ ਮਹਾਰਾਸ਼ਟਰ ਆਰਥਿਕ ਪੱਖੋਂ ਦੇਸ਼ ਦਾ ਸਭ ਤੋਂ ਵੱਡਾ ਰਾਜ ਹੈ।

ਤਾਮਿਲਨਾਡੂ ਤੇ ਉੱਤਰ ਪ੍ਰਦੇਸ਼ ਆਰਥਿਕਤਾ ਪੱਖੋਂ ਦੂਜੇ ਨੰਬਰ ਉਤੇ ਹਨ ਪਰ 9.67 ਖਰਬ ਦੀ ਆਰਥਿਕਤਾ ਨਾਲ ਉਹ ਮਹਾਰਾਸ਼ਟਰ ਤੋਂ ਕਾਫੀ ਪਿੱਛੇ ਹਨ। ਖੇਤੀ ਖੇਤਰ ਵਿਚ ਵੱਡਾ ਯੋਗਦਾਨ ਦੇਣ ਵਾਲੇ ਮੋਹਰੀ ਪੰਜ ਰਾਜਾਂ ਵਿਚ ਪੰਜਾਬ, ਮੱਧ ਪ੍ਰਦੇਸ਼, ਬਿਹਾਰ, ਆਂਧਰਾ ਪ੍ਰਦੇਸ਼ ਅਤੇ ਪੱਛਮੀ ਬੰਗਾਲ ਸ਼ਾਮਿਲ ਹਨ, ਜਿਥੇ ਖੇਤੀਬਾੜੀ ਇਥੋਂ ਦੇ ਸਕਲ ਘਰੇਲੂ ਉਤਪਾਦ 'ਚ 23 ਤੋਂ 29% ਯੋਗਦਾਨ ਪਾਉਂਦੀ ਹੈ ਪਰ ਇਨ੍ਹਾਂ ਸੂਬਿਆਂ ਵਿਚ ਸਰਕਾਰਾਂ ਖੇਤੀ ਸੈਕਟਰ ਨੂੰ ਅਣਗੌਲਿਆ ਕਰ ਰਹੀਆਂ ਹਨ।

# ਬੇਅਦਬੀ ਮਾਮਲੇ 'ਤੇ ਧਰਨਾ ਲਾਉਣ ਵਾਲਿਆਂ ਦੀ ਸ਼ਾਮਤ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਤੇ ਧਰਨਾ ਲਾਉਣ ਵਾਲਿਆਂ ਦੀ ਸ਼ਾਮਤ ਆਉਣ ਵਾਲੀ ਹੈ। ਪੰਜਾਬ ਪੁਲਿਸ ਧਰਨਾ ਲਾਉਣ ਵਾਲਿਆਂ ਦੀ ਸ਼ਨਾਖਤ ਕਰ ਰਹੀ ਹੈ।

ਧਰਨਾਕਾਰੀਆਂ ਦੀ ਅਗਵਾਈ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਬੇਅਦਬੀ ਦੇ ਰੋਸ ਵਿਚ ਪੰਜਾਬ ਸਰਕਾਰ ਖਿਲਾਫ ਬਿਆਸ ਪੁਲ 'ਤੇ ਧਰਨਾ ਲਾਉਣ ਵਾਲੇ 300 ਲੋਕਾਂ ਖਿਲਾਫ ਕੇਸ ਦਰਜ ਕੀਤਾ ਹੈ, ਪਰ ਪੁਲਿਸ ਹਾਲੇ ਤੱਕ ਸਿਰਫ ਅੱਠ ਲੋਕਾਂ ਦੀ ਹੀ ਪਛਾਣ ਕਰ ਸਕੀ ਹੈ।

ਇਸ ਮਾਮਲੇ ਵਿਚ ਐਸ.ਐਸ.ਪੀ. ਨੂੰ ਦਿੱਤੀ ਗਈ ਸ਼ਿਕਾਇਤ ਵਿਚ ਲਿਖਿਆ ਗਿਆ ਸੀ ਕਿ ਕੁਝ ਲੋਕਾਂ ਵੱਲੋਂ 16 ਤੋਂ ਲੈ ਕੇ 21 ਅਕਤੂਬਰ ਤੱਕ ਬਿਆਸ ਪੁਲ 'ਤੇ ਧਰਨਾ ਦਿੱਤਾ ਗਿਆ ਸੀ ਜਿਸ ਕਰਕੇ ਇਸ ਰਸਤੇ ਰਾਹੀਂ ਆਉਣ-ਜਾਣ ਵਾਲੇ ਮੁਸਾਫਰਾਂ ਨੂੰ ਪ੍ਰੇਸ਼ਾਨ ਹੋਣਾ ਪਿਆ ਸੀ। ਸ਼ਿਕਾਇਤ ਵਿਚ ਅੱਠ ਲੋਕਾਂ ਦੇ ਨਾਂ ਵੀ ਦਿੱਤੇ ਗਏ ਸਨ। ਸ਼ਿਕਾਇਤ ਮਿਲਣ ਤੋਂ ਬਾਅਦ ਐਸ.ਐਸ.ਪੀ. ਵੱਲੋਂ ਇਨ੍ਹਾਂ ਸਾਰੇ ਲੋਕਾਂ ਖਿਲਾਫ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਗਏ ਸਨ।

## ਡੇਰਿਆਂ ਨੇ ਲਾਏ ਸੀ.ਸੀ.ਟੀ.ਵੀ. ਕੈਮਰੇ

**ਜਲੰਧਰ:** ਪੰਜਾਬ ਵਿਚ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿਚ ਦੋਸ਼ੀ ਤਾਂ ਅਜੇ ਤੱਕ ਫੜੇ ਨਹੀਂ ਗਏ, ਪਰ ਧਾਰਮਿਕ ਡੇਰਿਆਂ ਨੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ ਦੇ ਅਹਿਮ ਗੁਰੂ ਘਰਾਂ ਵਿਚ ਤੇਜ਼ੀ ਨਾਲ ਸੀ.ਸੀ.ਟੀ.ਵੀ. ਕੈਮਰੇ ਲਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਬੇਅਦਬੀ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਇਸ ਨੂੰ ਕਾਂਗਰਸ ਦੀ ਸ਼ਰਾਰਤ ਦੱਸ ਰਿਹਾ ਹੈ ਤੇ ਕਾਂਗਰਸ ਇਸ ਨੂੰ ਕਿਸਾਨੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦਾ ਦੋਸ਼ ਲਾ ਕੇ ਅਕਾਲੀ ਦਲ ਵਿਰੁੱਧ ਪ੍ਰਚਾਰ ਰਹੀ ਹੈ। ਸਰਕਾਰ 'ਤੇ ਟੇਕ ਰੱਖਣ ਦੀ ਥਾਂ ਗੁਰਦੁਆਰੇ ਦੇ ਮੁਖੀਆਂ ਤੇ ਪ੍ਰਬੰਧਕਾਂ ਨੇ ਆਪਣੇ ਹੀ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ ਹਨ।

# ਨਵਜਾਤ ਬੱਚਿਆਂ ਲਈ ਮੁਆਫਕ ਨਹੀਂ ਭਾਰਤ

**ਨਵੀਂ ਦਿੱਲੀ:** ਭਾਰਤ ਵਿਚ ਸਾਲਾਨਾ ਤਿੰਨ ਲੱਖ ਬੱਚੇ ਸਮੇਂ ਤੋਂ ਪਹਿਲਾਂ ਜਨਮ ਲੈਣ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਹ ਜਾਣਕਾਰੀ ਸਿਹਤ ਮੰਤਰੀ ਜੇ.ਪੀ. ਨੱਡਾ ਨੇ ਰਾਜ ਸਭਾ ਵਿਚ ਦਿੱਤੀ ਹੈ।

ਵਿਸ਼ਵ ਸਿਹਤ ਸੰਸਥਾ ਦੇ ਰਸਾਲੇ 'ਬੌਰਨ ਟੂ ਸੂਨ' ਦੀ ਵਿਸ਼ਵ ਪੱਧਰ ਉਤੇ ਸਮੇਂ ਤੋਂ ਪਹਿਲਾਂ ਜਨਮ ਲੈਣ ਸਬੰਧੀ ਰਿਪੋਰਟ ਦੇ ਅੰਕੜਿਆਂ ਅਨੁਸਾਰ ਸਾਲਾਨਾ 2.7 ਕਰੋੜ ਬੱਚੇ ਜਨਮ ਲੈਂਦੇ ਹਨ। ਇਨ੍ਹਾਂ ਵਿਚੋਂ ਭਾਰਤ ਵਿਚ ਸਾਲਾਨਾ 35 ਲੱਖ ਬੱਚੇ ਗਰਭ ਅਵਸਥਾ ਪੂਰੀ ਹੋਣ ਤੋਂ ਪਹਿਲਾਂ ਹੀ ਜਨਮ ਲੈ ਲੈਂਦੇ ਹਨ ਅਤੇ ਇਨ੍ਹਾਂ ਵਿਚੋਂ ਤਿੰਨ ਲੱਖ ਤਿਨ ਹਜ਼ਾਰ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਸਿਹਤ ਮੰਤਰੀ ਨੇ ਰਾਜ ਸਭਾ ਵਿਚ ਇੱਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਦੇਸ਼ ਵਿਚ ਬੱਚਿਆਂ ਦੀ ਮੌਤ ਦਰ ਨੂੰ ਘੱਟ ਕਰਨ ਦੇ ਲਈ ਕੌਮੀ ਸਿਹਤ ਮਿਸ਼ਨ ਅਧੀਨ ਹਰ ਤਰ੍ਹਾਂ ਦੇ ਢੁਕਵੇਂ ਕਦਮ ਚੁੱਕੇ ਜਾ ਰਹੇ ਹਨ ਅਤੇ ਵਿਸ਼ਵ ਸਿਹਤ ਸੰਸਥਾ ਦੀਆਂ ਸਿਫਾਰਸ਼ਾਂ ਤੇ ਖੋਜਾਂ ਨੂੰ ਲਾਗੂ ਕੀਤਾ ਜਾ ਰਿਹਾ ਹੈ।

# ਯੂ.ਏ.ਈ. ਦੇ ਗੁਰਦੁਆਰੇ ਵੱਲੋਂ ਅਰਦਾਸ ਵਿਚ ਬਦਲਾਅ

**ਅੰਮ੍ਰਿਤਸਰ:** ਮੁਸਲਿਮ ਮੁਲਕ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਇਕ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਅਰਦਾਸ ਵਿਚ ਆਪਣੇ ਪੱਧਰ ਉਤੇ ਤਬਦੀਲੀ ਕੀਤੇ ਜਾਣ ਖਿਲਾਫ ਸਿੱਖ ਜਥੇਬੰਦੀਆਂ ਨੇ ਸਖਤ ਰੋਸ ਜ਼ਾਹਿਰ ਕੀਤਾ ਹੈ। ਯੂ.ਏ.ਈ. ਦੇ ਇਕ ਗੁਰਦੁਆਰੇ ਵਿਚ ਪੰਥ ਪ੍ਰਵਾਨਿਤ ਅਰਦਾਸ ਨੂੰ ਬੰਦ ਕਰ ਦਿੱਤਾ ਗਿਆ ਤੇ ਉਸ ਵਿਚ ਕੁਝ ਤਬਦੀਲੀਆਂ ਕਰਕੇ ਨਵੀਂ ਅਰਦਾਸ ਕੀਤੀ ਜਾ ਰਹੀ ਹੈ। ਇਹ ਨਵੀਂ ਅਰਦਾਸ ਦੀ ਸ਼ੁਰੂਆਤ ਬੀਤੇ ਦਿਨੀਂ ਉਸ ਵੇਲੇ ਕੀਤੀ ਗਈ ਜਦੋਂ ਪੰਥ ਵਿਚੋਂ ਛੇਕੇ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਉਥੇ ਦੌਰਾ ਕੀਤਾ ਸੀ। ਉਨ੍ਹਾਂ ਨੇ 19 ਤੋਂ 28 ਨਵੰਬਰ ਤੱਕ ਗੁਰਦੁਆਰਾ ਅਬੀਰ ਵਿਖੇ ਗੁਰਮਤਿ ਪ੍ਰਚਾਰ ਕੀਤਾ। ਉਸ ਮੌਕੇ ਹੀ ਪੰਥ ਪ੍ਰਵਾਨਿਤ ਭਗੌਤੀ ਵਾਲੀ ਅਰਦਾਸ ਵਿਚ ਤਬਦੀਲੀ ਕੀਤੀ ਗਈ, ਜਿਸ ਤਹਿਤ ਹੁਣ 'ਪ੍ਰਿਥਮ ਭਗੌਤੀ ਸਿਮਰ ਕੈ' ਦੀ ਥਾਂ 'ਤੇ 'ਪ੍ਰਿਥਮ ਅਕਾਲ ਪੁਰਖ ਸਿਮਰ ਕੈ' ਨਾਲ ਅਰਦਾਸ ਸ਼ੁਰੂ ਕੀਤੀ ਗਈ। ਇਸ ਤੋਂ ਇਲਾਵਾ ਹੋਰ ਕਈ ਬਦਲਾਅ ਕੀਤੇ ਗਏ ਹਨ।

ਇਸ ਦਾ ਵਿਰੋਧ ਕਰਦਿਆਂ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਇਨ੍ਹਾਂ ਲੋਕਾਂ ਵੱਲੋਂ ਆਪਣੇ ਪੱਧਰ 'ਤੇ ਹੀ ਅਰਦਾਸ ਦੀ ਆਰੰਭਤਾ ਵਾਲੀ ਪੌੜੀ, ਜੋ ਦਸਵੇਂ ਗੁਰੂ ਦੀ ਮੁੱਖ ਵਾਕ ਰਚਨਾ ਹੈ, ਨੂੰ ਬਦਲ ਦਿੱਤਾ ਗਿਆ ਹੈ, ਜੋ ਬੱਜਰ ਗੁਨਾਹ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਥ ਦੋਖੀਆਂ ਵੱਲੋਂ ਗੁਰਬਾਣੀ ਤੇ ਅਰਦਾਸ ਉਤੇ ਵਾਰ ਕੀਤਾ ਗਿਆ ਹੈ।


## ਧੀ ਮਾਰਨ ਵਾਲੇ ਪਾਕਿ ਜੋੜੇ ਨੂੰ ਉਮਰ ਕੈਦ

**ਬਰਲਿਨ:** ਜਰਮਨੀ ਵਿਚ ਇਕ ਪਾਕਿਸਤਾਨੀ ਜੋੜੇ ਨੂੰ ਆਪਣੀ ਧੀ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਾਮਲਾ ਆਨਰ ਕਿਲਿੰਗ ਨਾਲ ਜੁੜਿਆ ਹੋਇਆ ਹੈ। ਪਾਕਿਸਤਾਨ ਅਖਬਾਰ ਡਾਨ ਦੀ ਖਬਰ ਅਨੁਸਾਰ ਬੇਟੀ ਦੀ ਹੱਤਿਆ ਦੇ ਮਾਮਲੇ ਵਿਚ 52 ਸਾਲ ਦੇ ਪਿਤਾ ਅਸਾਦੁੱਲਾਹ ਖਾਨ ਤੇ 41 ਸਾਲ ਦੀ ਮਾਂ ਸਾਜ਼ੀਆ ਦੋਸ਼ੀ ਪਾਈ ਗਈ ਹੈ। ਪਾਕਿਸਤਾਨ ਜੋੜੇ ਨੇ ਆਪਣੀ 19 ਸਾਲ ਦੀ ਬੇਟੀ ਲਾਰਿਬ ਖਾਨ ਦੀ ਇਸ ਕਰ ਕੇ ਹੱਤਿਆ ਕਰ ਦਿੱਤੀ ਸੀ ਕਿ ਉਸ ਨੇ ਵਿਆਹ ਤੋਂ ਪਹਿਲਾਂ ਇਕ ਨੌਜਵਾਨ ਨਾਲ ਸਰੀਰਕ ਸਬੰਧ ਬਣਾਏ ਸਨ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


# ਬਾਦਲ ਵੱਲੋਂ ਸਿੰਜਾਈ ਪ੍ਰਾਜੈਕਟਾਂ ਲਈ ਕੇਂਦਰ ਕੋਲ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 2125.69 ਕਰੋੜ ਰੁਪਏ ਦੀ ਲਾਗਤ ਨਾਲ ਰਾਜਸਥਾਨ ਤੇ ਸਰਹਿੰਦ ਫੀਡਰਾਂ ਦੇ ਕਿਨਾਰੇ ਮਜ਼ਬੂਤ ਕਰਨ ਸਮੇਤ 5236.71 ਕਰੋੜ ਰੁਪਏ ਦੇ ਲਟਕੇ ਪਏ ਵੱਖ-ਵੱਖ ਸਿੰਜਾਈ ਪ੍ਰੋਜੈਕਟਾਂ ਨੂੰ ਛੇਤੀ ਤੋਂ ਛੇਤੀ ਹਰੀ ਝੰਡੀ ਦੇਣ ਵਾਸਤੇ ਕੇਂਦਰੀ ਜਲ ਵਸੀਲਿਆਂ ਬਾਰੇ ਮੰਤਰੀ ਉਮਾ ਭਾਰਤੀ ਨੂੰ ਅਪੀਲ ਕੀਤੀ ਹੈ।

ਸ. ਬਾਦਲ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ ਤੇ ਗੁਰਦਾਸਪੁਰ ਵਿਚ ਅੱਪਰ ਬਾਰੀ ਦੋਆਬ ਕਨਾਲ (ਯੂ.ਬੀ.ਡੀ.ਸੀ) ਦੇ ਸਹਾਇਕ ਕੰਮਾਂ ਸਮੇਤ ਵੱਖ-ਵੱਖ ਰਜਵਾਹਿਆਂ ਦੀ ਮੁਰੰਮਤ ਤੇ ਆਧੁਨਿਕੀਕਰਨ ਲਈ 1375 ਕਰੋੜ ਰੁਪਏ ਦੇ ਪ੍ਰੋਜੈਕਟ ਤੁਰੰਤ ਮਨਜ਼ੂਰ ਕਰਕ ਫੰਡ ਜਾਰੀ ਕੀਤੇ ਜਾਣ।

ਮੁੱਖ ਮੰਤਰੀ ਨੇ ਸਤਲੁਜ ਤੋਂ ਨਿਕਲਦੀਆਂ ਨਹਿਰਾਂ ਦੀ ਮੁਰੰਮਤ ਤੇ ਆਧੁਨਿਕੀਕਰਨ ਲਈ ਪ੍ਰੋਜੈਕਟ ਵਾਸਤੇ 918.25 ਕਰੋੜ ਰੁਪਏ ਦੇ ਵਿਸ਼ੇਸ਼ ਫੰਡ ਦੀ ਮੰਗ ਕੀਤੀ ਕਿਉਂਕਿ ਇਹ ਪ੍ਰੋਜੈਕਟ 13 ਨਵੰਬਰ, 2015 ਨੂੰ ਕੇਂਦਰੀ ਜਲ ਵਸੀਲਿਆਂ ਬਾਰੇ ਮੰਤਰਾਲੇ ਵੱਲੋਂ ਪ੍ਰਵਾਨ ਕੀਤਾ ਜਾ ਚੁੱਕਾ ਹੈ।

ਮੁੱਖ ਮੰਤਰੀ ਸ. ਬਾਦਲ ਨੇ 284.98 ਕਰੋੜ ਰੁਪਏ ਦੇ ਸਵਾਨ ਰਿਵਰ ਫਲੱਡ ਮੈਨੇਜਮੈਂਟ ਪ੍ਰੋਜੈਕਟ ਤੋਂ ਇਲਾਵਾ ਸਰਹੱਦੀ ਖੇਤਰ ਵਿਚ ਦਰਿਆ ਪ੍ਰਬੰਧਨ ਸਰਗਰਮੀਆਂ ਦੇ ਹੇਠ 161.04 ਕਰੋੜ ਰੁਪਏ ਦੇ ਹੜ੍ਹ ਸੁਰੱਖਿਆ ਪ੍ਰੋਜੈਕਟ ਸ਼ੁਰੂ ਕਰਨ ਲਈ ਫੰਡ ਮੁਹੱਈਆ ਕਰਵਾਉਣ ਦੀ ਵੀ ਬੇਨਤੀ ਕੀਤੀ।135.63 ਕਰੋੜ ਰੁਪਏ ਦੀ ਲਾਗਤ ਨਾਲ ਘੱਗਰ ਦਰਿਆ ਦੇ ਬੰਨ੍ਹ ਮਜ਼ਬੂਤ ਕਰਨ ਵਾਲੇ ਪ੍ਰੋਜੈਕਟ ਦੀ ਮਨਜ਼ੂਰੀ ਦੀ ਵੀ ਮੰਗ ਕੀਤੀ ਗਈ ।

# ਭੁਗਤਾਨ ਨਾ ਕਰਨ ਵਾਲੀਆਂ ਪ੍ਰਾਈਵੇਟ ਖੰਡ ਮਿੱਲਾਂ ਹੋਣਗੀਆਂ ਨਿਲਾਮ

**ਚੰਡੀਗੜ੍ਹ:** ਸੂਬੇ ਦੀਆਂ ਪ੍ਰਾਈਵੇਟ ਖੰਡ ਮਿੱਲਾਂ ਵੱਲੋਂ ਕਿਸਾਨਾਂ ਦੇ 250 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਨਾ ਕਰਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖਤ ਰੁਖ ਅਪਨਾਉਂਦਿਆਂ ਇਨ੍ਹਾਂ ਖੰਡ ਮਿੱਲਾਂ ਨੂੰ ਆਦੇਸ਼ ਦਿੱਤਾ ਕਿ ਦੋ ਹਫਤਿਆਂ ਵਿਚ ਕਿਸਾਨਾਂ ਦਾ ਬਕਾਇਆ ਉਨ੍ਹਾਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ। ਜੇ ਖੰਡ ਮਿੱਲਾਂ ਨੇ ਗੰਨੇ ਦੀ ਅਦਾਇਗੀ ਨਾ ਕੀਤੀ ਤਾਂ ਉਨ੍ਹਾਂ ਦੀ ਨਿਲਾਮੀ 'ਤੇ ਲਾਈ ਗਈ ਰੋਕ ਹਟ ਸਕਦੀ ਹੈ। ਮਾਮਲੇ ਦੀ ਅਗਲੀ ਸੁਣਵਾਈ 7 ਜਨਵਰੀ ਨੂੰ ਹੋਵੇਗੀ।

ਯਾਦ ਰਹੇ ਕਿ ਹਾਈਕੋਰਟ ਪਹਿਲਾਂ ਵੀ ਖੰਡ ਮਿੱਲਾਂ ਨੂੰ ਗੰਨਾ ਕਿਸਾਨਾਂ ਨੂੰ ਉਨ੍ਹਾਂ ਦੀ ਬਕਾਇਆ ਰਾਸ਼ੀ ਦੇਣ ਲਈ ਆਖ ਚੁੱਕੀ ਹੈ। ਕੇਂਦਰ ਸਰਕਾਰ ਨੇ ਇਸ ਮਾਮਲੇ 'ਚ ਕਿਹਾ ਸੀ ਕਿ ਉਹ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਫੰਡ ਮੁਹੱਈਆ ਕਰਵਾ ਰਹੀ ਹੈ, ਪਰ ਅਗਲੀ ਕਾਰਵਾਈ ਸੂਬਾ ਸਰਕਾਰ ਨੇ ਹੀ ਕਰਨੀ ਹੁੰਦੀ ਹੈ। ਪੰਜਾਬ ਸਰਕਾਰ ਦਾ ਕਹਿਣਾ ਸੀ ਕਿ ਸਰਕਾਰੀ ਮਿੱਲਾਂ ਵੱਲੋਂ ਬਕਾਇਆ ਦੇ ਦਿੱਤਾ ਗਿਆ ਹੈ, ਪਰ ਪ੍ਰਾਈਵੇਟ ਮਿੱਲਾਂ ਨੇ ਭੁਗਤਾਨ ਤੋਂ ਅਸਮੱਰਥਾ ਜਤਾਈ ਹੈ। ਉਨ੍ਹਾਂ ਨੂੰ ਕਰਜ਼ਾ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਕਰਜ਼ੇ ਲਈ ਸ਼ਰਤਾਂ ਵੀ ਆਸਾਨ ਕਰ ਦਿੱਤੀਆਂ ਗਈਆਂ ਹਨ। ਇਸ ਜਵਾਬ 'ਤੇ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਕਿਸਾਨਾਂ ਦਾ ਭੁਗਤਾਨ ਕਰ ਕੇ ਰਿਪੋਰਟ ਦਾਖਲ ਕਰਨ ਦੇ ਹੁਕਮ ਦਿੱਤੇ ਸਨ। ਇਸ ਮਾਮਲੇ 'ਚ ਹੁਣ ਪੰਜਾਬ ਸਰਕਾਰ ਨੇ ਹਾਈਕੋਰਟ ਨੂੰ ਦੱਸਿਆ ਕਿ ਹੁਸ਼ਿਆਰਪੁਰ ਦੀ ਪ੍ਰਾਈਵੇਟ ਖੰਡ ਮਿਲ ਵੱਲੋਂ ਕਿਸਾਨਾਂ ਨੂੰ ਕਰੀਬ 30 ਕਰੋੜ ਰੁਪਏ ਦਾ ਭੁਗਤਾਨ ਕਰ ਦਿੱਤਾ ਗਿਆ ਹੈ ਜਦਕਿ ਬਾਕੀ 6 ਪ੍ਰਾਈਵੇਟ ਖੰਡ ਮਿੱਲਾਂ ਨੂੰ ਵੀ ਸਰਕਾਰ ਕਰਜ਼ਾ ਮੁਹੱਈਆ ਕਰਵਾਉਣ ਲਈ ਤਿਆਰ ਹੈ।

## ਸਿੰਗਾਪੁਰ ਵਿਚ ਫਿਲਮ 'ਚੌਥੀ ਕੂਟ' ਦੀ ਝੰਡੀ

**ਸਿੰਗਾਪੁਰ:** ਪੰਜਾਬੀ ਫਿਲਮ 'ਚੌਥੀ ਕੂਟ' ਨੂੰ ਸਿੰਗਾਪੁਰ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਸਰਵੋਤਮ ਫਿਲਮ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਇਸ ਫਿਲਮ ਦੇ ਨਿਰਦੇਸ਼ਕ ਗੁਰਵਿੰਦਰ ਸਿੰਘ ਹਨ। ਇਸ 115 ਮਿੰਟ ਫਿਲਮ ਦੀ ਕਹਾਣੀ 1984 ਦੇ ਦੌਰ ਵੇਲੇ ਵੱਖਵਾਦੀ ਲਹਿਰ ਦੌਰਾਨ ਦੋ ਦੋਸਤਾਂ ਦੇ ਰੇਲ ਸਫਰ ਦੁਆਲੇ ਘੁੰਮਦੀ ਹੈ।


ਕਮਾਲ ਬਈ ਕਮਾਲ !

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



**Upgrade your Security Cameras to High Definition at very reasonable prices**



*For a Free Demo of our new HD Cameras*
*Please Contact us*: Balbir S Sidhu
**209-495-3905 (Cell)**
www.dvrunlimited.com
**Toll Free (888) 233-4566**

**DVRunlimited Inc.**
Installation Available

# ਚੇਨਈ ਵਿਚ ਕੁਦਰਤੀ ਆਫਤ ਨੇ ਲੀਹੋਂ ਲਾਹੀ ਜ਼ਿੰਦਗੀ

**ਚੇਨਈ:** ਭਾਰੀ ਬਾਰਸ਼ ਕਾਰਨ ਆਏ ਹੜ੍ਹਾਂ ਨੇ ਤਾਮਿਲਨਾਡੂ ਵਿਚ ਜ਼ਿੰਦਗੀ ਲੀਹ ਤੋਂ ਲਾਹ ਦਿੱਤੀ ਹੈ। ਅਜੇ ਵੀ ਰੁਕ ਰੁਕ ਹੋ ਰਹੀ ਬਾਰਸ਼ ਤੇ ਬਿਜਲੀ ਸੰਕਟ ਨਾਲ ਪਾਣੀ ਦੀ ਕਮੀ ਲੋਕਾਂ ਲਈ ਮੁਸੀਬਤ ਖੜ੍ਹੀ ਕਰ ਰਹੀ ਹੈ। ਇਕ ਅਕਤੂਬਰ ਤੋਂ ਮੋਹਲੇਧਾਰ ਬਾਰਸ਼ ਕਾਰਨ ਘੱਟ ਤੋਂ ਘੱਟ 345 ਲੋਕਾਂ ਦੀ ਮੌਤ ਹੋ ਗਈ। ਕੋਟੂਪੁਰਮ, ਮੁਦੀਚੁਰ ਤੇ ਪੱਲੀਕਰਨਈ ਵਰਗੇ ਕਈ ਇਲਾਕਿਆਂ ਵਿਚ ਅਜੇ ਵੀ ਹੜ੍ਹ ਦਾ ਪਾਣੀ ਭਰਿਆ ਹੋਇਆ ਹੈ।

ਸ਼ਹਿਰ ਦੇ ਕੁਝ ਏ.ਟੀ.ਐਮ. ਤੇ ਪੈਟਰੋਲ ਪੰਪ ਚੱਲ ਰਹੇ ਹਨ, ਉਥੇ ਲੋਕਾਂ ਦੀਆਂ ਲੰਬੀਆਂ ਕਤਾਰਾਂ ਵੇਖੀਆਂ ਜਾ ਰਹੀਆਂ ਹਨ। ਫੌਜ ਹੁਣ ਤੱਕ 6500 ਤੋਂ ਵੱਧ ਲੋਕਾਂ ਨੂੰ ਬਚਾ ਚੁੱਕੀ ਹੈ। ਐਨ.ਡੀ.ਆਰ. ਐਫ. ਨੇ 16000 ਤੋਂ ਵੱਧ ਲੋਕਾਂ ਨੂੰ ਬਚਾਇਆ। ਐਨ.ਡੀ.ਆਰ. ਐਫ. ਵੱਲੋਂ ਹੁਣ ਤੱਕ ਦੀ ਸਭ ਤੋਂ ਵੱਡੀ ਰਾਹਤ ਮੁਹਿੰਮ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਚੇਨਈ ਵਿਚ ਹੜ੍ਹ ਕਾਰਨ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਵਜੋਂ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

ਇਕ ਅੰਦਾਜ਼ੇ ਮੁਤਾਬਕ ਪਿਛਲੇ 100 ਸਾਲ ਵਿਚ ਕਦੇ ਵੀ ਇਸ ਰੁੱਤ ਵਿਚ ਏਨੀ ਬਾਰਸ਼ ਨਹੀਂ ਹੋਈ। ਪਿਛਲੇ ਸਮੇਂ ਸ੍ਰੀਨਗਰ ਸਮੇਤ ਕਸ਼ਮੀਰ ਵਾਦੀ ਦੇ ਕੁਝ ਇਲਾਕੇ ਲਗਾਤਾਰ ਪਈ ਭਾਰੀ ਬਾਰਸ਼ ਕਾਰਨ ਨੁਕਸਾਨੇ ਗਏ ਸਨ। ਇਸੇ ਤਰ੍ਹਾਂ ਉਤਰਾਖੰਡ ਵਿਚ ਤਾਂ ਅਕਸਰ ਹੀ ਬਰਸਾਤਾਂ ਦੇ ਮੌਸਮ ਵਿਚ ਪਿੰਡਾਂ, ਸ਼ਹਿਰਾਂ ਵਿਚ ਹੜ੍ਹ ਆ ਜਾਂਦੇ ਹਨ, ਪਰ ਦੱਖਣੀ ਭਾਰਤ ਦੇ ਤਾਮਿਲਨਾਡੂ ਵਰਗੇ ਪ੍ਰਾਂਤਾਂ ਵਿਚ ਅਜਿਹਾ ਵਰਤਾਰਾ ਇਸ ਲਈ ਹੋਰ ਵੀ ਅਜੀਬ ਲਗਦਾ ਹੈ ਕਿਉਂਕਿ ਇਥੇ ਅਕਸਰ ਪਾਣੀ ਦੀ ਕਿੱਲਤ ਬਣੀ ਰਹਿੰਦੀ ਹੈ। ਜ਼ਿੰਦਗੀ ਨੂੰ ਥਾਂ ਸਿਰ ਲਿਆਉਣ ਦੀਆਂ ਚੁਣੌਤੀਆਂ ਬਹੁਤ ਵਧੀਆਂ ਨਜ਼ਰ ਆ ਰਹੀਆਂ ਹਨ।

ਕੇਂਦਰ ਸਰਕਾਰ ਨੇ ਇਸ ਤਬਾਹੀ ਨੂੰ ਦੇਖਦਿਆਂ ਜਿਥੇ ਵੱਡੀ ਆਰਥਿਕ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ, ਉਥੇ ਗੈਰ-ਸਰਕਾਰੀ ਸੰਸਥਾਵਾਂ ਵੀ ਹਰ ਪੱਖੋਂ ਹੋਏ ਨੁਕਸਾਨ ਨੂੰ ਘਟਾਉਣ ਵਿਚ ਲੱਗੀਆਂ ਹੋਈਆਂ ਹਨ। ਚੇਨਈ ਵਿਚ ਬਿਜਲੀ ਬੰਦ ਹੋਣ ਕਾਰਨ ਇਕ ਹਸਪਤਾਲ ਵਿਚ ਦਾਖਲ 18 ਹੜ੍ਹ ਪੀੜਤਾਂ ਦੀ ਮੌਤ ਹੋ ਗਈ। ਇਨ੍ਹਾਂ ਸਾਰਿਆਂ ਨੂੰ ਵੈਂਟੀਲੇਟਰ 'ਤੇ ਰੱਖਿਆ ਹੋਇਆ ਸੀ। ਇਥੇ 575 ਹੜ੍ਹ ਪੀੜਤਾਂ ਦਾ ਇਲਾਜ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿਚੋਂ 75 ਵੈਂਟੀਲੈਟਰ ਉਤੇ ਸਨ। 18 ਮਰੀਜ਼ਾਂ ਦੀ ਮੌਤ ਹੋ ਜਾਣ ਪਿੱਛੋਂ ਬਾਕੀ 57 ਪੀੜਤਾਂ ਨੂੰ ਤੁਰੰਤ ਦੂਸਰੇ ਹਸਪਤਾਲ ਤਬਦੀਲ ਕਰਨਾ ਪਿਆ।

### ਮੋਹਲੇਧਾਰ ਬਾਰਸ਼ ਕਾਰਨ 345 ਲੋਕਾਂ ਦੀ ਮੌਤ



### ਅਮਰੀਕਾ ਵੱਲੋਂ ਮਦਦ ਦੀ ਪੇਸ਼ਕਸ਼

**ਵਾਸ਼ਿੰਗਟਨ:** ਅਮਰੀਕਾ ਨੇ ਚੇਨਈ ਵਿਚ ਹੜ੍ਹ ਕਾਰਨ ਪ੍ਰਭਾਵਿਤ ਲੋਕਾਂ ਲਈ ਮਦਦ ਦੀ ਪੇਸ਼ਕਸ਼ ਕੀਤੀ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੇ ਉਪ ਬੁਲਾਰੇ ਮਾਰਕ ਟੋਨਰ ਨੇ ਚੇਨਈ ਦੀ ਸਥਿਤੀ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਅਨੁਸਾਰ ਉਹ ਇਸ ਔਖੀ ਘੜੀ ਵਿਚ ਚੇਨਈ ਦੇ ਲੋਕਾਂ ਤੇ ਭਾਰਤ ਸਰਕਾਰ ਦੀ ਮਦਦ ਲਈ ਤਿਆਰ ਹੈ। ਫਰਾਂਸ ਨੇ ਵੀ ਚੇਨਈ ਵਿਚ ਆਏ ਹੜ੍ਹ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।

### ਅਗਾਊਂ ਪ੍ਰਬੰਧਾਂ ਬਾਰੇ ਸਰਕਾਰ ਦੀ ਘੇਸਲ 'ਤੇ ਸਵਾਲ

**ਨਵੀਂ ਦਿੱਲੀ:** ਚੇਨਈ ਵਿਚ ਮੀਂਹ ਦੇ ਕਹਿਰ ਨੇ ਵਾਤਾਵਰਨ ਮਾਹਿਰਾਂ ਦੇ ਨਾਲ ਨਾਲ ਸਰਕਾਰ ਦੇ ਕੰਨ ਵੀ ਖੜ੍ਹੇ ਕਰ ਦਿੱਤੇ ਹਨ। ਦਿੱਲੀ, ਚੰਡੀਗੜ੍ਹ, ਪੰਜਾਬ ਤੇ ਹਰਿਆਣਾ ਦੇ ਸ਼ਹਿਰਾਂ ਦੇ ਯੋਜਨਾਕਾਰਾਂ ਲਈ ਇਹ ਇਮਤਿਹਾਨ ਦੀ ਘੜੀ ਹੈ। ਦੇਸ਼ ਵਿਚ ਵਧ ਮੀਂਹ ਪੈਣ ਦੇ ਖਦਸ਼ੇ ਜਤਾਏ ਜਾਣ ਦੇ ਨਾਲ ਹੀ ਵਾਤਾਵਰਨ ਮਾਹਿਰਾਂ ਦਾ ਕਹਿਣਾ ਹੈ ਕਿ ਚੇਨਈ, ਸ੍ਰੀਨਗਰ (2014), ਉੱਤਰਾਖੰਡ (2013) ਤੇ ਮੁੰਬਈ (2005) ਵਿਚ ਵਾਪਰੀ ਤਬਾਹੀ ਕੁਦਰਤੀ ਨਹੀਂ ਸੀ ਸਗੋਂ ਮਨੁੱਖ ਨੇ ਖੁਦ ਸਹੇੜੀ ਸੀ। ਜਲੰਧਰ, ਲੁਧਿਆਣਾ, ਪਟਿਆਲਾ, ਅੰਬਾਲਾ ਤੇ ਚੰਡੀਗੜ੍ਹ ਸਮੇਤ ਹੋਰ ਵੱਡੇ ਸ਼ਹਿਰਾਂ ਵਿਚ ਵੀ ਚੇਨਈ ਵਰਗੇ ਹਾਲਾਤ ਬਣ ਸਕਦੇ ਹਨ ਕਿਉਂਕਿ ਯੋਜਨਾਕਾਰ ਪਿਛਲੀਆਂ ਘਟਨਾਵਾਂ ਤੋਂ ਸਬਕ ਨਹੀਂ ਲੈ ਰਹੇ।

## ਮੋਦੀ ਦੇ ਮੁਰੀਦ ਹੋਏ ਓਬਾਮਾ

**ਵਾਸ਼ਿੰਗਟਨ:** ਕਈ ਮੌਕਿਆਂ ਉਤੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕਰ ਚੁੱਕੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਪ੍ਰਧਾਨ ਮੰਤਰੀ ਇਕ ਇਮਾਨਦਾਰ ਤੇ ਭਾਰਤ ਲਈ ਸਪੱਸ਼ਟ ਦ੍ਰਿਸ਼ਟੀਕੋਣ ਰੱਖਣ ਵਾਲੇ ਨੇਤਾ ਨਜ਼ਰ ਆਏ ਹਨ।

ਵਾਈਟ ਹਾਊਸ ਦੇ ਪ੍ਰੈੱਸ ਸਕੱਤਰ ਜੋਸ਼ ਅਰਨੇਸਟ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਪ੍ਰਧਾਨ ਮੰਤਰੀ ਇਕ ਇਮਾਨਦਾਰ ਤੇ ਸਾਫ ਨਜ਼ਰੀਏ ਵਾਲੇ ਸ਼ਖਸ ਨਜ਼ਰ ਆਉਂਦੇ ਹਨ, ਜੋ ਮੌਜੂਦ ਮੁੱਦਿਆਂ ਦੀ ਸਪੱਸ਼ਟ ਸਮਝ ਰੱਖਦੇ ਹਨ। ਪੈਰਿਸ ਵਿਚ ਸੰਯੁਕਤ ਰਾਸ਼ਟਰ ਸ਼ਿਖਰ ਸੰਮੇਲਨ ਦੇ ਇਲਾਵਾ ਓਬਾਮਾ ਅਤੇ ਮੋਦੀ ਦੀ ਮੁਲਾਕਾਤ ਵੀ ਹੋਈ ਸੀ। ਪਿਛਲੇ ਸਾਲ ਸਤੰਬਰ ਵਿਚ ਹੋਈ ਮੁਲਾਕਾਤ ਦੇ ਬਾਅਦ ਦੋਵਾਂ ਨੇਤਾਵਾਂ ਵਿਚ ਇਹ ਛੇਵੀਂ ਮੁਲਾਕਾਤ ਸੀ।



### ਦਿੱਲੀ ਤੋਂ ਕਾਰ ਰਾਹੀਂ ਲੰਡਨ ਪੁੱਜੀਆਂ ਤਿੰਨ ਬੀਬੀਆਂ

**ਲੰਡਨ/ਨਵੀਂ ਦਿੱਲੀ:** ਭਾਰਤ ਦੀਆਂ ਤਿੰਨ ਮਹਿਲਾਵਾਂ ਨੇ ਦਿੱਲੀ ਤੋਂ ਲੰਡਨ ਤੱਕ ਦਾ ਸਫਰ ਕਾਰ ਰਾਹੀਂ ਪੂਰਾ ਕੀਤਾ ਹੈ। ਤਿੰਨ ਮੈਂਬਰੀ ਟੀਮ ਵਿਚ ਰਸ਼ਮੀ ਕੂਪਰ, ਡਾ. ਐਸ. ਗੋਇਲ ਤੇ ਨਿਧੀ ਤਿਵਾੜੀ ਸ਼ਾਮਲ ਸਨ। ਤਿੰਨਾਂ ਨੇ ਦਫਤਰ ਤੋਂ ਛੁੱਟੀ ਲਈ ਤੇ ਲੰਡਨ ਜਾਣ ਦੀ ਯੋਜਨਾ ਬਣਾਈ, ਪਰ ਇਸ ਵਿਚ ਸਭ ਤੋਂ ਵੱਡੀ ਚੁਨੌਤੀ ਗੱਡੀ ਦੀ ਸੀ, ਜੋ ਕਿ ਇਨ੍ਹਾਂ ਨੂੰ ਇਕ ਕਾਰ ਕੰਪਨੀ ਨੇ ਸਪਾਂਸਰ ਕਰ ਦਿੱਤੀ।

ਤਿੰਨੇ ਸਹੇਲੀਆਂ ਇਸ ਸਾਲ ਜੂਨ ਮਹੀਨੇ ਵਿਚ ਆਪਣੇ ਸਫਰ ਉੱਤੇ ਤੁਰ ਪਈਆਂ। ਮਿਆਂਮਾਰ, ਚੀਨ, ਕਿਰਗਿਸਤਾਨ, ਉਜ਼ਬੇਕਿਸਤਾਨ, ਕਜ਼ਾਕਿਸਤਾਨ, ਰੂਸ, ਯੂਕਰੇਨ, ਪੋਲੈਂਡ, ਚੈੱਕ ਰਿਪਬਲਿਕ, ਜਰਮਨੀ, ਬੈਲਜੀਅਮ ਤੇ ਫਰਾਂਸ ਹੁੰਦੇ ਹੋਏ 54 ਦਿਨਾਂ ਬਾਅਦ ਲੰਡਨ ਪਹੁੰਚੀਆਂ। 600 ਕਿੱਲੋਮੀਟਰ ਪ੍ਰਤੀ ਦਿਨ ਗੱਡੀ ਚਲਾ ਕੇ ਇਨ੍ਹਾਂ ਨੇ 13 ਦੇਸ਼ਾਂ ਦੀ ਸਰਹੱਦ ਪਾਰ ਕੀਤੀ। ਸਫਰ ਦੌਰਾਨ ਇਨ੍ਹਾਂ ਨੂੰ ਕਈ ਤਜਰਬੇ ਵੀ ਹੋਏ। ਰਸ਼ਮੀ ਅਨੁਸਾਰ ਸੁਰੱਖਿਆ ਨੂੰ ਦੇਖਦੇ ਹੋਏ ਉਹ ਰਾਤ ਨੂੰ ਸਫਰ ਨਹੀਂ ਸਨ ਕਰਦੀਆਂ। ਦਿਨ ਵਿਚ ਪੂਰਾ ਸਫਰ ਕਰਨ ਤੋਂ ਬਾਅਦ ਉਹ ਹੋਟਲ ਵਿਚ ਆਰਾਮ ਕਰਦੀਆਂ ਤੇ ਅਗਲੇ ਦਿਨ ਨਵੇਂ ਸਫਰ ਦੀ ਸ਼ੁਰੂਆਤ ਕਰਦੀਆਂ।

## ਪਾਕਿਸਤਾਨੀ ਵਕੀਲ ਦਾ ਕੋਹੇਨੂਰ ਉਤੇ ਦਾਅਵਾ ਰੱਦ

**ਲਾਹੌਰ:** ਪਾਕਿਸਤਾਨ ਦੇ ਵਕੀਲ ਜਾਵੇਦ ਇਕਬਾਲ ਜਾਫਰੀ ਵੱਲੋਂ ਕੋਹੇਨੂਰ ਹੀਰੇ ਨੂੰ ਪਾਕਿਸਤਾਨ ਲਿਆਉਣ ਬਾਰੇ ਲਾਹੌਰ ਹਾਈਕੋਰਟ ਵਿਚ ਪਾਈ ਪਟੀਸ਼ਨ ਨੂੰ ਅਦਾਲਤ ਨੇ ਨਾ-ਵਿਚਾਰਨਯੋਗ ਦੱਸਦਿਆਂ ਰੱਦ ਕਰ ਦਿੱਤਾ ਹੈ। ਜਾਵੇਦ ਨੇ ਪਟੀਸ਼ਨ ਵਿਚ ਲਿਖਿਆ ਕਿ ਕਿਸੇ ਸਮੇਂ ਦੁਨੀਆਂ ਦੇ ਸਭ ਤੋਂ ਵੱਡੇ ਹੀਰੇ ਵਜੋਂ ਜਾਣੇ ਜਾਂਦੇ ਕੋਹੇਨੂਰ ਨੂੰ ਪਾਕਿਸਤਾਨ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ।

ਕੋਹੇਨੂਰ ਹੀਰਾ ਬਰਤਾਨੀਆ ਦੇ ਸ਼ਾਹੀ ਖਜ਼ਾਨੇ ਵਿਚ ਰੱਖਿਆ ਹੋਇਆ ਹੈ। ਪਾਕਿਸਤਾਨ ਵਕੀਲ ਜਾਵੇਦ ਇਕਬਾਲ ਜਾਫਰੀ ਨੇ ਲਾਹੌਰ ਹਾਈਕੋਰਟ ਵਿਚ ਕਿਹਾ ਸੀ ਕਿ ਗੋਰੇ ਕੋਹੇਨੂਰ ਹੀਰਾ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਤੋਂ ਖੋਹ ਕੇ ਆਪਣੇ ਦੇਸ਼ ਲੈ ਗਏ ਸਨ। ਪਾਕਿਸਤਾਨ ਵਕੀਲ ਅਨੁਸਾਰ ਕੋਹੇਨੂਰ ਹੀਰਾ ਪੰਜਾਬ ਸੂਬੇ ਦੀ ਵਿਰਾਸਤ ਹੈ। ਇਸ ਹੀਰੇ ਨੂੰ ਦੁਨੀਆਂ ਦਾ ਸਭ ਤੋਂ ਮਹਿੰਗਾ ਹੀਰਾ ਮੰਨਿਆ ਜਾਂਦਾ ਹੈ ਅਤੇ ਇਸ ਦੀ ਕੀਮਤ ਕਰੋੜਾਂ ਰੁਪਏ ਹੈ। ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਨੇ ਜਦੋਂ 1849 ਵਿਚ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਲਿਆ ਸੀ ਉਦੋਂ ਇਹ ਹੀਰਾ ਅੰਗਰੇਜ਼ਾਂ ਦੇ ਹੱਥ ਲੱਗਾ ਸੀ। ਯਾਦ ਰਹੇ, ਕੁਝ ਮਹੀਨੇ ਪਹਿਲਾਂ ਲੰਡਨ ਵਿਚ ਰਹਿਣ ਵਾਲੇ ਭਾਰਤੀ ਭਾਈਚਾਰੇ ਨੇ ਕੋਹੇਨੂਰ ਨੂੰ ਲੈ ਕੇ ਲੰਡਨ ਹਾਈਕੋਰਟ ਵਿਚ ਪਟੀਸ਼ਨ ਦਾਖਲ ਕੀਤੀ ਸੀ।



## ਦਲਿਤਾਂ ਬਾਰੇ ਵਿਵਾਦਤ ਬਿਆਨ 'ਤੇ ਘਿਰੇ ਰਾਮਦੇਵ

**ਹੁਸ਼ਿਆਰਪੁਰ:** ਯੋਗ ਗੁਰੂ ਬਾਬਾ ਰਾਮਦੇਵ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਹੁਸ਼ਿਆਰਪੁਰ ਅਦਾਲਤ ਨੇ ਰਾਮਦੇਵ ਨੂੰ ਦੋ ਫਰਵਰੀ ਨੂੰ ਨਿੱਜੀ ਤੌਰ ਉਤੇ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।

ਅਦਾਲਤ ਨੇ ਇਹ ਨਿਰਦੇਸ਼ ਦਲਿਤਾਂ ਬਾਰੇ ਵਿਵਾਦਤ ਬਿਆਨ ਬਾਰੇ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਦਿੱਤੇ ਹਨ। ਕਾਬਲੇਗੌਰ ਹੈ ਕਿ ਰਾਮਦੇਵ ਨੇ ਸਾਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸੀ ਲੀਡਰ ਰਾਹੁਲ ਗਾਂਧੀ ਖਿਲਾਫ ਟਿੱਪਣੀ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਰਾਹੁਲ ਦਲਿਤਾਂ ਦੇ ਘਰ 'ਸੁਹਾਗਰਾਤ' ਮਨਾਉਣ ਜਾਂਦੇ ਹਨ। ਰਾਮਦੇਵ ਦੀ ਇਸ ਟਿੱਪਣੀ ਦੀ ਸਖਤ ਅਲੋਚਨਾ ਹੋਈ ਸੀ। ਹੁਸ਼ਿਆਰਪੁਰ ਦੇ ਦਲਿਤ ਸਮਾਜ ਨਾਲ ਸਬੰਧਤ ਧਰਮਿੰਦਰ ਦਾਦਰਾ ਤੇ ਗੁਰਇਕਬਾਲ ਸਿੰਘ ਨੇ ਪੁਲਿਸ ਕੋਲ ਮਾਮਲਾ ਦਰਜ ਕਰਵਾਇਆ ਸੀ। ਇਸ 'ਤੇ ਕੋਈ ਕਾਰਵਾਈ ਨਾ ਹੁੰਦੀ ਵੇਖ ਉਨ੍ਹਾਂ ਨੇ ਅਦਾਲਤ ਦਾ ਦਰ ਖੜਕਾਇਆ ਸੀ।

## ਪੇਸ਼ਾਵਰ: 132 ਬੱਚਿਆਂ ਦੇ ਕਾਤਲਾਂ ਨੂੰ ਫਾਹੇ ਟੰਗਿਆ

**ਪੇਸ਼ਾਵਰ:** ਪਾਕਿਸਤਾਨ ਦੇ ਪੇਸ਼ਾਵਰ ਵਿਚ ਆਰਮੀ ਪਬਲਿਕ ਸਕੂਲ 'ਤੇ ਹੋਏ ਹਮਲੇ ਦੇ ਚਾਰ ਦੋਸ਼ੀਆਂ ਨੂੰ ਫਾਂਸੀ ਦੇ ਦਿੱਤੀ ਗਈ ਹੈ। ਹਮਲੇ ਵਿਚ ਫੌਜੀਆਂ ਦੇ 132 ਬੱਚਿਆਂ ਸਮੇਤ 140 ਲੋਕਾਂ ਦੀ ਜਾਨ ਚਲੀ ਗਈ ਸੀ। ਇਹ ਹਮਲਾ 16 ਦਸੰਬਰ 2014 ਨੂੰ ਹੋਇਆ ਸੀ। ਪੇਸ਼ਾਵਰ ਦੇ ਇਕ ਸੁਰੱਖਿਆ ਅਧਿਕਾਰੀ ਮੁਤਾਬਕ, ਆਰਮੀ ਪਬਲਿਕ ਸਕੂਲ ਉਤੇ ਹੋਏ ਹਮਲੇ ਵਿਚ ਸ਼ਾਮਲ ਚਾਰ ਅਤਿਵਾਦੀਆਂ ਨੂੰ ਕੋਹਟ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਫਾਂਸੀ ਦਿੱਤੇ ਜਾਣ ਦੀ ਪੁਸ਼ਟੀ ਜੇਲ੍ਹ ਅਧਿਕਾਰੀਆਂ ਨੇ ਵੀ ਕਰ ਦਿੱਤੀ ਹੈ। ਜੇਲ੍ਹ ਪ੍ਰਸ਼ਾਸਨ ਮੁਤਾਬਕ ਫਾਂਸੀ ਤੋਂ ਪਹਿਲਾਂ ਅਤਿਵਾਦੀਆਂ ਨੂੰ ਉਨ੍ਹਾਂ ਦੇ ਪਰਿਵਾਰ ਨਾਲ ਮਿਲਵਾ ਦਿੱਤਾ ਗਿਆ ਸੀ।



## ਪਾਕਿਸਤਾਨ ਵਿਚ ਪੱਤਰਕਾਰਾਂ ਉਤੇ ਹਮਲੇ ਵਧੇ

**ਲਾਹੌਰ:** ਪਾਕਿਸਤਾਨ ਵਿਚ ਮੀਡੀਆ ਕਰਮੀਆਂ ਉੱਤੇ ਹਮਲੇ ਲਗਾਤਾਰ ਵਧਦੇ ਜਾ ਰਹੇ ਹਨ। ਮੀਡੀਆ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਮੌਜੂਦ ਸਰਕਾਰ ਇਕ ਤਰ੍ਹਾਂ ਨਾਲ ਦੇਸ਼ ਵਿਚ ਸੈਂਸਰਸ਼ਿਪ ਲਗਾਉਣਾ ਚਾਹੁੰਦੀ ਹੈ। ਇਸ ਕਰ ਕੇ ਇਹ ਸਭ ਕੁਝ ਹੋ ਰਿਹਾ ਹੈ। ਪਿਛਲੇ ਸਮੇਂ ਦੌਰਾਨ ਪਾਕਿਸਤਾਨ ਵਿਚ ਕਈ ਮੀਡੀਆ ਕਰਮੀਆਂ ਉੱਤੇ ਜਾਨ ਲੇਵਾ ਹਮਲੇ ਹੋਏ ਹਨ ਜਿਸ ਵਿਚ ਕਈ ਪੱਤਰਕਾਰ ਜ਼ਖਮੀ ਹੋਏ ਹਨ।

27 ਨਵੰਬਰ ਨੂੰ ਪਾਕਿਸਤਾਨ ਦੀ ਪ੍ਰਸਿੱਧ ਮੀਡੀਆ ਸੰਸਥਾ ਡਾਨ ਦੀ ਮੀਡੀਆ ਵੈਨ ਉੱਤੇ ਹਥਿਆਰਬੰਦ ਲੋਕਾਂ ਨੇ ਹਮਲਾ ਕਰ ਦਿੱਤਾ। ਹਮਲੇ ਤੋਂ ਇਕ ਦਿਨ ਪਹਿਲਾਂ ਅਖਬਾਰ ਨੇ ਇਕ ਕੱਟੜਪੰਥੀ ਸੰਗਠਨ ਦੀ ਖਬਰ ਪ੍ਰਕਾਸ਼ਿਤ ਕੀਤੀ ਸੀ। ਇਸੇ ਤਰ੍ਹਾਂ ਜੀਓ ਟੀ.ਵੀ. ਤੇ ਜੰਗ ਗਰੁੱਪ ਉੱਤੇ ਵੀ ਕਈ ਹਮਲੇ ਹੋ ਚੁੱਕੇ ਹਨ। ਪਾਕਿਸਤਾਨ ਮੀਡੀਆ ਦੇ ਮੁੱਖ ਚਿਹਰੇ ਹਾਮਿਦ ਮੀਰ ਉੱਤੇ ਗੋਲੀ ਨਾਲ ਹਮਲਾ ਹੋ ਚੁੱਕਾ ਹੈ।ਪਾਕਿਸਤਾਨੀ ਸੈਨਾ ਵੀ ਮੀਡੀਆ ਉੱਤੇ ਸੈਂਸਰਸ਼ਿਪ ਲਗਾਉਣ ਦੀ ਇੱਛਕ ਹੈ।

## ਬਾਦਲ ਨੂੰ ਜਾਂਦੀ ਸੜਕ 'ਤੇ ਕੋਈ ਟੋਲ ਟੈਕਸ ਹੀ ਨਹੀਂ?

**ਚੰਡੀਗੜ੍ਹ:** ਲੁਧਿਆਣਾ ਤੋਂ ਵਾਇਆ ਮਲੇਰਕੋਟਲਾ-ਸੰਗਰੂਰ ਜਾਂਦੀ ਸੜਕ 'ਤੇ ਬਣੇ ਟੋਲ ਪਲਾਜ਼ਾ ਦੇ ਵਿਰੋਧ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਪਟੀਸ਼ਨ ਵਿਚ ਨਵਾਂ ਖੁਲਾਸਾ ਹੋਇਆ ਹੈ। ਪਟੀਸ਼ਨ ਪਾਉਣ ਵਾਲੀ ਟੋਲ ਪਲਾਜ਼ਾ ਵਿਰੋਧੀ ਐਕਸ਼ਨ ਕਮੇਟੀ ਅਹਿਮਦਗੜ੍ਹ ਨੇ ਹਾਈਕੋਰਟ ਨੂੰ ਦੱਸਿਆ ਕਿ ਬਠਿੰਡਾ ਤੋਂ ਬਾਦਲ ਪਿੰਡ ਤੱਕ 31 ਕਿੱਲੋਮੀਟਰ ਚਹੁੰ ਮਾਰਗੀ ਆਲੀਸ਼ਾਨ ਸੜਕ ਬਣਾਈ ਹੈ। ਸੜਕ ਦੇ ਕੰਢਿਆਂ ਤੇ ਡਿਵਾਈਡਰਾਂ 'ਤੇ ਹੋਰਾਂ ਸੂਬਿਆਂ ਤੋਂ ਲਿਆ ਕੇ ਖੂਬਸੂਰਤ ਰੁੱਖ ਲਗਾਏ ਹਨ। ਰਾਤ ਵੇਲੇ ਇਸ ਸੜਕ 'ਤੇ ਫਲੱਡ ਲਾਈਟਾਂ ਦਾ ਪ੍ਰਬੰਧ ਵੀ ਕੀਤਾ ਹੈ।

ਪੰਜਾਬ ਸਰਕਾਰ ਨੇ ਲੁਧਿਆਣਾ-ਸੰਗਰੂਰ ਸੜਕ ਵਾਂਗ ਹੀ ਇਸ ਸੜਕ 'ਤੇ ਵੀ ਪੈਸਾ ਖਰਚ ਕੀਤਾ ਹੈ। ਸੰਗਰੂਰ ਸੜਕ 'ਤੇ ਟੋਲ ਪਲਾਜ਼ਾ ਬਣਾ ਦਿੱਤਾ, ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੇ ਜੱਦੀ ਪਿੰਡ ਨੂੰ ਜਾਂਦੀ ਇਸ ਆਲੀਸ਼ਾਨ ਸੜਕ 'ਤੇ ਟੋਲ ਪਲਾਜ਼ਾ ਕਿਉਂ ਨਹੀਂ ਬਣਾਇਆ?

ਪਟੀਸ਼ਨ ਪਾਉਣ ਵਾਲੀ ਸੰਸਥਾ ਨੇ ਇਸ ਨੂੰ ਸਰਕਾਰ ਦੀ ਭੇਦਭਾਵ ਵਾਲੀ ਨੀਤੀ ਕਰਾਰ ਦਿੱਤਾ ਹੈ। ਸਰਕਾਰ ਕਿਸੇ ਵੀ ਸੜਕ 'ਤੇ ਟੋਲ ਪਲਾਜ਼ਾ ਲਗਾ ਸਕਦੀ ਹੈ ਤੇ ਕਿਸੇ ਵੀ ਸੜਕ ਨੂੰ ਇਸ ਤੋਂ ਮੁਕਤ ਰੱਖ ਸਕਦੀ ਹੈ। ਪਹਿਲਾ ਤੋਂ ਬਣੀਆਂ ਸੜਕਾਂ 'ਤੇ ਟੋਲ ਦਾ ਠੇਕਾ ਇਕ ਸਾਲ ਲਈ ਦਿੱਤਾ ਜਾ ਸਕਦਾ ਹੈ, ਪਰ ਲੁਧਿਆਣਾ-ਸੰਗਰੂਰ ਸੜਕ ਦਾ ਠੇਕਾ ਸੱਤ ਸਾਲਾਂ ਲਈ ਦਿੱਤਾ ਹੈ।



# ਹਮਲਾਵਰ ਤਸ਼ਫੀਨ ਨੇ ਕੀਤੀ ਸੀ ਭਾਰਤ ਦੀ ਯਾਤਰਾ?

**ਨਿਊ ਯਾਰਕ:** ਕੈਲੀਫੋਰਨੀਆ ਵਿਚ ਕੀਤੀ ਗਈ ਗੋਲੀਬਾਰੀ ਦੀ ਮਸ਼ਕੂਕ ਪਾਕਿਸਤਾਨੀ ਔਰਤ ਨੇ ਆਪਣੇ ਪਤੀ ਸਈਅਦ ਫਾਰੂਕ ਨਾਲ ਅਮਰੀਕਾ ਆਉਣ ਤੋਂ ਇਕ ਸਾਲ ਪਹਿਲਾਂ ਸਾਲ 2013 ਵਿਚ ਇਕ ਵਾਰ ਸਾਊਦੀ ਅਰਬ ਤੋਂ ਸ਼ਾਇਦ ਭਾਰਤ ਦੀ ਯਾਤਰਾ ਕੀਤੀ ਹੋਵੇਗੀ।

'ਨਿਊਯਾਰਕ ਟਾਈਮਜ਼' ਨੇ ਸਾਊਦੀ ਅਰਬ ਦੇ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ ਤਸ਼ਫੀਨ ਮਲਿਕ (27) ਨੇ ਦੋ ਵਾਰ ਸਾਊਦੀ ਅਰਬ ਦੀ ਯਾਤਰਾ ਕੀਤੀ ਸੀ। ਰਿਪੋਰਟ ਮੁਤਾਬਕ ਇਥੋਂ ਦੀ ਯਾਤਰਾ ਬਾਅਦ ਉਹ ਇਥੋਂ ਭਾਰਤ ਲਈ ਰਵਾਨਾ ਹੋਈ ਸੀ। ਉਹ ਜੂਨ 2008 ਵਿਚ ਪਾਕਿਸਤਾਨ ਆਪਣੇ ਪਿਤਾ ਨੂੰ ਮਿਲਣ ਆਈ ਸੀ ਤੇ ਉਥੋਂ ਪਰਤ ਕੇ ਉਹ ਸਾਊਦੀ ਅਰਬ ਵਿਚ ਨੌਂ ਮਹੀਨੇ ਰੁਕੀ ਸੀ। ਫਿਰ ਉਹ ਜੂਨ 2013 ਵਿਚ ਪਾਕਿਸਤਾਨ ਆਈ ਤੇ ਉਸੇ ਸਾਲ ਛੇ ਅਕਤੂਬਰ ਨੂੰ ਭਾਰਤ ਲਈ ਰਵਾਨਾ ਹੋਈ ਪਰ ਇਸ ਬਾਰੇ ਕੋਈ ਪੁਖ਼ਤਾ ਜਾਣਕਾਰੀ ਨਹੀਂ ਹੈ ਕਿ ਉਹ ਭਾਰਤ ਪੁੱਜੀ ਜਾਂ ਨਹੀਂ ਅਤੇ ਜੇ ਉਹ ਭਾਰਤ ਆਈ ਤਾਂ ਕਿਥੇ ਤੇ ਕਿੰਨੇ ਸਮੇਂ ਲਈ ਰਹੀ।

ਇਸ ਦੌਰਾਨ ਪਤਾ ਲੱਗਾ ਹੈ ਕਿ ਕੈਲੀਫੋਰਨੀਆ ਵਿਚ ਗੋਲੀਬਾਰੀ ਕਰਨ ਵਾਲੇ ਸਈਅਦ ਫਾਰੂਕ ਦੇ ਬੈਂਕ ਖਾਤੇ ਵਿਚ ਇਸ ਘਟਨਾ ਤੋਂ ਦੋ ਹਫਤੇ ਪਹਿਲਾਂ 28500 ਡਾਲਰ ਜਮ੍ਹਾਂ ਕਰਵਾਏ ਗਏ ਸਨ। ਪਾਕਿਸਤਾਨ ਦੇ ਮੁਲਤਾਨ ਵਿਚ ਸਥਿਤ ਕੁੜੀਆਂ ਦੇ ਮਦਰੱਸੇ ਜਿਥੇ ਤਸ਼ਫੀਨ ਨੇ ਪੜ੍ਹਾਈ ਕੀਤੀ ਸੀ ਨੇ ਕੈਲੀਫੋਰਨੀਆ ਘਟਨਾ ਦੀ ਨਿਖੇਧੀ ਕੀਤੀ ਹੈ।

## ਸੁੰਗੜ ਰਹੇ ਹਨ ਮਾਊਂਟ ਐਵਰੈਸਟ ਦੇ ਗਲੇਸ਼ੀਅਰ

**ਬੀਜਿੰਗ:** ਬ੍ਰਹਮਪੁੱਤਰ ਵਰਗੇ ਏਸ਼ੀਆ ਦੇ ਵੱਡੇ ਦਰਿਆਵਾਂ ਦੇ ਵਸੀਲੇ ਮਾਊਂਟ ਐਵਰੈਸਟ ਦੇ ਗਲੇਸ਼ੀਅਰ ਵਾਤਾਵਰਨ ਵਿਚ ਤਬਦੀਲੀ ਕਾਰਨ 28 ਫ਼ੀਸਦੀ ਸੁੰਗੜ ਗਏ ਹਨ। ਮਾਊਂਟ ਕਿਓਮੋਲਾਂਗਮਾ ਸਨੋਅ ਲਿਓਪਾਰਡ ਕੰਜ਼ਰਵੇਸ਼ਨ ਕੇਂਦਰ ਵਲੋਂ ਜਾਰੀ ਰਿਪੋਰਟ ਵਿਚ 1970 ਦੇ ਦਹਾਕੇ ਵਿਚ ਕੀਤੀ ਮਿਣਤੀ ਦੇ ਮੁਕਾਬਲੇ ਗਲੇਸ਼ੀਅਰ ਦਾ ਇਲਾਕਾ ਸੁੰਗੜ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 1980 ਦੇ ਦਹਾਕੇ ਪਿੱਛੋਂ ਨੇਪਾਲ ਵਿਚ ਵਿਸ਼ਵ ਦੀ ਸਭ ਤੋਂ ਉੱਚੀ ਚੋਟੀ ਦੀ ਦੱਖਣੀ ਢਲਾਨ ਦਾ ਗਲੇਸ਼ੀਅਰ 26 ਫ਼ੀਸਦੀ ਘਟ ਗਿਆ ਹੈ। ਮਾਊਂਟ ਐਵਰੈਸਟ ਜਿਸ ਨੂੰ ਤਿੱਬਤ ਵਿਚ ਮਾਊਂਟ ਕਿਓਮੋਲਾਂਗਮਾ ਕਰਕੇ ਜਾਣਿਆ ਜਾਂਦਾ ਹੈ, ਦਾ ਤਾਪਮਾਨ ਪਿਛਲੇ 50 ਸਾਲਾਂ ਵਿਚ ਵਧਿਆ ਹੈ।

# ਸੱਜਣ ਕੁਮਾਰ ਤੇ ਹੋਰ ਮੁਲਜ਼ਮ ਚੁੱਕਣਗੇ ਵੀਡੀਓਗਰਾਫੀ ਦਾ ਖਰਚਾ

**ਨਵੀਂ ਦਿੱਲੀ:** 1984 ਦੇ ਸਿੱਖ ਕਤਲ-ਏ-ਆਮ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਕਾਂਗਰਸੀ ਨੇਤਾ ਸੱਜਣ ਕੁਮਾਰ ਤੇ ਹੋਰ ਵਿਅਕਤੀਆਂ ਨੇ ਦਿੱਲੀ ਦੀ ਇਕ ਅਦਾਲਤ ਨੂੰ ਦੱਸਿਆ ਹੈ ਕਿ ਉਹ ਮਾਮਲੇ ਦੀ ਸੁਣਵਾਈ ਦੀ ਵੀਡੀਓਗਰਾਫੀ ਦਾ ਖਰਚਾ ਚੁੱਕਣ ਲਈ ਤਿਆਰ ਹਨ। ਜ਼ਿਲ੍ਹਾ ਜੱਜ ਅਮਰਨਾਥ ਦੇ ਸਾਹਮਣੇ ਪੇਸ਼ ਤਿੰਨਾਂ ਵਿਅਕਤੀਆਂ ਨੇ ਕਿਹਾ ਕਿ ਉਹ ਹਲਫ਼ੀਆ ਬਿਆਨ ਦੇ ਰਹੇ ਹਨ ਕਿ ਉਹ ਹੋਣ ਵਾਲੀ ਸੁਣਵਾਈ ਦੀ ਵੀਡੀਓਗਰਾਫੀ ਦਾ ਖਰਚਾ ਚੁੱਕਣਗੇ। ਜੱਜ ਨੇ ਕਿਹਾ, "ਜੇ ਤੁਸੀਂ ਖਰਚਾ ਝੱਲਣ ਲਈ ਤਿਆਰ ਹੋ ਤਾਂ ਮੈਂ ਇਸ 'ਤੇ ਹੁਕਮ ਦੇਣ ਲਈ ਵੀ ਤਿਆਰ ਹਾਂ।" ਅਗਲੀ ਸੁਣਵਾਈ 29 ਜਨਵਰੀ 2016 ਨੂੰ ਹੋਵੇਗੀ।

ਅਦਾਲਤ ਨੇ ਨਾਲ ਹੀ ਕਿਹਾ ਕਿ ਉਸ ਦਿਨ ਗਵਾਹਾਂ ਨੂੰ ਸੰਮਨ ਕਰਨ ਦੀ ਲੋੜ ਨਹੀਂ ਹੈ। ਸੱਜਣ ਕੁਮਾਰ, ਬ੍ਰਹਮਦੱਤ ਗੁਪਤਾ ਤੇ ਵੇਦ ਪ੍ਰਕਾਸ਼ ਦਿੱਲੀ ਦੇ ਸੁਲਤਾਨਪੁਰੀ ਇਲਾਕੇ ਵਿਚ ਸੁਰਜੀਤ ਸਿੰਘ ਦੀ ਹੱਤਿਆ ਤੇ ਦੰਗਿਆਂ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ।

ਇਸ ਕੇਸ ਦੀ ਸੁਣਵਾਈ ਇਸ ਤੋਂ ਪਹਿਲਾਂ ਉਦੋਂ ਮੁਅੱਤਲ ਕਰ ਦਿੱਤੀ ਗਈ ਸੀ ਜਦੋਂ ਪੀੜਤ ਤੇ ਸ਼ਿਕਾਇਤਕਰਤਾ ਜੋਗਿੰਦਰ ਕੌਰ ਨੇ ਇਹ ਦੋਸ਼ ਲਾਉਂਦਿਆਂ ਸੁਣਵਾਈ ਦੂਜੀ ਅਦਾਲਤ ਵਿਚ ਤਬਦੀਲ ਕਰਨ ਦੀ ਮੰਗ ਕਰਦਿਆਂ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਕਿ ਸਬੂਤ ਠੀਕ ਤਰ੍ਹਾਂ ਨਾਲ ਦਰਜ ਨਹੀਂ ਕੀਤੇ ਜਾ ਰਹੇ।


## Matrimonial

ਕੰਨਿਆ ਦੀ ਲੋੜ ਹੈ

Looking for Sikh girl for a US born clean shaven, handsome Sikh boy, 38 years 6', MBA, running his own business. Please Contact, Ph: 513-546-7246 50-

Suitable match for handsome Nai boy, 27 years, 5'-9'', BBA (convent), Industrialist, family now in USA, marriage possible in USA/Canada. Contact: 646-318-1589 49-


## ਰਵਿੰਦਰ ਸਿੰਘ ਪ੍ਰਿੰਸ ਪਿਛਲੇ 5 ਸਾਲ ਤੋਂ ਗੁੰਮ

**ਨਿਊ ਯਾਰਕ (ਬਿਊਰੋ):** ਰਵਿੰਦਰ ਸਿੰਘ (ਪ੍ਰਿੰਸ) ਪਿਛਲੇ ਪੰਜ ਸਾਲ ਤੋਂ ਲਾਪਤਾ ਹੈ। ਅੰਮ੍ਰਿਤਸਰ ਦੇ ਪਿੰਡ ਮੀਰਾਕੋਟ ਵਿਚ 28 ਜਨਵਰੀ 1984 ਨੂੰ ਜਨਮੇਂ ਪ੍ਰਿੰਸ ਦੇ ਮਾਤਾ



ਅਮਰਜੀਤ ਕੌਰ ਅਤੇ ਪਿਤਾ ਬਲਦੇਵ ਸਿੰਘ ਬੇਹੱਦ ਪਰੇਸ਼ਾਨੀ ਵਿਚ ਹਨ।

ਪ੍ਰਿੰਸ ਨੂੰ ਆਖਰੀ ਵਾਰ ਗੁਆਟੇਮਾਲਾ, ਮੈਕਸੀਕੋ ਵਿਚ ਵੇਖਿਆ ਗਿਆ ਸੀ। ਉਸ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਹੋਵੇ ਤਾਂ ਪ੍ਰੀਤ ਸਿੰਘ ਨਾਲ ਫੋਨ 917-803-1660 (ਨਿਊ ਯਾਰਕ) ਜਾਂ ਈਮੇਲ preetny1@yahoo.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਫਰਾਂਸ ਵਿਚ ਸੌ ਤੋਂ ਵੱਧ ਮਸਜਿਦਾਂ ਹੋਣਗੀਆਂ ਬੰਦ

**ਲੰਡਨ:** ਪੈਰਿਸ ਵਿਚ ਆਈ.ਐਸ. ਦੇ ਹਮਲੇ ਤੋਂ ਬਾਅਦ ਫਰਾਂਸ ਵਿਚ 100 ਤੋਂ ਵੱਧ ਮਸਜਿਦਾਂ ਨੂੰ ਬੰਦ ਕੀਤਾ ਜਾ ਸਕਦਾ ਹੈ।

ਫਰੈਂਚ ਮੀਡੀਆ ਅਨੁਸਾਰ ਇਨ੍ਹਾਂ ਮਸਜਿਦਾਂ ਵਿਚ ਧਾਰਮਿਕ ਵਿਚਾਰਾਂ ਦੇ ਪ੍ਰਚਾਰ ਦੇ ਨਾਂ 'ਤੇ ਕੱਟੜਪੰਥੀ ਸਿੱਖਿਆ ਦਿੱਤੀ ਜਾਂਦੀ ਹੈ।

ਅਲ ਜਜ਼ੀਰਾ ਅਨੁਸਾਰ ਫਰਾਂਸ ਗ੍ਰਹਿ ਮੰਤਰਾਲੇ ਨੇ ਤਿੰਨ ਮਸਜਿਦਾਂ ਨੂੰ ਬੰਦ ਵੀ ਕਰ ਦਿੱਤਾ ਹੈ। ਪੈਰਿਸ ਹਮਲੇ ਤੋਂ ਬਾਅਦ ਫਰਾਂਸ ਵਿਚ ਐਮਰਜੈਂਸੀ ਲੱਗੀ ਹੋਈ ਹੈ, ਜਿਸ ਕਾਰਨ ਗ੍ਰਹਿ ਮੰਤਰਾਲੇ ਨੂੰ ਵਾਧੂ ਅਧਿਕਾਰ ਮਿਲੇ ਹੋਏ ਹਨ। ਇਨ੍ਹਾਂ ਅਧਿਕਾਰਾਂ ਤਹਿਤ ਹੀ ਮਸਜਿਦਾਂ ਨੂੰ ਬੰਦ ਕੀਤਾ ਗਿਆ ਹੈ।

ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਫਰਾਂਸ ਦੀਆਂ ਖੁਫੀਆ ਏਜੰਸੀਆਂ ਨੇ ਮਸਜਿਦਾਂ ਵਿਚੋਂ ਜੇਹਾਦੀ ਪ੍ਰਚਾਰ ਸਮਗਰੀ ਮਿਲਣ ਤੋਂ ਬਾਅਦ ਇਹ ਕਾਰਵਾਈ ਕੀਤੀ ਹੈ।

ਫਰਾਂਸ ਦੇ ਗ੍ਰਹਿ ਮੰਤਰਾਲੇ ਅਨੁਸਾਰ ਦੇਸ਼ ਵਿਚ 100 ਤੋਂ ਵੱਧ ਮਸਜਿਦ ਬਿਨਾਂ ਲਾਇਸੰਸ ਦੇ ਚੱਲ ਰਹੀਆਂ ਹਨ।

# ਗੁਰੂ ਰਵੀਦਾਸ ਟੈਂਪਲ 'ਚ ਸਮਾਗਮ

**ਸੈਕਰਾਮੈਂਟੋ:** ਗੁਰੂ ਰਵੀਦਾਸ ਟੈਂਪਲ ਰੀਓ ਲਿੰਡਾ, ਸੈਕਰਾਮੈਂਟੋ ਵਿਖੇ ਗੁਰੂ ਰਵੀਦਾਸ ਦੇ 639ਵੇਂ ਜਨਮ ਦਿਨ 'ਤੇ ਮਾਰਚ ਮਹੀਨੇ ਕੱਢੇ ਜਾ ਰਹੇ 16ਵੇਂ ਨਗਰ ਕੀਰਤਨ ਸਬੰਧੀ ਚੱਲ ਰਹੇ ਅਖੰਡ ਪਾਠਾਂ ਦੀ ਲੜੀ ਤਹਿਤ ਛੇ ਦਸੰਬਰ ਨੂੰ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਅਖੰਡ ਪਾਠ ਦੀ ਸੇਵਾ



ਬੀਬੀ ਸੰਤੀ ਰਾਏ ਦੀ ਯਾਦ ਵਿਚ ਰਾਜ ਕੁਮਾਰ ਅਤੇ ਸੁਰਜੀਤ ਕੁਮਾਰ ਦੇ ਪਰਿਵਾਰਾਂ ਵੱਲੋਂ ਕੀਤੀ ਗਈ।

ਇਸ ਮੌਕੇ ਸ੍ਰੀ ਹਰੀ ਦਾਸ ਰਾਏ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ। ਭਾਈ ਜਸਬੀਰ ਸਿੰਘ ਖਾਲਸਾ ਅਤੇ ਗੁਰੂਘਰ ਦੇ ਹਜ਼ੂਰੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਦਿਨ ਭਾਈ ਜੀਵਨ ਸਿੰਘ (ਜੈਤਾ ਜੀ) ਦਾ ਸ਼ਹੀਦੀ ਦਿਵਸ ਵੀ ਮਨਾਇਆ ਗਿਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸ੍ਰੀ ਜੀਵਨ ਰੱਤੂ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

## ਆਮਿਰ ਖਾਨ ਤੇ ਕਿਰਨ ਰਾਓ ਖਿਲਾਫ ਕੇਸ ਦਰਜ

**ਮੁਜ਼ੱਫਰਪੁਰ:** ਬਾਲੀਵੁੱਡ ਅਦਾਕਾਰ ਆਮਿਰ ਖਾਨ ਤੇ ਉਸ ਦੀ ਪਤਨੀ ਕਿਰਨ ਰਾਓ ਖਿਲਾਫ ਅਸਹਿਣਸ਼ੀਲਤਾ ਮੁੱਦੇ 'ਤੇ ਕੀਤੀਆਂ ਵਿਵਾਦਿਤ ਟਿੱਪਣੀਆਂ ਸਬੰਧੀ ਬਿਹਾਰ ਵਿਚ ਮੁਜ਼ੱਫਰਪੁਰ ਜ਼ਿਲ੍ਹੇ ਦੀ ਅਦਾਲਤ ਦੇ ਹੁਕਮਾਂ ਉਤੇ ਮਾਮਲਾ ਦਰਜ ਕਰ ਲਿਆ ਗਿਆ।





# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening
- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

ਪੰਜਾਬ ਟਾਈਮਜ਼

*ਸਨਿਚਰਵਾਰ, 12 ਦਸੰਬਰ 2015*

## ਸੰਵਾਦ ਨੂੰ ਸਵਾਲਾਂ ਦੇ ਸੰਗਲ

ਭਾਰਤ ਅਤੇ ਪਾਕਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਦੀ ਬੈਂਕਾਕ (ਥਾਈਲੈਂਡ) ਵਿਚ ਅਚਾਨਕ ਹੋਈ ਮੀਟਿੰਗ ਤੋਂ ਬਾਅਦ ਦੋਹਾਂ ਮੁਲਕਾਂ ਵਿਚਾਲੇ ਗੱਲਬਾਤ ਬਾਰੇ ਬਹਿਸ ਇਕ ਵਾਰ ਫਿਰ ਤਿੱਖੀ ਹੋ ਗਈ ਹੈ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦੇ ਪਾਕਿਸਤਾਨ ਦੌਰੇ ਨੇ ਇਸ ਬਹਿਸ ਨੂੰ ਹੋਰ ਭਖਾ ਦਿੱਤਾ ਹੈ। ਉਹ ਉਥੇ ਅਫਗਾਨਿਸਤਾਨ ਬਾਰੇ ਕਾਨਫਰੰਸ ਵਿਚ ਹਿੱਸਾ ਲੈਣ ਗਏ ਸਨ। ਥਾਈਲੈਂਡ ਵਾਲੀ ਮੀਟਿੰਗ ਤੋਂ ਬਾਅਦ ਦੋਹਾਂ ਮੁਲਕਾਂ ਵਿਚਾਲੇ ਗੱਲਬਾਤ ਜਾਂ ਵਾਰਤਾ ਦਾ ਵਿਰੋਧ ਕਰਨ ਵਾਲੀਆਂ ਜਮਾਤਾਂ ਇਕਦਮ ਖੁੰਬਾਂ ਵਾਂਗ ਬਾਹਰ ਆ ਗਈਆਂ ਅਤੇ ਉਹੀ ਪੁਰਾਣੀਆਂ ਗੱਲਾਂ ਦੁਹਰਾਉਣੀਆਂ ਸ਼ੁਰੂ ਕਰ ਦਿੱਤੀਆਂ। ਅਸਲ ਵਿਚ ਅੱਜ ਕੱਲ੍ਹ ਕੇਂਦਰ ਵਿਚ ਸਰਕਾਰ ਚਲਾ ਰਹੀ ਜਮਾਤ ਆਪਣੀ ਬਹੁਤੀ ਸਿਆਸਤ, ਪਾਕਿਸਤਾਨ ਪ੍ਰਤੀ ਨਫਰਤ ਵਾਲੀ ਸਿਆਸਤ ਵਿਚੋਂ ਕਰਦੀ ਰਹੀ ਹੈ। ਹਾਲ ਹੀ ਵਿਚ ਹੋਈਆਂ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦਾ ਇਕ ਬਿਆਨ ਬਹੁਤ ਚਰਚਿਤ ਹੋਇਆ ਸੀ, ਜਿਸ ਵਿਚ ਉਨ੍ਹਾਂ ਆਪਣੀ ਪਾਰਟੀ ਲਈ ਵੋਟਾਂ ਮੰਗਦਿਆਂ ਵੋਟਰਾਂ ਨੂੰ ਕਿਹਾ ਸੀ ਕਿ ਜੇ ਬਿਹਾਰ ਵਿਚ ਭਾਰਤੀ ਜਨਤਾ ਪਾਰਟੀ ਹਾਰਦੀ ਹੈ ਤਾਂ ਪਾਕਿਸਤਾਨ ਵਿਚ ਪਟਾਕੇ ਚੱਲਣਗੇ। ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਅਦ ਜਿਹੜੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਹੋਈਆਂ ਸਨ, ਉਦੋਂ ਉਥੇ ਤਤਕਾਲੀ ਮੁੱਖ ਮੰਤਰੀ ਨਰੇਂਦਰ ਮੋਦੀ ਨੇ ਅਜਿਹਾ ਹੀ ਬਿਆਨ ਦਾਗਿਆ ਸੀ ਕਿ ਜੇ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਹਾਰਦੀ ਹੈ ਤਾਂ ਪਾਕਿਸਤਾਨੀ ਰਾਸ਼ਟਰਪਤੀ ਪਰਵੇਜ਼ ਮੁਸ਼ਰਫ ਬਹੁਤ ਖੁਸ਼ ਹੋਣਗੇ; ਪਰ ਨਫਰਤ ਦੀ ਇਹ ਸਿਆਸਤ ਬਿਹਾਰ ਦੇ ਲੋਕਾਂ ਨੇ ਸਵੀਕਾਰ ਨਹੀਂ ਕੀਤੀ। ਦਰਅਸਲ, ਲੋਕ ਸਭਾ ਚੋਣਾਂ ਮੌਕੇ, ਕਾਂਗਰਸ ਅਤੇ ਇਸ ਦੇ ਨਾ-ਅਹਿਲ ਆਗੂਆਂ ਤੋਂ ਬੁਰੀ ਤਰ੍ਹਾਂ ਅੱਕੇ ਲੋਕਾਂ ਨੇ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਨੂੰ ਵੋਟਾਂ ਇਸ ਕਰ ਕੇ ਪਾਈਆਂ ਸਨ ਕਿ ਉਨ੍ਹਾਂ ਵਿਕਾਸ ਦੀ ਗੱਲ ਨਾਲ ਆਵਾਮ ਨੂੰ ਆਪਣੇ ਮਗਰ ਲਾ ਲਿਆ ਸੀ। ਇਕ-ਡੇਢ ਸਾਲ ਪਰਖਣ ਤੋਂ ਬਾਅਦ ਹੁਣ ਬਿਹਾਰ ਚੋਣਾਂ ਦੌਰਾਨ ਅਜਿਹਾ ਝਟਕਾ ਦਿੱਤਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦਾ ਰਵੱਈਆ ਬਦਲ ਕੇ ਰੱਖ ਦਿੱਤਾ।

ਖੈਰ! ਹੁਣ ਜਦੋਂ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਹੈ ਅਤੇ ਪਾਕਿਸਤਾਨ ਤੇ ਹੋਰ ਕੌਮਾਂਤਰੀ ਮਾਮਲਿਆਂ ਬਾਰੇ ਇਹ ਸੰਸਾਰ ਪੱਧਰ 'ਤੇ ਜਵਾਬਦੇਹ ਹੈ, ਤਾਂ ਇਸ ਨੂੰ ਪਾਕਿਸਤਾਨ ਨਾਲ ਟੁੱਟੀ ਹੋਈ ਗੱਲਬਾਤ ਚਲਾਉਣ ਲਈ ਅੱਗੇ ਵਧਣਾ ਪੈ ਰਿਹਾ ਹੈ। ਇਹ ਗੱਲਬਾਤ ਮੁੜ ਅਰੰਭ ਕਰਨ ਬਾਰੇ ਅਮਰੀਕਾ ਵੱਲੋਂ ਲਗਾਤਾਰ ਪੈ ਰਹੇ ਦਬਾਅ ਬਾਰੇ ਚਰਚਾ ਤਾਂ ਮੀਡੀਆ ਅਤੇ ਹੋਰ ਮੰਚਾਂ ਤੋਂ ਅਕਸਰ ਹੁੰਦੀ ਰਹਿੰਦੀ ਹੈ। ਅਜੇ ਕੱਲ੍ਹ ਦੀ ਗੱਲ ਹੈ ਜਦੋਂ ਭਾਰਤੀ ਹਾਕਮਾਂ ਨੇ ਕੌਮੀ ਸੁਰੱਖਿਆ ਸਲਾਹਕਾਰਾਂ ਦੀ ਨਵੀਂ ਦਿੱਲੀ ਵਿਖੇ ਹੋ ਰਹੀ ਗੱਲਬਾਤ ਸਿਰਫ ਇਸ ਕਰ ਕੇ ਰੱਦ ਕਰ ਦਿੱਤੀ ਸੀ ਕਿ ਪਾਕਿਸਤਾਨ ਦੇ ਕੌਮੀ ਸੁਰੱਖਿਆ ਸਲਾਹਕਾਰ ਦੇ ਭਾਰਤ ਦੌਰੇ ਤੋਂ ਐਨ ਪਹਿਲਾਂ, ਕਸ਼ਮੀਰ ਦੇ ਹੁਰੀਅਤ ਆਗੂ ਭਾਰਤ ਵਿਚ ਪਾਕਿਸਤਾਨ ਦੇ ਰਾਜਦੂਤ ਨੂੰ ਮਿਲੇ ਸਨ। ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦਾ ਉਦੋਂ ਇਹ ਰਵੱਈਆ ਸੀ ਕਿ 'ਜਾਂ ਸਾਡੇ ਨਾਲ ਜਾਂ ਫਿਰ ਹੁਰੀਅਤ ਆਗੂਆਂ ਨਾਲ ਗੱਲਬਾਤ ਕਰੋ!' ਸੱਤਾਧਾਰੀ ਲਾਣੇ ਦਾ ਵੱਡਾ ਹਿੱਸਾ ਪਾਕਿਸਤਾਨ ਨਾਲ ਗੱਲਬਾਤ ਨਹੀਂ ਚਾਹੁੰਦਾ। ਹਰ ਵਾਰ ਆਖ ਦਿੱਤਾ ਜਾਂਦਾ ਹੈ ਕਿ ਪਾਕਿਸਤਾਨ ਪਹਿਲਾਂ ਭਾਰਤ ਵਿਚ ਅਤਿਵਾਦੀ ਕਾਰਵਾਈਆਂ ਬੰਦ ਕਰੇ। ਉਧਰ, ਪਾਕਿਸਤਾਨ ਆਖਦਾ ਹੈ ਕਿ ਜਦੋਂ ਤਕ ਗੱਲਬਾਤ ਵਿਚ ਕਸ਼ਮੀਰ ਦਾ ਮੁੱਦਾ ਵਿਚਾਰਿਆ ਨਹੀਂ ਜਾਂਦਾ, ਗੱਲਬਾਤ ਅਗ੍ਹਾਂ ਤੁਰ ਨਹੀਂ ਸਕਦੀ। ਪਾਕਿਸਤਾਨ ਦੇ ਸੱਤਾਧਾਰੀਆਂ ਦੀ ਸਿਆਸਤ ਵੀ ਬਹੁਤਾ ਕਰ ਕੇ ਕਸ਼ਮੀਰ ਦੇ ਮੁੱਦੇ ਨਾਲ ਜੁੜੀ ਹੋਈ ਹੈ। ਉਥੋਂ ਦੇ ਹਾਕਮਾਂ ਨੇ ਜਦੋਂ ਵੀ ਆਵਾਮ ਦਾ ਧਿਆਨ ਲਾਂਭੇ ਕਰਨਾ ਹੁੰਦਾ ਹੈ, ਕਸ਼ਮੀਰ ਵਾਲਾ ਮੁੱਦਾ ਮੈਦਾਨ ਵਿਚ ਰੇੜ੍ਹ ਦਿੱਤਾ ਜਾਂਦਾ ਹੈ ਅਤੇ ਉਥੇ ਸਰਗਰਮ ਕੱਟੜ ਜਥੇਬੰਦੀਆਂ ਬਲਦੀ ਉਤੇ ਤੇਲ ਪਾ ਦਿੰਦੀਆਂ ਹਨ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਭਾਰਤੀ ਵਿਚਲੀਆਂ ਕੱਟੜਪੰਥੀ ਪਾਰਟੀਆਂ ਪਾਕਿਸਤਾਨ ਬਾਰੇ ਆਪਣੀ ਮੁਹਿੰਮ ਚਲਾਉਂਦੀਆਂ ਹਨ।

ਅੱਜ ਸੰਸਾਰ ਨੂੰ ਨਵੀ ਕਿਸਮ ਦੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਇਸ ਵਿਚੋਂ ਇਕ ਸਮੱਸਿਆ ਦਹਿਸ਼ਤਪਸੰਦੀ ਦੀ ਹੈ। ਇਹ ਸਮੱਸਿਆ ਭਾਵੇਂ ਪੱਛਮੀ ਮੁਲਕਾਂ ਦੀ ਆਪ ਸਹੇੜੀ ਹੋਈ ਹੈ, ਪਰ ਸੰਸਾਰ ਦੇ ਕਈ ਮੁਲਕਾਂ ਵਿਚ ਅੱਜ ਇਸ ਦੀ ਸਿੱਧੀ ਅਤੇ ਅਸਿੱਧੀ ਮਾਰ ਪੈ ਰਹੀ ਹੈ। ਸੀਰੀਆਈ ਸੰਕਟ ਕਾਰਨ ਸ਼ਰਨਾਰਥੀਆਂ ਦਾ ਜੋ ਸੰਕਟ ਯੂਰਪ ਸਿਰ ਆਣ ਪਿਆ ਹੈ, ਉਸ ਦਾ ਕੋਈ ਕਾਰਗਰ ਹੱਲ ਅਜੇ ਤੱਕ ਸਾਹਮਣੇ ਨਹੀਂ ਆਇਆ। ਸਿਆਸੀ ਆਗੂਆਂ ਦੀ ਕਚਿਆਈ ਇਸ ਗੱਲੋਂ ਵੀ ਜ਼ਾਹਿਰ ਹੋ ਰਹੀ ਹੈ ਕਿ ਇਸ ਦਹਿਸ਼ਤਪਸੰਦੀ ਨੂੰ ਇਕ ਧਰਮ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰੀ ਹਾਸਲ ਕਰਨ ਲਈ ਰਿਪਬਲਿਕਨ ਪਾਰਟੀ ਵੱਲੋਂ ਧੜੱਲੇ ਨਾਲ ਮੁਹਿੰਮ ਚਲਾ ਰਹੇ ਉਘੇ ਕਾਰੋਬਾਰੀ ਡੋਨਲਡ ਟਰੰਪ ਨੇ ਤਾਂ ਇਹ ਬਿਆਨ ਦੇ ਕੇ ਸਭ ਨੂੰ ਦੰਗ ਕਰ ਦਿੱਤਾ ਹੈ ਕਿ ਅਮਰੀਕਾ ਵਿਚ ਮੁਸਲਮਾਨਾਂ ਦੀ ਆਮਦ ਉਤੇ ਮੁਕੰਮਲ ਪਾਬੰਦੀ ਲਾ ਦੇਣੀ ਚਾਹੀਦੀ ਹੈ; ਭਾਵ ਇਹ ਹੈ ਕਿ ਉਹ ਪਹਿਲਾਂ ਆਪਣੀ ਪਾਰਟੀ ਵੱਲੋਂ ਉਮੀਦਵਾਰ ਅਤੇ ਫਿਰ ਮੁਲਕ ਦਾ ਰਾਸ਼ਟਰਪਤੀ ਬਣਨ ਲਈ ਹਰ ਤਰੱਦਦ ਕਰਨ ਲਈ ਤਿਆਰ ਹਨ। ਇਹੀ ਗੱਲ ਸੰਸਾਰ ਦੇ ਹੋਰ ਮੁਲਕਾਂ ਤੇ ਆਗੂਆਂ ਉਤੇ ਵੀ ਢੁੱਕਦੀ ਹੈ ਅਤੇ ਇਨ੍ਹਾਂ ਆਗੂਆਂ ਵਿਚ ਭਾਰਤ ਤੇ ਪਾਕਿਸਤਾਨ ਦੇ ਆਗੂ ਵੀ ਸ਼ਾਮਲ ਹਨ। ਇਹੀ ਕਾਰਨ ਹੈ ਕਿ ਪਾਕਿਸਤਾਨ ਨਾਲ ਗੱਲਬਾਤ ਦੇ ਹੱਕ ਵਿਚ ਬਿਆਨ ਦੇਣ ਵਾਲੀ ਕਾਂਗਰਸ ਦੇ ਕੁਝ ਆਗੂ ਹੁਣ ਭਾਰਤੀ ਜਨਤਾ ਪਾਰਟੀ ਵੱਲੋਂ ਗੱਲਬਾਤ ਲਈ ਕੀਤੇ ਜਾ ਰਹੇ ਹੀਲਿਆਂ ਉਤੇ ਹੀ ਸਵਾਲ ਉਠਾ ਰਹੇ ਹਨ। ਦੋਹਾਂ ਮੁਲਕਾਂ ਵਿਚਕਾਰ ਕ੍ਰਿਕਟ ਸੀਰੀਜ਼ ਬਾਰੇ ਰੌਲਾ ਪੈ ਹੀ ਹਟਿਆ ਹੈ। ਦੋਹਾਂ ਮੁਲਕਾਂ ਵਿਚਾਲੇ ਹੋਣ ਵਾਲੀ ਗੱਲਬਾਤ ਨੇ ਕੀ ਰੁਖ ਅਖਤਿਆਰ ਕਰਨਾ ਹੈ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਹਾਲ ਦੀ ਘੜੀ ਸਿਆਸੀ ਪਾਰਟੀਆਂ ਦੀ ਸੌੜੀ ਸਿਆਸਤ ਜ਼ਾਹਿਰ ਹੋ ਗਈ ਹੈ ਜੋ ਪਹਿਲਾਂ ਵੀ ਗੱਲਬਾਤ ਵਿਚ ਅੜਿੱਕਾ ਬਣਦੀ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਿੰਦਾਂ ਨਿਰਾਸ਼!*

ਇੱਜ਼ਤਦਾਰ ਖਾਮੋਸ਼ੀਆਂ ਧਾਰ ਬੈਠੇ, ਤੂਤੀ ਬੋਲਦੀ ਬੰਦਿਆਂ ਚਾਲੂਆਂ ਦੀ।
ਹੈਂਕੜਬਾਜ ਸਰਕਾਰ ਦੇ ਨਸ਼ੇ ਅੰਦਰ, ਸ਼ਾਨ ਰੋਲਦੇ ਚੀਰੇ ਤੇ ਸ਼ਾਲੂਆਂ ਦੀ।
ਰੇਤਾ ਵਿਕਦਾ ਬਾਰੂਦ ਦੇ ਭਾਅ ਇਥੇ, ਗਾਂਠ-ਸਾਂਠ ਹੈ 'ਤੇਜੂਆਂ-ਲਾਲੂਆਂ' ਦੀ।
ਟੱਕਰ ਚਲਦੀ ਆਈ ਹੈ ਨਾਬਰਾਂ ਦੀ, ਸੱਤਾ-ਧਿਰ ਦੇ ਪਿੱਠੂ ਸ਼ਰਧਾਲੂਆਂ ਦੀ।
ਗਰਜਾਂ ਮਾਰੀਆਂ ਅੱਖਾਂ ਰਹਿਣ ਝੁਕੀਆਂ, ਹੁੰਦੀ ਅੱਤ ਫਿਰ ਦਿਖੇ ਤਾਂ ਦਿਖੇ ਕਿਹਨੂੰ?
ਚੀਨੀ ਘੋੜੀ 'ਤੇ ਸ਼ਾਮ ਸਿੰਘ ਦਿਸੇ ਕੋਈ ਨਾ, 'ਜਿੰਦਾਂ' ਚਿੱਠੀਆਂ ਲਿਖੇ ਤਾਂ ਲਿਖੇ ਕਿਹਨੂੰ?

# ਪਿੰਕੀ, ਕੇ.ਪੀ.ਐਸ. ਗਿੱਲ ਅਤੇ ਪ੍ਰਕਾਸ਼ ਸਿੰਘ ਦੇ ਖੁਲਾਸੇ

***ਬਦਨਾਮ ਪੁਲਿਸ ਮੁਲਾਜ਼ਮ ਗੁਰਮੀਤ ਸਿੰਘ ਪਿੰਕੀ ਵੱਲੋਂ ਹਾਲ ਹੀ ਵਿਚ ਕੀਤੇ ਖੁਲਾਸਿਆਂ ਨਾਲ ਇਕ ਵਾਰ ਫਿਰ ਭਰਵੀਂ ਬਹਿਸ ਛਿੜੀ ਹੈ ਕਿ ਪੰਜਾਬ ਵਿਚ ਸੰਕਟ ਦੇ ਦਿਨਾਂ ਦੌਰਾਨ ਪੁਲਿਸ ਨੇ ਕਿੱਦਾਂ ਚੰਮ ਦੀਆਂ ਚਲਾਈਆਂ ਅਤੇ ਲੋਕਾਂ ਉਤੇ ਕਿੱਦਾਂ ਜ਼ੁਲਮ ਢਾਹੇ ਤੇ ਕਤਲ ਕੀਤੇ ਗਏ। ਪਿੰਕੀ ਦੇ ਇਹ ਖੁਲਾਸੇ ਕੋਈ ਨਵੇਂ ਨਹੀਂ, ਵੱਖ-ਵੱਖ ਪਾਸਿਆਂ ਤੋਂ ਅਜਿਹੇ ਖੁਲਾਸੇ ਵਾਰ-ਵਾਰ ਹੁੰਦੇ ਰਹੇ ਹਨ, ਪਰ ਐਤਕੀਂ ਪਿੰਕੀ ਦੇ ਖੁਲਾਸਿਆਂ ਨਾਲ ਪੁਲਿਸ ਤੇ ਪ੍ਰਸ਼ਾਸਨ ਦੇ ਕੰਮ ਕਰਨ ਦੇ ਢੰਗ-ਤਰੀਕੇ ਨਸ਼ਰ ਹੋਏ ਹਨ। ਇਸ ਬਾਰੇ ਸਾਡੇ ਕਾਲਮਨਵੀਸ ਦਲਜੀਤ ਅਮੀ ਨੇ 'ਪੰਜਾਬ ਟਾਈਮਜ਼' ਲਈ ਇਹ ਖਾਸ ਟਿੱਪਣੀ ਕੀਤੀ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਨ। -ਸੰਪਾਦਕ***

ਪਿੰਕੀ ਦੇ ਇਕਬਾਲੀਆ ਬਿਆਨ ਵਿਚ ਕੋਈ ਨਵੀਂ ਜਾਣਕਾਰੀ ਤਾਂ ਨਹੀਂ ਹੈ ਪਰ ਪੁਲਿਸ ਦੇ ਕੰਮਾਂ ਦੀ ਤਫ਼ਸੀਲ ਜ਼ਰੂਰ ਹੈ। ਗੁਰਮੀਤ ਸਿੰਘ ਪਿੰਕੀ ਦੇ ਬਿਆਨ ਦੀ ਅਹਿਮੀਅਤ ਇਸ ਦੇ ਅਹਿਮ ਗਵਾਹੀ ਹੋਣ ਅਤੇ ਸਬੂਤਾਂ ਦੀ ਸ਼ਨਾਖ਼ਤ ਹੋਣ ਵਿਚ ਹੈ। ਅਤਿਵਾਦੀ ਲਹਿਰ ਦੌਰਾਨ ਪੁਲਿਸ ਵਿਚ ਭਰਤੀ ਹੋਏ ਗੁਰਮੀਤ ਸਿੰਘ ਪਿੰਕੀ ਦਾ ਬਿਆਨ ਉਸ ਦੇ ਅਤਿਵਾਦੀ ਖ਼ਾਸੇ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਤੋਂ ਉਸ ਵੇਲੇ ਦੇ ਮਾਹੌਲ ਵਿਚ ਹਾਜ਼ਰ ਖ਼ੌਫ਼ ਦਾ ਅੰਦਾਜ਼ਾ ਲੱਗਦਾ ਹੈ। ਪਿੰਕੀ ਦੀ ਕਹਾਣੀ ਦਰਅਸਲ ਉਸ ਦਾ ਗ਼ੈਰ-ਸਰਕਾਰੀ ਅਤਿਵਾਦ ਤੋਂ ਸਰਕਾਰੀ



**ਦਲਜੀਤ ਅਮੀ**
ਫੋਨ: +91-97811-21873

ਅਤਿਵਾਦ ਤੱਕ ਦਾ ਸਫ਼ਰ ਹੈ ਜੋ ਉਸ ਦੇ ਸਰਪ੍ਰਸਤਾਂ ਵੱਲੋਂ ਉਸ ਤੋਂ ਕੰਨੀ ਖਿਸਕਾਉਣ ਕਾਰਨ ਉਸ ਦੀ ਜ਼ੁਬਾਨ ਉਤੇ ਆਈ ਹੈ। ਇਸ ਤਫ਼ਸੀਲ ਨੂੰ ਨਸ਼ਰ ਕਰਨ ਦਾ ਕਾਰਨ ਕਿਸੇ ਦੇ ਮਨ ਉਤੇ ਪਿਆ 'ਸੱਚ ਦਾ ਭਾਰ' ਤਾਂ ਨਹੀਂ ਜਾਪਦਾ ਪਰ ਇਸ ਨਾਲ ਮਸਲੇ ਦੀ ਅਹਿਮੀਅਤ ਘਟ ਨਹੀਂ ਜਾਂਦੀ। ਇਨ੍ਹਾਂ ਤਫਸੀਲਾਂ ਵਿਚ ਪਿੰਕੀ ਦਾ ਖੁੰਦਕੀ ਆਪਾ ਅਤੇ ਉਸ ਦੀ ਜ਼ਿੰਦਗੀ ਦੀ ਨਿਰੰਤਰਤਾ ਭਾਅ ਮਾਰਦੀ ਹੈ ਪਰ ਇਸ ਨਾਲ ਪੰਜਾਬ ਵਿਚ ਵਾਪਰੀ ਤ੍ਰਾਸਦੀ ਦਾ ਸੱਚ ਜਾਣਨ ਦੀ ਲੋੜ ਵਧ ਗਈ ਹੈ।

ਗੁਰਮੀਤ ਸਿੰਘ ਪਿੰਕੀ ਪੰਜਾਬ ਪੁਲਿਸ ਦੇ ਉਸ ਬਦਨਾਮ ਪੱਖ ਦਾ ਨੁਮਾਇੰਦਾ ਹੈ ਜੋ ਕਿਸੇ ਕਾਇਦੇ-ਕਾਨੂੰਨ ਦੇ ਘੇਰੇ ਵਿਚ ਨਹੀਂ ਸਗੋਂ ਤਾਕਤ ਅਤੇ ਹਥਿਆਰਾਂ ਦੇ ਨਸ਼ੇ ਵਿਚ ਬੇਮੁਹਾਰ ਕੀਤਾ ਗਿਆ ਸੀ। ਅਜਿਹੇ ਲੋਕਾਂ ਨੂੰ ਮਿਲੀਆਂ ਤਰੱਕੀਆਂ ਅਤੇ ਇਨਾਮਾਂ ਦੇ ਨਾਲ-ਨਾਲ ਮਿਲੀਆਂ ਖੁੱਲ੍ਹਾਂ ਪੰਜਾਬ ਨੇ ਆਪਣੇ ਪਿੰਡੇ ਉਤੇ ਹੰਢਾਈਆਂ ਹਨ। ਪੰਜਾਬ ਪੁਲਿਸ ਦੇ ਇਸ ਪੱਖ ਬਾਰੇ ਅਦਾਲਤਾਂ ਤੋਂ ਬਾਹਰ ਲੋਕ ਰਾਏ ਇੱਕਮਤ ਰਹੀ ਹੈ। ਪੰਜਾਬ ਪੁਲਿਸ ਦੀ ਵਕਾਲਤ ਕਰਨ ਵਾਲੇ ਵੀ ਵਧੀਕੀਆਂ ਦੀ ਗੱਲ ਘੱਟੋ-ਘੱਟ ਨਿਜੀ ਗੱਲਾਂ-ਬਾਤਾਂ ਵਿਚ ਪ੍ਰਵਾਨ ਕਰਦੇ ਰਹੇ ਹਨ। ਦੋ ਸਾਲ ਪਹਿਲਾਂ ਪੰਜਾਬ ਪੁਲਿਸ ਦੇ ਸਬ ਇੰਸਪੈਕਟਰ ਦੀ ਵਰਦੀ ਵਿਚ ਨੌਕਰੀ ਕਰ ਰਹੇ ਸਿਪਾਹੀ ਸੁਰਜੀਤ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੱਕ ਪਹੁੰਚ ਕੀਤੀ ਸੀ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ। ਸੁਰਜੀਤ ਸਿੰਘ ਸਿਪਾਹੀ ਹੋਣ ਦੇ ਬਾਵਜੂਦ ਠਾਣੇਦਾਰ ਦੇ ਅਹੁਦੇ ਉਤੇ ਤਾਇਨਾਤ ਰਿਹਾ ਸੀ ਅਤੇ ਉਸ ਨੇ ਅਖ਼ਬਾਰਾਂ ਤੇ ਟੈਲੀਵਿਜ਼ਨ ਚੈਨਲਾਂ ਉਤੇ ਆਪ 80 ਕਤਲ ਕਰਨ ਦਾ ਦਾਅਵਾ ਕੀਤਾ ਸੀ। ਸੁਰਜੀਤ ਸਿੰਘ ਤੋਂ ਬਾਅਦ ਪਿੰਕੀ ਦੀ ਸ਼ਿਕਾਇਤ ਹੈ ਕਿ ਉਸ ਤੋਂ ਕਤਲ ਕਰਵਾ ਕੇ ਬਣਦੀ ਸੁਰੱਖਿਆ ਨਹੀਂ ਦਿੱਤੀ ਗਈ। ਸੁਰਜੀਤ ਸਿੰਘ ਨੂੰ ਤਰੱਕੀ ਨਾ ਮਿਲਣ ਦਾ ਝੋਰਾ ਸੀ ਅਤੇ ਪਿੰਕੀ ਨੂੰ ਵਾਅਦਾਖ਼ਲਾਫ਼ੀ ਦਾ ਰੰਜ਼ ਹੈ। ਦੋਵਾਂ ਦੀ ਬੋਲੀ ਵਿਚ ਕਈ ਤੰਦਾਂ ਸਾਂਝੀਆਂ ਹਨ। ਉਹ ਆਪਣੀ ਛਾਤੀ ਵਿਚ ਦਰਜ ਸੱਚ ਦਾ ਨਿਗੂਣਾ ਹਿੱਸਾ ਨਸ਼ਰ ਕਰਨ ਦਾ ਦਾਅਵਾ ਕਰਦੇ ਹਨ। ਇਸ ਤਰ੍ਹਾਂ ਕੰਮ ਕਰਨ ਦਾ ਉਨ੍ਹਾਂ ਦਾ ਤਰੀਕਾ ਉਨ੍ਹਾਂ ਦੇ ਬਿਆਨਾਂ ਵਿਚ ਦਰਜ ਹੈ। ਹਿਰਾਸਤ ਵਿਚ ਤਸ਼ੱਦਦ ਕਰ ਕੇ ਜਾਂ ਬੰਦਾ ਮਾਰ ਕੇ ਘਰਦਿਆਂ ਜਾਂ ਪੈਰਵੀ ਕਰਨ ਵਾਲਿਆਂ ਨੂੰ 'ਸਬਰ ਕਰਨ' ਅਤੇ 'ਅੱਗਾ ਸਾਂਭਣ' ਦੀ ਸਲਾਹ ਦੇਣਾ ਤਾਂ ਪੁਲਿਸ ਦਾ ਕੰਮ ਕਰਨ ਦਾ ਤਰੀਕਾ ਰਿਹਾ ਹੈ; ਹੁਣ ਤੱਕ ਇਹ ਤਫ਼ਸੀਲ ਤਸ਼ੱਦਦ ਭੁਗਤਣ ਵਾਲਿਆਂ ਜਾਂ ਮਨੁੱਖੀ ਹਕੂਕ ਜਥੇਬੰਦੀਆਂ ਜਾਂ ਕਾਰਕੁਨਾਂ ਦੇ ਹਵਾਲੇ ਨਾਲ ਚਰਚਾ ਵਿਚ ਆਉਂਦੀ ਰਹੀ ਹੈ, ਪਰ ਹੁਣ ਦੂਜੀ ਧਿਰ ਦੇ ਇਕਬਾਲੀਆ ਬਿਆਨ ਨਾਲ ਸਾਹਮਣੇ ਆ ਰਹੀ ਹੈ।

ਗੁਰਮੀਤ ਸਿੰਘ ਪਿੰਕੀ ਦੇ ਇਕਬਾਲੀਆ ਬਿਆਨ ਨੂੰ ਰੱਦ ਕਰਨ ਲਈ 'ਆਉਟਲੁੱਕ' ਰਸਾਲੇ ਵਿਚ ਹੀ ਪੰਜਾਬ ਪੁਲਿਸ ਦੇ ਤਤਕਾਲੀ ਮੁਖੀ ਕੇ.ਪੀ.ਐਸ. ਗਿੱਲ ਦੀ ਮੁਲਾਕਾਤ ਛਪੀ ਹੈ। ਇਸ ਮੁਲਾਕਾਤ ਵਿਚ ਕੁਝ ਨਵਾਂ ਨਹੀਂ ਹੈ ਸਗੋਂ ਪਹਿਲਾਂ ਕਈ ਮੌਕਿਆਂ ਉਤੇ ਪੇਸ਼ ਕੀਤੀਆਂ ਗਈਆਂ ਦਲੀਲਾਂ ਨੂੰ ਮੌਜੂਦਾ ਹਵਾਲੇ ਨਾਲ ਜੋੜ ਕੇ ਦੁਹਰਾਇਆ ਗਿਆ ਹੈ। ਇਸ ਮੁਲਾਕਾਤ ਦਾ ਇੱਕ ਹਿੱਸਾ ਧਿਆਨ ਦੀ ਮੰਗ ਕਰਦਾ ਹੈ। ਉਹ ਪੁਲਿਸ ਨੂੰ ਆਟੋਮੈਟਿਕ ਹਥਿਆਰ ਦੇਣ ਦੀ ਵਕਾਲਤ ਕਰਦੇ ਹੋਏ ਤਜਰਬਾ ਸਾਂਝਾ ਕਰਦੇ ਹਨ, "ਜੇ ਤੁਸੀਂ ਮੈਨੂੰ ਹਥਿਆਰ ਨਹੀਂ ਦਿਓਗੇ ਤਾਂ ਮੈਂ ਤਸਕਰਾਂ ਤੋਂ ਲੈ ਲਵਾਂਗਾ।"

ਇਸ ਤੋਂ ਬਾਅਦ ਉਹ ਪੰਜਾਬ ਪੁਲਿਸ ਦੀ ਕਾਰਗੁਜ਼ਾਰੀ ਅਤੇ ਆਪਣੇ ਕੰਮ ਕਰਨ ਦੇ ਤਰੀਕੇ ਬਾਰੇ ਬੋਲਦੇ ਹਨ, "ਮੈਂ ਯਕੀਨੀ ਬਣਾਇਆ ਕਿ ਪੁਲਿਸ ਰਾਤ ਨੂੰ ਗ਼ਸ਼ਤ ਕਰੇ। ਸਭ ਪੁਲਿਸ ਮੁਲਾਜ਼ਮਾਂ ਨੂੰ ਆਰਮਡ ਕੌਂਸਟੇਬਲਰੀ ਵਿਚ ਤਾਇਨਾਤ ਕੀਤਾ ਗਿਆ ਅਤੇ ਕਾਰਗੁਜ਼ਾਰੀ ਮੁਤਾਬਕ ਸਿਵਲ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਯੋਗਤਾ ਨੂੰ ਹੱਲਾਸ਼ੇਰੀ ਦਿੱਤੀ ਗਈ ਅਤੇ ਲਾਗੂ ਕੀਤਾ ਗਿਆ। ਉਹ ਜਲਦੀ ਹੀ ਹੌਸਲੇ ਵਿਚ ਆ ਗਏ। ਹੁਣ ਇਹ ਤਰੀਕਾ ਦਰਕਿਨਾਰ ਕਰ ਦਿੱਤਾ ਗਿਆ ਹੈ। ਹੁਣ ਠਾਣੇਦਾਰ ਤੋਂ ਲੈ ਕੇ ਪੁਲਿਸ ਦਾ ਸੁਪਰਟੈਂਡੈਂਟ ਅਤੇ ਮੁਖੀ ਤੱਕ ਸਿਆਸੀ ਨਾਮਜ਼ਦਗੀਆਂ ਹਨ।" ਇਸੇ ਮੁਲਾਕਾਤ ਵਿਚ ਉਹ ਮੌਜੂਦਾ ਹਾਲਾਤ ਬਾਰੇ ਟਿੱਪਣੀ ਕਰਦੇ ਹਨ, "ਮੌਜੂਦਾ ਸਰਕਾਰ ਤਾਂ ਮੰਤਰੀਆਂ ਨੂੰ ਜ਼ਿਲ੍ਹਿਆਂ ਅਤੇ ਠਾਣਿਆਂ ਦਾ ਮੁਖੀ ਥਾਪਣਾ ਚਾਹੁੰਦੀ ਹੈ। ਮੰਤਰੀਆਂ ਨੂੰ ਆਪਣੇ ਮਹਿਕਮੇ ਸਾਂਭਣੇ ਚਾਹੀਦੇ ਹਨ। ਪੁਲਿਸ ਐਕਟ ਵਿਚ ਕਈ ਤਰ੍ਹਾਂ ਦੀਆਂ ਹਿਫਾਜ਼ਤੀ ਧਾਰਾਵਾਂ ਹਨ ਜਿਨ੍ਹਾਂ ਦੀ ਵਰਤੋਂ ਹੋਣੀ ਚਾਹੀਦੀ ਹੈ। ਨਵੇਂ ਪੁਲਿਸ ਐਕਟ ਨੂੰ ਲਾਗੂ ਕਰਨ ਵੇਲੇ ਤਾਂ ਪੁਲਿਸ ਦੇ ਡਾਇਰੈਕਟਰ ਜਨਰਲ ਨਾਲ ਸਲਾਹ ਤੱਕ ਨਹੀਂ ਕੀਤੀ ਗਈ। ਇਸ ਨਾਲ ਪੁਲਿਸ ਦਾ ਨੁਕਸਾਨ ਹੋਵੇਗਾ।"

ਪਿੰਕੀ ਦੇ ਇਕਬਾਲੀਆ ਬਿਆਨ ਨੂੰ ਕੇ.ਪੀ.ਐਸ. ਗਿੱਲ ਦੀ ਮੁਲਾਕਾਤ ਦੇ ਇਸ ਹਿੱਸੇ ਨਾਲ ਜੋੜ ਕੇ ਪੜ੍ਹਿਆ ਜਾਣਾ ਚਾਹੀਦਾ ਹੈ। ਇਹ ਮੁਲਾਕਾਤ ਦਰਅਸਲ ਪਿੰਕੀ ਦੇ ਦਾਅਵਿਆਂ ਦੀ ਤਸਦੀਕ ਕਰਦੀ ਹੈ। ਇਹ ਆਪਣੀ ਕਿਸਮ ਦਾ ਇਕਬਾਲੀਆ ਬਿਆਨ ਹੈ। ਹਥਿਆਰਾਂ ਵਾਲੀ ਗੱਲ ਸਾਫ਼ ਕਰਦੀ ਹੈ ਕਿ ਪੰਜਾਬ ਪੁਲਿਸ ਦਾ ਮੁਖੀ ਕਿਸੇ ਕਾਨੂੰਨ ਦੀ ਪਰਵਾਹ ਕੀਤੇ ਬਿਨਾਂ ਕੰਮ ਕਰਦਾ ਹੈ। ਉਹ ਆਪਣੇ ਆਹਲਾ ਅਫ਼ਸਰਾਂ ਨੂੰ 'ਤਸਕਰਾਂ ਤੋਂ ਹਥਿਆਰ ਖ਼ਰੀਦਣ' ਦੀ ਧਮਕੀ ਦੇ ਸਕਦਾ ਹੈ ਅਤੇ ਲਾਗੂ ਕਰ ਸਕਦਾ ਹੈ। ਪਿੰਕੀ ਨੇ ਇਹੋ ਹਥਿਆਰ ਚਲਾਏ ਹਨ ਅਤੇ ਇਨ੍ਹਾਂ ਨੂੰ ਚਲਾਉਣ ਲਈ ਤਰੱਕੀਆਂ ਅਤੇ ਇਨਾਮ ਹਾਸਲ ਕੀਤੇ ਹਨ।

***ਪਿਛਲੇ ਦਿਨਾਂ ਵਿਚ ਇੱਕ ਮੰਤਰੀ ਦੀ ਨੂੰਹ ਨੂੰ ਪੰਜਾਬ ਸਰਕਾਰ ਦੀ ਨਾਮਜ਼ਦਗੀ ਉਤੇ ਆਈ.ਏ.ਐੱਸ. ਅਫ਼ਸਰ ਬਣਾਇਆ ਗਿਆ ਹੈ। ਤਿੰਨ ਪੁਲਿਸ ਅਫ਼ਸਰਾਂ ਦੇ ਬਿਆਨ ਅਤੇ ਇਹ ਤਰੱਕੀ ਤਾਂ ਇਹੋ ਦਰਸਾਉਂਦੇ ਹਨ ਕਿ ਪੰਜਾਬ ਪੁਲਿਸ ਵਿਚ ਝੂਠੇ ਪੁਲਿਸ ਮੁਕਾਬਲਿਆਂ ਤੇ ਲੁੱਟਾਂ-ਖੋਹਾਂ ਤੱਕ ਜਾਣ ਵਾਲਾ ਰੁਝਾਨ ਬਾਕੀ ਦੇ ਮਹਿਕਮਿਆਂ ਵਿਚ ਵੀ ਕਾਇਮ ਹੈ।***

ਉਹ ਕੇ.ਪੀ.ਐਸ. ਗਿੱਲ ਦੀ 'ਯੋਗਤਾ' ਵਿਚ ਪੂਰਾ ਉਤਰਿਆ ਅਤੇ 'ਹੱਲਾਸ਼ੇਰੀ' ਦਾ ਭਾਈਵਾਲ ਬਣਿਆ। ਕੇ.ਪੀ.ਐਸ. ਗਿੱਲ ਦੀ ਮੁਲਾਕਾਤ ਦਾ ਹਵਾਲੇ ਵਜੋਂ ਪੇਸ਼ ਕੀਤਾ ਦੂਜਾ ਹਿੱਸਾ ਪਿੰਕੀ ਦੇ ਨਾਲ-ਨਾਲ ਪੰਜਾਬ ਪੁਲਿਸ ਦੇ ਸਾਬਕਾ ਵਧੀਕ ਡਾਇਰੈਕਟਰ ਜਨਰਲ ਪ੍ਰਕਾਸ਼ ਸਿੰਘ ਦੇ 'ਆਉਟਲੁੱਕ' ਵਿਚ ਛਪੇ ਲੇਖ ਦਾ ਹਵਾਲਾ ਜ਼ਰੂਰੀ ਹੈ।

ਉਹ ਪੰਜਾਬ ਬਾਰੇ ਲਿਖਦੇ ਹਨ, "ਇਹ ਸਾਫ਼ਗੋਈ ਨਾਲ ਦਰਜ ਕਰਨਾ ਬਣਦਾ ਹੈ ਕਿ ਪੰਜਾਬ ਵਿਚ ਜੋ ਕੁਝ ਵੀ ਕੀਤਾ ਗਿਆ, ਉਸ ਨੂੰ ਪੰਜ ਪ੍ਰਧਾਨ ਮੰਤਰੀਆਂ ਅਤੇ ਇੰਨੇ ਹੀ ਗ੍ਰਹਿ ਮੰਤਰੀਆਂ ਦੀ ਪ੍ਰਵਾਨਗੀ ਹਾਸਿਲ ਸੀ। ਪੰਜਾਬ ਵਿਚ ਤਾਇਨਾਤ ਕੀਤੇ ਜਾ ਰਹੇ ਹਰ ਮੰਤਰੀ, ਪ੍ਰਸ਼ਾਸਨਿਕ ਅਫ਼ਸਰ, ਖ਼ੁਫ਼ੀਆ ਏਜੰਸੀਆਂ ਦੇ ਅਫ਼ਸਰ ਜਾਂ ਪੁਲਿਸ ਅਫ਼ਸਰ ਨੂੰ ਸਾਫ਼ ਨਿਰੇਦਸ਼ ਸੀ, ਅਸੀਂ ਅਤਿਵਾਦ ਦਾ ਸਫ਼ਾਇਆ ਕਰਨਾ ਹੈ। ਜੋ ਠੀਕ ਸਮਝੋ, ਕਰੋ।" ਇਸ ਨਿਰਦੇਸ਼ ਨਾਲ ਕੇ.ਪੀ.ਐਸ. ਗਿੱਲ ਦੀ 'ਤਸਕਰਾਂ ਤੋਂ ਹਥਿਆਰ ਲੈਣ' ਅਤੇ ਪਿੰਕੀ ਦੇ 'ਰੰਜ਼ ਪਾਲਣ' ਦੀ ਰਮਜ਼ ਸਮਝ ਵਿਚ ਆਉਣੀ ਚਾਹੀਦੀ ਹੈ। ਇਨ੍ਹਾਂ ਦੀਆਂ ਆਪਸ ਵਿਚ ਜੁੜਦੀਆਂ ਤੰਦਾਂ ਪਿੰਕੀ ਦੇ ਖ਼ੁਲਾਸਿਆਂ ਦੇ ਸੱਚ ਹੋਣ ਦੀ ਗੁੰਜਾਇਸ਼ ਨੂੰ ਉਘਾੜਦੀਆਂ ਹਨ। ਇਨ੍ਹਾਂ ਹਾਲਾਤ ਵਿਚ ਖ਼ੁਲਾਸੇ ਸਿਰਫ਼ ਪਿੰਕੀ ਨਹੀਂ ਕਰ ਰਿਹਾ, ਸਗੋਂ ਇਹ ਤਿੰਨਾਂ ਸਾਬਕਾ ਪੁਲਿਸ ਅਫ਼ਸਰਾਂ ਦੇ ਇਕਬਾਲੀਆ ਬਿਆਨ ਹਨ। ਇਨ੍ਹਾਂ ਦਾ ਲਹਿਜ਼ਾ, ਧੜਾ ਤੇ ਹਾਲਾਤ ਵੱਖ-ਵੱਖ ਹੋ ਸਕਦੇ ਹਨ, ਪਰ ਇਹ ਗੱਲ ਇੱਕੋ ਹੀ ਕਹਿ ਰਹੇ ਹਨ।

ਕੇ.ਪੀ.ਐਸ. ਗਿੱਲ ਦੀ ਪੁਲਿਸ ਵਿਚ ਸਿਆਸੀ ਦਖ਼ਲਅੰਦਾਜ਼ੀ ਦੀ ਮੌਜੂਦਾ ਮਸ਼ਕ ਤਾਂ ਹਲਕਾ ਇੰਚਾਰਜਾਂ ਅਤੇ ਮੰਤਰੀਆਂ ਦੀ ਯੂਥ ਬ੍ਰਿਗੇਡਾਂ ਰਾਹੀਂ ਹੁੰਦੀ ਦਿਖਾਈ ਦਿੰਦੀ ਹੈ। ਉਨ੍ਹਾਂ ਦੇ ਆਪਣੇ ਕਾਰਜਕਾਲ ਵਿਚ ਇਸੇ ਦਖ਼ਲਅੰਦਾਜ਼ੀ ਦੀ ਗੁੰਜਾਇਸ਼ ਉਨ੍ਹਾਂ ਦੇ ਆਪਣੇ ਬਿਆਨ ਵਿਚ ਪਈ ਹੈ ਅਤੇ ਗਵਾਹੀ ਪਿੰਕੀ ਤੇ ਪ੍ਰਕਾਸ਼ ਸਿੰਘ ਦੇ ਰਹੇ ਹਨ। ਪਿਛਲੇ ਦਿਨਾਂ ਵਿਚ ਇੱਕ ਮੰਤਰੀ ਦੀ ਨੂੰਹ ਨੂੰ ਪੰਜਾਬ ਸਰਕਾਰ ਦੀ ਨਾਮਜ਼ਦਗੀ ਉਤੇ ਆਈ.ਏ.ਐਸ. ਅਫ਼ਸਰ ਬਣਾਇਆ ਗਿਆ ਹੈ। ਤਿੰਨ ਪੁਲਿਸ ਅਫ਼ਸਰਾਂ ਦੇ ਬਿਆਨ ਅਤੇ ਇਹ ਤਰੱਕੀ ਤਾਂ ਇਹੋ ਦਰਸਾਉਂਦੇ ਹਨ ਕਿ ਪੰਜਾਬ ਪੁਲਿਸ ਵਿਚ ਝੂਠੇ ਪੁਲਿਸ ਮੁਕਾਬਲਿਆਂ ਤੇ ਲੁੱਟਾਂ-ਖੋਹਾਂ ਤੱਕ ਜਾਣ ਵਾਲਾ ਰੁਝਾਨ ਬਾਕੀ ਦੇ ਮਹਿਕਮਿਆਂ ਵਿਚ ਵੀ ਕਾਇਮ ਹੈ।

ਇਸ ਰੁਝਾਨ ਦੀਆਂ ਪੁਰਾਣੀਆਂ ਅਤੇ ਮੌਜੂਦਾ ਕੜੀਆਂ ਵਿਚੋਂ ਸਮੁੱਚੀ ਲੜੀ ਉਜਾਗਰ ਹੁੰਦੀ ਹੈ। ਜੇ ਇਹ ਰੁਝਾਨ ਅਤਿਵਾਦ ਦੇ ਦੌਰ ਵਿਚ ਖ਼ੂੰਖ਼ਾਰ ਹੱਦ ਤੱਕ ਮੂੰਹਜ਼ੋਰ ਰਿਹਾ ਹੈ ਤਾਂ ਹੁਣ ਇਹ ਹਲਕਾ ਇੰਚਾਰਜਾਂ ਅਤੇ ਚਿੱਟ-ਕੱਪੜੀਏ ਨੌਜਵਾਨ ਆਗੂਆਂ ਰਾਹੀਂ ਨਕਦੀ ਨਾਲ ਚੱਲਦੇ ਹਰ ਕਾਰੋਬਾਰ ਉਤੇ ਮਾਫ਼ੀਏ ਵਜੋਂ ਅਸਰਅੰਦਾਜ਼ ਹੋਇਆ ਹੈ। ਇਸ ਵੇਲੇ ਜੇ ਜਸਵੰਤ ਸਿੰਘ ਖਾਲੜਾ ਦੀ ਅਧੂਰੀ ਰਪਟ ਨੂੰ ਪੂਰੀ ਕਰਨ ਦੀ ਲੋੜ ਬਣਦੀ ਹੈ ਤਾਂ ਮੌਜੂਦਾ ਨਿਜ਼ਾਮ ਦੇ ਖ਼ਾਸੇ ਵਿਚ ਉਸ ਦੇ ਕਾਤਲਾਂ ਦੀ ਅਗਲੀ ਪੀੜ੍ਹੀ ਦੀ ਸ਼ਨਾਖ਼ਤ ਵੀ ਅਹਿਮ ਕਾਰਜ ਬਣਦੀ ਹੈ। ਲਾਵਾਰਸ ਲਾਸ਼ਾਂ ਨੂੰ ਨਾਮ ਮਿਲਣ ਨਾਲ ਉਨ੍ਹਾਂ ਨੇ ਵਾਪਸ ਨਹੀਂ ਆ ਜਾਣਾ, ਪਰ ਉਨ੍ਹਾਂ ਨਾਲ ਇਨਸਾਫ਼ ਕਰਨਾ ਮੌਜੂਦਾ ਦੌਰ ਦੀ ਜ਼ਿੰਮੇਵਾਰੀ ਬਣਦੀ ਹੈ। ਜੇ ਪਿੰਕੀ ਦੇ ਖ਼ੁਲਾਸੇ ਕਿਸੇ ਦੀ ਸ਼ਹਿ ਉਤੇ ਕੀਤੇ ਗਏ ਹਨ, ਜਾਂ ਕਿਸੇ ਹੋਰ ਮਨਸ਼ਾ ਤਹਿਤ ਕੀਤੇ ਜਾ ਰਹੇ ਹਨ, ਤਾਂ ਵੀ ਇਹ ਜ਼ਿੰਮੇਵਾਰੀ ਘਟ ਨਹੀਂ ਜਾਂਦੀ। ਦਰਅਸਲ 'ਸੱਚ ਬੋਲਣ ਦਾ ਹੱਕ' ਸਿਰਫ਼ ਪਿੰਕੀ, ਕੇ.ਪੀ.ਐਸ. ਗਿੱਲ ਜਾਂ ਪ੍ਰਕਾਸ਼ ਸਿੰਘ ਕੋਲ ਹੀ ਨਹੀਂ ਹੈ, ਸਗੋਂ ਲੋਕਾਂ ਨੂੰ ਵੀ ਸੱਚ ਜਾਣਨ ਦਾ ਹੱਕ ਹੈ।

# ਹਕੂਮਤੀ ਅਤਿਵਾਦ ਤੇ ਸਿਆਸੀ ਸੂਤਰਧਾਰਾਂ ਦੀ ਜਵਾਬਦੇਹੀ

ਪਿੰਕੀ 'ਕੈਟ' ਦੇ ਹਵਾਲੇ ਨਾਲ ਪੰਜਾਬ ਵਿਚ ਹਕੂਮਤੀ ਦਹਿਸ਼ਤਗਰਦੀ ਦੀ ਭੂਮਿਕਾ ਇਕ ਵਾਰ ਫਿਰ ਸੁਰਖ਼ੀਆਂ ਵਿਚ ਹੈ। ਉਸ ਨੇ ਜੋ ਖ਼ੁਲਾਸੇ ਕੀਤੇ ਹਨ, ਉਹ ਜਿਥੇ ਖ਼ਾਲਿਸਤਾਨੀ ਲਹਿਰ ਦੇ ਦੌਰ ਵਿਚ ਨੌਜਵਾਨਾਂ ਦੇ ਵਸੀਹ ਪੈਮਾਨੇ 'ਤੇ ਘਾਣ ਦੀ ਤਸਦੀਕ ਬਣੇ ਹਨ, ਉਥੇ ਆਹਲਾ ਪੁਲਿਸ ਅਧਿਕਾਰੀਆਂ ਵਲੋਂ ਆਪਣੇ ਚਹੇਤਿਆਂ ਨੂੰ ਮੁਕੱਦਮਿਆਂ ਅਤੇ ਸਜ਼ਾਵਾਂ ਤੋਂ ਬਚਾਉਣ ਦੀ ਸਿਆਸੀ ਤੇ ਰਾਜਕੀ ਪੁਸ਼ਤ-ਪਨਾਹੀ ਨੂੰ ਵੀ ਸਾਹਮਣੇ ਲਿਆਉਂਦੇ ਹਨ।

ਪੁਲਿਸ ਵਿਚ ਇੰਸਪੈਕਟਰ ਰਹੇ ਗੁਰਮੀਤ ਸਿੰਘ ਪਿੰਕੀ ਉਰਫ ਪਿੰਕੀ 'ਕੈਟ' ਨੂੰ ਲੁਧਿਆਣਾ ਦੇ ਨੌਜਵਾਨ ਅਵਤਾਰ ਸਿੰਘ ਗੋਲਾ ਦੇ ਕਤਲ ਵਿਚ 2006 'ਚ ਉਮਰ ਕੈਦ ਦੀ ਸਜ਼ਾ ਹੋਈ ਸੀ ਅਤੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ। ਮਾਮੂਲੀ ਤਕਰਾਰ ਪਿੱਛੋਂ ਪਿੰਕੀ ਨੇ ਜਨਵਰੀ 2001 ਵਿਚ ਅਵਤਾਰ ਸਿੰਘ ਨੂੰ ਕਤਲ ਕਰ ਦਿੱਤਾ ਸੀ। ਮਕਤੂਲ ਦੇ ਮਾਪਿਆਂ ਵਲੋਂ ਕੀਤੀ ਅਣਥੱਕ ਚਾਰਾਜੋਈ ਅਤੇ ਮਨੁੱਖੀ ਹੱਕਾਂ ਦੇ ਵਕੀਲਾਂ ਦੇ ਯਤਨਾਂ ਨਾਲ ਉਸ ਨੂੰ ਜੇਲ੍ਹ ਦੀ ਹਵਾ ਖਾਣੀ ਪਈ।

ਬੂਟਾ ਸਿੰਘ
ਫੋਨ: +91-94634-74342

ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਦਾ ਇਹ ਖ਼ਾਸ ਚਹੇਤਾ 'ਸੁਪਰ ਸ਼ੂਟਰ' ਦੁਬਾਰਾ ਮੀਡੀਆ ਦੀਆਂ ਸੁਰਖ਼ੀਆਂ ਵਿਚ ਉਦੋਂ ਚਮਕਿਆ ਜਦੋਂ ਮਈ 2014 ਵਿਚ ਬਾਦਲ ਹਕੂਮਤ ਵਲੋਂ ਉਸ ਨੂੰ ਚੁੱਪ-ਚੁਪੀਤੇ ਉਮਰ ਕੈਦ ਵਿਚ ਖ਼ਾਸ ਰਿਆਇਤ ਦੇ ਕੇ ਰਿਹਾ ਕਰ ਦਿੱਤਾ ਗਿਆ ਅਤੇ ਫਿਰ ਨੌਕਰੀ ਵੀ ਬਹਾਲ ਕਰ ਦਿੱਤੀ। ਗ਼ੌਰਤਲਬ ਹੈ ਕਿ ਉਸ ਨੂੰ ਕਤਲ ਦੇ ਜੁਰਮ ਵਿਚ ਮਹਿਜ਼ 7 ਸਾਲ 7 ਮਹੀਨੇ ਦੀ 'ਉਮਰ ਕੈਦ' ਹੀ ਕੱਟਣੀ ਪਈ। ਨੌਕਰੀ ਦੀ ਬਹਾਲੀ ਦਾ ਤਿੱਖਾ ਵਿਰੋਧ ਹੋਣ 'ਤੇ ਬਾਦਲ ਹਕੂਮਤ ਨੂੰ ਉਸ ਨੂੰ ਨੌਕਰੀ ਤੋਂ ਹਟਾਉਣਾ ਪਿਆ। ਇਹੀ ਰੰਜਿਸ਼ ਪਿੰਕੀ 'ਕੈਟ' ਵਲੋਂ ਉਸ ਦੌਰ ਵਿਚ ਹਕੂਮਤੀ ਦਹਿਸ਼ਤਗਰਦੀ ਦੀ ਭਿਆਨਕ ਦਾਸਤਾਂ ਦੇ ਕੁਝ ਖ਼ੁਲਾਸੇ ਕਰਨ ਦਾ ਕਾਰਨ ਬਣੀ ਹੈ ਜੋ ਸਿਰਕੱਢ ਪੱਤਰਕਾਰ ਕੰਵਰ ਸੰਧੂ (ਫਰੀ ਮੀਡੀਆ ਇਨੀਸ਼ੀਏਟਿਵ ਪ੍ਰਾਈਵੇਟ ਲਿਮਟਿਡ) ਨਾਲ ਉਸ ਦੀਆਂ ਲੰਮੀਆਂ ਮੁਲਾਕਾਤਾਂ ਦੀ ਵੀਡੀਓ ਰਿਕਾਰਡਿੰਗ ਦੇ ਰੂਪ 'ਚ ਜਨਤਕ ਹੋ ਚੁੱਕੇ ਹਨ। ਖ਼ੁਲਾਸਿਆਂ ਦੀ ਵਜ੍ਹਾ ਉਸ ਦਾ 'ਸਵੈ-ਪਛਤਾਵਾ' ਨਹੀਂ, ਸਗੋਂ ਆਹਲਾ ਅਧਿਕਾਰੀਆਂ ਨਾਲ ਉਸ ਦੀ ਅਣਬਣ ਹੈ ਜਿਨ੍ਹਾਂ ਦੇ ਇਸ਼ਾਰੇ 'ਤੇ ਉਹ ਖ਼ੁਦ ਘਿਨਾਉਣੇ ਜੁਰਮ ਕਰਦਾ ਰਿਹਾ ਅਤੇ ਜਿਨ੍ਹਾਂ ਉਪਰ ਉਹ ਮੁਸੀਬਤ ਪੈਣ 'ਤੇ ਮਦਦ ਕਰਨ ਦੀ ਬਜਾਏ ਹੱਥ ਖਿੱਚ ਲੈਣ ਦੇ ਇਲਜ਼ਾਮ ਲਾ ਰਿਹਾ ਹੈ।

ਉਸ ਨੇ ਪ੍ਰੋ. ਰਾਜਿੰਦਰ ਸਿੰਘ ਬੁਲਾਰਾ (ਸਾਬਕਾ ਐਮ.ਪੀ. ਤੇ ਅਕਾਲੀ ਆਗੂ ਰਾਜਿੰਦਰ ਕੌਰ ਬੁਲਾਰਾ ਦੇ ਪਤੀ) ਅਤੇ ਸ਼ੇਰ ਸਿੰਘ ਸ਼ੇਰਾ ਸਣੇ 50 ਫਰਜ਼ੀ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕੀਤਾ ਹੈ। ਉਸ ਨੇ ਇਹ ਵੀ ਖ਼ੁਲਾਸਾ ਕੀਤਾ ਕਿ ਪਹਿਲਾਂ ਹਿਰਾਸਤ ਵਿਚ ਪਿੰਕਾ ਮੁਹਾਲੀ ਨਾਂ ਦੇ ਸਾਧਾਰਨ 'ਦਹਿਸ਼ਤਗਰਦ' ਦੇ ਮੂੰਹ ਵਿਚ ਸਾਇਨਾਇਡ ਕੈਪਸੂਲ ਪਾ ਕੇ ਉਚ ਪੁਲਿਸ ਅਧਿਕਾਰੀਆਂ ਵਲੋਂ ਉਸ ਨੂੰ ਮਾਰਨ ਦਾ ਯਤਨ ਕੀਤਾ ਗਿਆ। ਇਸ ਵਿਚ ਅਸਫ਼ਲ ਰਹਿਣ 'ਤੇ ਸੁਮੇਧ ਸੈਣੀ (ਉਦੋਂ ਐਸ.ਐਸ.ਪੀ.) ਨੇ ਉਸ ਨੂੰ ਖ਼ੁਦ ਗੋਲੀ ਮਾਰ ਕੇ ਉਸ ਦੀ ਲਾਸ਼ ਭਾਖੜਾ ਨਹਿਰ ਵਿਚ ਸੁੱਟ ਦਿੱਤੀ। ਉਸ ਨੇ ਇਹ ਵੀ ਦਾਅਵਾ ਕੀਤਾ ਕਿ ਉਹ 50 ਲੱਖ ਰੁਪਏ ਵੱਢੀ ਦੇ ਕੇ ਇਸ ਸਾਲ ਮਈ ਮਹੀਨੇ ਪੁਲਿਸ ਦੀ ਨੌਕਰੀ 'ਤੇ ਬਹਾਲ ਹੋਇਆ ਸੀ।

ਇਹ ਖ਼ੁਲਾਸੇ ਪੁਲਿਸ ਮੁਕਾਬਲਿਆਂ ਦੇ ਨਾਂ ਹੇਠ ਕਤਲਾਂ ਦੇ ਬਹੁਤ ਵੱਡੇ ਸਿਲਸਿਲੇ ਦੀ ਝਲਕ ਮਾਤਰ ਹਨ। ਜੋ ਆਪਣੇ ਆਪ ਵਿਚ ਹੀ ਸਬੂਤ ਹੈ ਕਿ ਜੇ ਪਿੰਕੀ ਦੇ ਇਹ 'ਸੰਜਮੀ' ਖ਼ੁਲਾਸੇ ਐਨੇ ਰੌਂਗਟੇ ਖੜ੍ਹੇ ਕਰਨ ਵਾਲੇ ਹਨ ਤਾਂ ਰਾਜਕੀ ਦਹਿਸ਼ਤਗਰਦੀ ਦੀ ਅਸਲ ਹਕੀਕਤ ਕਿੰਨੀ ਭਿਆਨਕ ਹੋਵੇਗੀ! ਫਰਜ਼ੀ ਮੁਕਾਬਲਿਆਂ ਅਤੇ ਨੌਜਵਾਨਾਂ ਨੂੰ ਅਗਵਾ ਕਰ ਕੇ ਗ਼ਾਇਬ ਕਰ ਦੇਣ ਦੇ ਸਿਲਸਿਲੇ ਵਿਚ ਭਾਵੇਂ ਸੁਪਰੀਮ ਕੋਰਟ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ 2500 ਤੋਂ ਵੱਧ ਪਟੀਸ਼ਨ ਦਾਇਰ ਕੀਤੀਆਂ ਗਈਆਂ, ਪਰ ਕੁਝ ਕੁ ਮਾਮਲਿਆਂ ਨੂੰ ਛੱਡ ਕੇ ਜ਼ਾਹਰਾ ਗੁਨਾਹਗਾਰ ਅਧਿਕਾਰੀਆਂ ਨੂੰ ਕੋਈ ਸਜ਼ਾ ਨਹੀਂ ਹੋਈ। ਸਜ਼ਾ ਦੀ ਤਾਂ ਗੱਲ ਛੱਡੋ, ਉਲਟਾ ਕਸੂਰਵਾਰ ਪੁਲਿਸ ਅਧਿਕਾਰੀਆਂ ਨੂੰ ਮੁਕੱਦਮਿਆਂ ਵਿਚ ਸਜ਼ਾਵਾਂ ਤੋਂ ਬਚਾਉਣ ਲਈ ਤੇ ਉਨ੍ਹਾਂ ਦੀਆਂ ਪੂਰੀਆਂ ਤਨਖ਼ਾਹਾਂ ਸਮੇਤ ਨੌਕਰੀ ਦੇ ਸਮੁੱਚੇ ਮਾਲੀ ਲਾਭ ਮੁਹੱਈਆ ਕਰਾਉਣ ਉਪਰ ਸਰਕਾਰੀ ਖ਼ਜ਼ਾਨੇ ਵਿਚੋਂ ਸਿੱਧੇ-ਅਸਿੱਧੇ ਢੰਗਾਂ ਨਾਲ ਕਰੋੜਾਂ ਰੁਪਏ ਹਰ ਸਾਲ ਖ਼ਰਚੇ ਜਾ ਰਹੇ ਹਨ।

ਪਿੰਕੀ ਦੇ ਖ਼ੁਲਾਸਿਆਂ ਨਾਲ ਕੇ.ਪੀ.ਐਸ. ਗਿੱਲ, ਸੁਮੇਧ ਸੈਣੀ ਦੀ ਭੂਮਿਕਾ 'ਤੇ ਵੱਡੇ ਸਵਾਲ ਉਠਦੇ ਹਨ ਜੋ ਅੱਜ ਵੀ ਦਹਿਸ਼ਤਗਰਦਾਂ ਨੂੰ ਖ਼ਤਮ ਕਰ ਕੇ 'ਕਾਨੂੰਨ ਦਾ ਰਾਜ' ਲਿਆਉਣ ਦੀਆਂ ਸਵੈ-ਤਾਰੀਫ਼ੀ ਦੀ ਨੁਮਾਇਸ਼ ਲਾਉਂਦੇ ਫਿਰਦੇ ਹਨ। ਨਿਸ਼ਚੇ ਹੀ ਇਸ ਕਤਲੋਗ਼ਾਰਤ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ ਹੈ ਅਤੇ ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ



ਗੁਰਮੀਤ ਸਿੰਘ ਉਰਫ ਪਿੰਕੀ ਕੈਟ

ਖ਼ਿਲਾਫ਼ ਢੁਕਵੀਂ ਕਾਰਵਾਈ ਦੀ ਮੰਗ ਉਠਣੀ ਚਾਹੀਦੀ ਹੈ, ਪਰ ਹਕੂਮਤੀ ਦਹਿਸ਼ਤਗਰਦੀ ਨੂੰ ਕੁਝ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਤਕ ਮਹਿਦੂਦ ਕਰ ਕੇ ਦੇਖਣ ਦੀ ਪਹੁੰਚ ਉਕਾ ਹੀ ਗ਼ਲਤ ਹੈ। ਇਹ ਪਹੁੰਚ ਸਟੇਟ ਅਤੇ ਸੱਤਾਧਾਰੀ ਜਮਾਤ ਦੀ ਬਾਗ਼ੀ ਲਹਿਰਾਂ ਨੂੰ ਕੁਚਲਣ ਦੀ ਬਾਕਾਇਦਾ ਸਿਆਸੀ ਨੀਤੀ ਦੀ ਪ੍ਰਮੁੱਖ ਭੂਮਿਕਾ ਉਪਰ ਪਰਦਾਪੋਸ਼ੀ ਹੋ ਨਿੱਬੜਦੀ ਹੈ।

ਦਰਅਸਲ, ਹੁਣ ਇਹ ਸਵਾਲ ਪੁੱਛਣਾ ਬਣਦਾ ਹੈ ਕਿ ਇਨ੍ਹਾਂ ਅਧਿਕਾਰੀਆਂ ਨੂੰ ਲਾਕਾਨੂੰਨੀਆਂ ਕਰਨ ਦੇ ਸਿਆਸੀ ਹੁਕਮ ਦੇਣ ਵਾਲੇ ਕੌਣ ਸਨ? ਕੁਝ ਅਧਿਕਾਰੀਆਂ ਦੀਆਂ ਆਪਹੁਦਰੀਆਂ ਹੋਰ ਗੱਲ ਹੈ ਅਤੇ ਸਟੇਟ ਦੀ ਬਾਕਾਇਦਾ ਦਹਿਸ਼ਤਗਰਦ ਨੀਤੀ ਬਿਲਕੁਲ ਹੀ ਵੱਖਰੀ ਚੀਜ਼ ਹੈ। ਮਨਮਾਨੀਆਂ ਕਰਨ ਵਾਲੇ ਪੁਲਿਸ/ਸੁਰੱਖਿਆ ਤਾਕਤਾਂ ਦੇ ਅਧਿਕਾਰੀ ਆਪਣੇ ਮੁਫ਼ਾਦ ਲਈ ਆਪਣੇ ਤੌਰ 'ਤੇ ਐਸੇ ਕੁਝ ਘਿਨਾਉਣੇ ਕਤਲਾਂ ਨੂੰ ਅੰਜਾਮ ਦੇਣਾ ਹੋਰ ਗੱਲ ਹੈ, ਪਰ ਇਹ ਸਟੇਟ ਦਾ ਵਤੀਰਾ ਅਤੇ ਸੱਤਾਧਾਰੀ ਜਮਾਤ ਦੀ ਬਾਕਾਇਦਾ ਨੀਤੀ ਹੈ ਜਿਸ ਤਹਿਤ ਰਾਜਤੰਤਰ ਅਕਸਰ ਹੀ ਰਾਜ ਵਿਰੋਧੀ ਲਹਿਰਾਂ ਨੂੰ ਖ਼ਤਮ ਕਰਨ ਲਈ ਫਰਜ਼ੀ ਪੁਲਿਸ ਮੁਕਾਬਲਿਆਂ ਸਮੇਤ ਹਰ ਲਾਕਾਨੂੰਨੀ ਢੰਗ ਅਖ਼ਤਿਆਰ ਕਰਦਾ ਹੈ। ਇਸ ਮਨੋਰਥ ਲਈ ਪੁਲਿਸ/ਸੁਰੱਖਿਆ ਤਾਕਤਾਂ ਨੂੰ ਜਲਾਦ ਦੀ ਭੂਮਿਕਾ ਨਿਭਾਉਣ ਲਈ ਸ਼ਿਸ਼ਕੇਰਨ ਤਕ ਸੀਮਤ ਨਾ ਰਹਿ ਕੇ ਬਲੈਕ ਕੈਟਾਂ ਜਿਹੇ ਗ਼ੈਰਕਾਨੂੰਨੀ ਗਰੋਹ ਖੜ੍ਹੇ ਕੀਤੇ ਜਾਂਦੇ ਹਨ।

ਉਸ ਦੌਰ ਵਿਚ ਅਮਨ-ਕਾਨੂੰਨ ਤੇ ਕਾਨੂੰਨ-ਵਿਵਸਥਾ ਬਹਾਲ ਕਰਨ ਦੇ ਨਾਂ 'ਤੇ 'ਅਤਿਵਾਦ' ਦਾ ਸਫ਼ਾਇਆ ਕਰਨ ਲਈ ਕਾਨੂੰਨੀ ਤਾਕਤਾਂ ਤੇ ਲਾਕਾਨੂੰਨੀ ਗਰੋਹਾਂ ਦਾ ਥੋਕ ਇਸਤੇਮਾਲ ਇਸੇ ਬਾਕਾਇਦਾ ਨੀਤੀ ਤਹਿਤ ਹੋਇਆ। ਇਸ ਸਬੰਧ 'ਚ ਪੁਲਿਸ/ਸੁਰੱਖਿਆ ਬਲਾਂ ਅਤੇ ਕੈਟ ਗਰੋਹਾਂ ਦੇ ਬਦਨਾਮ ਕਿਰਦਾਰਾਂ ਦੀ ਗੱਲ ਕਰਦਿਆਂ ਸਭ ਤੋਂ ਅਹਿਮ ਸਵਾਲ ਹਕੂਮਤੀ ਦਹਿਸ਼ਤਗਰਦੀ ਦੇ ਰਾਜਸੀ ਸੂਤਰਧਾਰਾਂ ਦੀ ਭੂਮਿਕਾ ਦਾ ਉਠਾਇਆ ਜਾਣਾ ਚਾਹੀਦਾ ਹੈ। ਸਿਰਫ਼ ਪੁਲਿਸ ਅਫ਼ਸਰਾਂ ਦੀ ਜਵਾਬਦੇਹੀ ਕਿਉਂ? ਉਨ੍ਹਾਂ ਰਾਜਸੀ ਆਗੂਆਂ ਦੀ ਕਿਉਂ ਨਹੀਂ ਜਿਨ੍ਹਾਂ ਦੇ ਇਸ਼ਾਰੇ 'ਤੇ ਪੁਲਿਸ ਅਧਿਕਾਰੀ ਇਹ ਕੁਝ ਕਰਦੇ ਸਨ ਅਤੇ ਅੱਜ ਵੀ ਕਰ ਰਹੇ ਹਨ?

ਇਸ ਸਵਾਲ ਉਪਰ ਬਾਦਲ ਹਕੂਮਤ ਦੀ ਭੂਮਿਕਾ ਕਾਂਗਰਸ ਦੀ ਅਗਵਾਈ ਹੇਠ ਹਕੂਮਤੀ ਦਹਿਸ਼ਤਗਰਦੀ ਦੇ ਕਿਸੇ ਵੀ ਕਸੂਰਵਾਰ ਅਧਿਕਾਰੀ ਦੇ ਖ਼ਿਲਾਫ਼ ਢੁਕਵੀਂ ਕਾਰਵਾਈ ਨਾ ਕਰਨ, ਸੁਮੇਧ ਸੈਣੀ ਵਰਗੇ ਬਦਨਾਮ ਅਧਿਕਾਰੀਆਂ ਨੂੰ ਪੁਲਿਸ ਮੁਖੀ ਬਣਾਉਣ, ਪਿੰਕੀ ਕੈਟ ਨੂੰ ਉਮਰ ਕੈਦ ਵਿਚ ਖ਼ਾਸ ਰਿਆਇਤ ਦੇ ਕੇ ਰਿਹਾ ਕਰਨ, ਉਸ ਨੂੰ ਨੌਕਰੀ 'ਤੇ ਬਹਾਲ ਕਰਨ ਅਤੇ ਵਿਆਪਕ ਵਿਰੋਧ ਤੋਂ ਬਾਅਦ ਉਸ ਨੂੰ ਨੌਕਰੀ ਤੋਂ ਹਟਾ ਦੇਣ ਦੇ ਪੂਰੇ ਸਿਲਸਿਲੇ ਤੋਂ ਐਨ ਸਪਸ਼ਟ ਹੈ। ਦੂਜੇ ਪਾਸੇ, ਅਜਿਹੇ ਖ਼ੁਲਾਸਿਆਂ ਦਾ ਸਿਆਸੀ ਲਾਹਾ ਲੈਣ ਲਈ ਨਿਹਾਇਤ ਮੌਕਾਪ੍ਰਸਤੀ ਦਾ ਮੁਜੱਸਮਾ ਕਾਂਗਰਸੀ ਆਗੂਆਂ ਦੇ ਇਹ ਬਿਆਨ ਹਨ ਕਿ ਜਦੋਂ ਉਹ ਸੱਤਾ ਵਿਚ ਆਏ ਤਾਂ ਇਸ ਦੀ ਜਾਂਚ ਕਰਾਈ ਜਾਵੇਗੀ। ਕੀ ਉਹ ਇਹ ਜਾਂਚ ਕਰਾਉਣਗੇ ਕਿ ਪੰਜਾਬ ਵਿਚ ਦਹਿਸ਼ਤਗਰਦੀ ਖ਼ਤਮ ਕਰਨ ਦੇ ਨਾਂ ਹੇਠ ਨੌਜਵਾਨਾਂ ਦਾ ਜੋ ਵਸੀਹ ਪੈਮਾਨੇ 'ਤੇ ਘਾਣ ਕੀਤਾ ਗਿਆ। ਇਹ ਸਭ ਉਨ੍ਹਾਂ ਦੀ ਪਾਰਟੀ ਦੇ ਇਸ਼ਾਰੇ 'ਤੇ ਹੋਇਆ ਅਤੇ ਇਹ ਇਸ਼ਾਰਾ ਕਰਨ ਵਾਲੇ ਆਗੂ ਕੌਣ-ਕੌਣ ਸਨ? ਘੱਟੋ-ਘੱਟ ਪੰਜ ਪ੍ਰਧਾਨ ਮੰਤਰੀਆਂ, ਉਨ੍ਹਾਂ ਦੇ ਕੇਂਦਰੀ ਗ੍ਰਹਿ ਮੰਤਰੀਆਂ, ਉਨ੍ਹਾਂ ਦੇ ਥਾਪੇ ਗਵਰਨਰਾਂ ਸਮੇਤ ਮੌਕੇ ਦੀ ਸਿਆਸੀ ਲੀਡਰਸ਼ਿਪ ਦੀ ਹਕੂਮਤੀ ਦਹਿਸ਼ਤਗਰਦੀ ਵਿਚ ਪ੍ਰਮੁੱਖ ਭੂਮਿਕਾ ਰਹੀ ਹੈ। ਜਿਨ੍ਹਾਂ ਨੇ ਇਹ ਦਲੀਲ ਦੇ ਕੇ ਰਾਜਕੀ ਦਹਿਸ਼ਤਗਰਦੀ (ਪੁਲਿਸ, ਸੁਰੱਖਿਆ ਬਲਾਂ ਅਤੇ ਖ਼ਾਸ ਮੌਕਿਆਂ ਉਪਰ ਫ਼ੌਜ) ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ ਕਿ ਕੋਈ ਵੀ ਲਾਕਾਨੂੰਨੀ, ਨਾਜਾਇਜ਼ ਤੇ ਸਾਜ਼ਿਸ਼ੀ ਢੰਗ ਅਖ਼ਤਿਆਰ ਕਰੋ, ਪਰ 'ਦਹਿਸ਼ਤਵਾਦ ਨੂੰ ਖ਼ਤਮ ਕਰੋ'; ਜਿਸ ਨੂੰ ਪੈਦਾ ਕਰਨ ਦੀ ਮੁੱਖ ਮੁਜਰਿਮ ਖ਼ੁਦ ਕਾਂਗਰਸ ਹੀ ਸੀ। 'ਪੰਜਾਬ ਮਸਲੇ' ਨੂੰ ਆਪਣੇ ਸੌੜੇ ਸਿਆਸੀ ਮੁਫ਼ਾਦ ਲਈ ਉਲਝਾਉਣ, ਲਟਕਾਉਣ, ਵਧਾਉਣ ਅਤੇ ਦਬਾਉਣ ਵਿਚ ਇੰਦਰਾ ਗਾਂਧੀ, ਰਾਜੀਵ ਗਾਂਧੀ, ਨਰਸਿਮਹਾ ਰਾਓ, ਬੂਟਾ ਸਿੰਘ ਸਮੇਤ ਸਮੁੱਚੀ ਆਹਲਾ ਕਾਂਗਰਸੀ ਲੀਡਰਸ਼ਿਪ ਦੀ ਭੂਮਿਕਾ ਨੂੰ ਕੌਣ ਭੁੱਲਿਆ ਹੈ? ਰਾਜਕੀ ਦਹਿਸ਼ਤਗਰਦੀ ਉਨ੍ਹਾਂ ਦੀ ਸੋਚੀ-ਸਮਝੀ ਨੀਤੀ ਦਾ ਅਨਿੱਖੜ ਅੰਗ ਰਹੀ ਹੈ ਜਿਨ੍ਹਾਂ ਦੀ ਟੇਕ ਹਮੇਸ਼ਾ ਮਸਲਿਆਂ ਦੇ ਸਿਆਸੀ ਹੱਲ ਦੀ ਬਜਾਏ ਰਾਜਤੰਤਰ ਦੀ ਹਥਿਆਰਬੰਦ ਤਾਕਤ ਜ਼ਰੀਏ 'ਗੜਬੜ ਨੂੰ ਦਬਾਉਣ' ਦੀ ਰਹੀ ਹੈ।

ਇਹ ਤੱਥ ਵੀ ਲੋਕ ਚੇਤਿਆਂ ਵਿਚੋਂ ਮਿਟਾਇਆ ਨਹੀਂ ਜਾ ਸਕਦਾ ਕਿ ਜਦੋਂ 1992-1994 ਦੇ ਸਾਲਾਂ ਵਿਚ ਖ਼ਾਲਿਸਤਾਨੀ ਲਹਿਰ ਲਗਭਗ ਦਮ ਤੋੜ ਚੁੱਕੀ ਸੀ। ਉਦੋਂ ਬੇਅੰਤ ਸਿੰਘ ਦੀ ਹਕੂਮਤ ਹੇਠ ਕੇ.ਪੀ.ਐਸ. ਗਿੱਲ ਦੀਆਂ ਸਿੱਧੀਆਂ ਹਦਾਇਤਾਂ ਉਪਰ ਉਨ੍ਹਾਂ ਬੇਸ਼ੁਮਾਰ ਨੌਜਵਾਨਾਂ ਨੂੰ ਫੜ-ਫੜ ਕੇ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰ ਦਿੱਤਾ ਗਿਆ ਜਾਂ ਮਾਰ ਕੇ ਖਪਾ ਦਿੱਤਾ ਗਿਆ ਜਿਨ੍ਹਾਂ ਦਾ ਲਹਿਰ ਨਾਲ ਕਦੇ ਕੋਈ ਮਾਮੂਲੀ ਸਬੰਧ ਵੀ ਰਿਹਾ ਸੀ।

ਅੱਜ ਜਦੋਂ ਪਿੰਕੀ ਕੈਟ ਦੇ ਹਵਾਲੇ ਨਾਲ ਇਹ ਸਵਾਲ ਮੁੜ ਉਭਰਿਆ ਹੈ ਤਾਂ ਕੇ.ਪੀ.ਐਸ. ਗਿੱਲ ਅਤੇ ਉਸ ਦੀ ਅਗਵਾਈ ਹੇਠ ਕੰਮ ਕਰਦੇ ਰਹੇ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਨੂੰ ਤਾਂ ਕਟਹਿਰੇ ਵਿਚ ਖੜ੍ਹਾ ਕੀਤਾ ਹੀ ਜਾਣਾ ਚਾਹੀਦਾ ਹੈ, ਨਾਲ ਹੀ ਇਸ ਤੋਂ ਵੀ ਜ਼ਰੂਰੀ ਹੈ ਕਿ ਕਾਂਗਰਸ ਤੇ ਅਕਾਲੀ ਆਗੂਆਂ ਦੀ ਮਨੁੱਖਤਾ ਦੇ ਇਸ ਵਿਆਪਕ ਘਾਣ ਵਿਚ ਨਿਹਾਇਤ ਲੋਕ ਵਿਰੋਧੀ ਭੂਮਿਕਾ ਨੂੰ ਲੋਕ ਕਟਹਿਰੇ ਵਿਚ ਖੜ੍ਹਾ ਕਰਨਾ ਅਤੇ ਇਨ੍ਹਾਂ ਤੋਂ ਇਨ੍ਹਾਂ ਇਤਿਹਾਸਕ ਜੁਰਮਾਂ ਦਾ ਹਿਸਾਬ ਮੰਗਣਾ।

# ਸਿੱਖਿਆ ਦਾ ਮਾਧਿਅਮ ਅਤੇ ਪੰਜਾਬੀ

ਇਸ ਗੱਲ ਨਾਲ ਸਾਰੇ ਸਿੱਖਿਆ ਸ਼ਾਸਤਰੀ, ਭਾਸ਼ਾ ਵਿਗਿਆਨੀ ਸਹਿਮਤ ਹਨ ਕਿ ਬੱਚੇ ਨੂੰ ਮੁੱਢਲੀ ਸਿੱਖਿਆ ਉਸ ਦੀ ਮਾਤ ਭਾਸ਼ਾ ਵਿਚ ਹੀ ਦਿੱਤੀ ਜਾਣੀ ਚਾਹੀਦੀ ਹੈ। ਸਿੱਖਿਆ ਦੀਆਂ ਮੂਲ ਧਾਰਨਾਵਾਂ, ਮਾਤ ਭਾਸ਼ਾ ਰਾਹੀਂ ਹੀ ਜ਼ਿਆਦਾ ਨਿਪੁੰਨਤਾ ਨਾਲ ਸਿਖਾਈਆਂ ਅਤੇ ਸਮੋਈਆਂ ਜਾ ਸਕਦੀਆਂ ਹਨ। ਜਿੰਨੇ ਸੌਖਾਲੇ ਢੰਗ ਨਾਲ ਬੱਚਾ ਆਪਣੀ ਮਾਤ ਭਾਸ਼ਾ ਵਿਚ ਸਿੱਖ ਸਕਦਾ ਹੈ, ਉਨਾਂ ਕਿਸੇ ਦੂਜੀ ਭਾਸ਼ਾ ਵਿਚ ਨਹੀਂ। ਜਿਵੇਂ-ਜਿਵੇਂ ਬੱਚੇ ਅੰਦਰ ਮਾਤ ਭਾਸ਼ਾ ਦੀ ਮੁਹਾਰਤ ਮਜ਼ਬੂਤ ਹੁੰਦੀ ਜਾਂਦੀ ਹੈ, ਤਿਉਂ-ਤਿਉਂ ਸੋਚਣ ਸ਼ਕਤੀ ਅਤੇ

ਜੱਜ ਸਿੰਘ
ਫੋਨ: +91-94633-44917

ਸਿਰਜਣ ਸਮਰੱਥਾ ਵਿਚ ਵੀ ਵਾਧਾ ਹੁੰਦਾ ਜਾਂਦਾ ਹੈ। ਬੰਦੇ ਦੀ ਮੌਲਿਕ ਸੋਚ, ਸਿਰਜਣਸ਼ੀਲਤਾ ਅਤੇ ਗਿਆਨ ਪ੍ਰਾਪਤੀ ਦੀ ਵਧੇਰੇ ਰਫ਼ਤਾਰ ਮਾਤ ਭਾਸ਼ਾ ਵਿਚ ਹੀ ਸੰਭਵ ਹੁੰਦੀ ਹੈ। ਇਹੀ ਕਾਰਨ ਹੈ ਕਿ ਸੰਸਾਰ ਦੇ ਸਭ ਸਿੱਖਿਆ ਮਾਹਿਰ ਮਾਤ ਭਾਸ਼ਾ ਵਿਚ ਸਿੱਖਿਆ ਦੇਣ ਦੇ ਹੱਕ ਵਿਚ ਹਨ, ਪਰ ਇਸ ਸਭ ਦੇ ਬਾਵਜੂਦ ਭਾਰਤ ਵਿਚ ਮਾਤ ਭਾਸ਼ਾਵਾਂ ਨਾਲ ਮਤਰੇਆ ਵਿਹਾਰ ਹੋ ਰਿਹਾ ਹੈ। ਭਾਰਤ ਦੇ ਬਹੁਤੇ ਰਾਜਾਂ ਵਿਚ ਬੱਚਿਆਂ ਨੂੰ ਮੁੱਢਲੀ ਸਿੱਖਿਆ ਉਨ੍ਹਾਂ ਦੀ ਮਾਤ ਭਾਸ਼ਾ ਦੀ ਥਾਂ ਕਿਸੇ ਹੋਰ ਭਾਸ਼ਾ ਵਿਚ ਦਿੱਤੀ ਜਾ ਰਹੀ ਹੈ। ਮਨੋਵਿਗਿਆਨੀ ਇਸ ਮਤ ਨਾਲ ਸਹਿਮਤੀ ਰੱਖਦੇ ਹਨ ਕਿ ਬੱਚੇ ਦੀ ਜ਼ਿੰਦਗੀ ਦੇ ਪਹਿਲੇ ਪੰਜ ਸਾਲ ਬਹੁਤ ਅਹਿਮ ਹੁੰਦੇ ਹਨ। ਇਨ੍ਹਾਂ ਪੰਜ ਸਾਲਾਂ ਵਿਚ ਬੱਚਾ 'ਕੀ ਬਣਨਾ ਹੈ' ਦੀ ਨੀਂਹ ਰੱਖ ਲੈਂਦਾ ਹੈ, ਪਰ ਇਹ ਸੰਭਵ ਤਾਂ ਹੀ ਹੁੰਦਾ ਹੈ, ਜੇ ਬੱਚੇ ਨੂੰ ਮੁੱਢਲੀ ਸਿੱਖਿਆ ਬਿਹਤਰ ਢੰਗ ਨਾਲ ਦਿੱਤੀ ਜਾਵੇ। ਉਹ ਇਹ ਵੀ ਦੱਸਦੇ ਹਨ ਕਿ ਸਿੱਖਿਆ ਦੇਣ ਦਾ ਬਿਹਤਰ ਢੰਗ ਮਾਤ-ਭਾਸ਼ਾ ਹੀ ਹੁੰਦੀ ਹੈ, ਖ਼ਾਸ ਕਰ ਕੇ ਪ੍ਰਾਇਮਰੀ ਪੱਧਰ ਉਤੇ।

ਸਮਕਾਲੀ ਦੌਰ ਵਿਚ ਸਿੱਖਿਆ ਦੇ ਮਾਧਿਅਮ ਵਜੋਂ ਪੰਜਾਬੀ ਭਾਸ਼ਾ ਦੀ ਹਾਲਤ ਇਹ ਹੈ ਕਿ ਪੰਜਾਬੀ ਸਿੱਖਿਆ ਦੇ ਸੰਪੂਰਨ ਮਾਧਿਅਮ ਵਜੋਂ ਸਿਰਫ਼ ਤੇ ਸਿਰਫ਼ ਸਰਕਾਰੀ ਸਕੂਲਾਂ ਵਿਚ ਹੀ ਵਰਤੀ ਜਾ ਰਹੀ ਹੈ। ਪ੍ਰਾਈਵੇਟ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿਚ ਪੰਜਾਬੀ, ਵਿਸ਼ੇ ਵਜੋਂ ਤਾਂ ਪੜ੍ਹਾਈ ਜਾ ਰਹੀ ਹੈ, ਪਰ ਸਮੁੱਚੀ ਸਿੱਖਿਆ ਦੇਣ ਦੇ ਮਾਧਿਅਮ ਵਜੋਂ ਇਸ ਦੀ ਵਰਤੋਂ ਨਹੀਂ ਹੋ ਰਹੀ। ਇਸ ਦੀ ਜਗ੍ਹਾ ਅੰਗਰੇਜ਼ੀ ਦੀ ਵਰਤੋਂ ਹੋ ਰਹੀ ਹੈ। ਬਹੁਤੇ ਪ੍ਰਾਈਵੇਟ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿਚ ਦਿਨ ਦਾ ਸਮੁੱਚਾ ਕਾਰ-ਵਿਹਾਰ ਅੰਗਰੇਜ਼ੀ ਵਿਚ ਹੀ ਹੁੰਦਾ ਹੈ। ਜੇ ਕੋਈ ਬੱਚਾ ਜਾਂ ਅਧਿਆਪਕ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਦੰਡ ਦਿੱਤਾ ਜਾਂਦਾ ਹੈ। ਹਾਲਾਤ ਦੀ ਸਿਤਮਜ਼ਰੀਫ਼ੀ ਇਹ ਹੈ ਕਿ ਪੰਜਾਬੀ ਭੋਇੰ ਵਿਚ ਰਹਿੰਦਾ ਪੰਜਾਬੀ ਬੱਚਾ ਹੀਣ ਭਾਵਨਾ ਦਾ ਸ਼ਿਕਾਰ ਹੋ ਰਿਹਾ ਹੈ। ਪੰਜਾਬੀ ਭਾਸ਼ਾ ਸਿੱਖਿਆ ਦੇ ਸੰਪੂਰਨ ਮਾਧਿਅਮ ਵਜੋਂ ਜਿਨ੍ਹਾਂ ਸਰਕਾਰੀ ਸਕੂਲਾਂ ਵਿਚ ਵਰਤੀ ਜਾ ਰਹੀ ਹੈ, ਉਨ੍ਹਾਂ ਸਕੂਲਾਂ ਦਾ ਸਰਕਾਰੀ ਸਰਪ੍ਰਸਤੀ ਦੇ ਬਾਵਜੂਦ ਅਧਿਆਪਨ ਪ੍ਰਬੰਧ, ਬਿਲਡਿੰਗ, ਫਰਨੀਚਰ ਪ੍ਰਬੰਧ ਬੇਹੱਦ ਖ਼ਸਤਾ ਹਾਲਤ ਵਿਚ ਹੈ। ਇਸ ਕਰ ਕੇ ਉੱਚ ਅਤੇ ਮੱਧ ਵਰਗ ਇਨ੍ਹਾਂ ਸਕੂਲਾਂ ਤੋਂ ਮੁਨਕਰ ਹੈ। ਇਨ੍ਹਾਂ ਸਕੂਲਾਂ ਵਿਚ 80 ਫੀਸਦ ਤੋਂ ਉਪਰ ਬੱਚੇ ਬੇਜ਼ਮੀਨੇ ਕਿਸਾਨਾਂ ਅਤੇ ਪਛੜੇ ਵਰਗਾਂ ਦੇ ਹੀ ਪੜ੍ਹ ਰਹੇ ਹਨ। ਇਨ੍ਹਾਂ ਸਕੂਲਾਂ ਦੀ ਅਜਿਹੀ ਹਾਲਤ ਅਸਲ ਵਿਚ ਸਰਕਾਰਾਂ ਦੀ ਦੋਗਲੀ ਨੀਤੀ ਕਰ ਕੇ ਹੋ ਰਹੀ ਹੈ। ਇੱਕ ਪਾਸੇ ਭਾਸ਼ਾ ਐਕਟ ਪਾਸ ਕੀਤੇ ਜਾ ਰਹੇ ਹਨ ਤਾਂ ਕਿ ਪੰਜਾਬੀ ਨੂੰ ਸਮੁੱਚੇ ਪ੍ਰਬੰਧ ਦੀ ਭਾਸ਼ਾ ਬਣਾਇਆ ਜਾਵੇ, ਦੂਜੇ ਪਾਸੇ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਪ੍ਰਾਈਵੇਟ ਸਕੂਲਾਂ/ਕਾਲਜਾਂ ਨੂੰ ਧੜਾ-ਧੜ ਮਾਨਤਾ ਦਿੱਤੀ ਜਾ ਰਹੀ। ਇਹ ਉਹ ਸਕੂਲ/ਕਾਲਜ ਹਨ ਜਿਥੇ ਪੰਜਾਬੀ ਨੂੰ ਸਿਰਫ਼, ਅਨੁਸ਼ਾਸਨ ਵਜੋਂ ਹੀ ਪੜ੍ਹਾਇਆ ਜਾਂਦਾ ਹੈ। ਦੂਜੀ ਗੱਲ, ਇਨ੍ਹਾਂ ਵਿਚ ਪੜ੍ਹਾਈ ਦੀ ਹਾਲਤ ਇੰਨੀ ਮਾੜੀ ਹੈ ਕਿ ਬਹੁਤ ਘੱਟ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚੋਂ ਸਿੱਖਿਆ ਪ੍ਰਾਪਤ ਕਰ ਕੇ ਉਚ ਸਿੱਖਿਆ, ਮੈਡੀਕਲ ਸਾਇੰਸ, ਕਾਨੂੰਨ, ਵਣਜ-ਵਪਾਰ, ਤਕਨਾਲੋਜੀ ਦੇ ਖੇਤਰਾਂ ਵਿਚ ਜਾਂਦੇ ਹਨ। ਇਸੇ ਕਰ ਕੇ ਅੱਜ ਹਰ ਉਹ ਬੰਦਾ ਜਿਸ ਦੀ ਆਰਥਿਕ ਪਹੁੰਚ ਹੈ, ਅਜਿਹੇ ਸਕੂਲਾਂ ਵਿਚ ਆਪਣੇ ਬੱਚੇ ਦਾਖ਼ਲ ਕਰਾਉਣ ਤੋਂ ਗੁਰੇਜ਼ ਕਰਦਾ ਹੈ। ਅੱਜ ਸੰਸਾਰ ਪੂੰਜੀਵਾਦੀ ਵਰਤਾਰੇ ਨੇ ਹਰ ਮਨੁੱਖ ਅੱਗੇ ਇਹ ਮਿੱਥ ਖੜ੍ਹੀ ਕਰ ਦਿੱਤੀ ਹੈ ਕਿ ਜੇ ਕਿਸੇ ਨੇ ਤਰੱਕੀ ਕਰਨੀ ਹੈ ਤਾਂ ਉਸ ਨੂੰ ਅੰਗਰੇਜ਼ੀ ਦੇ ਰਾਹ 'ਤੇ ਹੀ ਚੱਲਣਾ ਪਵੇਗਾ। ਇਸੇ ਕਰ ਕੇ ਹਰ ਬੰਦਾ ਅੰਤਾਂ ਦੀ ਤੰਗਦਸਤੀ ਦੇ ਬਾਵਜੂਦ ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਮਾਡਲ/ਕਾਨਵੈਂਟ ਸਕੂਲਾਂ ਵਿਚ ਪੜ੍ਹਾਉਂਦਾ ਹੈ।

ਇਥੋਂ ਤੱਕ ਕਿ ਪੰਜਾਬੀ ਭਾਸ਼ਾ ਅਤੇ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਨੂੰ ਮੁੱਖ ਰੱਖ ਕੇ ਜੋ ਸਕੂਲੀ ਸੰਸਥਾਵਾਂ ਹੋਂਦ ਵਿਚ ਆਈਆਂ ਸਨ, ਉਹ ਵੀ ਅੱਜ ਆਪਣੇ ਉਦੇਸ਼ ਤੋਂ ਦੂਰ ਹੋ ਰਹੀਆਂ ਹਨ। ਜੇ ਇਨ੍ਹਾਂ ਦੇ ਪ੍ਰਬੰਧਕਾਂ ਨੂੰ ਪੁੱਛਿਆ ਜਾਵੇ ਕਿ ਅਜਿਹਾ ਕਿਉਂ, ਤਾਂ ਜਵਾਬ ਹੁੰਦਾ ਹੈ ਕਿ ਇਹ ਯੁੱਗ ਅੰਗਰੇਜ਼ੀ ਦਾ ਹੈ, ਅੱਜ ਦੇ ਯੁੱਗ ਵਿਚ ਅੰਗਰੇਜ਼ੀ ਤੋਂ ਬਿਨਾਂ ਬੱਚਿਆਂ ਦਾ ਭਵਿੱਖ ਨਹੀਂ ਬਣ ਸਕਦਾ। ਫਿਰ ਗੁਰਬਾਣੀ ਦੇ ਮੂਲ ਆਸ਼ੇ/ਉਦੇਸ਼ ਭਾਵੇਂ ਕੁਝ ਵੀ ਹੋਣ, ਉਹ ਵੀ ਨਾਲ ਨਾਲ ਚੱਲੀ ਜਾਂਦੇ ਹਨ। ਗੁਰੂ ਸਾਹਿਬਾਨ ਦੇ ਨਾਮ ਦੇ ਆਧਾਰ ਉਤੇ ਉਸਰੀਆਂ ਕਈ ਸੰਸਥਾਵਾਂ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਸਮਝੇ ਬਗੈਰ ਮੁਨਾਫ਼ਾ ਕਮਾਉਣ ਦੀ ਅੰਨ੍ਹੀ ਦੌੜ ਵਿਚ ਲੱਗੀਆਂ ਹੋਈਆਂ ਹਨ। ਅੱਜ ਜੇ ਇਹ ਸੰਸਥਾਵਾਂ 'ਅੰਗਰੇਜ਼ੀ ਦੇ ਯੁੱਗ' ਨੂੰ ਆਧਾਰ ਬਣਾ ਕੇ ਆਪਣੀ ਮਾਤ ਭਾਸ਼ਾ ਤੋਂ ਮੁਨਕਰ ਹੋ ਰਹੀਆਂ ਹਨ ਤਾਂ ਦੱਸਣਾ ਬਣਦਾ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਵੀ ਯੁੱਗ ਤਾਂ ਮਾਤ ਭਾਸ਼ਾਵਾਂ ਦੇ ਹੱਕ ਵਿਚ ਨਹੀਂ ਸੀ! ਉਦੋਂ ਵੀ ਸੰਸਕ੍ਰਿਤ, ਅਰਬੀ/ਫ਼ਾਰਸੀ ਭਾਸ਼ਾਵਾਂ ਦਾ ਹੀ ਬੋਲਬਾਲਾ ਸੀ ਜਿਸ ਤਰ੍ਹਾਂ ਅੱਜ ਅੰਗਰੇਜ਼ੀ ਦਾ ਹੈ। ਗੁਰੂ ਸਾਹਿਬਾਨ ਨੇ ਭਾਸ਼ਾ ਦੇ ਮਹੱਤਵ ਨੂੰ ਸਮਝਦਿਆਂ ਮਾਤ ਭਾਸ਼ਾ ਨੂੰ ਕੇਂਦਰ ਵਿਚ ਰੱਖਿਆ। ਇਥੋਂ ਤੱਕ ਕਿ ਗੁਰੂ ਨਾਨਕ ਤਾਂ ਉਨ੍ਹਾਂ ਲੋਕਾਂ ਨੂੰ ਫਿਟਕਾਰਦੇ ਵੀ ਹਨ ਜੋ ਆਪਣੀ ਭਾਸ਼ਾ ਭੁੱਲ ਕੇ ਦੂਜੀਆਂ ਭਾਸ਼ਾਵਾਂ ਬੋਲ ਜਾਂ ਸਿੱਖ ਰਹੇ ਸਨ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ
ਭਾਖਿਆ ਗਹੀ॥

ਗੁਰੂ ਅਮਰਦਾਸ ਜਦੋਂ ਹਰਿਦੁਆਰ ਯਾਤਰਾ 'ਤੇ ਜਾ ਰਹੇ ਸਨ ਤਾਂ ਥਾਨੇਸਰ ਵਿਖੇ ਪੰਡਿਤਾਂ ਨੇ ਉਨ੍ਹਾਂ ਦੀ ਆਲੋਚਨਾ ਕੀਤੀ ਕਿ ਜੇ ਆਪ ਨੇ ਸੰਸਕ੍ਰਿਤ ਭਾਸ਼ਾ ਜਿਹੀ ਦੇਵ ਭਾਸ਼ਾ ਹੈ, ਵਿਚ ਰਚਨਾ ਕੀਤੀ ਹੁੰਦੀ ਤਾਂ ਬਹੁਤ ਮਾਣ ਪਾਉਂਦੇ। ਇਸ 'ਤੇ ਗੁਰੂ ਸਾਹਿਬ ਨੇ ਕਿਹਾ ਕਿ ਸੰਸਕ੍ਰਿਤ ਭਾਸ਼ਾ ਖੂਹ ਦੇ ਜਲ ਅਤੇ ਛਪੜੀ ਦੇ ਪਾਣੀ ਸਮਾਨ ਹੈ, ਪਰ ਜਿਸ ਭਾਸ਼ਾ ਵਿਚ ਗੁਰਬਾਣੀ ਰਚੀ ਗਈ ਹੈ, ਇਹ ਵਰਖਾ ਦੇ ਪਾਣੀ ਸਮਾਨ ਹੈ ਜੋ ਧਰਤੀ ਦੇ ਲੋਕਾਂ ਨੂੰ ਹਰਿਆ-ਭਰਿਆ ਕਰ ਦੇਵੇਗੀ।

ਮੁਨਾਫ਼ੇ ਦੇ ਇਸ ਦੌਰ ਵਿਚ ਪੂੰਜੀਵਾਦੀ ਪ੍ਰਬੰਧ ਨੇ ਹਰ ਚੀਜ਼ ਨੂੰ ਵਸਤੂ ਦੇ ਰੂਪ ਵਿਚ ਪੇਸ਼ ਕੀਤਾ ਹੈ; ਵਸਤੂ ਜਿਸ ਨੂੰ ਖ਼ਰੀਦਿਆ ਵੇਚਿਆ ਜਾਂਦਾ ਹ। ਜਿਹੜੀ ਵਸਤੂ ਮੰਡੀ ਵਿਚ ਖ਼ਰੀਦੀ ਵੇਚੀ ਨਹੀਂ ਜਾਂਦੀ, ਉਸ ਦਾ ਕੋਈ ਮੁੱਲ ਨਹੀਂ ਹੁੰਦਾ ਤੇ ਨਾ ਹੀ ਉਹ ਬਾਜ਼ਾਰ ਵਿਚ ਟਿਕ ਸਕਦੀ ਹੈ। ਸਿੱਖਿਆ ਨੂੰ ਵੀ ਵਸਤੂ ਬਣਾ ਦਿੱਤਾ ਗਿਆ ਹੈ। ਇਸ ਨੂੰ ਵੀ ਖ਼ਰੀਦਿਆ ਵੇਚਿਆ ਜਾਂਦਾ ਹੈ। ਜਦੋਂ ਸਿੱਖਿਆ ਦਾ ਇਹ ਹਾਲ ਹੋ ਰਿਹਾ ਹੈ ਤਾਂ ਫਿਰ ਸਿੱਖਿਆ ਕਿਵੇਂ ਦੇਣੀ ਚਾਹੀਦੀ ਹੈ, ਕਿਸ ਮਾਧਿਅਮ ਵਿਚ ਦਿੱਤੀ ਜਾਣੀ ਚਾਹੀਦੀ ਹੈ, ਇਸ ਬਾਰੇ ਪ੍ਰਵਾਹ ਕਿਸ ਨੂੰ ਹੈ?

ਸੋ, ਬਹੁਤ ਜ਼ਰੂਰੀ ਹੈ ਕਿ ਸਰਕਾਰਾਂ, ਭਾਸ਼ਾ ਦੀ ਮਹੱਤਤਾ ਨੂੰ ਸਮਝਣ ਅਤੇ ਬੱਚੇ ਨੂੰ ਮੁੱਢਲੀ ਸਿੱਖਿਆ ਉਸ ਦੀ ਮਾਤ ਭਾਸ਼ਾ ਵਿਚ ਦੇਣ ਲਈ ਸਭ ਪ੍ਰਕਾਰ ਦੇ ਸਕੂਲਾਂ ਨੂੰ ਜ਼ਰੂਰੀ ਹਦਾਇਤਾਂ ਦੇਣ। ਜੇ ਕਿਸੇ ਪ੍ਰਕਾਰ ਦੀ ਸਿੱਖਿਆ ਪੰਜਾਬੀ ਵਿਚ ਉਪਲਬਧ ਨਹੀਂ, ਉਸ ਸਬੰਧੀ ਵਿਸ਼ੇ ਮਾਹਿਰਾਂ ਨੂੰ ਲਿਖਣ ਜਾਂ ਅਨੁਵਾਦ ਕਰਨ ਲਈ ਕਿਹਾ ਜਾਵੇ। ਅੱਜ ਹਰ ਉਹ ਬੰਦਾ ਜਿਸ 'ਤੇ ਅੰਗਰੇਜ਼ੀ ਦਾ ਅਸਰ ਹੈ, ਸੁਆਲ ਤਾਂ ਬਹੁਤ ਖੜ੍ਹੇ ਕਰਦਾ ਹੈ, ਪਰ ਇਨ੍ਹਾਂ ਦੇ ਹੱਲ ਲਈ ਕੁਝ ਕਰਨ ਲਈ ਤਿਆਰ ਨਹੀਂ। ਪੰਜਾਬੀ ਵਿਚ ਗਿਆਨ ਨਹੀਂ, ਰੁਜ਼ਗਾਰ ਨਹੀਂ, ਇਹ ਕੰਪਿਊਟਰ ਦੀ ਭਾਸ਼ਾ ਨਹੀਂ ਆਦਿ ਕਹਿ ਦਿੱਤਾ ਜਾਂਦਾ ਹੈ, ਪਰ ਪੰਜਾਬੀ ਨੂੰ ਇਸ ਯੋਗ ਬਣਾਉਣਾ ਕਿਸ ਨੇ ਹੈ? ਅਸੀਂ ਸਮੁੰਦਰ ਕੰਢੇ ਖਲੋ ਕੇ ਉਸ ਦੀ ਗਹਿਰਾਈ ਮਾਪਣ ਦਾ ਯਤਨ ਕਰ ਰਹੇ ਹਾਂ। ਜ਼ਰੂਰੀ ਹੈ ਕਿ ਗਹਿਰਾਈ ਮਾਪਣ ਲਈ ਸਮੁੰਦਰ ਵਿਚ ਵੜੀਏ।

# ਜਲਵਾਯੂ ਪਰਿਵਰਤਨ ਨਾਲ ਜੁੜੀਆਂ ਚੁਣੌਤੀਆਂ

ਪੈਰਿਸ ਪਿਛਲੇ ਕੁਝ ਦਿਨਾਂ ਤੋਂ ਪਹਿਲਾਂ ਦਹਿਸ਼ਤਵਾਦੀ ਹਮਲਿਆਂ ਅਤੇ ਫਿਰ ਜਲਵਾਯੂ ਬਾਰੇ ਆਲਮੀ ਚੋਟੀ ਕਾਨਫਰੰਸ ਹੋਣ ਕਾਰਨ ਦੁਨੀਆਂ ਭਰ ਦੇ ਧਿਆਨ ਦਾ ਕੇਂਦਰ ਬਣਿਆ ਰਿਹਾ। ਦੁਨੀਆਂ ਦੇ ਪੌਣ-ਪਾਣੀ ਵਿਚ ਆਲਮੀ ਤਪਸ਼ ਕਾਰਨ ਆ ਰਹੀਆਂ ਤਬਦੀਲੀਆਂ ਇਸ ਸਮੇਂ ਸਮੁੱਚੀ ਮਨੁੱਖਤਾ ਲਈ ਵੱਡੀ ਚੁਣੌਤੀ ਬਣੀਆਂ ਹੋਈਆਂ ਹਨ। ਇਹ ਚੁਣੌਤੀ ਮਨੁੱਖਤਾ ਨੂੰ ਦਹਿਸ਼ਤਵਾਦ ਤੋਂ ਦਰਪੇਸ਼ ਚੁਣੌਤੀ ਤੋਂ ਕਿਤੇ ਵੱਡੀ ਹੈ। ਦਹਿਸ਼ਤਵਾਦੀ ਕੁਝ ਸੈਂਕੜੇ ਜਾਂ ਕੁਝ ਹਜ਼ਾਰ ਲੋਕਾਂ ਨੂੰ ਮਾਰ ਸਕਦੇ ਹਨ ਜਦੋਂਕਿ ਆਲਮੀ ਤਪਸ਼ ਤੇ ਜਲਵਾਯੂ ਪਰਿਵਰਤਨ ਲੱਖਾਂ ਲੋਕਾਂ ਦਾ ਘਾਣ ਕਰ ਸਕਦੇ ਹਨ। ਸਿਆਸੀ ਤੇ ਫ਼ੌਜੀ ਆਗੂਆਂ ਨੂੰ ਆਲਮੀ ਦਹਿਸ਼ਤਵਾਦ ਦੀ ਸਮੱਸਿਆ ਵਧਾ-ਚੜ੍ਹਾ ਕੇ ਪੇਸ਼ ਕਰਨ ਵਿਚ ਆਪਣਾ ਹਿੱਤ

**ਪ੍ਰੋ. ਪ੍ਰੀਤਮ ਸਿੰਘ, ਆਕਸਫੋਰਡ**

ਨਜ਼ਰ ਆਉਂਦਾ ਹੈ। ਹਰ ਦਹਿਸ਼ਤੀ ਹਮਲੇ ਮਗਰੋਂ ਦਹਿਸ਼ਤਵਾਦ ਨੂੰ ਬਹੁਤ ਵੱਡੇ ਖ਼ਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸ ਦੇ ਟਾਕਰੇ ਲਈ ਫ਼ੌਰੀ ਕਦਮ ਚੁੱਕਣ ਦੀਆਂ ਕਾਰਵਾਈਆਂ ਵੀ ਕੀਤੀਆਂ ਜਾਂਦੀਆਂ ਹਨ। ਅਜਿਹਾ ਕਰਨਾ ਮਜਬੂਰੀ ਵੀ ਹੈ, ਪ੍ਰੰਤੂ ਸਮੁੱਚੀ ਮਨੁੱਖਤਾ ਦੀ ਭਲਾਈ ਦੇ ਨਜ਼ਰੀਏ ਤੋਂ ਆਲਮੀ ਤਪਸ਼ ਨਾਲ ਜੁੜਿਆ ਖ਼ਤਰਾ ਵੱਧ ਅਹਿਮ ਹੈ। ਇਸੇ ਲਈ ਜ਼ਰੂਰੀ ਹੈ ਤੇ ਫ਼ੌਰੀ ਨੂੰ ਅਹਿਮ ਉੱਪਰ ਹਾਵੀ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।

ਆਲਮੀ ਤਪਸ਼ ਤੋਂ ਭਾਵ ਹੈ ਧਰਤੀ ਦੀ ਸਤਹਿ ਨੇੜਲੀ ਹਵਾ ਅਤੇ ਮਹਾਂਸਾਗਰਾਂ ਦੇ ਔਸਤ ਤਾਪਮਾਨ ਵਿਚ ਵਾਧਾ ਹੋਣਾ। ਇਸ ਔਸਤ ਤਾਪਮਾਨ ਵਿਚ ਵਾਧੇ ਦੇ ਦੋ ਕਾਰਨ ਹੋ ਸਕਦੇ ਹਨ: ਇੱਕ ਕੁਦਰਤੀ ਅਤੇ ਦੂਜਾ ਮਨੁੱਖਾਂ ਦੀਆਂ ਸਮਾਜਕ ਗਤੀਵਿਧੀਆਂ। ਜਲਵਾਯੂ ਪਰਿਵਰਤਨ ਬਾਰੇ ਸੰਯੁਕਤ ਰਾਸ਼ਟਰ ਦੇ ਅੰਤਰ-ਸਰਕਾਰੀ ਪੈਨਲ ਅਨੁਸਾਰ 20ਵੀਂ ਸਦੀ ਦੇ ਅੱਧ ਤੋਂ ਆਲਮੀ ਤਪਸ਼ ਵਿਚ ਤੇਜ਼ੀ ਨਾਲ ਵਾਧੇ ਦੀ ਵਜ੍ਹਾ ਕਾਰਬਨ ਈਂਧਣ ਨੂੰ ਜਲਾਏ ਜਾਣ ਅਤੇ ਜੰਗਲਾਂ ਦਾ ਸਫ਼ਾਇਆ ਕੀਤੇ ਜਾਣ ਦੀ ਮਨੁੱਖੀ ਕਾਰਵਾਈ ਹੈ। ਮਨੁੱਖੀ ਸਰਗਰਮੀਆਂ ਨੇ ਗਰੀਨਹਾਊਸ ਗੈਸਾਂ ਦਾ ਪਸਾਰਾ ਤੇਜ਼ੀ ਨਾਲ ਵਧਾਇਆ ਜਿਸ ਦੇ ਨਤੀਜੇ ਵਜੋਂ ਸੂਰਜ ਦੀਆਂ ਰੇਡਿਆਈ ਵਿਕਿਰਨਾਂ ਧਰਤੀ ਦੇ ਵਾਤਾਵਰਨ ਵਿਚ ਹੀ ਫਸੀਆਂ ਰਹਿਣ ਲੱਗੀਆਂ। ਇਸ ਦੇ ਨਤੀਜੇ ਵਜੋਂ ਧਰਤੀ ਦਾ ਤਾਪਮਾਨ ਵਧਣਾ ਸ਼ੁਰੂ ਹੋ ਗਿਆ। ਮੁੱਖ ਗਰੀਨਹਾਊਸ ਗੈਸਾਂ ਹਨ: ਕਾਰਬਨ ਡਾਇਆਕਸਾਈਡ (ਸੀ.ਓ.2), ਮੀਥੇਨ (ਸੀ.ਐਚ.4) ਅਤੇ ਨਾਈਟਰਸ ਆਕਸਾਈਡ (ਐੱਨ.20)। ਇਨ੍ਹਾਂ ਵਿਚੋਂ ਕਾਰਬਨ ਡਾਇਆਕਸਾਈਡ ਸਭ ਤੋਂ ਮਹੱਤਵਪੂਰਨ ਹੈ।

ਗਰੀਨਹਾਊਸ ਗੈਸਾਂ ਦੀ ਪੈਦਾਇਸ਼ ਵਿਚ ਭਾਰੀ ਵਾਧਾ ਉਨ੍ਹਾਂ ਢੰਗਾਂ ਦੀ ਉਪਜ ਹੈ ਜਿਨ੍ਹਾਂ ਮੁਤਾਬਿਕ ਸਾਡਾ ਆਧੁਨਿਕ ਸਮਾਜਕ-ਆਰਥਿਕ ਨਿਜ਼ਾਮ ਚੱਲ ਰਿਹਾ ਹੈ। ਸਾਡੀ ਜੀਵਨ ਸ਼ੈਲੀ ਇਸੇ ਸਮਾਜਕ-ਆਰਥਿਕ ਸਿਸਟਮ ਵੱਲੋਂ ਢਾਲੀ ਜਾ ਰਹੀ ਹੈ ਅਤੇ ਇਹ ਗਰੀਨਹਾਊਸ ਗੈਸਾਂ ਦੀ ਪੈਦਾਇਸ਼ ਵਿਚ ਵੱਡੀ ਭੂਮਿਕਾ ਨਿਭਾਅ ਰਹੀ ਹੈ। ਸਾਡਾ ਆਲਮੀ ਸਮਾਜਕ-ਆਰਥਿਕ ਪ੍ਰਬੰਧ ਮੁਨਾਫ਼ਾ ਕਮਾਉਣ, ਪੁਨਰਨਿਵੇਸ਼ ਅਤੇ ਆਰਥਿਕ ਵਿਕਾਸ ਵਿਚ ਨਿਰੰਤਰ ਵਾਧੇ ਦੇ ਸਿਧਾਂਤ 'ਤੇ ਕੰਮ ਕਰਦਾ ਹੈ। ਇਹ ਸਿਧਾਂਤ ਜਾਂ ਤਰਕ ਸੋਮਿਆਂ, ਖ਼ਾਸ ਤੌਰ 'ਤੇ ਊਰਜਾ ਦੀ ਘਣੀ ਤੇ ਜ਼ਿਆਦਾ ਵਰਤੋਂ ਦੀ ਮੰਗ ਕਰਦਾ ਹੈ ਤਾਂ ਜੋ ਜਿਨਸਾਂ ਦੀ ਪੈਦਾਇਸ਼ ਦੇ ਵਿਸਥਾਰ ਤੇ ਸੇਵਾਵਾਂ ਦੀ ਮੰਗ ਵਿਚ ਇਜ਼ਾਫ਼ਾ ਹੋ ਜਾਵੇ। ਸਪਲਾਈ ਦੇ ਪਸਾਰੇ ਦੀ ਲਗਾਤਾਰ ਵਧਦੀ ਮੰਗ ਪੈਦਾ ਕਰਨ ਲਈ ਖ਼ਪਤਕਾਰਾਂ ਤੋਂ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਵਸਤਾਂ ਅਤੇ ਸੇਵਾਵਾਂ ਉਤੇ ਵੱਧ ਤੋਂ ਵੱਧ ਧਨ ਖ਼ਰਚਣ। ਸੁਪਰ ਮਾਰਕਿਟ ਮਾਲਾਂ ਦਾ ਪਸਾਰਾ ਅਤੇ ਇਸੇ ਪਸਾਰੇ ਨੂੰ ਲਾਭਕਾਰੀ ਬਣਾਉਣ ਲਈ ਇਸ਼ਤਿਹਾਰਬਾਜ਼ੀ ਵਿਚ ਨਿਰੰਤਰ ਵਾਧਾ, ਵੱਧ ਮੰਗ ਪੈਦਾ ਕਰਨ, ਵੱਧ ਸਪਲਾਈ ਸੰਭਵ ਬਣਾਉਣ ਅਤੇ ਮੁਨਾਫ਼ਿਆਂ ਦਾ ਵੱਧ ਤੋਂ ਵੱਧ ਵਿਸਥਾਰ ਕਰਨ ਦੇ ਤਰਕ ਦੇ ਪਿਛੋਕੜ ਵਿਚ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਪੂੰਜੀਵਾਦੀ ਆਰਥਿਕ ਸਿਸਟਮ ਦੇ ਪਿੱਛੇ ਮੌਜੂਦ ਦਲੀਲ ਜਾਂ ਸਿਧਾਂਤ ਨੂੰ ਸਮਝਣ ਲਈ ਇੱਥੇ ਤੱਤਕਾਲੀਨ ਰਾਸ਼ਟਰਪਤੀ ਜਾਰਜ ਵਾਕਰ ਬੁਸ਼ ਵੱਲੋਂ ਜਾਰੀ ਕੀਤੀ ਗਈ 'ਬੇਹੂਦਾ' ਅਪੀਲ ਦਾ ਖ਼ੁਲਾਸਾ ਕਰਨਾ ਜ਼ਰੂਰੀ ਜਾਪਦਾ ਹੈ। ਸਤੰਬਰ 2001 ਵਿਚ ਨਿਊਯਾਰਕ ਤੇ ਕੁਝ ਹੋਰ ਥਾਵਾਂ 'ਤੇ ਹਮਲਿਆਂ ਮਗਰੋਂ ਬੁਸ਼ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਸੀ 'ਜਾਓ, ਸ਼ਾਪਿੰਗ ਕਰੋ।' ਸ਼ਾਪਿੰਗ ਨੂੰ ਮੰਗ ਵਧਾਉਣ ਦਾ ਸਾਧਨ ਵੀ ਸਮਝਿਆ ਜਾਂਦਾ ਹੈ ਅਤੇ ਖ਼ਪਤਕਾਰੀ ਸਕੂਨ ਹਾਸਲ ਕਰਨ ਦੀ ਸ਼ੈਲੀ ਵੀ।

ਇਸ ਸਮੇਂ ਆਲਮੀ ਤਪਸ਼ ਜਿੰਨੀ ਤੇਜ਼ੀ ਨਾਲ ਵੱਧ ਰਹੀ ਹੈ, ਉਸ ਨੂੰ ਦੇਖ ਕੇ ਭੈਅ ਆਉਂਦਾ ਹੈ। ਸਾਲ 2015 ਨੂੰ ਸਾਡੀ ਧਰਤੀ ਦਾ ਸਭ ਤੋਂ ਗਰਮ ਵਰ੍ਹਾ ਮੰਨਿਆ ਜਾਂਦਾ ਹੈ। ਧਰਤੀ ਦਾ ਤਾਪਮਾਨ ਰਿਕਾਰਡ ਕਰਨ ਦਾ ਅਮਲ 1850 ਵਿਚ ਸ਼ੁਰੂ ਹੋਇਆ ਸੀ ਅਤੇ ਉਸ ਦੇ ਰਿਕਾਰਡ ਮੁਤਾਬਿਕ 2014 ਸਭ ਤੋਂ ਗਰਮ ਵਰ੍ਹਾ ਸੀ।



2015 ਦਾ ਹੁਣ ਤਕ ਦਾ ਔਸਤ ਤਾਪਮਾਨ 2014 ਤੋਂ ਵੀ ਵੱਧ ਹੈ। ਵਿਗਿਆਨੀ ਇਸ ਸੋਚ ਨਾਲ ਇਕਮੱਤ ਹਨ ਕਿ ਧਰਤੀ ਦੇ ਤਾਪਮਾਨ ਵਿਚ 2 ਡਿਗਰੀ ਸੈਂਟੀਗਰੇਡ ਦਾ ਵਾਧਾ ਸਾਡੇ ਜੀਵਨ ਵਿਚ ਤਬਾਹਕੁਨ ਤੇ ਕਦੇ ਵੀ ਨਾ ਬਦਲੀਆਂ ਜਾ ਸਕਣ ਵਾਲੀਆਂ ਤਬਦੀਲੀਆਂ ਲਿਆ ਸਕਦਾ ਹੈ। ਇੱਕ ਡਿਗਰੀ ਸੈਂਟੀਗਰੇਡ ਦਾ ਵਾਧਾ ਪਹਿਲਾਂ ਹੀ ਹੋ ਚੁੱਕਾ ਹੈ। ਅਜਿਹੀ ਆਲਮੀ ਤਪਸ਼ ਦੇ ਸਿੱਟੇ ਵਜੋਂ ਧਰੁਵਾਂ ਤੇ ਉੱਚੇ ਪਰਬਤਾਂ ਉੱਪਰਲੀ ਬਰਫ਼ ਪਹਿਲਾਂ ਹੀ ਪਿਘਲਣੀ ਸ਼ੁਰੂ ਹੋ ਗਈ ਹੈ ਜਿਸ ਕਾਰਨ ਸਮੁੰਦਰ ਵਿਚ ਪਾਣੀ ਦੀ ਸਤਹਿ ਉੱਚੀ ਹੋ ਰਹੀ ਹੈ ਅਤੇ ਹੜ੍ਹਾਂ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਹੜ੍ਹ ਫ਼ਸਲਾਂ ਤੇ ਭੂਮੀ ਦੀ ਤਬਾਹੀ ਦਾ ਕਾਰਨ ਬਣਦੇ ਹਨ ਅਤੇ ਇਹ ਤਬਾਹੀ ਖ਼ੁਰਾਕੀ ਸੰਕਟ ਵਧਾਉਂਦੀ ਹੈ। ਆਲਮੀ ਤਪਸ਼ ਕੁਝ ਖੇਤਰਾਂ ਵਿਚ ਪਾਣੀ ਦੀ ਕਮੀ ਵਿਚ ਵੀ ਵਾਧਾ ਕਰ ਸਕਦੀ ਹੈ ਅਤੇ ਮਾਰੂਥਲੀਕਰਨ ਵਧਾ ਸਕਦੀ ਹੈ। ਇਹ ਅਮਲ ਖ਼ੁਰਾਕੀ ਸੰਕਟ ਨੂੰ ਹੋਰ ਵੀ ਗੰਭੀਰ ਬਣਾਉਣ ਦਾ ਸਬੱਬ ਬਣਦਾ ਹੈ ਅਤੇ ਸੈਨੀਟੇਸ਼ਨ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਪਾਣੀ ਤੇ ਖ਼ੁਰਾਕੀ ਸਾਧਨਾਂ ਦੀ ਕਮੀ ਪਹਿਲਾਂ ਹੀ ਦੁਨੀਆਂ ਵਿਚ ਝਗੜਿਆਂ ਦੀ ਵਜ੍ਹਾ ਬਣ ਰਹੀ ਹੈ। ਅਜਿਹੇ ਝਗੜੇ, ਹਿੰਸਾ ਨੂੰ ਨਿਉਤਾ ਹਨ। ਆਲਮੀ ਤਪਸ਼ ਦੇ ਕੁਝ ਹੋਰ ਮਾੜੇ ਨਤੀਜੇ ਹਨ: ਮਲੇਰੀਆ, ਹੀਟ ਸਟਰੋਕ ਅਤੇ ਜ਼ਹਿਰਬਾਦ ਵਰਗੀਆਂ ਮਹਾਂਮਾਰੀਆਂ ਵਿਚ ਵਾਧੇ ਕਾਰਨ ਮੌਤਾਂ ਦੀ ਗਿਣਤੀ ਵਿਚ ਇਜ਼ਾਫ਼ਾ ਅਤੇ ਹੋਰ ਬਿਮਾਰੀਆਂ ਦਾ ਪਸਾਰਾ। ਗਲੋਬਲ ਹਿਊਮੈਨਟੇਰੀਅਨ ਫੋਰਮ (ਜੀ.ਐੱਚ.ਐੱਫ.) ਵੱਲੋਂ ਲਾਏ ਅਨੁਮਾਨਾਂ ਅਨੁਸਾਰ ਸਾਲ 2030 ਤਕ ਗਰਮੀ ਵਿਚ ਭਾਰੀ ਵਾਧੇ, ਹੜ੍ਹਾਂ, ਤੂਫ਼ਾਨਾਂ ਅਤੇ ਜੰਗਲਾਂ ਦੀਆਂ ਅੱਗਾਂ ਕਾਰਨ ਹੋਣ ਵਾਲੀਆਂ ਸਾਲਾਨਾ ਮੌਤਾਂ ਪੰਜ ਲੱਖ ਦੇ ਨੇੜੇ ਪਹੁੰਚ ਜਾਣਗੀਆਂ। ਮੌਸਮੀ ਤਬਦੀਲੀਆਂ ਕਾਰਨ ਵਧਣ ਵਾਲੀ ਗੁਰਬਤ ਤੇ ਹਿਜਰਤ ਕਾਰਨ ਮੌਤਾਂ ਦੀ ਗਿਣਤੀ ਵੱਖਰੀ ਹੋਵੇਗੀ। ਮੌਸਮੀ ਹਾਲਾਤ ਤੋਂ ਅੱਕੇ ਲੋਕਾਂ ਦਾ ਇੱਕ ਨਵਾਂ ਵਰਗ ਹੋਂਦ ਵਿਚ ਆ ਜਾਵੇਗਾ ਜਿਸ ਨੂੰ ਅਸੀਂ 'ਵਾਤਾਵਰਨਕ ਸ਼ਰਨਾਰਥੀ' ਕਹਾਂਗੇ।


ਆਲਮੀ ਜਲਵਾਯੂ ਪਰਿਵਰਤਨ ਦੀ ਚੁਣੌਤੀ ਨਾਲ ਸਿੱਝਣ ਦੇ ਦੋ ਅਹਿਮ ਪੱਖ ਹਨ: ਤਪਸ਼ ਦੇ ਅਮਲ ਦੀ ਤੇਜ਼ੀ ਘਟਾਉਣੀ ਅਤੇ ਖ਼ੁਦ ਨੂੰ ਤਪਸ਼ ਮੁਤਾਬਿਕ ਢਾਲਣਾ। ਪਹਿਲਾ ਕਾਰਜ ਗਰੀਨਹਾਊਸ ਗੈਸਾਂ ਦੀ ਨਿਕਾਸੀ ਘਟਾ ਕੇ ਕੀਤਾ ਜਾ ਸਕਦਾ ਹੈ। ਦੂਜਾ ਕਾਰਜ ਆਲਮੀ ਤਪਸ਼ ਦੇ ਅਟੱਲ ਸਿੱਟਿਆਂ ਨਾਲ ਸਿੱਝਣ ਦੀ ਤਿਆਰੀ ਸਦਕਾ ਸੰਭਵ ਹੋ ਸਕਦਾ ਹੈ। ਪੌਟਸਡੈਮ ਇੰਸਟੀਟਿਊਟ ਵੱਲੋਂ ਕਰਵਾਈ ਖੋਜ ਦਰਸਾਉਂਦੀ ਹੈ ਕਿ ਤਪਸ਼ ਦਾ ਅਸਰ ਤੇ ਰਫ਼ਤਾਰ ਘਟਾਉਣ ਲਈ ਸਾਨੂੰ ਸਾਲ 2030 ਤਕ ਗਰੀਨਹਾਊਸ ਗੈਸਾਂ ਦੀ ਨਿਕਾਸੀ 1990 ਵਿਚ ਨਿਕਾਸਿਤ ਗੈਸਾਂ ਦੇ ਘੱਟੋਘੱਟ 60 ਫ਼ੀਸਦ ਤਕ ਲਿਆਉਣੀ ਪਵੇਗੀ। ਇਸ ਤੋਂ ਭਾਵ ਹੈ ਕਿ ਵਿਕਸਿਤ ਪੂੰਜੀਵਾਦੀ ਅਰਥਚਾਰਿਆਂ ਨੂੰ ਆਪਣੀਆਂ ਗੈਸ ਨਿਕਾਸੀਆਂ 2030 ਤਕ 90 ਫ਼ੀਸਦੀ ਘਟਾਉਣੀਆਂ ਪੈਣਗੀਆਂ। ਇਸ ਟੀਚੇ ਦੀ ਪ੍ਰਾਪਤੀ ਲਈ ਵਿਕਸਿਤ ਤੇ ਵਿਕਾਸਸ਼ੀਲ ਅਰਥਚਾਰਿਆਂ ਦਰਮਿਆਨ ਵਿਸ਼ਵ ਪੱਧਰੀ ਸਮਝੌਤਾ ਸਿਰੇ ਚਾੜ੍ਹਨਾ ਪਵੇਗਾ। ਇਸ ਦੇ ਸਿੱਧੇ ਪ੍ਰਭਾਵ ਸਰਕਾਰਾਂ, ਸੰਸਥਾਵਾਂ ਅਤੇ ਵਿਅਕਤੀਆਂ ਉੱਤੇ ਪੈਣਗੇ। ਸਰਕਾਰਾਂ ਨੂੰ ਊਰਜਾ ਦੇ ਨਵਿਆਉਣਯੋਗ ਸਾਧਨਾਂ ਉੱਤੇ ਨਿਰਭਰਤਾ ਵਧਾਉਣੀ ਪਵੇਗੀ। ਅਜਿਹਾ ਕਰਨ ਵਾਸਤੇ ਲੋਕਾਂ ਨੂੰ ਪ੍ਰੇਰਕ ਵੀ ਦੇਣੇ ਪੈਣਗੇ। ਸੰਸਥਾਵਾਂ ਨੂੰ ਊਰਜਾ ਕਾਰਗਰਤਾ ਯੋਜਨਾਵਾਂ ਘੜਨੀਆਂ ਤੇ ਵਿਕਸਿਤ ਕਰਨੀਆਂ ਪੈਣਗੀਆਂ। ਵਿਅਕਤੀਆਂ ਨੂੰ ਨਵੀਆਂ ਨਵੀਆਂ ਵਸਤਾਂ ਖ਼ਰੀਦਣ ਦੀ ਭੁੱਖ ਤੇ ਖ਼ਬਤ ਤਿਆਗਣੀ ਪਵੇਗੀ। ਵਾਤਾਵਰਨ ਦੀ ਸੰਭਾਲ ਪੱਖੋਂ ਨਵਾਂ ਮੂਲ ਮੰਤਰ ਹੈ: ਘਟਾਉਣਾ, ਮੁੜ-ਵਰਤਣਾ ਅਤੇ ਨਵਿਆਉਣਾ। ਮੌਜੂਦਾ ਖ਼ਪਤਵਾਦੀ ਜੀਵਨ ਸ਼ੈਲੀ ਦੀ ਥਾਂ ਸਾਡੀ ਨਵੀਂ ਜੀਵਨ ਸ਼ੈਲੀ ਵਿਚ ਉਪਰੋਕਤ ਪੱਖ ਜ਼ਰੂਰ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

ਆਲਮੀ ਤਪਸ਼ ਦੇ ਨੁਕਸਾਨਦੇਹ ਸਿੱਟਿਆਂ ਨੂੰ ਸਾਹਮਣੇ ਰੱਖ ਕੇ ਹੁਣ ਤੋਂ ਹੀ ਅਨੁਕੂਲ ਪ੍ਰਣਾਲੀਆਂ ਹੋਂਦ ਵਿਚ ਲਿਆਂਦੀਆਂ ਜਾਣੀਆਂ ਚਾਹੀਦੀਆਂ ਹਨ। ਮਨੁੱਖੀ ਮੌਤਾਂ ਦੀ ਗਿਣਤੀ ਵਿਚ ਵਿਆਪਕ ਵਾਧੇ ਨਾਲ ਸਿੱਝਣ ਲਈ ਸਿਹਤ ਪ੍ਰਬੰਧ ਦੀ ਹੁਣ ਤੋਂ ਹੀ ਅਪਗ੍ਰੇਡੇਸ਼ਨ ਸ਼ੁਰੂ ਕਰ ਦੇਣੀ ਚਾਹੀਦੀ ਹੈ। ਪਸ਼ੂਆਂ ਦੀਆਂ ਮੌਤਾਂ ਵਿਚ ਵਾਧਾ ਜਲ ਤੇ ਹਵਾ ਨੂੰ ਪਲੀਤ ਕਰਨ ਤੋਂ ਇਲਾਵਾ ਬਿਮਾਰੀਆਂ ਦਾ ਖ਼ਤਰਾ ਵਧਾ ਸਕਦਾ ਹੈ। ਇਸੇ ਤਰ੍ਹਾਂ ਹੜ੍ਹ ਕੰਟਰੋਲ ਪ੍ਰਣਾਲੀਆਂ ਪੇਸ਼ਗੀ ਤੌਰ 'ਤੇ ਵਿਕਸਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਨਾਲ ਹੀ 'ਵਾਤਾਵਰਨਕ ਸ਼ਰਨਾਰਥੀਆਂ' ਨੂੰ ਮੁੜ-ਵਸੇਬੇ ਦੇ ਪ੍ਰਬੰਧਾਂ ਵੱਲ ਪੇਸ਼ਗੀ ਤੌਰ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

ਜਲਵਾਯੂ ਪਰਿਵਰਤਨ ਦੀ ਚੁਣੌਤੀ ਨਾਲ ਨਿਪਟਣ ਲਈ ਚਲੰਤ ਬਾਜ਼ਾਰਮੁਖੀ ਸਮਾਜਕ-ਆਰਥਿਕ ਪ੍ਰਣਾਲੀ ਦੀ ਥਾਂ ਅਜਿਹਾ ਸਿਸਟਮ ਵਿਕਸਿਤ ਕਰਨ ਦੀ ਲੋੜ ਹੈ ਜੋ ਮਨੁੱਖੀ ਭਲਾਈ ਤੇ ਵਾਤਾਵਰਨ ਦੇ ਬਚਾਅ ਦੇ ਸੰਕਲਪਾਂ ਦੇ ਸੁਮੇਲ ਉੱਤੇ ਆਧਾਰਿਤ ਹੋਵੇ। ਪੈਰਿਸ ਚੋਟੀ ਕਾਨਫਰੰਸ ਵਿਚ ਇਸ ਪੱਖੋਂ ਕਿਸ ਹੱਦ ਤਕ ਸਹਿਮਤੀ ਹੁੰਦੀ ਹੈ ਅਤੇ ਕਿਹੜਾ ਸਮਝੌਤਾ ਸਿਰੇ ਚੜ੍ਹਦਾ ਹੈ, ਇਸ ਵੱਲ ਕੁੱਲ ਜਹਾਨ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ।

# ਮੋਦੀ ਲਈ ਓਬਾਮਾਈ ਮਸ਼ਵਰਾ

ਭਾਰਤੀ ਮੀਡੀਆ ਮੁਤਾਬਿਕ, ਸਤੰਬਰ 2015 ਦੀ ਸਮਾਪਤੀ ਮੌਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਭਾਰਤੀਆਂ, ਗ਼ੈਰ-ਭਾਰਤੀਆਂ, ਸਿਲੀਕੌਨ ਵੈਲੀ ਦੇ ਐਨ.ਆਰ.ਆਈ. ਹਜੂਮ ਨੂੰ ਨਾਲ ਲੈ ਕੇ ਅਤੇ ਇਨ੍ਹਾਂ ਦੀ ਵਾਹ-ਵਾਹ ਖੱਟਦਿਆਂ, ਪੱਛਮ ਜਿੱਤਣ ਨਿਕਲੇ ਹੋਏ ਸਨ। ਇਸੇ ਹਫ਼ਤੇ ਅਮਰੀਕੀ ਮੀਡੀਆ, ਅਮਰੀਕੀ ਸੰਸਦ ਦੇ ਹੇਠਲੇ ਸਦਨ, ਪ੍ਰਤੀਨਿਧ ਸਭਾ ਦੇ ਸਪੀਕਰ ਜੌਹਨ ਬੋਇਹਨਰ ਦੇ ਅਚਾਨਕ ਦਿੱਤੇ ਅਸਤੀਫ਼ੇ ਕਾਰਨ ਰੁੱਝਿਆ ਹੋਇਆ ਸੀ। ਸਪੀਕਰ ਦੀ ਇਹ ਰਵਾਨਗੀ ਰਿਪਬਲਿਕਨ ਪਾਰਟੀ ਦੀਆਂ ਸੱਜੀਆਂ ਸਰਗਰਮੀਆਂ ਦੀ ਸਿਰੇ ਦੀ ਟਕਰਾਅ ਵਾਲੀ ਸਿਆਸਤ ਦਾ ਹੀ ਨਤੀਜਾ ਸੀ। ਅਜਿਹੀਆਂ ਸਰਗਰਮੀਆਂ ਮਹਿਜ਼ ਡੈਮੋਕ੍ਰੈਟਿਕ ਪਾਰਟੀ ਖ਼ਿਲਾਫ਼ ਹੀ ਨਹੀਂ, ਸਗੋਂ ਪਾਰਟੀ ਦੀਆਂ ਆਪਣੀਆਂ ਉਦਾਰ



**ਹਰੀਸ਼ ਖਰੇ**

ਆਵਾਜ਼ਾਂ ਅਤੇ ਆਗੂਆਂ ਖ਼ਿਲਾਫ਼ ਵੀ ਉੱਠਦੀਆਂ ਰਹਿੰਦੀਆਂ ਹਨ। ਇਨ੍ਹਾਂ ਸੱਜੀਆਂ ਧਿਰਾਂ ਲਈ ਸਪੀਕਰ ਜੌਨ ਬੋਇਹਨਰ ਲੋੜ ਮੁਤਾਬਿਕ ਓਬਾਮਾ ਤੇ ਵ੍ਹਾਈਟ ਹਾਊਸ ਵੱਲ, ਗਾਲ-ਮੰਦਾ ਵਾਹੁਣ ਵਾਲਾ, ਵਿਚਾਰਧਾਰਕ ਪੱਖ ਪੂਰਨ ਵਾਲਾ ਅਤੇ ਟਕਰਾਅ ਵਾਲਾ ਰੁਖ਼ ਅਪਣਾਉਣ ਵਾਲਾ ਨਹੀਂ ਸੀ।

ਮੋਦੀ ਨੂੰ ਹੱਲਾਸ਼ੇਰੀ ਦੇਣ ਲਈ ਸਿਲੀਕੌਨ ਵੈਲੀ ਦਾ ਜਿਹੜਾ ਇਕੱਠ ਜੁੜਿਆ ਸੀ, ਉਹ ਸਿਆਸਤ ਵਿਚ ਅਮਰੀਕਾ ਦੇ ਇਸ ਸੱਜੇ ਪੱਖ ਦੀ ਸ਼ਖ਼ਸੀ ਅਤੇ ਵਿਰੋਧੀ ਪਹੁੰਚ ਦਾ ਲੁਤਫ਼ ਲੈਂਦਾ ਆਇਆ ਹੈ। ਅਜਿਹੇ ਇਕੱਠ ਨੂੰ ਮੋਦੀ ਚੰਗਾ ਲੱਗਦਾ ਹੈ, ਕਿਉਂਕਿ ਉਹ (ਮੋਦੀ) ਇਨ੍ਹਾਂ ਦੀ ਇਸ ਸੋਚ ਅਤੇ ਧਾਰਨਾ ਨੂੰ ਪੱਠੇ ਪਾਉਂਦਾ ਹੈ ਕਿ ਸਿਆਸੀ ਮਸਲੇ ਧੱਕੇ ਨਾਲ ਕਿਵੇਂ ਨਜਿੱਠੇ ਜਾਂਦੇ ਹਨ। ਵਿਰੋਧੀਆਂ ਵੱਲ ਬੇਕਿਰਕੀ ਵਾਲੀ ਸਮੂਹਿਕ ਅੱਚਵੀ ਵਾਲੀ ਇਹ ਪਹੁੰਚ ਮੋਦੀ ਦੀਆਂ ਆਪਣੀਆਂ ਸਿਆਸੀ ਰੁਚੀਆਂ ਨੂੰ ਜ਼ਰਬ ਦੇਣ ਲਈ ਐਨ.ਆਰ.ਆਈ. ਹਜੂਮ ਨੂੰ ਦੁੱਗਣੀ ਹੱਲਾਸ਼ੇਰੀ ਦਿੰਦੀ ਹੈ।

ਜਦੋਂ ਜੌਹਨ ਬੋਇਹਨਰ ਨੇ ਅਸਤੀਫ਼ਾ ਦਿੱਤਾ ਤਾਂ ਰਾਸ਼ਟਰਪਤੀ ਬਰਾਕ ਓਬਾਮਾ ਦਾ ਰਵੱਈਆ ਬੜਾ ਉਦਾਰ ਤੇ ਫ਼ਰਾਖ਼ਦਿਲੀ ਵਾਲਾ ਸੀ। ਉਨ੍ਹਾਂ ਬੋਇਹਨਰ ਦੀ 'ਦੇਸ਼ ਭਗਤ' ਅਤੇ 'ਚੰਗੇ ਸ਼ਖ਼ਸ' ਵਜੋਂ ਤਾਰੀਫ਼ ਹੀ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਉਨ੍ਹਾਂ ਦੇ ਜਮਹੂਰੀ ਨਿਰਮਲਤਾ ਤੇ ਨਿਰਪੱਖਤਾ ਵਾਲੇ ਵਿਵੇਕ ਬਾਰੇ ਇਹ ਟਿੱਪਣੀ ਕੀਤੀ: "ਸਾਡੇ ਵਿਚਕਾਰ ਬਿਨਾਂ ਸ਼ੱਕ ਅਸਹਿਮਤੀਆਂ ਸਨ ਅਤੇ ਸਿਆਸੀ ਤੌਰ 'ਤੇ ਵੀ ਅਸੀਂ ਵੱਖਰੀਆਂ-ਵੱਖਰੀਆਂ ਦਿਸ਼ਾਵਾਂ 'ਤੇ ਖੜ੍ਹੇ ਸਾਂ, ਪਰ ਮੈਂ ਇਹ ਦੱਸਣਾ ਚਾਹਾਂਗਾ ਕਿ ਉਨ੍ਹਾਂ ਦਾ ਮੇਰੇ ਨਾਲ ਵਿਹਾਰ ਸਦਾ ਹੀ ਮੂੰਹ-ਮੁਲਾਹਜ਼ੇ ਵਾਲਾ ਤੇ ਸੁੱਘੜ-ਸੁਚੱਜਾ ਹੁੰਦਾ ਸੀ। ਉਨ੍ਹਾਂ ਜਦੋਂ ਵੀ ਕੋਈ ਵਾਅਦਾ ਕੀਤਾ, ਤਾਂ ਉਸ ਨੂੰ ਨਿਭਾਇਆ। ਉਹ ਬੜੇ ਮਿਹਰਬਾਨ ਸ਼ਖ਼ਸ ਹਨ ਅਤੇ ਸਭ ਤੋਂ ਅਹਿਮ ਗੱਲ, ਉਹ ਇਹ ਜਾਣਦੇ ਹਨ ਕਿ ਹਕੂਮਤ ਅੰਦਰ ਤੁਸੀਂ ਜੋ ਕੁਝ ਚਾਹੁੰਦੇ ਹੋ, ਉਸ ਦਾ 100 ਫ਼ੀਸਦ ਹਾਸਲ ਨਹੀਂ ਕਰ ਸਕਦੇ, ਸਗੋਂ ਤੁਹਾਨੂੰ ਲੋਕ-ਕਾਰਜ ਨਜਿੱਠਦਿਆਂ ਅਜਿਹੇ ਲੋਕਾਂ ਨਾਲ ਕੰਮ ਕਰਨਾ ਪੈਂਦਾ ਹੈ ਜਿਨ੍ਹਾਂ ਨਾਲ ਤੁਹਾਡੀ ਅਸਹਿਮਤੀ ਹੁੰਦੀ ਹੈ। ਕਈ ਵਾਰ ਤਾਂ ਇਹ ਅਸਹਿਮਤੀ ਬੜੀ ਪ੍ਰਚੰਡ ਵੀ ਹੁੰਦੀ ਹੈ।"

ਓਬਾਮਾਈ ਸਿਆਣਪ, ਕਿ ਕਈ ਵਾਰ 100 ਫ਼ੀਸਦ ਤੋਂ ਘੱਟ ਨਾਲ ਵੀ ਗੁਜ਼ਾਰਾ ਕਰਨਾ ਪੈਂਦਾ ਹੈ, ਦੇ ਫਾਇਦਿਆਂ ਦੀ ਥਹੁ ਪਾਉਣ ਲਈ ਸ੍ਰੀ ਮੋਦੀ ਨੂੰ 18 ਮਹੀਨੇ ਤਾਂ ਲੱਗੇ ਹੀ, ਬਿਹਾਰ ਵਿਚ 'ਸ਼ਾਨਦਾਰ' ਹਾਰ ਵੀ ਉਡੀਕਣੀ ਪਈ। ਜੀ.ਐਸ.ਟੀ. ਦੇ ਪੇਚੀਦਾ ਮਸਲੇ ਬਾਰੇ ਗੱਲਬਾਤ ਕਰਨ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਸੱਦਣਾ, ਸ਼ਾਇਦ ਪਹਿਲੀ ਅਜਿਹੀ ਹਾਮੀ ਸੀ ਜਿਹਤੀ ਉਨ੍ਹਾਂ 'ਲੋਕਾਂ ਦਾ ਕਾਰਜ ਨਜਿੱਠਣ ਲਈ ਅਸਹਿਮਤ ਲੋਕਾਂ ਨਾਲ ਕੰਮ ਕਰਨ' ਵਾਸਤੇ ਭਰੀ। ਸਿਆਸੀ ਸੰਵਾਦ ਕਾਰਨ ਇਹ ਅਸਾਧਾਰਨ ਅਤੇ ਨਿਆਰਾ ਤਜਰਬਾ ਬਹੁਤ ਦੇਰ ਨਾਲ ਉਨ੍ਹਾਂ ਨੂੰ ਸਮਝ ਆਇਆ।

ਇੱਕ ਤੋਂ ਬਾਅਦ ਇੱਕ ਰਾਜ ਦੀਆਂ ਜਿੱਤਾਂ ਪਿੱਛੋਂ ਬਿਹਾਰ ਨੇ ਇੱਕ ਅਮੋੜ ਸਿਆਸੀ ਸਰਦਾਰੀ/ਬੋਲਬਾਲੇ ਨੂੰ ਠੱਲ੍ਹ ਪਾ ਦਿੱਤੀ। ਅਫ਼ਸੋਸ ਕਿ ਕਈ ਪੇਸ਼ੇਵਰ ਕੱਟੜਪੰਥੀਆਂ ਅਤੇ ਨਵ-ਰੱਜੇ ਲੋਕ, ਪ੍ਰਧਾਨ ਮੰਤਰੀ ਨੂੰ ਇਹ ਤਸੱਲੀ ਦੇਣ ਵਿਚ ਹੀ ਮਸਗੂਲ ਹਨ ਕਿ ਬਿਹਾਰ ਦੀ ਇਸ ਮਹਾਂ ਪਛਾੜ ਦੇ ਬਾਵਜੂਦ ਉਨ੍ਹਾਂ ਦਾ ਪ੍ਰਤਾਪ ਘਟਿਆ ਨਹੀਂ ਹੈ ਅਤੇ ਉਹ ਸਾਡੇ ਸਮਿਆਂ ਦੀ ਆਵਾਜ਼ ਹਨ। ਕਿਸੇ ਨੂੰ ਵੀ ਇਹ ਯਕੀਨ ਨਹੀਂ ਹੋ ਸਕਦਾ ਕਿ ਪ੍ਰਧਾਨ ਮੰਤਰੀ ਇਨ੍ਹਾਂ ਬੇਤੁਕੀਆਂ ਬਾਤਾਂ ਨੂੰ ਘਾਹ ਪਾਉਣਗੇ। ਨਾ ਹੀ ਕੋਈ ਇਹ ਜਾਣਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਇਹ ਸਪਸ਼ਟ ਹੋ ਗਿਆ ਹੈ ਕਿ ਆਪਣੇ ਵਿਰੋਧੀਆਂ ਦੇ ਮੁਕੰਮਲ ਖ਼ਾਤਮੇ ਦੀ ਥਾਂ, ਉਹ ਤੇ ਉਨ੍ਹਾਂ ਦੀ ਪਾਰਟੀ ਕੋਲ ਹੁਣ ਸਿਆਸੀ ਸ਼ਰੀਕਾਂ ਨਾਲ ਰਲ ਕੇ ਚੱਲਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਹੈ। ਯਕੀਨਨ, ਸਿਆਸੀ ਸ਼ਰੀਕਾਂ ਨਾਲ ਰਲ ਕੇ ਚੱਲਣ ਵਿਚ ਕੋਈ ਸੰਗ-ਸ਼ਰਮ ਵਾਲੀ ਗੱਲ ਵੀ ਨਹੀਂ।

ਸ੍ਰੀ ਮੋਦੀ ਨੂੰ ਉਚੇ ਚੜ੍ਹ ਕੇ ਇਹ ਕੂਕਣ ਦੀ ਵੀ ਕੋਈ ਲੋੜ ਨਹੀਂ ਹੈ ਕਿ ਉਨ੍ਹਾਂ ਨੂੰ ਇਹ ਚਾਨਣ ਹੋ ਗਿਆ ਹੈ ਕਿ ਮੁਕੰਮਲ ਕੰਟਰੋਲ ਤੇ ਕਮਾਂਡ ਵਾਲਾ ਗੁਜਰਾਤ ਮਾਡਲ ਦਿੱਲੀ ਵਿਚ ਚੱਲਿਆ ਨਹੀਂ ਹੈ; ਸਗੋਂ ਉਨ੍ਹਾਂ ਨੂੰ ਆਪਣੇ ਸਾਥੀਆਂ ਵਿਚੋਂ ਵੱਧ ਸੂਝਵਾਨਾਂ ਦੀਆਂ ਗੱਲਾਂ ਵੱਲ ਧਿਆਨ ਧਰਨਾ ਚਾਹੀਦਾ ਹੈ ਜਿਹੜੇ ਉਨ੍ਹਾਂ ਨੂੰ ਦੱਸਣ ਕਿ ਸੱਤਾ ਅਤੇ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਦੇ ਹੱਦੋਂ ਵੱਧ ਕੇਂਦਰੀਕਰਨ ਨੇ ਐਨ.ਡੀ.ਏ. ਸਰਕਾਰ ਨੂੰ ਹੀ ਬੇਅਸਰ ਕਰ ਦਿੱਤਾ ਹੈ। ਮਾੜੀ ਕਾਰਗੁਜ਼ਾਰੀ ਦੇ ਕਦੀ ਸਿਹਤਮੰਦ ਸਿਆਸੀ ਲਾਭ ਨਹੀਂ ਮਿਲਦੇ ਹੁੰਦੇ!

ਲੈ-ਦੇ ਕੇ ਹੁਣ ਸ੍ਰੀ ਮੋਦੀ ਕੋਲ ਨਹਿਰੂਵਾਦੀ ਪਹੁੰਚ ਅਪਣਾਉਣ ਤੋਂ ਸਿਵਾ ਕੋਈ ਹੋਰ ਚੋਣ ਨਹੀਂ। ਉਨ੍ਹਾਂ ਨੂੰ ਇਹ ਸਮਝਣਾ ਹੀ ਪਵੇਗਾ ਕਿ ਹਕੂਮਤ ਚਲਾਉਣ ਲਈ ਉਨ੍ਹਾਂ ਕੋਲ ਕੈਬਨਿਟ ਨਾਂ ਦਾ ਇੱਕ ਜ਼ਰੀਆ ਮੌਜੂਦ ਹੈ। ਨਾਲ ਹੀ ਇਹ ਸਮਝਣਾ ਚਾਹੀਦਾ ਹੈ ਕਿ ਰਾਜ ਸਰਕਾਰਾਂ ਦਾ ਭਾਵੇਂ ਮਾਮੂਲੀ ਹੀ ਸਹੀ, ਵਜ਼ਨ ਜ਼ਰੂਰ ਹੈ ਅਤੇ ਉਨ੍ਹਾਂ ਦੀ ਕੁਝ ਖੇਤਰਾਂ ਵਿਚ ਆਪਣੀ ਸੰਵਿਧਾਨਕ ਅਥਾਰਿਟੀ ਅਤੇ ਜ਼ਿੰਮੇਵਾਰੀਆਂ ਹਨ।

ਸਹੀ ਰਾਹੇ ਪੈਣ ਲਈ ਇਤਿਹਾਸ ਸ੍ਰੀ ਮੋਦੀ ਦਾ ਚੰਗਾ ਗੁਰੂ ਬਣ ਸਕਦਾ ਹੈ। ਆਓ ਜ਼ਰਾ 60 ਸਾਲ ਪਿੱਛੇ ਚਲੀਏ ਜਦੋਂ ਫੈਡਰਲ ਕੰਮ-ਕਾਜ ਦੇ ਗੁਣਾਂ ਤੋਂ ਪ੍ਰਧਾਨ ਮੰਤਰੀ ਨਹਿਰੂ ਨੇ ਸਿੱਖਿਆ ਲਈ ਸੀ। 1955 ਵਾਲੇ ਸਾਲ ਦੇ ਦਸੰਬਰ ਮਹੀਨੇ ਦਾ ਆਖ਼ਰੀ ਹਫ਼ਤਾ ਚੱਲ ਰਿਹਾ ਸੀ। ਨਵਾਂ ਨਵਾਂ ਚੰਡੀਗੜ੍ਹ ਵਸ ਰਿਹਾ ਸੀ। ਮਹਾਨ ਦ੍ਰਿਸ਼ਟੀ ਵਾਲੇ ਆਰਕੀਟੈਕਟ ਲੀ ਕਾਰਬੂਜ਼ੀਏ ਚਾਹੁੰਦੇ ਸਨ ਕਿ ਰਿਟਾਇਰਮੈਂਟ ਦੇ ਬਾਵਜੂਦ, ਚੀਫ਼ ਇੰਜੀਨੀਅਰ ਪਰਮੇਸ਼ਵਰੀ ਲਾਲ ਵਰਮਾ ਦੀਆਂ ਸੇਵਾਵਾਂ ਜਾਰੀ ਰੱਖੀਆਂ ਜਾਣ। ਜਿੱਥੋਂ ਤਕ ਨਹਿਰੂ ਦਾ ਸਬੰਧ ਸੀ, ਲੀ ਕਾਰਬੂਜ਼ੀਏ ਨੂੰ ਇਹ ਇੱਛਾ ਪੂਰੀ ਕਰਨ ਦੀ ਮੁਕੰਮਲ ਆਜ਼ਾਦੀ ਸੀ। ਆਖ਼ਰਕਾਰ ਚੰਡੀਗੜ੍ਹ ਸੁਪਨ-ਪ੍ਰਾਜੈਕਟ ਸੀ ਅਤੇ ਸੇਵਾ ਨੇਮ ਗੌਣ ਹੀ ਸਨ! ਪਰ ਮੁੱਖ ਮੰਤਰੀ ਭੀਮਸੇਨ ਸੱਚਰ ਲਈ ਨਹੀਂ! ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਇਹ ਗੱਲ ਰਤਾ ਘੱਟ ਨਿਮਰ ਸ਼ਬਦਾਂ ਵਿਚ ਪ੍ਰਧਾਨ ਮੰਤਰੀ ਨੂੰ ਕਹਿ ਦਿੱਤੀ। ਨਹਿਰੂ ਨੇ 10 ਜਨਵਰੀ 1956 ਨੂੰ ਸੱਚਰ ਨੂੰ ਲਿਖੀ ਚਿੱਠੀ ਵਿਚ ਇਹ ਗੱਲ ਨੋਟ ਕੀਤੀ "ਤੁਹਾਡੇ ਵਾਲੇ ਪਾਸਿਓਂ ਇੱਕ ਖ਼ਲਸ਼ ਜਿਹੀ ਮਹਿਸੂਸ ਹੋਈ ਹੈ ਕਿ ਮੈਂ ਤੁਹਾਡੇ ਮਾਮਲੇ ਵਿਚ ਦਖ਼ਲ ਦਿੱਤਾ ਹੈ ਅਤੇ ਜੇ ਮੈਂ ਰਤਾ ਕਠੋਰ ਢੰਗ ਨਾਲ ਕਹਾਂ ਤਾਂ ਤੁਹਾਡੀ ਇਹ ਸਪਸ਼ਟ ਕਰਨ ਦੀ ਇੱਛਾ ਵੀ ਹੈ ਕਿ ਤੁਸੀਂ ਮੇਰੇ ਵੱਲੋਂ ਕੁਝ ਵੀ ਫ਼ਜ਼ੂਲ ਸੁਣਨਾ ਨਹੀਂ ਚਾਹੁੰਦੇ।"


ਇਹ ਚੜ੍ਹਦੇ 1956 ਦੀਆਂ ਗੱਲਾਂ ਹਨ। ਉਦੋਂ ਜਵਾਹਰ ਲਾਲ ਨਹਿਰੂ ਆਪਣੀ ਸਿਆਸੀ ਪੈਂਠ ਦੇ ਸਿਖ਼ਰ 'ਤੇ ਸਨ, ਪਰ ਨਹਿਰੂ ਨੇ ਸਵੀਕਾਰ ਕੀਤਾ ਕਿ "ਇਹ ਸੰਵਿਧਾਨ ਹੀ ਹੈ ਜਿਹੜਾ ਰਾਜ ਸਰਕਾਰਾਂ ਲਈ ਕੇਂਦਰ ਦੀਆਂ ਹਦਾਇਤਾਂ ਦੇ ਨੇਮ ਮਿਥਦਾ ਹੈ ਕਿ ਕਿਹੜੇ ਮਾਮਲਿਆਂ ਵਿਚ ਇਨ੍ਹਾਂ ਕੋਲ ਪੂਰਨ ਅਖ਼ਤਿਆਰ ਹਨ ਅਤੇ ਕਿਹੜੇ ਮਾਮਲੇ ਹਨ ਜਿਨ੍ਹਾਂ ਵਿਚ ਕੇਂਦਰ ਦੀ ਸਲਾਹ ਵੀ ਨਹੀਂ ਮੰਨਣੀ।" ਆਪਣੇ ਹੱਕ ਵਿਚ ਨਹਿਰੂ ਕੁੱਲ ਮਿਲਾ ਕੇ ਨਿੱਜੀ ਤੇ ਸਿਆਸੀ ਵਫ਼ਾਦਾਰੀ ਦਾ ਵਾਸਤਾ ਹੀ ਪਾ ਸਕਦੇ ਸਨ ਕਿ ਉਹ "ਉਸ ਕਾਂਗਰਸ ਪਾਰਟੀ ਦੇ ਅਹਿਮ ਆਗੂ ਹਨ ਤੇ ਬਾਕੀ ਸਾਰੇ ਇਸ ਦੇ ਮੈਂਬਰ ਹਨ।"

ਫਿਰ, ਭਾਰਤ ਨਾਂ ਦੇ ਇਸ ਵਿਰਾਟ ਤੇ ਜਟਿਲ ਮੁਲਕ ਉੱਤੇ ਹਕੂਮਤ ਲਈ ਨਹਿਰੂ ਮੂਲ ਸਿਧਾਂਤ ਦੱਸਦੇ ਹਨ: "ਕਿਸੇ ਵੀ ਅਹਿਮ ਮੁੱਦੇ ਬਾਰੇ ਮੈਂ ਇਕੱਲਾ ਕੰਮ ਨਹੀਂ ਕਰਦਾ, ਹਾਲਾਂਕਿ ਮੈਂ ਪ੍ਰਧਾਨ ਮੰਤਰੀ ਹਾਂ। ਮੈਂ ਰਸਮੀ ਜਾਂ ਗ਼ੈਰ-ਰਸਮੀ ਤੌਰ 'ਤੇ ਆਪਣੀ ਕੈਬਨਿਟ ਦੇ ਸਾਥੀਆਂ ਦੀ ਸਲਾਹ ਲੈਂਦਾ ਹਾਂ। ਜਮਹੂਰੀ ਸਰਕਾਰ ਦਾ ਇਹੀ ਸਰੋਕਾਰ ਹੁੰਦਾ ਹੈ। ਮੇਰੇ ਕੁਲੀਗ ਅਕਸਰ ਮੇਰੇ ਦਾਅਵੇ ਰੱਦ ਕਰ ਦਿੰਦੇ ਹਨ ਅਤੇ ਕਈ ਵਾਰ ਮੈਂ। ਫਿਰ ਅਸੀਂ ਅਕਸਰ ਵਿਚਾਲੇ ਵਾਲਾ ਰਾਹ ਅਪਣਾਉਂਦੇ ਹਾਂ। ਮੁਕੰਮਲ ਸਲਾਹ-ਮਸ਼ਵਰੇ ਅਤੇ ਵੱਧ ਤੋਂ ਵੱਧ ਸਹਿਮਤੀ ਤੋਂ ਸਿਵਾ ਜਮਹੂਰੀਅਤ ਵਿਚ ਕੰਮ ਕਰਨ ਦਾ ਕੋਈ ਹੋਰ ਢੰਗ-ਤਰੀਕਾ ਵੀ ਨਹੀਂ ਹੈ।"

ਸੱਤਾਧਾਰੀਆਂ ਦੀ ਸਿੱਧੜ ਜਿਹੀ ਪੂਰਵ-ਧਾਰਨਾ ਹੈ: ਉਹ ਨਹਿਰੂਵਾਦੀ ਵਿਰਾਸਤ ਨੂੰ ਬੇਜ਼ਾਬਤਾ ਤੇ ਨਾਜਾਇਜ਼ ਸਾਬਤ ਕਰਨਾ ਚਾਹੁੰਦੇ ਹਨ। ਨਾਗਪੁਰੀਏ ਮਾਲਕਾਂ ਨੂੰ ਖ਼ੁਸ਼ ਰੱਖਣ ਲਈ ਇਹ ਪੂਰਵ-ਧਾਰਨਾ ਸ਼ਾਇਦ ਜ਼ਰੂਰੀ ਵੀ ਜਾਪਦੀ ਹੈ, ਪਰ ਸ਼ਾਸਕ ਦਾ ਕਰਤੱਵ ਹੈ ਕਿ ਦਿਖਾਵੇ ਨੂੰ ਅਸਲ ਨਾਲ ਰਲ-ਗੱਡ ਨਾ ਕੀਤਾ ਜਾਵੇ। ਪ੍ਰਧਾਨ ਮੰਤਰੀ ਲਈ ਨਹਿਰੂਵਾਦੀ ਸੂਝ-ਸਿਆਣਪ ਅੱਗੇ ਸਿਰ ਝੁਕਾਉਣ ਅਤੇ ਮੁੜ ਰਲ-ਮਿਲ ਕੇ ਕੰਮ ਕਰਨ ਪੱਖੋਂ ਅਜੇ ਵੀ ਬਹੁਤੀ ਦੇਰ ਨਹੀਂ ਹੋਈ ਹੈ। ਜੇ ਉਨ੍ਹਾਂ ਨੂੰ ਕੋਈ ਸ਼ੱਕ-ਸ਼ੁਬ੍ਹਾ ਹੋਵੇ ਤਾਂ ਰਾਸ਼ਟਰਪਤੀ ਓਬਾਮਾ ਤੋਂ ਮਸ਼ਵਰਾ ਜ਼ਰੂਰ ਲੈ ਸਕਦੇ ਹਨ!

# ਪੰਜਾਬ ਚੋਣਾਂ ਅਤੇ ਕੌਮੀ ਪੱਧਰ ਦੀ ਰਾਜਨੀਤੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਸਾਡਾ ਪੰਜਾਬ ਸਾਡੇ ਲਈ ਬਹੁਤ ਅਹਿਮ ਹੈ ਤੇ ਇਸ ਦੀ ਸੁੱਖ-ਸ਼ਾਂਤੀ ਹੋਰ ਹਰ ਗੱਲ ਨਾਲੋਂ ਵੱਧ ਅਹਿਮ ਹੈ। ਇਸ ਵੇਲੇ ਪੰਜਾਬ ਅਗਲੀਆਂ ਵਿਧਾਨ ਸਭਾ ਚੋਣਾਂ ਦੀ ਉਹ ਅਗੇਤੀ ਦੌੜ ਲੱਗੀ ਵੇਖ ਰਿਹਾ ਹੈ, ਜਿਹੜੀ ਪਹਿਲਾਂ ਚੋਣਾਂ ਦੇ ਛੇ ਕੁ ਮਹੀਨੇ ਰਹਿੰਦਿਆਂ ਸ਼ੁਰੂ ਹੋਇਆ ਕਰਦੀ ਸੀ। ਕਾਹਲੀ ਵਿਚ ਉਹ ਵੀ ਹਨ, ਜਿਨ੍ਹਾਂ ਨੇ ਕੰਮ ਕਰਨ ਦੇ ਵਕਤ ਲੋਕਾਂ ਲਈ ਕੁਝ ਖਾਸ ਨਹੀਂ ਕੀਤਾ ਤੇ ਉਹ ਵੀ ਹਨ, ਜਿਹੜੇ ਪਿਛਲੀ ਵਾਰੀ ਜਿੱਤ ਕੇ ਬਾਜ਼ੀ ਹਾਰ ਗਏ ਸਨ। ਆਖਰੀ ਇੱਕ ਹਫਤਾ ਉਨ੍ਹਾਂ ਨੇ ਕੰਮ ਕਰਨ ਦੀ ਥਾਂ ਪਾਰਟੀ ਅੰਦਰਲੇ ਵਿਰੋਧੀਆਂ ਨੂੰ ਹਰਾਉਣ ਲਈ ਲਾ ਦਿੱਤਾ ਸੀ, ਕਿਉਂਕਿ ਉਹ ਇਸ ਵਹਿਮ ਵਿਚ ਸਨ ਕਿ ਇਸ ਵਾਰ ਏਨੀਆਂ ਸੀਟਾਂ ਆ ਜਾਣੀਆਂ ਹਨ ਕਿ ਵਜ਼ੀਰ ਬਣਨ ਦੇ ਚਾਹਵਾਨਾਂ ਦਾ ਟੋਲਾ ਸਾਡੇ ਵਿਰੋਧੀਆਂ ਦੀ ਅਗਵਾਈ ਵਿਚ ਫਿਰ ਦਿੱਲੀ ਵਿਚ ਤੰਬੂ ਗੱਡ ਸਕਦਾ ਹੈ। ਇਸ ਵਾਰੀ ਉਹ ਕਿਸੇ ਤਰ੍ਹਾਂ ਦਾ ਰਿਸਕ ਨਹੀਂ ਲੈਣਾ ਚਾਹੁੰਦੇ। ਤੀਸਰੀ ਧਿਰ ਵੀ ਮੈਦਾਨ ਵਿਚ ਹੈ। ਉਸ ਦੀ ਸਰਗਰਮੀ ਦੇ ਸੰਕੇਤ ਓਨੇ ਜਨਤਕ ਪੱਧਰ ਉਤੇ ਨਹੀਂ ਮਿਲਦੇ, ਜਿੰਨੇ ਹੁਣ ਬਹੁਤਾ ਮਹੱਤਵ ਅਖਤਿਆਰ ਕਰ ਚੁੱਕੇ ਸੋਸ਼ਲ ਮੀਡੀਆ ਵਿਚ ਹਨ। ਇਸ ਤਰ੍ਹਾਂ ਦਾ ਪ੍ਰਭਾਵ ਲੋਕਾਂ ਵਿਚ ਆਖਰੀ ਵਕਤ ਕਿੰਨਾ ਪ੍ਰਭਾਵੀ ਹੁੰਦਾ ਹੈ, ਹਾਲ ਦੀ ਘੜੀ ਕੁਝ ਨਹੀਂ ਕਿਹਾ ਜਾ ਸਕਦਾ।

ਅਸੀਂ ਇਸ ਦੀਆਂ ਹੋਰ ਸਰਗਰਮੀਆਂ ਦੀ ਚਰਚਾ ਇਸ ਵਕਤ ਇਸ ਕਰਕੇ ਨਹੀਂ ਕਰਨਾ ਚਾਹੁੰਦੇ ਕਿ ਸਾਡੇ ਲਈ ਪੰਜਾਬ ਬਹੁਤ ਜ਼ਿਆਦਾ ਅਹਿਮ ਹੁੰਦੇ ਹੋਏ ਵੀ ਇਹ ਭਾਰਤ ਦਾ ਹਿੱਸਾ ਹੈ, ਜਿਸ ਦੀ ਲੋਕ ਸਭਾ ਲਈ ਚੁਣੇ ਹੋਏ 543 ਮੈਂਬਰਾਂ ਵਿਚ ਇਸ ਦੇ ਸਿਰਫ ਤੇਰਾਂ ਹਨ। ਪਹਿਲਾਂ ਵੀ ਕਈ ਵਾਰ ਵੇਖ ਚੁੱਕੇ ਹਾਂ ਕਿ ਪੰਜਾਬ ਦੀ ਰਾਜਨੀਤੀ ਨੂੰ ਕੇਂਦਰੀ ਰਾਜਨੀਤੀ ਦੀਆਂ ਲੋੜਾਂ ਕਾਰਨ ਭੁਆਂਟਣੀ ਆ ਜਾਂਦੀ ਰਹੀ ਹੈ। ਬਹੁਤਾ ਪਿੱਛੇ ਨਾ ਜਾਈਏ ਤਾਂ ਪਿਛਲੇ ਇੱਕ ਸਾਲ ਦਾ ਤਜਰਬਾ ਹੀ ਕਾਫੀ ਹੈ। ਕੇਂਦਰ ਵਿਚ ਭਾਜਪਾ ਨੂੰ ਜਿੱਤਣ ਦੀ ਆਸ ਨਹੀਂ ਸੀ। ਨਰਿੰਦਰ ਮੋਦੀ ਨੇ ਨਤੀਜਿਆਂ ਤੋਂ ਦੋ ਦਿਨ ਪਹਿਲਾਂ ਇੱਕ ਟੀ ਵੀ ਚੈਨਲ ਨਾਲ ਉਚੇਚੀ ਗੱਲਬਾਤ ਵਿਚ ਕਿਹਾ ਸੀ ਕਿ ਭਾਜਪਾ ਆਪਣੇ ਸਿਰ ਦੋ ਸੌ ਤੋਂ ਵੱਧ ਸੀਟਾਂ ਜਿੱਤੇਗੀ ਤੇ ਗੱਠਜੋੜ ਦੇ ਸਾਥੀ ਦਲਾਂ ਨਾਲ ਮਿਲ ਕੇ ਕੇਂਦਰ ਵਿਚ ਸਰਕਾਰ ਬਣਾ ਲੈਣ ਦਾ ਯਕੀਨ ਹੈ। ਉਸ ਨੂੰ ਆਪਣੇ ਸਿਰ ਬਹੁ-ਸੰਮਤੀ ਦਾ ਸੁਫਨਾ ਵੀ ਨਹੀਂ ਸੀ ਆਇਆ ਤੇ ਜਦੋਂ ਇਹ ਆਪਣੇ ਸਿਰ ਬਹੁ-ਸੰਮਤੀ ਲਈ 272 ਦੀ ਲਾਈਨ ਪਾਰ ਕਰਕੇ 282 ਸੀਟਾਂ ਤੱਕ ਪਹੁੰਚ ਗਏ ਤਾਂ ਰਾਤੋ-ਰਾਤ ਗੱਠਜੋੜ ਦੇ ਸਹਿਯੋਗੀਆਂ ਵੱਲ ਅੱਖਾਂ ਬਦਲ ਗਈਆਂ ਸਨ। ਉਨ੍ਹਾਂ ਦੇ ਬਦਲੇ ਵਿਹਾਰ ਦਾ ਅਸਰ ਮਹਾਰਾਸ਼ਟਰ ਸਮੇਤ ਹੋਰ ਕਈ ਰਾਜਾਂ ਵਿਚ ਵੀ ਵੇਖਿਆ ਗਿਆ ਸੀ ਤੇ ਸਾਡੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ ਪੰਜਾਬ ਵਿਚ ਵੀ ਨਸ਼ੀਲੇ ਪਦਾਰਥਾਂ ਦਾ ਮੁੱਦਾ ਚੁੱਕ ਕੇ ਇੱਕ ਵਾਰ ਅਕਾਲੀ ਲੀਡਰਸ਼ਿਪ ਨੂੰ ਵਾਹਣੀਂ ਪਾ ਦਿੱਤਾ ਸੀ।

ਛੇਤੀ ਹੀ ਪੰਜਾਬ ਦੀ ਸਥਿਤੀ ਵਿਚ ਫਿਰ ਇੱਕ ਮੋੜ ਆ ਗਿਆ। ਜੰਮੂ-ਕਸ਼ਮੀਰ ਵਿਚ ਸਰਕਾਰ ਦਾ ਅੰਗ ਬਣਨ ਦੀ ਸੌਦੇਬਾਜ਼ੀ ਵਿਚ ਭਾਜਪਾ ਭਾਵੇਂ ਸਫਲ ਰਹੀ, ਪਰ ਵੋਟਾਂ ਆਸ ਨਾਲੋਂ ਘੱਟ ਮਿਲੀਆਂ ਤੇ ਦੂਸਰੇ ਰਾਜਾਂ ਵਿਚ ਜਿੱਥੇ ਕਿਤੇ ਉਪ-ਚੋਣਾਂ ਹੋਈਆਂ, ਬਹੁਤੇ ਥਾਈਂ ਹਾਰਨ ਲੱਗ ਪਈ। ਜਦੋਂ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਸਨ ਤਾਂ ਜਿਹੜੀ ਭਾਜਪਾ ਬੀਤੇ ਛੇ ਮਹੀਨਿਆਂ ਤੋਂ ਅਕਾਲੀਆਂ ਤੋਂ ਦੂਰੀ ਪਾ ਰਹੀ ਸੀ, ਇਨਫੋਰਸਮੈਂਟ ਮੂਹਰੇ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪੇਸ਼ੀ ਵੇਲੇ ਬਾਹਰ ਅਰਥੀ ਵੀ ਸਾੜਨ ਗਈ ਸੀ, ਉਸ ਨੇ ਅਕਾਲੀ ਲੀਡਰਸ਼ਿਪ ਨਾਲ ਬੜੇ ਸਹਿਜ ਨਾਲ ਫਿਰ ਹੱਥ ਮਿਲਾ ਲਿਆ ਸੀ। ਉਹ ਮੋੜਾ ਦਿੱਲੀ ਵਿਚ ਹਾਰ ਪਿੱਛੋਂ ਭਾਜਪਾ ਨਾਲੋਂ ਵੱਧ ਅਕਾਲੀ ਦਲ ਨੂੰ ਰਾਸ ਆਇਆ, ਪਰ ਬਿਹਾਰ ਦੀਆਂ ਚੋਣਾਂ ਦੇ ਅਗੇਤੇ ਅੰਦਾਜ਼ੇ ਜਦੋਂ ਭਾਜਪਾ ਦੀ ਜਿੱਤ ਦੱਸਣ ਲੱਗੇ ਤਾਂ ਫਿਰ ਉਸ ਨੇ ਅਕਾਲੀਆਂ ਵੱਲ ਸਖਤ ਹੋਣ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਪੰਜਾਬ ਵਿਚ ਆਪਣੇ ਸਿਰ ਲੜਨ ਦੀਆਂ ਗੱਲਾਂ ਸ਼ੁਰੂ ਕਰ ਲਈਆਂ ਸਨ। ਬਿਹਾਰ ਚੋਣਾਂ ਨੇ ਭਾਜਪਾ ਫਿਰ ਭੁੰਜੇ ਲਾਹ ਦਿੱਤੀ। ਉਦੋਂ ਤੱਕ ਅਕਾਲੀ ਆਗੂ ਨਰਮੀ ਨਾਲ ਚੱਲਦੇ ਰਹੇ ਤੇ ਜਦੋਂ ਬਿਹਾਰ ਵਿਚ ਭਾਜਪਾ ਦੀ ਸਫ਼ ਵਲ੍ਹੇਟੀ ਗਈ ਤਾਂ ਨਿਤੀਸ਼ ਕੁਮਾਰ ਦੇ ਪੰਜਵੀਂ ਵਾਰ ਸਹੁੰ ਚੁੱਕਣ ਦੇ ਸਮਾਗਮ ਵਿਚ ਪੰਜਾਬ ਦਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਚਲਾ ਗਿਆ। ਉਸ ਦੇ ਜਾਣ ਤੋਂ ਭਾਜਪਾ ਵਾਲਿਆਂ ਦੇ ਭੜਕਣ ਦਾ ਅਕਾਲੀਆਂ ਨੂੰ ਪਤਾ ਸੀ, ਪਰ ਉਨ੍ਹਾਂ ਨੇ ਪ੍ਰਵਾਹ ਨਹੀਂ ਸੀ ਕੀਤੀ।

ਹੁਣ ਦੀ ਸਥਿਤੀ ਇਹ ਹੈ ਕਿ ਕੌਮੀ ਪੱਧਰ ਦੀ ਰਾਜਨੀਤੀ ਵਿਚ ਭਾਜਪਾ ਆਪਣੇ ਸਹਿਯੋਗੀਆਂ ਮੂਹਰੇ ਪਹਿਲਾਂ ਵਾਂਗ ਅੱਖ ਚੁੱਕਣ ਜੋਗੀ ਨਹੀਂ ਰਹੀ। ਬਿਹਾਰ ਤੋਂ ਬਾਅਦ ਰਾਮ ਵਿਲਾਸ ਪਾਸਵਾਨ ਵਰਗੇ ਨੁਕਤਾਚੀਨੀ ਕਰ ਰਹੇ ਹਨ ਅਤੇ ਹੋਰ ਭਾਈਵਾਲ ਫੁੰਕਾਰੇ ਮਾਰਨ ਲੱਗੇ ਹਨ। ਭਾਜਪਾ ਨੂੰ ਬਿਹਾਰ ਤੋਂ ਬਾਅਦ ਆਪਣੇ ਮਾੜੇ ਦਿਨਾਂ ਦੇ ਸੰਕੇਤ ਦੇਣ ਵਾਲੀਆਂ ਦੋ ਹੋਰ ਘਟਨਾਵਾਂ ਨੇ ਵੀ ਕੰਬਣੀ ਛੇੜੀ ਹੈ। ਇਨ੍ਹਾਂ ਵਿਚੋਂ ਇੱਕ ਮੱਧ ਪ੍ਰਦੇਸ਼ ਤੋਂ ਰਤਲਾਮ ਦੀ ਲੋਕ ਸਭਾ ਸੀਟ ਲਈ ਉਪ ਚੋਣ ਵਿਚ ਭਾਜਪਾ ਦੀ ਹਾਰ ਅਤੇ ਕਾਂਗਰਸ ਦੀ ਜਿੱਤ ਹੈ। ਇਹ ਹਾਰ ਭਾਜਪਾ ਲੀਡਰਾਂ ਦੇ ਪੈਰਾਂ ਹੇਠ ਜ਼ਮੀਨ ਹਿੱਲਦੀ ਹੋਣ ਦਾ ਸੰਕੇਤ ਹੈ। ਮੱਧ ਪ੍ਰਦੇਸ਼ ਵਿਚ ਲਗਾਤਾਰ ਤੀਸਰੀ ਵਾਰ ਜ਼ੋਰਦਾਰ ਜਿੱਤ ਨਾਲ ਭਾਜਪਾ ਰਾਜ ਦੀ ਅਗਵਾਈ ਕਰ ਰਹੀ ਹੈ, ਪਿਛਲੇ ਸਾਲ ਆਮ ਚੋਣਾਂ ਮੌਕੇ ਉਥੇ 29 ਲੋਕ ਸਭਾ ਸੀਟਾਂ ਵਿਚੋਂ 27 ਭਾਜਪਾ ਨੇ ਜਿੱਤੀਆਂ ਸਨ। ਉਸ ਦੇ ਇੱਕ ਐਮ ਪੀ ਦੀ ਮੌਤ ਨਾਲ ਖਾਲੀ ਹੋਈ ਸੀਟ, ਜਿਹੜੀ ਆਮ ਚੋਣਾਂ ਵਿਚ ਇੱਕ ਲੱਖ ਸੱਤ ਹਜ਼ਾਰ ਦੇ ਫਰਕ ਨਾਲ ਜਿੱਤੀ ਸੀ, ਸਿਰਫ ਡੇਢ ਸਾਲ ਪਿੱਛੋਂ 80 ਹਜਾਰ ਵੋਟਾਂ ਨਾਲ ਹਾਰਨ ਦਾ ਮਤਲਬ ਹੈ, ਇੱਕ ਲੱਖ ਸਤਾਸੀ ਹਜ਼ਾਰ ਲੋਕ ਓਥੇ ਭਾਜਪਾ ਤੋਂ ਪਾਸਾ ਵੱਟ ਗਏ ਹਨ। ਪੰਜਾਬ ਵਿਚ ਲੋਕ ਸਭਾ ਸੀਟ ਵਿਚ 9 ਅਸੈਂਬਲੀ ਹਲਕੇ ਹੁੰਦੇ ਹਨ ਤੇ ਮੱਧ ਪ੍ਰਦੇਸ਼ ਵਿਚ ਇੱਕ ਪਾਰਲੀਮੈਂਟ ਸੀਟ ਵਿਚ ਅਸੈਂਬਲੀ ਦੇ 8 ਹਲਕੇ ਹਨ। ਦਿਲਚਸਪ ਗੱਲ ਇਹ ਕਿ ਭਾਜਪਾ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਨੇ ਪੰਜ ਦਿਨਾਂ ਵਿਚ ਵੀਹ ਜਲਸੇ ਕਰਕੇ ਜਿੱਤਣ ਲਈ ਜ਼ੋਰ ਲਾਇਆ, ਪਰ ਭਾਜਪਾ ਉਸ ਲੋਕ ਸਭਾ ਸੀਟ ਦੇ ਸਾਰੇ ਅੱਠ ਅਸੈਂਬਲੀ ਹਲਕਿਆਂ ਵਿਚ ਬੁਰੀ ਤਰ੍ਹਾਂ ਹਾਰ ਗਈ। ਇਸ ਤੋਂ ਕੁਝ ਸੰਕੇਤ ਮਿਲਦਾ ਹੈ, ਜਿਸ ਨੂੰ ਭਾਜਪਾ ਲੀਡਰਸ਼ਿਪ ਨੋਟ ਕਰਦੀ ਹੈ।

ਨਵਾਂ ਸੰਕੇਤ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰਾਜ ਗੁਜਰਾਤ ਤੋਂ ਮਿਲਿਆ ਹੈ। ਓਥੇ ਸਥਾਨਕ ਚੋਣਾਂ ਦੇ ਨਤੀਜੇ ਆਏ ਤਾਂ ਇੱਕ ਟਿੱਪਣੀਕਾਰ ਦਾ ਇਹ ਕਹਿਣਾ ਠੀਕ ਲੱਗਾ ਕਿ ਗੁਜਰਾਤ ਵਿਚ ਭਾਜਪਾ ਦਾ 'ਲੱਕ ਟੁੱਟ ਗਿਆ ਅਤੇ ਨੱਕ ਬਚ ਗਿਆ' ਵਾਲੀ ਹਾਲਤ ਹੈ। ਵੱਡੇ ਸ਼ਹਿਰਾਂ ਦੀਆਂ ਸਾਰੀਆਂ ਕਾਰਪੋਰੇਸ਼ਨਾਂ ਵਿਚ ਭਾਜਪਾ ਜਿੱਤ ਕੇ ਨੱਕ ਬਚਾ ਗਈ ਅਤੇ ਛੋਟੇ ਸ਼ਹਿਰਾਂ ਦੀਆਂ 56 ਨਗਰ ਪਾਲਿਕਾਵਾਂ ਵਿਚੋਂ 34 ਵਿਚ ਜਿੱਤ ਗਈ, ਪਰ ਮਾੜੀ ਗੱਲ ਇਹ ਹੋਈ ਕਿ ਪਿਛਲੀ ਵਾਰ ਉਸ ਨੇ 56 ਵਿਚੋਂ 50 ਪਾਲਿਕਾਵਾਂ ਜਿੱਤੀਆਂ ਸਨ, ਇਸ ਵਾਰੀ 34 ਜਿੱਤ ਸਕੀ ਹੈ ਤੇ ਕਾਂਗਰਸ ਪਿਛਲੀਆਂ ਛੇ ਦੀ ਥਾਂ ਨੌਂ ਪਾਲਿਕਾਵਾਂ ਲੈ ਗਈ। ਪੰਜਾਬ ਵਿਚ ਜ਼ਿਲਾ ਪ੍ਰੀਸ਼ਦਾਂ ਵਾਂਗ ਗੁਜਰਾਤ ਵਿਚ ਜਿਲਾ ਪੰਚਾਇਤਾਂ ਹਨ ਤੇ ਕੁੱਲ 31 ਜਿਲਾ ਪੰਚਾਇਤਾਂ ਵਿਚੋਂ ਪਿਛਲੀ ਵਾਰ ਤੀਹ ਭਾਜਪਾ ਕੋਲ ਸਨ, ਹੁਣ ਉਹ ਤੀਹਾਂ ਦੇ ਤੀਸਰੇ ਹਿੱਸੇ ਉਤੇ ਡਿੱਗ ਪਈ, ਸਿਰਫ ਦਸ ਥਾਂਈਂ ਜਿੱਤ ਸਕੀ ਹੈ ਤੇ ਕਾਂਗਰਸ ਪਿਛਲੀ ਸਿਰਫ ਇੱਕ ਦੀ ਥਾਂ ਹੁਣ ਇੱਕੀ ਜ਼ਿਲਾ ਪੰਚਾਇਤਾਂ ਜਿੱਤ ਗਈ। ਜਿਵੇਂ ਪੰਜਾਬ ਵਿਚ ਬਲਾਕ ਸੰਮਤੀਆਂ ਹੁੰਦੀਆਂ ਹਨ, ਗੁਜਰਾਤ ਵਿਚ ਤਹਿਸੀਲ ਪੰਚਾਇਤਾਂ ਹਨ ਤੇ ਇਨ੍ਹਾਂ ਵਿਚ ਵੀ ਭਾਜਪਾ ਬੁਰੀ ਤਰ੍ਹਾਂ ਪੱਛੜ ਗਈ ਹੈ। ਜਿੱਤ ਜਾਂਦੇ ਤਾਂ ਨਰਿੰਦਰ ਮੋਦੀ ਦੀ ਮਹਿਮਾ ਜਿਹੜੇ ਭਾਜਪਾ ਆਗੂਆਂ ਨੇ ਸਾਰੇ ਦੇਸ਼ ਵਿਚ ਉਚੀ ਆਵਾਜ਼ ਵਿਚ ਗਾਉਣੀ ਸੀ, ਉਹ ਹੁਣ ਇਨ੍ਹਾਂ ਚੋਣਾਂ ਵਿਚ ਹਾਰ ਨੂੰ ਸਥਾਨਕ ਗੱਲ ਕਹਿ ਰਹੇ ਹਨ, ਪਰ ਬਹੁਤੀ ਮਾੜੀ ਗੱਲ ਉਨ੍ਹਾਂ ਨਾਲ ਇਹ ਹੋਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜੱਦੀ ਜ਼ਿਲ੍ਹੇ ਮਹਿਸਾਨਾ ਦੇ ਸ਼ਹਿਰੀ ਖੇਤਰ ਵਿਚ ਵੀ ਬੁਰੀ ਤਰ੍ਹਾਂ ਹਾਰ ਗਏ ਤੇ ਪਿੰਡਾਂ ਵਿਚ ਵੀ। ਭਾਜਪਾ ਨੂੰ ਇਸ ਹਾਰ ਦੇ ਕਾਰਨਾਂ ਦੀ ਸਮਝ ਨਹੀਂ ਪੈ ਰਹੀ ਤੇ ਇਸ ਦੀ ਥਾਂ ਉਸ ਦੇ ਆਗੂ ਰਾਮ ਮੰਦਰ ਦਾ ਮੁੱਦਾ ਚੁੱਕ ਤੁਰੇ ਹਨ।

ਜੀ ਹਾਂ, ਇਹ ਹੀ ਮੌਕਾ ਹੈ, ਜਦੋਂ ਇੱਕੋ ਵਕਤ ਦੋ ਖਬਰਾਂ ਇਕੱਠੀਆਂ ਆਈਆਂ ਹਨ। ਪਹਿਲੀ ਇੱਕ ਕਨਸੋਅ ਦੇ ਰੂਪ ਵਿਚ ਕਿ ਲਗਾਤਾਰ ਹਾਰਾਂ ਨੂੰ ਭਾਜਪਾ ਦੇ ਅੰਦਰਲਾ ਇੱਕ ਧੜਾ ਪ੍ਰਧਾਨ ਮੰਤਰੀ ਦੇ ਅਕਸ ਨੂੰ ਖੋਰਾ ਤੇ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਬਦ-ਜ਼ਬਾਨੀ ਨਾਲ ਜੋੜ ਕੇ ਇਸ ਤਰ੍ਹਾਂ ਗੱਲਾਂ ਕਰ ਰਿਹਾ ਹੈ ਕਿ ਅੰਦਰੋਂ ਬਗਾਵਤ ਦੀ ਸਥਿਤੀ ਬਣ ਸਕਦੀ ਹੈ। ਦੂਸਰੀ ਕੋਈ ਕਨਸੋਅ ਨਹੀਂ, ਪੱਛਮੀ ਬੰਗਾਲ ਦੀ ਰੈਲੀ ਵਿਚ ਆਰ ਐਸ ਐਸ ਦੇ ਮੁਖੀ ਮੋਹਣ ਭਾਗਵਤ ਦਾ ਭਾਸ਼ਣ ਹੈ, ਜਿਸ ਵਿਚ ਇਸ ਵਾਰ ਉਨ੍ਹਾਂ ਨੇ ਅਯੁੱਧਿਆ ਵਿਚ ਰਾਮ ਮੰਦਰ ਉਸਾਰਨ ਦਾ ਅਧੂਰਾ ਪਿਆ ਕਾਰਜ ਪੂਰਾ ਕਰਨ ਲਈ ਕਿਸੇ ਵੀ ਕੁਰਬਾਨੀ ਦੀ ਗੱਲ ਕਹਿ ਕੇ ਸਿਆਸਤ ਵਿਚ ਗਰਮੀ ਪੈਦਾ ਕਰਨ ਦਾ ਕੰਮ ਕੀਤਾ ਹੈ। ਰਾਮ ਮੰਦਰ ਦਾ ਮੁੱਦਾ ਹਮੇਸ਼ਾ ਭਾਰਤੀ ਜਨਤਾ ਪਾਰਟੀ ਤੇ ਉਸ ਦੇ ਸਰਪ੍ਰਸਤ ਆਰ ਐਸ ਐਸ ਵੱਲੋਂ ਉਦੋਂ ਚੁੱਕਿਆ ਜਾਂਦਾ ਹੈ, ਜਦੋਂ ਪਾਰਟੀ ਨਿਰਾਸ਼ਾ ਦੇ ਵਹਿਣ ਵਿਚ ਪਈ ਦਿਸਦੀ ਹੈ। ਜਦੋਂ ਕਿਸੇ ਵਕਤ 543 ਮੈਂਬਰਾਂ ਦੀ ਲੋਕ ਸਭਾ ਵਿਚ ਭਾਜਪਾ ਦੇ ਸਿਰਫ ਦੋ ਰਹਿ ਗਏ ਸਨ, ਉਦੋਂ ਇਹ ਮੁੱਦਾ ਉਨ੍ਹਾਂ ਪਹਿਲੀ ਵਾਰ ਚੁੱਕਿਆ ਸੀ ਤੇ ਇਸ ਨਾਲ ਜਜ਼ਬਾਤੀ ਕਰਕੇ ਹਿੰਦੂ ਬਹੁ-ਗਿਣਤੀ ਦੀਆਂ ਵੋਟਾਂ ਨਾਲ ਉਹ ਅਗਲੀ ਚੋਣ ਵਿਚ 86 ਸੀਟਾਂ ਤੇ ਅਗਲੇਰੀ ਵਾਰ 100 ਦਾ ਅੰਕੜਾ ਪਹਿਲੀ ਵਾਰ ਟੱਪ ਸਕੇ ਸਨ। ਭਾਜਪਾ ਲਈ ਰਾਮ ਮੰਦਰ ਦਾ ਮੁੱਦਾ ਇੱਕ ਲੁਕਮਾਨੀ ਨੁਸਖਾ ਹੈ, ਜਿਹੜਾ ਹਿੰਦੂਤਵ ਦੇ ਸਿਆਸੀ ਮਰੀਜ਼ ਦੀ ਹਾਲਤ ਸੁਧਾਰਨ ਲਈ ਕਈ ਵਾਰ ਵਰਤਿਆ ਤੇ ਅਜ਼ਮਾਇਆ ਜਾ ਚੁੱਕਾ ਹੈ ਤੇ ਫਿਰ ਅਜ਼ਮਾਉਣ ਦੀ ਤਿਆਰੀ ਹੋ ਰਹੀ ਹੈ। ਮੋਹਣ ਭਾਗਵਤ ਕੋਈ ਗੱਲ ਅਗੇਤੇ ਸਲਾਹ-ਮਸ਼ਵਰੇ ਤੋਂ ਬਿਨਾਂ ਕਦੇ ਨਹੀਂ ਕਹਿ ਸਕਦਾ ਤੇ ਇਹ ਗੱਲ ਕਹਿਣ ਦੇ ਅਰਥ ਵੀ ਸਭ ਨੂੰ ਪਤਾ ਹਨ।

ਅਸੀਂ ਇਹ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਸਾਡੇ ਲਈ ਪੰਜਾਬ ਕਿਸੇ ਵੀ ਹੋਰ ਤੋਂ ਵੱਧ ਅਹਿਮ ਹੈ, ਪਰ ਇਸ ਦਾ ਨਸੀਬ ਉਸ ਭਾਰਤ ਨਾਲ ਜੁੜਿਆ ਹੋਇਆ ਹੈ, ਜਿੱਥੇ ਇੱਕ ਵਾਰ ਫਿਰ ਉਹ ਨੁਸਖਾ ਅਜਮਾਇਆ ਜਾਣ ਵਾਲਾ ਹੈ ਤੇ ਇਸ ਦਾ ਅਸਰ ਪੰਜਾਬ ਉਤੇ ਵੀ ਪੈਣਾ ਹੈ। ਬਹੁਤ ਘੱਟ ਲੋਕਾਂ ਨੂੰ ਇਹ ਗੱਲ ਚੇਤੇ ਰਹਿ ਗਈ ਹੈ ਕਿ ਸਿਰਸੇ ਦੇ ਸੱਚਾ ਸੌਦਾ ਡੇਰੇ ਵਾਲੇ ਮੁੱਦੇ ਉਤੇ ਅਕਾਲ ਤਖਤ ਦੇ ਜਥੇਦਾਰ ਨੇ ਜਿਹੜੀ ਮੁਆਫੀ ਦਿੱਤੀ ਸੀ, ਉਸ ਦਾ ਖਿਲਾਰਾ ਉਦੋਂ ਹੀ ਪਿਆ ਸੀ, ਜਦੋਂ ਆਰ ਐਸ ਐਸ ਨਾਲ ਜੁੜੇ ਇੱਕ ਸੰਗਠਨ ਦੇ ਆਗੂ ਨੇ ਮੁੰਬਈ ਵਿਚ ਇੱਕ ਐਕਟਰ ਦੇ ਘਰ ਮੀਟਿੰਗ ਹੋਣ ਦਾ ਜ਼ਿਕਰ ਪੱਤਰਕਾਰਾਂ ਕੋਲ ਕੀਤਾ ਸੀ। ਸੱਚੇ ਸੌਦੇ ਵਾਲਾ ਬਾਬਾ ਤਾਂ ਭਾਜਪਾ ਦੇ ਨਾਲ ਸੀ, ਫਿਰ ਵੀ ਅਕਾਲੀਆਂ ਵੱਲੋਂ ਉਸ ਨਾਲ ਕੀਤੇ ਸਮਝੌਤੇ ਦਾ ਭੇਦ ਆਰ ਐਸ ਐਸ ਨਾਲ ਜੁੜੇ ਲੋਕਾਂ ਨੇ ਕਿਉਂ ਖੋਲ੍ਹਿਆ? ਇਹ ਗੱਲ ਹਾਲੇ ਤੱਕ ਕਿਸੇ ਨੂੰ ਸਮਝ ਨਹੀਂ ਆਈ। ਉਹ ਭੇਦ ਖੋਲ੍ਹਣ ਦਾ ਭੇਦ ਗੁੱਝਾ ਹੀ ਰਿਹਾ ਹੈ। ਰਾਜਨੀਤੀ ਦੇ ਜਾਣਕਾਰ ਕਹਿ ਰਹੇ ਹਨ ਕਿ ਭਾਜਪਾ ਨੂੰ ਲਾਂਭੇ ਰੱਖ ਕੇ ਸੱਚੇ ਸੌਦੇ ਵਾਲੇ ਬਾਬੇ ਨਾਲ ਕੀਤੇ ਸਿਆਸੀ ਸੌਦੇ ਦੇ ਪਰਦੇ ਖੋਲ੍ਹਣ ਦਾ ਕੰਮ ਐਵੇਂ ਨਹੀਂ ਸੀ ਕੀਤਾ ਗਿਆ, ਇਸ ਪਿੱਛੇ ਵੀ ਕੋਈ ਗੁੱਝੀ ਰਾਜਨੀਤੀ ਹੈ, ਕੌਮੀ ਪੱਧਰ ਦੀ ਰਾਜਨੀਤੀ। ਰਾਮ ਮੰਦਰ ਵਾਲਾ ਮੁੱਦਾ ਏਨੇ ਚਿਰ ਪਿੱਛੋਂ ਉਛਾਲਣ ਵਾਲੇ ਲੋਕ ਪੰਜਾਬ ਵਿਚ ਕੀ ਤਜਰਬਾ ਕਰਨਾ ਚਾਹੁੰਦੇ ਹਨ? ਬਹੁਤ ਸਾਰੇ ਲੋਕ ਇਸ ਬਾਰੇ ਬਹੁਤ ਸਾਰੇ ਪੱਖਾਂ ਦਾ ਜ਼ਿਕਰ ਕਰਦੇ ਹਨ, ਜਿਨ੍ਹਾਂ ਦਾ ਅਸਰ ਪੰਜਾਬ ਉਤੇ ਪੈ ਸਕਦਾ ਹੈ।

Punjab Times
Punjabtimes1@gmail.com

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage



ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

Flat Rate Funding Group

Are you tired of waiting to get paid on your outstanding freight invoices?
Get your $$$ now!
Call Goldy Dhillon 734-444-9625
sales@flatratefunding.com
At Flat Rate Funding Group, we offer the lowest fixed factoring rate in the transportation industry-
***1.5%!***

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ
ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ:734-444-9625



We also guarantee The Best Fuel Discount $.20 off per gallon at all Flying J and Pilot stations!

# ਹਾਸਰਸ ਤੇ ਉਦੇਸ਼ ਭਰਪੂਰ ਹੋਵੇਗੀ ਗਾਖਲ ਭਰਾਵਾਂ ਦੀ ਫਿਲਮ

# 'ਵਿਸਾਖੀ ਲਿਸਟ'

**ਐਸ ਅਸ਼ੋਕ ਭੌਰਾ**

ਕਿਸੇ ਕੰਮ ਵਿਚ ਪੈਰ ਅੜਾਉਣੇ ਨਹੀਂ ਸਗੋਂ ਟਿਕਾਉਣੇ ਚਾਹੀਦੇ ਹਨ। ਟਿਕੇ ਹੋਏ ਪੈਰਾਂ ਦੀ ਕਹਾਣੀ ਹੀ ਬਣਦੀ ਹੈ 'ਪਾ'ਤੀਆਂ ਨੇ ਪੈੜ੍ਹਾਂ ਜਿਨ੍ਹਾਂ ਰਾਹਾਂ ਵਿੱਚੋਂ ਲੰਘੇ ਆਂ'। ਕੈਲੀਫੋਰਨੀਆ ਵਸਦੇ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨੇ ਟਰੱਕਿੰਗ, ਮੋਟਲ ਅਤੇ ਗੋਲਡ ਜਿਮ ਦੇ ਕਾਰੋਬਾਰ ਤੋਂ ਬਾਅਦ ਫਿਲਮ ਇੰਡਸਟਰੀ ਵਿਚ ਨਰੋਆ ਕਦਮ ਰੱਖਿਆ ਤੇ ਇਸ ਕੰਮ ਨੂੰ ਹੀ ਆਪਣੇ ਕਾਰੋਬਾਰ ਦਾ ਇਕ ਹਿੱਸਾ ਮੰਨ ਕੇ ਕੁਝ ਨਵਾਂ ਕਰਨ ਦਾ ਯਤਨ ਅਰੰਭਿਆ ਹੈ। ਧਰਮਿੰਦਰ ਨੂੰ ਲੈ ਕੇ ਬਣੀ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਤੋਂ ਬਾਅਦ ਪੰਜਾਬੀ ਫਿਲਮ 'ਵੈਸਾਖੀ ਲਿਸਟ' ਦਾ ਨਿਰਮਾਣ ਹਾਲ ਹੀ ਵਿਚ ਮੁਕੰਮਲ ਕਰ ਲਿਆ ਗਿਆ ਹੈ। ਜਿਸ ਨੂੰ 22 ਅਪ੍ਰੈਲ 2016 ਨੂੰ ਦੁਨੀਆਂ ਭਰ ਦੇ ਸਿਨੇਮਿਆਂ ਵਿਚ ਰਿਲੀਜ਼ ਕੀਤਾ ਜਾਵੇਗਾ।

ਜੀ ਬੀ ਐਂਟਰਟੇਨਮੈਂਟ ਦੇ ਬੈਨਰ ਹੇਠ ਬਣਾਈ ਜਾ ਰਹੀ ਇਸ ਫਿਲਮ ਦਾ ਨਿਰਦੇਸ਼ਨ ਸਮੀਪ ਕੰਗ ਨੇ ਕੀਤਾ ਹੈ, ਜਿਸ ਨੇ 'ਕੈਰੀ ਆਨ ਜੱਟਾ' ਵਰਗੀਆਂ ਸੁਪਰ ਡੁਪਰ ਹਿੱਟ ਪੰਜਾਬੀ ਫਿਲਮਾਂ ਪੰਜਾਬੀ ਜਗਤ ਦੀ ਝੋਲੀ ਪਾਈਆਂ ਹਨ।

ਨਿਰਮਾਤਾ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਉਹ ਆਪਣੇ ਪਿੱਤਰੀ ਸੁਭਾਅ ਮੁਤਾਬਿਕ ਹਰ ਕਾਰਜ ਵਿਚ ਦ੍ਰਿੜਤਾ ਨਾਲ ਪ੍ਰਵੇਸ਼ ਕਰਦੇ ਹਨ। ਗਾਖਲ ਆਪਣੇ ਟਿੱਚਰੀ ਅਤੇ ਖੁੱਲ੍ਹੇ ਸੁਭਾਅ ਮੁਤਾਬਿਕ ਕਹੇਗਾ ਕਿ ਹਿੰਦੀ ਫਿਲਮ ਵਿਚ ਤਜ਼ਰਬਾ ਉਨ੍ਹਾਂ ਨੇ ਭਾਵੇਂ ਮਹਿੰਗਾ ਹੀ ਕਿਉਂ ਨਾ ਹਾਸਲ ਕੀਤਾ ਹੋਵੇ ਪਰ ਜੱਟ ਤਜਰਬਾ ਹਾਸਲ ਕਰਨ ਤੋਂ ਬਾਅਦ ਪਿੜ ਫਿਰ ਕਿਸੇ ਹੋਰ ਲਈ ਨਹੀਂ ਛੱਡਦਾ। ਅਸੀਂ ਆਉਣ ਵਾਲੇ ਸਮੇਂ ਵਿਚ ਪੰਜਾਬੀ ਫਿਲਮ ਜਗਤ ਨੂੰ ਅਜਿਹੀਆਂ ਫਿਲਮਾਂ ਦੇਣ ਦਾ ਵਾਅਦਾ ਕਰਦੇ ਹਾਂ ਜੋ ਵਰਤਮਾਨ ਯੁੱਗ ਦਾ ਇਤਿਹਾਸ ਬਣਨਗੀਆਂ।

ਹਾਲ ਹੀ ਵਿਚ ਬਸੀ ਪਠਾਣਾਂ, ਲਾਂਡਰਾਂ ਅਤੇ ਖਰੜ ਦੇ ਨੇੜੇ ਤੇੜੇ 'ਵੈਸਾਖੀ ਲਿਸਟ' ਫਿਲਮ ਦੀ ਸ਼ੂਟਿੰਗ ਮੁਕੰਮਲ ਹੋਣ ਤੋਂ ਬਾਅਦ ਨਿਰਦੇਸ਼ਕ ਸਮੀਪ ਕੰਗ ਨੇ ਦੱਸਿਆ ਕਿ ਸਰਕਾਰਾਂ 26 ਜਨਵਰੀ, 15 ਅਗਸਤ, ਨਵਾਂ ਸਾਲ ਅਤੇ ਵੈਸਾਖੀ ਮੌਕੇ ਤੇ ਕੁਝ ਕੈਦੀਆਂ ਦੀਆਂ ਸਜਾਵਾਂ ਘੱਟ ਕਰਨ ਜਾਂ ਕੁਝ ਇਕ ਨੂੰ ਸਜ਼ਾ ਮੁਆਫ ਕਰਨ ਦਾ ਐਲਾਨ ਕਰਦੀਆਂ ਰਹੀਆਂ ਹਨ। ਇਸੇ ਹੀ ਪੱਖ ਨੂੰ ਲੈ ਕੇ 'ਵੈਸਾਖੀ ਲਿਸਟ' ਬਣਾਈ ਗਈ ਹੈ। ਯਾਨਿ ਉਹ ਲਿਸਟ ਜਿਹੜੀ ਵੈਸਾਖੀ ਤੇ ਰਿਹਾਅ ਕੀਤੇ ਜਾਣ ਵਾਲੇ ਕੈਦੀਆਂ ਦੀ ਹੈ। ਕੰਗ ਅਨੁਸਾਰ ਇਹ ਇਕ ਮੁਕੰਮਲ ਡਰਾਮਾ ਹੈ, ਪਰ ਹਾਸਰਸ ਅਤੇ ਉਦੇਸ਼ ਨਾਲ ਭਰਪੂਰ।

ਫਿਲਮ ਵਿਚ ਮੁੱਖ ਭੂਮਿਕਾ ਨਿਭਾਈ ਹੈ ਜਿੰਮੀ ਸ਼ੇਰਗਿੱਲ ਅਤੇ ਕਪਿਲ ਨਾਈਟ ਫੇਮ ਗੁੱਥੀ ਕਰਕੇ ਜਾਣੇ ਜਾਂਦੇ ਸੁਨੀਲ ਗਰੋਵਰ ਨੇ। ਜਸਵਿੰਦਰ ਭੱਲਾ, ਬਾਲ ਮੁਕੰਦ ਸ਼ਰਮਾ, ਰਾਣਾ ਰਣਬੀਰ ਅਤੇ ਇਸ ਦੀ ਅਭਿਨੇਤਰੀ ਸ਼ਰੂਤੀ ਸੋਢੀ ਹੈ ਜਿਸ ਨੇ 'ਮਿਸਟਰ ਐਂਡ ਮਿਸਿਜ਼ 420' ਫਿਲਮ ਰਾਹੀਂ ਧੜੱਲੇ ਨਾਲ ਫਿਲਮ ਜਗਤ ਵਿਚ ਪ੍ਰਵੇਸ਼ ਕੀਤਾ ਸੀ।

ਫਿਲਮ ਦੀ ਕਹਾਣੀ ਅਤੇ ਪਟਕਥਾ ਵੈਭਵ ਸੁਮਨ ਅਤੇ ਸ਼੍ਰੇਆ ਸ਼੍ਰੀਵਾਸਤਵ ਦੀ ਹੈ, ਜਦਕਿ ਸੰਵਾਦ ਨਰੇਸ਼ ਕਥੂਰੀਆ ਨੇ ਲਿਖੇ ਹਨ। ਨਾਮੀ ਸੰਗੀਤਕਾਰ ਜੈ ਦੇਵ ਕੁਮਾਰ ਦੇ ਸੰਗੀਤ ਹੇਠ ਰਣਜੀਤ ਬਾਵਾ, ਅਮਰਿੰਦਰ ਗਿੱਲ, ਰਾਹਤ ਫਤਿਹ ਅਲੀ ਖਾਨ ਅਤੇ ਨੂਰਾਂ ਭੈਣਾਂ ਨੇ ਗੀਤ ਗਾਏ ਹਨ।

ਗਾਖਲ ਭਰਾਵਾਂ ਅਨੁਸਾਰ ਆਪਣੇ ਪਿੰਡ ਦਾ ਕਬੱਡੀ ਖੇਡ ਮੇਲਾ ਹੋਵੇ ਜਾਂ ਅਮਰੀਕਾ ਦਾ ਵਰਲਡ ਕਬੱਡੀ ਕੱਪ, ਟਰੱਕਿੰਗ ਦਾ ਕਾਰੋਬਾਰ ਹੋਵੇ ਜਾਂ ਗੋਲਡ ਜਿਮ ਦੀ ਕਹਾਣੀ, ਸਾਰੇ ਕੁਝ ਲਈ ਤਿੰਨਾਂ ਭਰਾਵਾਂ ਦਾ ਇਤਫਾਕ, ਮੁਹੱਬਤ ਅਤੇ ਇਕਸੁਰਤਾ ਹੀ ਸਫਲਤਾ ਦਾ ਰਾਜ਼ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਆਉਣ ਵਾਲੇ ਸਮੇਂ ਵਿਚ ਪੰਜਾਬੀ ਫਿਲਮ ਜਗਤ ਉਨ੍ਹਾਂ ਦੀਆਂ ਪਾਈਆਂ ਪੈੜਾਂ 'ਤੇ ਮਾਣ ਮਹਿਸੂਸ ਕਰੇਗਾ ਤੇ ਫਿਲਮ ਵੈਸਾਖੀ ਲਿਸਟ ਜੁਲਾਈ 2016 ਵਿਚ ਰਿਲੀਜ਼ ਕਰ ਦਿੱਤੀ ਜਾਵੇਗੀ ਤੇ ਨਿਸ਼ਾਨਾ ਉਨ੍ਹਾਂ ਲਈ ਹੁਣ ਪੰਜਾਬੀ ਫਿਲਮ ਜਗਤ ਹੀ ਰਹੇਗਾ।



ਗਾਖਲ ਭਰਾ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਤੇ ਇਕਬਾਲ ਸਿੰਘ ਗਾਖਲ



'ਵੈਸਾਖੀ ਲਿਸਟ' ਦੇ ਸ਼ੂਟਿੰਗ ਸੈਟ 'ਤੇ ਗੁੱਥੀ, ਜਸਵਿੰਦਰ ਭੱਲਾ, ਸਮੀਪ ਕੰਗ ਤੇ ਹੋਰ



ਅਮੋਲਕ ਸਿੰਘ ਗਾਖਲ ਨਾਲ ਕਪਿਲ ਨਾਈਟ ਫੇਮ ਗੁੱਥੀ ਸੁਨੀਲ ਗਰੋਵਰ

# 'ਕਮੇਡੀ ਹੰਗਾਮਾ 2015' ਸ਼ੋਅ ਵਿਚ ਵਿਜੇ ਨੇ ਬੰਨ੍ਹਿਆ ਰੰਗ

**ਫਰੀਮਾਂਟ (ਐਸ. ਅਸ਼ੋਕ ਭੌਰਾ):** ਅੱਜ ਦੇ ਯੁੱਗ ਵਿਚ ਅਮਰੀਕਾ ਵਰਗਾ ਮੁਲਕ ਜਦੋਂ ਮਸ਼ੀਨੀ ਬਣ ਚੁੱਕਾ ਹੈ ਤਾਂ ਕੰਮਾਂ-ਕਾਰਾਂ ਵਿਚ ਉਲਝੀਆਂ ਜ਼ਿੰਦਗਾਨੀਆਂ ਨੂੰ ਹੱਸਣ ਦਾ ਮੌਕਾ ਮਿਲੇ, ਉਹ ਵੀ ਰੱਜ ਕੇ, ਤਾਂ ਘਟਨਾ ਖਾਸ ਹੀ ਹੋਵੇਗੀ। ਇਕ ਹਾਸਰਸ ਸ਼ੋਅ ਲੰਘੇ ਸ਼ਨਿੱਚਰਵਾਰ ਦੀ ਸ਼ਾਮ ਨੂੰ 'ਕਮੇਡੀ ਹੰਗਾਮਾ 2015' ਦੇ ਨਾਮ ਹੇਠ ਫਰੀਮਾਂਟ ਦੇ ਮਹਿਰਾਨ ਰੈਸਟੋਰੈਂਟ 'ਚ ਟੋਟਲ ਐਂਟਰਟੇਨਮੈਂਟ ਵਲੋਂ ਕਰਵਾਇਆ ਗਿਆ।

ਇਸ ਸ਼ਾਮ ਦੇ ਨਾਇਕ ਸਨ ਵਿਜੇ ਸਿੰਘ ਜਿਨ੍ਹਾਂ ਨੂੰ ਕੈਲੀਫੋਰਨੀਆ ਦੇ ਸਮੁੱਚੇ ਪੰਜਾਬੀ ਹਲਕਿਆਂ ਵਿਚ ਸਤਿਕਾਰ ਨਾਲ ਜਾਣਿਆ ਜਾਂਦਾ ਹੈ ਤੇ ਇਥੇ ਪੰਜਾਬੀ ਵਿਜੇ ਦਾ ਦੂਜਾ ਨਾਂ ਹੱਸਣਾ ਹੀ ਸਮਝਦੇ ਹਨ। ਤਕਰੀਬਨ ਅੱਧੀ ਰਾਤ ਤੱਕ ਚੱਲੇ ਇਸ ਹਾਸਰਸ ਕਮੇਡੀ ਸ਼ੋਅ ਵਿਚ ਵਿਜੇ ਨੇ ਫਿਲਮੀ ਅੰਦਾਜ਼, ਫਿਲਮੀ ਕਲਾਕਾਰਾਂ ਦੀ ਅਵਾਜ਼, ਪੰਜਾਬ ਦਾ ਲੋਕ ਰੰਗ ਤੇ ਸਭਿਆਚਾਰ ਮਸਖਰੇ ਅਤੇ ਅਮਲੀਆਂ ਦੇ ਜੀਵਨ ਤੇ ਹਾਸਰਸ ਦੀਆਂ ਡੂੰਘੀਆਂ ਚੋਟਾਂ ਕੀਤੀਆਂ। ਇਕ ਅਰਸੇ ਤੋਂ ਹਾਸਰਸ ਕਲਾ ਨਾਲ ਜੁੜੇ ਵਿਜੇ ਨੂੰ ਭਾਵੇਂ ਕੈਲੀਫੋਰਨੀਆ ਵਸਦੇ ਪੰਜਾਬੀ ਚੰਗੀ ਤਰ੍ਹਾਂ ਜਾਣਦੇ ਹਨ ਪਰ ਜਿਸ ਤਰ੍ਹਾਂ ਦੀ ਹਾਸ ਕਲਾ ਦਾ ਨਵਾਂ ਰੂਪ ਨਿਖਾਰਿਆ ਹੈ, ਇਹ ਰੂਪ ਆਉਣ ਵਾਲੇ ਸਮੇਂ ਵਿਚ ਪੰਜਾਬੀ ਸਮਾਗਮਾਂ, ਮਹਿਫਲਾਂ ਅਤੇ ਖੁਸ਼ੀ ਦੇ ਮੌਕਿਆਂ ਤੇ ਹੋਰ ਵੀ ਨਿੱਖਰ ਕੇ ਸਾਹਮਣੇ ਆਉਣ ਦੇ ਸਮਰੱਥ ਹੈ। ਕਈ ਥਾਂ ਉਹ ਲਹਿੰਦੇ ਪੰਜਾਬ ਦਾ ਮਸਖਰਾ ਲੱਗਦਾ ਹੈ।

ਵਿਜੇ ਸਿੰਘ ਦੀ ਪਤਨੀ ਰਣਜੀਤ ਕੌਰ ਨੇ ਨੂਰ ਜਹਾਂ ਦਾ ਗੀਤ 'ਜਦੋਂ ਹੌਲੀ ਦੇਣੀ ਲੈਨਾ ਮੇਰਾ ਨਾਂ' ਸਮੇਤ ਕਈ ਗੀਤ ਪੇਸ਼ ਕੀਤੇ ਤਾਂ ਸੁਰ ਤੇ ਹਾਸਾ ਇਕੋ ਥਾਂ ਬੰਨ੍ਹਿਆ ਗਿਆ। ਇਸ ਮੌਕੇ ਰੇਡੀਓ ਚੜ੍ਹਦੀ ਕਲਾ ਦੇ ਲਖਵੀਰ ਸਿੰਘ ਪਟਵਾਰੀ, ਜਸਵੰਤ ਸਿੰਘ ਸ਼ਾਦ, ਗਾਇਕ ਬੱਬੂ ਗੁਰਪਾਲ, ਹਾਸਰਸ ਕਲਾਕਾਰ ਪੌਪੀ ਸਿੰਘ, ਬਲਜੀਵਨ ਸਣੇ ਹੋਰ ਲੋਕ ਹਾਜ਼ਰ ਸਨ, ਉਥੇ 'ਮਹਾਂਭਾਰਤ' ਸੀਰੀਅਲ 'ਚ ਧ੍ਰਿਤਰਾਸ਼ਟਰ ਦੀ ਭੂਮਿਕਾ ਨਿਭਾਉਣ ਵਾਲੇ ਗਿਰਜਾ ਸ਼ੰਕਰ ਨੇ ਹਾਜ਼ਰੀ ਵੀ ਭਰੀ। ਪ੍ਰੋਗਰਾਮ ਦਾ ਸੰਚਾਲਨ ਆਈਨਾ ਨੇ ਕੀਤਾ ਅਤੇ ਅਵਤਾਰ ਲਾਖਾ ਦੇ ਯਤਨਾਂ ਨਾਲ ਇਸ ਯਾਦਗਾਰੀ ਸਮਾਗਮ ਦਾ ਸਰੋਤਿਆਂ ਨੇ ਭਰਪੂਰ ਆਨੰਦ ਮਾਣਿਆ।















# ਅਮਨਦੀਪ ਸੈਣੀ ਜੈਨਕੋ ਦੇ ਪ੍ਰਧਾਨ ਤੇ ਗੁਰਜੰਟ ਸੰਘਾ ਜਨਰਲ ਸਕੱਤਰ ਬਣੇ

**ਸੈਨ ਹੋਜ਼ੇ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜੱਥੇਬੰਦੀ (ਜੈਨਕੋ) ਦੀ ਗੁਰਦੁਆਰਾ ਸੈਨ ਹੋਜ਼ੇ ਵਿਚ ਹੋਈ ਵਿਸ਼ੇਸ਼ ਮੀਟਿੰਗ ਵਿਚ ਅਮਨਦੀਪ ਸਿੰਘ ਸੈਣੀ ਨੂੰ ਪ੍ਰਧਾਨ ਅਤੇ ਗੁਰਜੰਟ ਸਿੰਘ ਸੰਘਾ ਨੂੰ ਜਰਨਲ ਸਕੱਤਰ ਬਣਾਇਆ ਗਿਆ ਹੈ।

ਯਾਦ ਰਹੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਇਸ ਕਾਲਜ ਦੇ ਵਿਦਿਆਰਥੀਆਂ ਨੇ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਖਿਤਿਆਂ ਵਿਚ ਨਾਂ ਰੌਸ਼ਨ ਕੀਤਾ ਹੈ। ਇਸੇ



ਤਰ੍ਹਾਂ ਸੈਨ ਹੋਜ਼ੇ ਗੁਰਦੁਆਰੇ ਦੀ ਇਮਾਰਤ ਬਣਾਉਣ ਵਿਚ ਵੀ ਵੱਡਾ ਯੋਗਦਾਨ ਪਾਇਆ ਹੈ ਅਤੇ ਹੁਣ ਮੁੱਖ ਪ੍ਰਬੰਧਕ ਦੀ ਭੂਮਿਕਾ ਵੀ ਨਿਭਾਈ ਜਾ ਰਹੀ ਹੈ। ਗੁਰਜੰਟ ਸਿੰਘ ਸੰਘਾ ਇਸ ਸਮੇਂ ਸਿਟੀ ਆਫ ਸੈਨ ਹੋਜ਼ੇ ਵਿਚ ਚੀਫ ਹਨ। ਇਸ ਸੰਸਥਾ ਵੱਲੋਂ ਇੰਡੀਆ ਤੋਂ ਅਮਰੀਕਾ ਆਏ ਨਵੇਂ ਵਿਦਿਆਰਥੀਆ ਨੂੰ ਪੜ੍ਹਾਈ ਅਤੇ ਨੌਕਰੀਆਂ ਦਿਵਾਉਣ ਲਈ ਮਦਦ ਕੀਤੀ ਜਾ ਰਹੀ ਹੈ। ਇੰਡੀਆ ਵਿਚ ਵੀ ਲੋੜਵੰਦ ਵਿਦਿਆਰਥੀਆਂ ਦੀ ਵੀ ਮਦਦ ਕੀਤੀ ਜਾਂਦੀ ਹੈ।

ਸੰਸਥਾ ਵੱਲੋਂ ਸਾਲ ਵਿਚ ਦੋ ਵੱਡੇ ਸਮਾਗਮ ਕਰਵਾਏ ਜਾਂਦੇ ਹਨ। ਇਸ ਮੌਕੇ ਸੰਸਥਾ ਵੱਲੋਂ ਹਰ ਸਾਲ ਵਾਂਗ ਸ੍ਰੀ ਅਖੰਡਪਾਠ ਸਾਹਿਬ ਦਾ ਭੋਗ ਪਾਇਆ ਅਤੇ ਗੁਰੂ ਕੇ ਲੰਗਰ ਵਿਚ ਸੇਵਾ ਨਿਭਾਈ।

## ਭਾਰਤੀ ਮੂਲ ਦੀ 11 ਸਾਲਾ ਕੁੜੀ 'ਮੈਨਸਾ' ਵਿਚ ਅੱਵਲ

**ਲੰਡਨ:** ਭਾਰਤੀ ਮੂਲ ਦੀ 11 ਸਾਲਾ ਕੁੜੀ ਨੇ ਯੂ.ਕੇ. ਵਿਚ 'ਮੈਨਸਾ' ਦੇ ਆਈਕਿਊ ਟੈਸਟ ਵਿਚ ਸਭ ਤੋਂ ਵੱਧ 162 ਅੰਕ ਹਾਸਲ ਕਰਕੇ ਸਿਖਰਲਾ ਸਥਾਨ ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਇਹ ਕੁੜੀ ਮੁਲਕ ਦੀ ਜ਼ਹੀਨ ਵਿਦਿਆਰਥਣ ਬਣ ਗਈ ਹੈ।

ਅਨੁਸ਼ਕਾ ਬਿਨੌਇ ਨੇ 162 ਅੰਕ ਹਾਸਲ ਕਰਕੇ ਇਸ ਅਨੋਖੀ ਸੁਸਾਇਟੀ ਦੀ ਮੈਂਬਰਸ਼ਿਪ ਹਾਸਲ ਕਰ ਲਈ ਹੈ, ਜਿਸ ਵਿਚ ਬ੍ਰਿਟੇਨ ਦੇ ਮਹਿਜ਼ ਦੋ ਫੀਸਦੀ ਜ਼ਹੀਨ ਲੋਕ ਸ਼ਾਮਲ ਹਨ।

# ਪੋਰਟਰਵਿੱਲ ਗੁਰੂਘਰ 'ਚ ਸਰਬੱਤ ਦੇ ਭਲੇ ਲਈ ਅਰਦਾਸ

**ਪੋਰਟਰਵਿੱਲ (ਬਿਊਰੋ):** ਗੁਰਦੁਆਰਾ ਸਿੱਖ ਸੈਂਟਰ ਆਫ ਪੋਰਟਰਵਿੱਲ ਵਿਖੇ ਸੰਗਤ ਦੇ ਸਹਿਯੋਗ ਨਾਲ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਰਬਵਿਆਪੀ ਸਿਧਾਂਤ ਦੇਣ ਵਾਲੇ ਸਿੱਖ ਧਰਮ ਦੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਦੇ ਗੁਰਪੁਰਬ ਮੌਕੇ ਬੱਚਿਆਂ ਦੇ ਸਮਾਗਮ ਕਰਵਾਏ ਗਏ।

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਛੋਟੇ ਬੱਚਿਆਂ ਨੇ ਕੀਰਤਨ ਕੀਤਾ। ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਅਤੇ ਭਾਈ ਸੁਰਿੰਦਰਪਾਲ ਸਿੰਘ ਜਲੰਧਰ ਵਾਲਿਆਂ ਨੇ ਕੀਰਤਨ ਕੀਤਾ। ਇਸ ਤੋਂ ਬਾਅਦ ਬੱਚਿਆਂ ਨੇ ਗੁਰੂ ਨਾਨਕ ਦੇ ਜੀਵਨ ਇਤਿਹਾਸ ਬਾਰੇ ਭਾਸ਼ਨ ਦਿੱਤੇ ਅਤੇ ਕਵਿਤਾ ਤੇ ਧਾਰਮਿਕ ਗੀਤ ਪੇਸ਼ ਕੀਤੇ।

ਇਸ ਮੌਕੇ ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ। ਪ੍ਰਬੰਧਕਾਂ ਨੇ ਬੱਚਿਆਂ ਵਲੋਂ ਪੇਸ਼ ਪ੍ਰੋਗਰਾਮਾਂ ਤੋਂ ਪ੍ਰਭਾਵਿਤ ਹੁੰਦਿਆਂ ਐਲਾਨ ਕੀਤਾ ਕਿ ਗੁਰਦੁਆਰੇ ਵੱਲੋਂ ਹਰ ਮਹੀਨੇ ਕੋਈ ਨਾ ਕੋਈ ਧਾਰਮਿਕ ਸਮਾਗਮ ਕਰਵਾਇਆ ਜਾਇਆ ਕਰੇਗਾ ਜਿਸ ਵਿਚ ਬੱਚੇ ਪ੍ਰੋਗਰਾਮ ਪੇਸ਼ ਕਰਨਗੇ।

ਸੰਗਤ ਨੇ ਵੀ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ। ਸਮਾਗਮ ਦੀ ਸਮਾਪਤੀ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਦੱਸਣਯੋਗ ਹੈ ਕਿ ਗੁਰਦੁਆਰੇ ਵਿਚ ਖਾਸ ਸਮਾਗਮਾਂ ਮੌਕੇ ਸ਼ੁਰੂਆਤ ਤੋਂ ਲੈ ਕੇ ਸਮਾਪਤੀ ਤੱਕ ਬੱਚੇ ਹੀ ਸਮਾਗਮ ਕਰਦੇ ਹਨ।




*ਗੁਰਦੁਆਰੇ ਦੇ ਪ੍ਰਬੰਧਕ ਅਤੇ ਸੰਗਤ ਸਨਮਨਾਤ ਬੱਚਿਆਂ ਨਾਲ ਫੋਟੋ ਖਿਚਵਾਉਂਦੇ ਹੋਏ*



*ਗੁਰਦੁਆਰਾ ਫਰੀਮਾਂਟ ਵਿਖੇ ਬੱਚਿਆਂ ਦੇ ਖੇਡ ਮੈਦਾਨ ਵਿਚ ਪੈਡ ਲੁਆਉਣ ਦੀ ਸੇਵਾ ਕਰਨ ਵਾਲੀ ਬੀਬੀ ਸੁਰਿੰਦਰ ਕੌਰ ਦਾ ਗੁਰੂ ਘਰ ਦੀ ਤਰਫੋਂ ਸਨਮਾਨ ਕੀਤਾ ਗਿਆ। ਬੀਬੀ ਸੁਰਿੰਦਰ ਕੌਰ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਇਹ ਸੇਵਾ ਖੇਡ ਦੌਰਾਨ ਬੱਚਿਆਂ ਨੂੰ ਸੱਟ-ਫੇਟ ਨਾ ਲੱਗਣ ਦੇ ਮੱਦੇਨਜ਼ਰ ਕਰਵਾਈ ਗਈ।*


H K TRANSPORT INC
Division of HK Incorporated
1401 West Ray St, Indianapolis, IN 46221
Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ

ਲੋੜੀਂਦੀ ਯੋਗਤਾ:
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ
ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ

ਸੰਪਰਕ ਕਰੋ: ਫੋਨ 317-408-3211
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

Imperial Truck Driving School
3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !
ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

Deep Sidhu 559-217-5986
Mahinder Singh 559-515-9022
mailto:Deep@jfsinc.us

# ਪੰਜਾਬ ਨੂੰ ਪਰਵਾਸ ਦੇ ਚਿੱਬ




*ਪੰਜਾਬੀਆਂ ਵਿਚ ਵਿਦੇਸ਼ ਜਾਣ ਦਾ ਰੁਝਾਨ ਵਧ ਰਿਹਾ ਹੈ ਪਰ ਇਸ ਦੇ ਨਾਲ ਹੀ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ 65 ਫੀਸਦੀ ਪੰਜਾਬੀ ਇਕ ਜਾਂ ਡੇਢ ਸਾਲ ਵਿਦੇਸ਼ ਰਹਿ ਕੇ ਪੰਜਾਬ ਪਰਤ ਆਉਂਦੇ ਹਨ। ਵਿਦੇਸ਼ ਵਿਚ ਕੰਮ ਲਈ ਸਖਤ ਸ਼ਰਤਾਂ, ਵਰਕ ਪਰਮਿਟ ਦੀ ਮਿਆਦ ਖਤਮ ਹੋਣ, ਕੰਮ ਨਾ ਮਿਲਣ, ਰਹਿਣ ਸਹਿਣ ਦੀਆਂ ਸਖਤ ਸ਼ਰਤਾਂ, ਸਿਹਤ ਖਰਾਬ ਹੋਣ ਜਾਂ ਬੱਚਤ ਨਾ ਹੋਣ ਕਾਰਨ ਸੱਤ ਫੀਸਦੀ ਪਰਵਾਸੀਆਂ ਨੂੰ ਵਾਪਸ ਪਰਤਣਾ ਪੈਂਦਾ ਹੈ। ਇਹ ਖੁਲਾਸਾ ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟ੍ਰੀਅਲ (ਕਰਿੱਡ), ਚੰਡੀਗੜ੍ਹ ਅਤੇ ਇੰਸਟੀਚਿਊਟ ਆਫ ਨੈਸ਼ਨਲਾਇਜ਼ਡ ਟਿਊਡਸ ਡੈਮੋਗ੍ਰਾਫਿਕਿਊ, ਪੈਰਿਸ (ਆਈ.ਐਨ.ਈ.ਡੀ.) ਵੱਲੋਂ ਕਰਵਾਏ 'ਡਾਇਨਾਮਿਕਸ ਆਫ ਇੰਟਰਨੈਸ਼ਨਲ ਆਊਟ-ਮਾਈਗ੍ਰੇਸ਼ਨ ਆਫ ਪੰਜਾਬ' ਅਧਿਐਨ ਵਿਚ ਹੋਇਆ ਹੈ।*

## ਪੰਜਾਬੀਆਂ ਨੂੰ ਮਹਿੰਗਾ ਪੈ ਰਿਹਾ ਹੈ ਵਿਦੇਸ਼ ਜਾਣ ਦਾ ਸ਼ੁਦਾ

**ਚੰਡੀਗੜ੍ਹ:** ਪਰਵਾਸ ਬਾਰੇ ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟ੍ਰੀਅਲ (ਕਰਿੱਡ), ਚੰਡੀਗੜ੍ਹ ਅਤੇ ਇੰਸਟੀਚਿਊਟ ਆਫ ਨੈਸ਼ਨਲਾਇਜ਼ਡ ਟਿਊਡਸ ਡੈਮੋਗ੍ਰਾਫਿਕਿਊ, ਪੈਰਿਸ (ਆਈ.ਐਨ.ਈ.ਡੀ.) ਵੱਲੋਂ ਕਰਵਾਏ 'ਡਾਇਨਾਮਿਕਸ ਆਫ ਇੰਟਰਨੈਸ਼ਨਲ ਆਊਟ-ਮਾਈਗ੍ਰੇਸ਼ਨ ਆਫ ਪੰਜਾਬ' ਦੇ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਪੇਂਡੂ ਖੇਤਰ ਵਿਚ ਪਰਤੇ ਅਜਿਹੇ 34 ਫੀਸਦੀ ਪੰਜਾਬੀਆਂ ਦਾ ਕਿੱਤਾ ਖੇਤੀਬਾੜੀ ਹੈ। ਵਾਪਸ ਪਰਤੇ ਸਿੱਖ ਪਰਵਾਸੀਆਂ ਵਿਚੋਂ 12 ਫੀਸਦੀ ਕੰਸਟ੍ਰਕਸ਼ਨ ਦੇ ਕੰਮ, 11 ਫੀਸਦੀ ਦੂਜੀਆਂ ਸੇਵਾਵਾਂ ਅਤੇ 36 ਫੀਸਦੀ ਖੇਤੀਬਾੜੀ ਨਾਲ ਸਬੰਧਤ ਹਨ ਜਦ ਕਿ ਹਿੰਦੂ ਪਰਵਾਸੀਆਂ ਵਿਚ 13 ਫੀਸਦੀ ਵਪਾਰ, 12 ਫੀਸਦੀ ਦਸਤਕਾਰੀ, ਉਦਯੋਗ ਤੇ ਮੁਰੰਮਤ ਦੇ ਕੰਮ ਅਤੇ 12 ਫੀਸਦੀ ਹੋਰ ਸੇਵਾਵਾਂ ਨਾਲ

### ਪੰਜਾਬੀਆਂ ਦੇ ਪਰਵਾਸ ਬਾਰੇ ਅੰਕੜੇ (%)

| ਖੇਤਰ | ਯੂ.ਏ.ਈ. | ਕੈਨੇਡਾ | ਇਟਲੀ | ਯੂ.ਐਸ. | ਆਸਟਰੇਲੀਆ | ਯੂ.ਕੇ. |
|---|---|---|---|---|---|---|
| ਦੁਆਬਾ | 29 | 10 | 15 | 7 | 6 | 10 |
| ਮਾਲਵਾ | 23 | 24 | 5 | 8 | 18 | 2 |
| ਮਾਝਾ | 31 | 4 | 8 | 19 | 10 | 10 |
| ਮਰਦ | 33 | 9 | 11 | 9 | 8 | 8 |
| ਔਰਤਾਂ | 3 | 28 | 12 | 20 | 17 | 10 |

ਸਬੰਧਤ ਹਨ। ਹਾਲਾਂਕਿ ਅਜਿਹੇ ਪਰਵਾਸੀਆਂ ਦੀਆਂ ਘਰਵਾਲੀਆਂ ਨੇ ਉਨ੍ਹਾਂ ਦੀ ਵਾਪਸੀ ਨੂੰ ਤਰਜੀਹ ਦਿੱਤੀ ਹੈ ਅਤੇ 44 ਫੀਸਦੀ ਔਰਤਾਂ ਇਸ ਗੱਲ ਨਾਲ ਸਹਿਮਤ ਹਨ ਕਿ ਵਾਪਸੀ ਨਾਲ ਘਰ ਦਾ ਭਾਰ ਵੰਡਿਆ ਗਿਆ ਹੈ। ਇਸ ਤੋਂ ਇਲਾਵਾ 24 ਫੀਸਦੀ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰਕ ਰਿਸ਼ਤੇ ਮਜ਼ਬੂਤ ਹੋਏ ਹਨ। ਵਿਦੇਸ਼ ਜਾਣ ਵਾਲਿਆਂ ਵਿਚੋਂ ਦੋ ਤਿਹਾਈ ਲੋਕਾਂ ਦੀ ਉਮਰ 20 ਸਾਲ ਦੇ ਨੇੜੇ ਤੇੜੇ ਹੈ। 18 ਫੀਸਦੀ 30 ਤੋਂ 39 ਸਾਲ ਅਤੇ ਛੇ ਫੀਸਦੀ 40 ਤੋਂ 49 ਤੇ ਤਿੰਨ ਫੀਸਦੀ 50 ਤੋਂ 59 ਸਾਲ ਦੀ ਉਮਰ ਦੇ ਹਨ। ਉਮਰ ਵਧਣ ਦੇ ਨਾਲ-ਨਾਲ ਬਾਹਰ ਜਾਣ ਦੀ ਰੁਚੀ ਵੀ ਘਟਦੀ ਜਾਂਦੀ ਹੈ।

ਕੇਰਲ, ਗੁਜਰਾਤ, ਆਂਧਰਾ ਪ੍ਰਦੇਸ਼ ਤੇ ਪੰਜਾਬ ਵਿਚੋਂ ਬਾਹਰ ਜਾਣ ਵਾਲੇ ਨੌਜਵਾਨ ਆਮ ਕਰਕੇ ਪੇਂਡੂ ਖੇਤਰ ਨਾਲ ਸਬੰਧਤ ਹਨ ਤੇ ਜ਼ਿਆਦਾਤਰ ਉਥੇ ਖੇਤਾਂ ਵਿਚ ਮਜ਼ਦੂਰੀ ਜਾਂ ਡਰਾਈਵਰੀ ਕਰਨ ਜਾਂਦੇ ਹਨ ਤੇ ਇਹ ਕਿਸੇ ਵੀ ਕੰਮ ਵਿਚ ਨਿਪੁੰਨ ਨਹੀਂ ਹੁੰਦੇ। ਪਰਵਾਸ ਅਤੇ ਸ਼ਹਿਰੀ ਅਧਿਐਨ ਵਿਭਾਗ ਤੇ ਇੰਟਰਨਲ ਇੰਸਟੀਚਿਊਟ ਫਾਰ ਪਾਪੂਲੇਸ਼ਨ ਸਾਇੰਸਜ਼, ਮੁੰਬਈ ਦੇ ਮੁੱਖੀ ਆਰ.ਬੀ. ਭਗਤ ਦਾ ਕਹਿਣਾ ਹੈ ਕਿ ਇਸ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਧੋਖੇਬਾਜ਼ ਏਜੰਟਾਂ ਖਿਲਾਫ ਸਖਤ ਕਾਰਵਾਈ ਕਰੇ। ਖਾੜੀ ਦੇਸ਼ਾਂ ਵਿਚ ਪਰਵਾਸੀਆਂ ਨੂੰ ਸਭ ਤੋਂ ਵੱਧ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਰਕ ਪਰਮਿਟ 'ਤੇ ਇਥੇ ਪੁੱਜੇ ਪੰਜਾਬੀਆਂ ਦੇ ਸਬੰਧਤ ਕੰਪਨੀ ਵੱਲੋਂ ਪਾਸਪੋਰਟ ਜ਼ਬਤ ਕਰ ਲਏ ਜਾਂਦੇ ਹਨ। ਇਥੋਂ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਦੀ ਸ਼ੁਰੂਆਤ ਹੁੰਦੀ ਹੈ।

## ਵਿਦੇਸ਼ ਜਾਣ ਲਈ ਕਰਜ਼ਾ ਚੁੱਕਣ ਦਾ ਰੁਝਾਨ ਵਧਿਆ

**ਚੰਡੀਗੜ੍ਹ:** ਆਰਥਿਕ ਪੱਖੋਂ ਟੁੱਟੇ ਪੰਜਾਬੀਆਂ ਦਾ ਵਿਦੇਸ਼ ਜਾਣ ਦਾ ਸੁਪਨਾ ਕਾਫੀ ਮਹਿੰਗਾ ਸਾਬਤ ਹੋ ਰਿਹਾ। ਇਸ ਲਈ ਉਹ ਸ਼ਾਹੂਕਾਰਾਂ ਤੋਂ ਵੱਧ ਵਿਆਜ ਦਰਾਂ 'ਤੇ ਕਰਜ਼ਾ ਲੈਣ ਤੋਂ ਵੀ ਨਹੀਂ ਝਕਦੇ ਹਨ।


ਕਰਿੱਡ ਦੇ ਅਧਿਐਨ ਨਾਲ ਹੀ ਸਬੰਧਤ 2010 ਦੀ ਰਿਪੋਰਟ ਮੁਤਾਬਕ ਅੱਧ ਤੋਂ ਵੱਧ ਪਰਵਾਸੀ ਬਾਹਰ ਜਾਣ ਲਈ ਆਪਣੇ ਦੋਸਤਾਂ ਜਾਂ ਰਿਸ਼ਤੇਦਾਰਾਂ ਤੋਂ ਅਤੇ ਤਕਰੀਬਨ 15 ਫੀਸਦੀ ਪਰਿਵਾਰ ਸ਼ਾਹੂਕਾਰਾਂ ਤੋਂ ਉਧਾਰ ਚੁੱਕਦੇ ਹਨ। ਪੰਜਾਬ ਵਿਚ ਕਰਜ਼ੇ ਦੀਆਂ ਵਿਆਜ ਦਰਾਂ ਜ਼ਿਆਦਾ ਤੇ ਕਰਜ ਵਾਪਸੀ ਦੀਆਂ ਸ਼ਰਤਾਂ ਵੀ ਸਖਤ ਹਨ, ਪਰ ਫਿਰ ਵੀ ਬਾਹਰ ਜਾਣ ਦਾ ਇੰਨਾ ਸ਼ੁਦਾ ਹੈ ਕਿ ਲੋਕ ਕਰਜ ਚੁੱਕਣ ਤੋਂ ਰਤਾ ਵੀ ਨਹੀਂ ਝਕਦੇ। ਕਰਿੱਡ ਦੀ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਪੈਸਾ ਚੁੱਕਣ ਦੀ ਪ੍ਰਕਿਰਿਆ ਕਰਜ਼ਦਾਰ ਦੀ ਸਮਾਜਿਕ/ਆਰਥਿਕ ਹਾਲਤ 'ਤੇ ਨਿਰਭਰ ਹੈ। ਸਟੱਡੀ ਵਿਚ ਸਾਹਮਣੇ ਆਇਆ ਹੈ ਕਿ ਛੋਟੀਆਂ ਜਾਤਾਂ ਦੇ ਲੋਕਾਂ ਲੋਕ ਸੰਪਤੀ ਨਾ ਹੋਣ ਕਾਰਨ ਉਨ੍ਹਾਂ ਨੂੰ ਬੈਂਕਾਂ ਤੋਂ ਕਰਜਾ ਨਹੀਂ ਮਿਲਦਾ ਤੇ ਉਨ੍ਹਾਂ ਨੂੰ ਸ਼ਾਹੂਕਾਰਾਂ ਜਾਂ ਰਿਸ਼ਤੇਦਾਰਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਸ਼ਾਹੂਕਾਰਾਂ ਕੋਲੋਂ ਕਰਜ ਲੈਣ ਵਾਲਿਆਂ ਵਿਚ ਗਰੀਬ ਤੇ ਐਸ.ਸੀ. ਪਰਿਵਾਰ ਸਭ ਤੋਂ ਅੱਗੇ ਹਨ ਜਿਨ੍ਹਾਂ ਵਿਚ ਕ੍ਰਮਵਾਰ 35 ਅਤੇ 7 ਫੀਸਦੀ ਲੋਕ ਹਨ।

ਆਰਥਿਕ ਸਮੱਸਿਆ ਤੋਂ ਇਲਾਵਾ ਕਰਜ਼ਦਾਰਾਂ ਨੂੰ ਸਮਾਜਿਕ ਤੇ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਘੱਟ ਆਮਦਨ ਹੋਣ ਕਾਰਨ ਉਨ੍ਹਾਂ ਨੂੰ ਕਰਜ ਉਤਾਰਨ ਵਿਚ ਬਹੁਤ ਸਾਲ ਲੱਗ ਜਾਂਦੇ ਹਨ ਜਾਂ ਕਈ ਵਾਰ ਉਹ ਕਰਜ ਉਤਾਰ ਹੀ ਨਹੀਂ ਸਕਦੇ। ਰਿਪੋਰਟ ਮੁਤਾਬਕ ਛੋਟੇ ਅਤੇ ਵੱਡੇ ਜ਼ਮੀਨ ਮਾਲਕਾਂ ਅਤੇ ਔਰਤ ਮੁਖੀ ਵਾਲੇ ਪਰਿਵਾਰ ਵੱਲੋਂ ਪੈਸੇ ਜੋੜਨ ਦਾ ਮੁੱਖ ਮਕਸਦ ਕਿਸੇ ਜੀਅ ਨੂੰ ਬਾਹਰ ਭੇਜਣਾ ਹੁੰਦਾ ਹਨ। ਇਸ ਲਈ ਉਹ ਆਪਣੀ ਜ਼ਮੀਨ ਵੇਚਣ ਲਈ ਵੀ ਤਿਆਰ ਹੋ ਜਾਂਦੇ ਹਨ। ਇਰਾਕ ਅਤੇ ਸੀਰੀਆ ਵਰਗੇ ਦੇਸ਼ਾਂ ਵਿਚ ਸੁਰੱਖਿਅਤ ਹਾਲਾਤ ਨਾ ਹੋਣ ਕਰਕੇ ਪਰਵਾਸ ਘੱਟ ਹੈ। ਇਸੇ ਤਰ੍ਹਾਂ ਸਖਤ ਕਾਨੂੰਨ ਕਾਰਨ ਸਾਊਦੀ ਅਰਬ ਵਿਚ ਵੀ ਪਰਵਾਸੀਆਂ ਦੀ ਗਿਣਤੀ ਘੱਟ ਹੈ।

## ਟਰੈਵਲ ਏਜੰਟਾਂ ਦੀ ਹੋਈ ਚਾਂਦੀ ਹੀ ਚਾਂਦੀ

**ਚੰਡੀਗੜ੍ਹ:** ਕਰਿੱਡ ਵੱਲੋਂ ਕਰਵਾਏ ਗਏ ਸਰਵੇ ਵਿਚ ਸਾਹਮਣੇ ਆਇਆ ਹੈ ਕਿ ਵਿਦੇਸ਼ ਜਾਣ ਲਈ ਟਰੈਵਲ ਏਜੰਟਾਂ ਦੀ ਮਦਦ ਲੈਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਪੰਜਾਬ ਵਿਚ ਵਿਦੇਸ਼ ਜਾਣ ਦੇ ਚਾਹਵਾਨ 62 ਫੀਸਦੀ ਲੋਕ ਏਜੰਟਾਂ ਦੀ ਮਦਦ ਲੈਂਦੇ ਹਨ ਜਦ ਕਿ 29 ਫੀਸਦੀ ਪਰਿਵਾਰ ਜਾਂ ਮਿੱਤਰਾਂ ਦੀ ਮਦਦ ਨਾਲ ਵਿਦੇਸ਼ ਪੁੱਜਦੇ ਹਨ। ਸਿੱਟੇ ਵਜੋਂ ਵੱਡੀ ਗਿਣਤੀ ਵਿਚ ਲੋਕ ਟਰੈਵਲ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ।

ਕੈਨੇਡਾ ਵਿਚ ਵਰਕ ਪਰਮਿਟ ਵੀਜ਼ੇ ਤਹਿਤ ਨੌਕਰੀਆਂ ਦਿਵਾਉਣ ਦਾ ਝਾਂਸਾ ਦੇ ਕੇ ਦੋ ਕੰਪਨੀਆਂ ਵੱਲੋਂ 600 ਤੋਂ ਵੱਧ ਵਿਅਕਤੀਆਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰਨ ਦੇ ਤਕਰੀਬਨ 69 ਮਾਮਲੇ ਸਿਰਫ ਮੁਹਾਲੀ ਪੁਲਿਸ ਸਟੇਸ਼ਨ ਵਿਚ ਦਰਜ ਹੋਏ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਵੀ ਵੱਡੀ ਗਿਣਤੀ ਵਿਚ ਲੋਕਾਂ ਨੂੰ ਜਾਅਲੀ ਟਰੈਵਲ ਏਜੰਟਾਂ ਵੱਲੋਂ ਲੁੱਟੇ ਜਾਣ ਦੀਆਂ ਖਬਰਾਂ ਹਨ ਜਦੋਂਕਿ ਪੰਜਾਬ ਦੇ ਹੋਰਨਾਂ ਸ਼ਹਿਰਾਂ ਵਿਚ ਵੀ ਟਰੈਵਲ ਏਜੰਟਾਂ ਤੇ ਫਰਜੀ ਕੰਪਨੀਆਂ ਵੱਲੋਂ ਲੋਕਾਂ ਨੂੰ ਵਿਦੇਸ਼ ਭੇਜਣ ਦੇ ਝੂਠੇ ਲਾਰਿਆਂ ਤਹਿਤ ਠੱਗਣ ਦੇ ਹਜ਼ਾਰਾਂ ਕੇਸ ਦਰਜ ਹੋ ਚੁੱਕੇ ਹਨ। ਠੱਗੀ ਦਾ ਸ਼ਿਕਾਰ ਹੋਏ ਲੋਕ ਪੁਲਿਸ ਸਟੇਸ਼ਨਾਂ ਦੀ ਖਾਕ



ਛਾਣਦੇ ਫਿਰ ਰਹੇ ਹਨ ਪਰ ਉਨ੍ਹਾਂ ਦੀ ਕੋਈ ਬਾਂਹ ਨਹੀਂ ਫੜ ਰਿਹਾ। ਬਹੁਤੇ ਮਾਮਲਿਆਂ ਦੀਆਂ ਤਾਂ ਐਫ.ਆਈ.ਆਰ. ਵੀ ਨਹੀਂ ਲਿਖੀਆਂ ਜਾ ਰਹੀਆਂ ਜਦੋਂਕਿ ਦਰਜ ਹੋਏ ਕੇਸਾਂ ਉੱਤੇ ਵੀ ਕੋਈ ਠੋਸ ਕਾਰਵਾਈ ਨਹੀਂ ਹੋ ਰਹੀ। ਟਰੈਵਲ ਏਜੰਟਾਂ ਦੀ ਇਸ ਲੁੱਟ-ਖਸੁੱਟ ਨੂੰ ਰੋਕਣ ਲਈ ਲੰਬੇ ਸਮੇਂ ਤੋਂ ਆਵਾਜ਼ਾਂ ਉੱਠਦੀਆਂ ਆ ਰਹੀਆਂ ਹਨ ਪਰ ਸਰਕਾਰਾਂ ਵੱਲੋਂ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਗਿਆ। ਅਜਿਹਾ ਨਹੀਂ ਕਿ ਇਸ ਗੈਰ-ਕਾਨੂੰਨੀ ਧੰਦੇ ਨੂੰ ਰੋਕਣ ਲਈ ਕਾਨੂੰਨ ਨਹੀਂ ਸਗੋਂ ਅਸਲੀਅਤ ਇਹ ਹੈ ਕਿ ਇਹ ਸਭ ਕੁਝ ਰਸੂਖਵਾਨਾਂ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਚੱਲ ਰਿਹਾ ਹੈ। 2006 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਟਰੈਵਲ ਏਜੰਟਾਂ ਦੀ ਧੋਖਾਧੜੀ ਤੋਂ ਲੋਕਾਂ ਨੂੰ ਬਚਾਉਣ ਲਈ ਸਰਕਾਰ ਨੂੰ ਠੋਸ ਨੀਤੀ ਤੈਅ ਕਰਨ ਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਟਰੈਵਲ ਏਜੰਟਾਂ ਦੀ ਰਜਿਸਟਰੇਸ਼ਨ ਬਾਰੇ ਰਿਕਾਰਡ ਤਲਬ ਕੀਤਾ ਸੀ। ਸਰਕਾਰ ਵੱਲੋਂ ਅਦਾਲਤ ਵਿਚ ਪੇਸ਼ ਕੀਤੇ ਗਏ ਰਿਕਾਰਡ ਮੁਤਾਬਕ ਸੂਬੇ ਵਿਚ ਸਿਰਫ 215 ਰਜਿਸਟਰਡ ਟਰੈਵਲ ਏਜੰਟ/ਫਰਮਾਂ ਹੀ ਹਨ ਜਦੋਂਕਿ ਅਸਲੀਅਤ ਇਹ ਹੈ ਕਿ ਇੰਨੇ ਏਜੰਟ ਤਾਂ ਇਕ ਜ਼ਿਲ੍ਹੇ ਵਿਚ ਹੀ ਮੌਜੂਦ ਹਨ। ਰਿਕਾਰਡ ਮੁਤਾਬਕ ਮੁਹਾਲੀ ਜ਼ਿਲ੍ਹੇ ਵਿਚ ਸਿਰਫ 13 ਹੀ ਅਜਿਹੇ ਏਜੰਟ ਰਜਿਸਟਰਡ ਹਨ ਜਦੋਂਕਿ ਇਥੇ ਸੈਂਕੜੇ ਟਰੈਵਲ ਏਜੰਟ ਇਹ ਗੋਰਖਧੰਦਾ ਕਰ ਰਹੇ ਹਨ। ਆਈਲੈਟਸ ਕਰਾਉਣ ਵਾਲੇ ਦਰਜਨਾਂ ਕੇਂਦਰ ਤੇ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਵੇਚਣ ਵਾਲੇ ਸੈਂਕੜੇ ਏਜੰਟ ਹਨ ਪਰ ਸਰਕਾਰੀ ਰਿਕਾਰਡ ਅਨੁਸਾਰ ਇਥੇ ਇਕ ਵੀ ਅਜਿਹਾ ਕੇਂਦਰ ਅਤੇ ਏਜੰਟ ਨਹੀਂ ਹੈ। ਇਸ ਤੋਂ ਜਾਪਦਾ ਹੈ ਕਿ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਸਭ ਕੁਝ ਜਾਣਦਿਆਂ ਹੋਇਆਂ ਵੀ ਅੱਖਾਂ ਮੀਚੀਂ ਬੈਠੇ ਹਨ। ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ 2012 ਤਹਿਤ ਕੋਈ ਵੀ ਵਿਅਕਤੀ ਜਾਂ ਫਰਮ ਬਿਨਾਂ ਰਜਿਸਟਰੇਸ਼ਨ ਅਜਿਹਾ ਕਾਰੋਬਾਰ ਨਹੀਂ ਕਰ ਸਕਦੀ ਪਰ ਇਸ ਦੇ ਬਾਵਜੂਦ ਹਰ ਸ਼ਹਿਰ ਵਿਚ ਇਹ ਵਰਤਾਰਾ ਚੱਲ ਰਿਹਾ ਹੈ।


### ਫਾਈਲਾਂ ਵਿਚੋਂ ਬਾਹਰ ਨਾ ਆਏ ਤਸਕਰੀ ਰੋਕੂ ਐਕਟ

**ਜਲੰਧਰ:** ਸਰਕਾਰ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ-2012 ਵਿਚ ਸੋਧਾਂ ਕਰਨ ਤੋਂ ਇਲਾਵਾ 'ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ' ਵੀ ਬਣਾਇਆ ਹੈ ਜਿਸ ਤਹਿਤ ਟਰੈਵਲ ਏਜੰਟਾਂ/ਏਜੰਸੀਆਂ, ਟਿਕਟ ਏਜੰਟਾਂ ਤੇ ਆਈਲੈਟਸ ਕੋਚਿੰਗ ਸੈਂਟਰਾਂ ਆਦਿ ਦੀ ਰਜਿਸਟਰੇਸ਼ਨ ਲਾਜ਼ਮੀ ਬਣਾਉਣ ਦੇ ਨਾਲ-ਨਾਲ ਕੁਤਾਹੀ ਕਰਨ ਵਾਲਿਆਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਵਿਵਸਥਾ ਹੈ। ਇਸ ਕਾਨੂੰਨ ਤਹਿਤ ਕੋਈ ਵੀ ਅਜਿਹਾ ਕਾਰੋਬਾਰ ਬਿਨਾਂ ਲਾਇਸੈਂਸ ਤੇ ਰਜਿਸਟਰੇਸ਼ਨ ਦੇ ਨਹੀਂ ਕੀਤਾ ਜਾ ਸਕਦਾ। ਅਜਿਹੇ ਕਾਨੂੰਨ ਦੇ ਬਾਵਜੂਦ ਫਰਜ਼ੀ ਏਜੰਟਾਂ ਵਾਲਾ ਵਰਤਾਰਾ ਜਿਉਂ ਦੀ ਤਿਉਂ ਜਾਰੀ ਹੈ।

## ਪਰਵਾਸ ਪੱਖੋਂ ਯੂ.ਏ.ਈ. ਬਣਿਆ ਪੰਜਾਬੀਆਂ ਦੀ ਪਹਿਲੀ ਪਸੰਦ

**ਚੰਡੀਗੜ੍ਹ:** ਕੈਨੇਡਾ ਜਾਣਾ ਭਾਵੇਂ ਬਹੁਤੇ ਪੰਜਾਬੀਆਂ ਦਾ ਸੁਪਨਾ ਹੈ, ਪਰ ਜ਼ਿਆਦਾਤਰ ਪੰਜਾਬੀ (ਤਕਰੀਬਨ 28 ਫੀਸਦੀ) ਯੂਨਾਈਟਿਡ ਅਰਬ ਅਮੀਰਾਤ (ਯੂ.ਏ.ਈ.) ਵੱਲ ਪਰਵਾਸ ਕਰ ਰਹੇ ਹਨ। ਕਰਿੱਡ ਵੱਲੋਂ 10 ਹਜ਼ਾਰ ਤੋਂ ਵੱਧ ਪਰਿਵਾਰਾਂ ਤੇ 54 ਹਜ਼ਾਰ ਲੋਕਾਂ ਉਪਰ ਕੀਤੇ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਤਕਰੀਬਨ 11 ਫੀਸਦੀ (10 ਵਿਚੋਂ ਇਕ) ਪਰਿਵਾਰਾਂ ਵਿਚੋਂ ਇਕ ਮੈਂਬਰ ਪਰਵਾਸੀ ਹੈ। 24 ਫੀਸਦੀ ਪਰਿਵਾਰ ਕੈਨੇਡਾ, 15 ਫੀਸਦੀ ਯੂ.ਏ.ਈ. ਤੇ 13 ਫੀਸਦੀ ਯੂ.ਐਸ. ਜਾਣ ਦੇ ਚਾਹਵਾਨ ਹਨ, ਪਰ ਇਟਲੀ (11 ਫੀਸਦੀ) ਤੇ ਕੈਨੇਡਾ (12) ਦੀ ਥਾਂ ਪਰਵਾਸ ਲਈ ਯੂ.ਏ.ਈ. ਨੂੰ ਪਹਿਲ ਦਿੱਤੀ ਜਾ ਰਹੀ ਹੈ।

ਸਮਾਜ ਦੇ ਹੇਠਲੇ ਤੇ ਉੱਚ ਵਰਗ ਦੇ ਲੋਕਾਂ ਵਿਚਾਲੇ ਪਰਵਾਸ ਪੱਖੋਂ ਦੇਸ਼ਾਂ ਦੀ ਚੋਣ ਵਿਚ ਵੱਡਾ ਫਰਕ ਹੈ। ਪੇਂਡੂ ਖੇਤਰ ਨਾਲ ਸਬੰਧਤ ਲੋਕ (30 ਫੀਸਦੀ) ਯੂ.ਏ.ਈ. ਨੂੰ ਪਹਿਲ ਦਿੰਦੇ ਹਨ ਜੋ ਕਿ ਮਾਝਾ ਖੇਤਰ, ਹਿੰਦੂ, ਪਛੜੀਆਂ



ਜਾਤਾਂ ਤੇ ਘੱਟ ਪੜ੍ਹੇ, ਬੇਜ਼ਮੀਨੇ ਅਤੇ ਨੀਵੇਂ ਜੀਵਨ ਪੱਧਰ ਨਾਲ ਸਬੰਧਤ ਹਨ। ਕੈਨੇਡਾ-ਮਾਲਵਾ ਖੇਤਰ, ਸਿੱਖਾਂ, ਜਨਰਲ ਵਰਗ, 10 ਕਿੱਲੇ ਤੋਂ ਵੱਧ ਜ਼ਮੀਨ ਦੇ ਮਾਲਕਾਂ ਦੀ ਪਸੰਦ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਜਿਵੇਂ-ਜਿਵੇਂ ਸਿੱਖਿਆ ਦਾ ਪੱਧਰ ਉੱਚਾ ਹੋ ਰਿਹਾ ਹੈ ਯੂ.ਏ.ਈ. ਵੱਲ ਪਰਵਾਸ ਘਟਦਾ ਜਾ ਰਿਹਾ ਹੈ ਅਤੇ ਲੋਕ ਕੈਨੇਡਾ ਜਾਣ ਨੂੰ ਪਹਿਲ ਦੇ ਰਹੇ ਹਨ।

### ਔਰਤਾਂ ਅਜੇ ਬਹੁਤ ਪਿਛਾਂਹ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਵਿਚ ਵੀ ਵਿਦੇਸ਼ ਜਾਣ ਦਾ ਰੁਝਾਨ ਵਧ ਰਿਹਾ ਹੈ, ਪਰ ਮਰਦਾਂ ਦੇ ਮੁਕਾਬਲੇ ਇਹ ਗਿਣਤੀ ਕਾਫੀ ਘੱਟ ਹੈ। ਔਰਤਾਂ ਦੀ ਪਰਵਾਸ ਦਰ ਹਜ਼ਾਰ ਪਿੱਛੇ ਦਸ ਹੈ ਜਦੋਂ ਕਿ ਮਰਦਾਂ ਵਿਚ ਇਹ ਦਰ ਹਜ਼ਾਰ ਪਿੱਛੇ 46 ਹੈ। ਔਰਤਾਂ ਦਾ ਪਰਵਾਸ ਆਸਟਰੇਲੀਆ ਤੇ ਯੂ.ਐਸ. ਤੇ ਕੈਨੇਡਾ ਦਾ ਹੈ। 21 ਫੀਸਦੀ ਔਰਤਾਂ ਕੰਮ ਲਈ, 19 ਫੀਸਦੀ ਸਿੱਖਿਆ, 29 ਫੀਸਦੀ ਵਿਆਹ ਜਾਂ ਪਰਿਵਾਰ ਲਈ ਕੈਨੇਡਾ ਜਾਂਦੀਆਂ ਹਨ। ਇਨ੍ਹਾਂ ਵਿਚੋਂ 80 ਫੀਸਦੀ ਪੇਂਡੂ, 40 ਦੁਆਬਾ ਅਤੇ 80 ਫੀਸਦੀ ਤੋਂ ਵੱਧ ਸਿੱਖ ਪਰਿਵਾਰ ਵਿਚੋਂ ਹਨ।

### ਐਨ.ਆਰ.ਆਈ. ਲਾੜੇ ਦਾ ਕਰੇਜ਼ ਵਧਿਆ

**ਚੰਡੀਗੜ੍ਹ:** ਅਧਿਐਨ ਵਿਚ ਸਾਹਮਣੇ ਆਇਆ ਹੈ ਕਿ 17 ਫੀਸਦੀ ਪਰਿਵਾਰ ਆਪਣੀ ਧੀ ਲਈ ਐਨ.ਆਰ.ਆਈ. ਲੜਕੇ ਦੀ ਭਾਲ ਵਿਚ ਹਨ। ਇਹ ਰੁਝਾਨ ਆਰਥਿਕ ਪੱਖੋਂ ਖੁਸ਼ਹਾਲ ਜਾਂ ਵੱਡੇ ਪਰਿਵਾਰਾਂ ਵਿਚ ਜ਼ਿਆਦਾ ਹੈ। ਬਾਹਰਲੇ ਵਰ ਦੀ ਭਾਲ ਲਈ ਜੱਦੋ ਜਹਿਦ ਮਾਲਵਾ ਖੇਤਰ ਦੇ ਪਰਿਵਾਰਾਂ ਵਿਚ 20 ਫੀਸਦੀ ਅਤੇ ਔਰਤ ਮੁਖੀ ਪਰਿਵਾਰਾਂ ਵਿਚ 19 ਫੀਸਦੀ ਵੇਖਣ ਨੂੰ ਮਿਲੀ ਹੈ।



50 ਫੀਸਦੀ ਲੋਕਾਂ ਦਾ ਵਿਸ਼ਵਾਸ ਹੈ ਕਿ ਐਨ.ਆਰ.ਆਈ ਨਾਲ ਵਿਆਹ ਕਰਕੇ ਲੜਕੀ ਦਾ ਭਵਿੱਖ ਸੁਰੱਖਿਅਤ ਰਹੇਗਾ, 48 ਫੀਸਦੀ ਸੋਚਦੇ ਹਨ ਕਿ ਉਨ੍ਹਾਂ ਦੀ ਧੀ ਚੰਗਾ ਜੀਵਨ ਜੀਅ ਸਕੇਗੀ। 47 ਫੀਸਦੀ ਦਾ ਮੰਨਣਾ ਹੈ ਕਿ ਖੁਸ਼ਹਾਲ ਰਹੇਗੀ ਤੇ 31 ਫੀਸਦੀ ਸਮਾਜਿਕ ਸੁਰੱਖਿਆ ਮੰਨਦੇ ਹਨ। ਕਰਿੱਡ ਦੇ ਪ੍ਰੋਫੈਸਰ ਨੰਦਾ ਕਹਿਣਾ ਹੈ ਕਿ ਇਸ ਨਾਲ ਇਨ੍ਹਾਂ ਪਰਿਵਾਰਾਂ ਨੂੰ ਆਪਣੇ ਹੋਰ ਮੈਂਬਰਾਂ ਨੂੰ ਬਾਹਰ ਭੇਜਣ ਦਾ ਮੌਕਾ ਮਿਲ ਜਾਂਦਾ ਹੈ।

ਇਸ ਰੁਝਾਨ ਦੇ ਤੇਜ਼ੀ ਨਾਲ ਵਧਣ ਕਾਰਨ ਧੋਖਾਧੜੀ ਦੇ ਮਾਮਲੇ ਵੱਡੀ ਗਿਣਤੀ ਵਿਚ ਸਾਹਮਣੇ ਆ ਰਹੇ ਹਨ। ਲੜਕੀ ਦਾ ਵਿਦੇਸ਼ ਵਿਆਹ ਕਰਵਾਉਣ ਨੂੰ ਪਰਿਵਾਰ ਦੇ ਦੂਜੇ ਜੀਆਂ ਨੂੰ ਬਾਹਰ ਭੇਜਣ ਦਾ ਰਾਹ ਸਮਝਿਆ ਜਾਣ ਲੱਗਾ ਹੈ। ਇਸੇ ਲਾਲਚ ਵਿਚ ਵੱਡੀ ਉਮਰ ਦੇ ਵਿਦੇਸ਼ੀ ਲਾੜਿਆਂ ਨਾਲ ਵਿਆਹ ਕਰਨ ਦਾ ਰੁਝਾਨ ਵੀ ਵਧਿਆ ਹੈ।

## 23 ਨਵੰਬਰ ਦੇ ਰਾਜਨੀਤਿਕ ਇਕੱਠ 'ਤੇ ਬੱਸਾਂ ਭੇਜੇ ਜਾਣ ਬਾਰੇ ਪੈਦਾ ਹੋਏ ਵਿਵਾਦ ਬਾਰੇ

# ਸਪਸ਼ਟੀਕਰਨ

ਪਿਛਲੀ ਦਿਨੀਂ ਸੋਸ਼ਲ ਮੀਡੀਆ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਨਕਲੀ ਆਈ.ਡੀਜ਼ ਰਾਹੀਂ ਬੜੂ ਸਾਹਿਬ ਸੰਸਥਾ ਅਤੇ ਸਤਿਕਾਰਯੋਗ ਬਾਬਾ ਇਕਬਾਲ ਸਿੰਘ ਜੀ ਵਾਸਤੇ ਅਪਮਾਨਜਨਕ ਸ਼ਬਦ ਵਰਤੇ ਗਏ ਹਨ। ਇਹ ਬਿਲਕੁੱਲ ਬੇ-ਬੁਨਿਆਦ ਅਤੇ ਝੂਠੇ ਇਲਜ਼ਾਮ ਹਨ। ਰਾਜਨੀਤਿਕ ਰੈਲੀ ਵਿਚ ਸਾਡੇ ਵੱਲੋਂ ਕੋਈ ਵੀ ਸਕੂਲ-ਬੱਸ ਜਾਂ ਹੋਰ ਸਾਧਨ ਨਹੀਂ ਭੇਜਿਆ ਗਿਆ। ਇਹ ਸ਼ਰਾਰਤੀ ਲੋਕ ਉਸ ਸ਼ਖਸੀਅਤ ਲਈ ਮਾੜੀ ਸ਼ਬਦਾਵਲੀ ਵਰਤ ਰਹੇ ਹਨ ਜਿਨ੍ਹਾਂ ਨੇ ਨਾ ਸਿਰਫ਼ ਸਿੱਖ ਕੌਮ ਦੇ ਬੱਚਿਆਂ ਲਈ ਨੈਤਿਕ ਕਦਰਾਂ-ਕੀਮਤਾਂ ਵਾਲੀ ਵਿਦਿਆ ਦੇ ਪ੍ਰਚਾਰ ਤੇ ਪਸਾਰ ਲਈ ਕਰੜੀ ਘਾਲਣਾ ਘਾਲੀ, ਬਲਕਿ ਆਪਣੀ ਸਾਰੀ ਜ਼ਿੰਦਗੀ ਸਿੱਖ ਕੌਮ ਨੂੰ ਸਮਰਪਿਤ ਕਰ ਦਿੱਤੀ ਹੈ।

## ਸਾਧ ਸੰਗਤ ਜੀ ! ਸ਼ਰਾਰਤੀ ਅਨਸਰਾਂ ਦੀ ਅਸਲੀਅਤ ਤੋਂ ਜਾਣੂ ਹੋਵੋ...

*ਸ਼ਰਾਰਤੀ ਅਨਸਰ ਨਹੀਂ ਜਾਣਦੇ ਹਨ ਕਿ ਬਾਬਾ ਇਕਬਾਲ ਸਿੰਘ ਜੀ ਨੇ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਭਲੇ ਲਈ ਕੀ ਕੁਝ ਕੀਤਾ ਹੈ?*

* ਬਾਬਾ ਇਕਬਾਲ ਸਿੰਘ ਜੀ ਨੇ ਬਾਬਾ ਤੇਜਾ ਸਿੰਘ ਜੀ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ, ਬਿਨਾਂ ਕਿਸੇ ਲਾਭ-ਹਾਨੀ ਦੀ ਪ੍ਰਵਾਹ ਕੀਤਿਆਂ, ਬੜੂ ਸਾਹਿਬ ਦੀ ਤਪੋ-ਭੂਮੀ ਲਈ ਪੰਜਾਬ ਸਰਕਾਰ ਦੀ ਉਚ-ਪੱਧਰੀ ਨੌਕਰੀ ਛੱਡ ਕੇ ਹਿਮਾਚਲ ਪ੍ਰਦੇਸ਼ ਦੇ ਖੇਤੀਬਾੜੀ ਵਿਭਾਗ ਵਿਚ ਹੇਠਲੇ ਪੱਧਰ ਦੀ ਨੌਕਰੀ ਸ਼ੁਰੂ ਕੀਤੀ।
* ਬਾਬਾ ਇਕਬਾਲ ਸਿੰਘ ਜੀ ਖੇਤੀਬਾੜੀ ਵਿਭਾਗ ਤੋਂ ਡਾਇਰੈਕਟਰ ਦੇ ਉਚ ਅਹੁਦੇ ਤੋਂ ਰਿਟਾਇਰ ਹੋਏ ਸਨ, ਪਰ ਉਨ੍ਹਾਂ ਆਪਣੇ ਲਈ ਇਕ ਸਿੱਕਾ ਵੀ ਨਹੀਂ ਜੋੜਿਆ, ਬਲਕਿ ਆਪਣੀ ਸਾਰੀ ਪੂੰਜੀ, ਤਨਖਾਹ ਤੇ ਪੈਨਸ਼ਨ ਆਦਿ ਇਸ ਚੈਰੀਟੇਬਲ ਸੰਸਥਾ ਦੀ ਤਰੱਕੀ ਲਈ ਖਰਚ ਕਰ ਦਿੱਤੀ।
* ਬਾਬਾ ਇਕਬਾਲ ਸਿੰਘ ਜੀ ਨੇ 1986 ਵਿਚ ਸਿਰਫ਼ 5 ਵਿਦਿਆਰਥੀਆਂ ਨਾਲ ਬੜੂ ਸਾਹਿਬ ਵਿਖੇ ਅਕਾਲ ਅਕੈਡਮੀ ਸ਼ੁਰੂ ਕੀਤੀ ਸੀ ਜਿਸ ਦੇ ਵਧੀਆ ਨਤੀਜਿਆਂ ਤੋਂ ਪ੍ਰਭਾਵਿਤ ਹੋਈ ਸੰਗਤ ਦੇ ਹੁਕਮ ਅਤੇ ਸਹਿਯੋਗ ਨਾਲ ਹੁਣ ਤੱਕ 129 ਅਕਾਲ ਅਕੈਡਮੀਆਂ ਅਤੇ ਦੋ ਯੂਨੀਵਰਸਿਟੀਆਂ ਖੁੱਲ੍ਹ ਚੁੱਕੀਆਂ ਹਨ। ਇਨ੍ਹਾਂ ਵਿਚ 60 ਹਜ਼ਾਰ ਵਿਦਿਆਰਥੀ ਨੈਤਿਕ ਕਦਰਾਂ-ਕੀਮਤਾਂ ਵਾਲੀ ਵਿਦਿਆ ਗ੍ਰਹਿਣ ਕਰ ਰਹੇ ਹਨ। ਇਸ ਤੋਂ ਇਲਾਵਾ 250 ਬਿਸਤਰਿਆਂ ਵਾਲਾ ਹਸਪਤਾਲ, ਦੋ ਨਸ਼ਾ ਛਡਾਊ ਕੇਂਦਰ ਅਤੇ ਉਤਰੀ ਭਾਰਤ ਵਿਚ ਇਸਤਰੀਆਂ ਦੀ ਭਲਾਈ ਲਈ ਕਈ ਹੋਰ ਪਰਉਪਕਾਰੀ ਕਾਰਜ ਚੱਲ ਰਹੇ ਹਨ।

ਬਾਬਾ ਇਕਬਾਲ ਸਿੰਘ ਜੀ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਨ੍ਹਾਂ ਅਕਾਲ ਅਕੈਡਮੀਆਂ ਦੇ ਸਾਰੇ ਵਿਦਿਆਰਥੀ ਦਿਨ ਦੀ ਸ਼ੁਰੂਆਤ ਨਿਤਨੇਮ ਦੀਆਂ ਪੰਜਾਂ ਬਾਣੀਆਂ ਨਾਲ ਕਰਦੇ ਹਨ ਅਤੇ ਅਕੈਡਮੀਆਂ ਵਿਚ ਮੌਜੂਦ ਗੁਰਦੁਆਰਿਆਂ ਦੀ ਦੇਖ-ਰੇਖ ਤੇ ਸਾਂਭ-ਸੰਭਾਲ ਵੀ ਇਨ੍ਹਾਂ ਵਿਦਿਆਰਥੀ ਵੱਲੋਂ ਹੀ ਕੀਤੀ ਜਾਂਦੀ ਹੈ।

## ਵਿਵਾਦ ਦੀ ਜੜ੍ਹ

* 21 ਨਵੰਬਰ ਨੂੰ ਠੇਕੇ 'ਤੇ ਚੱਲ ਰਹੀਆਂ ਕੁਝ ਬੱਸਾਂ ਦੇ ਮਾਲਕਾਂ ਵੱਲੋਂ ਦੱਸਿਆ ਗਿਆ ਕਿ ਉਹ 23 ਨਵੰਬਰ ਨੂੰ ਬੱਚਿਆਂ ਨੂੰ ਸਕੂਲ ਲੈ ਕੇ ਨਹੀਂ ਆ ਸਕਦੇ, ਕਿਉਂਕਿ ਉਨ੍ਹਾਂ ਨੇ ਬੱਸਾਂ ਬਠਿੰਡਾ ਵਿਚ ਹੋ ਰਹੀ ਰੈਲੀ 'ਤੇ ਲਿਜਾਣੀਆਂ ਹਨ।
* ਸਬੰਧਤ ਅਕੈਡਮੀਆਂ ਦੀਆਂ ਪ੍ਰਿੰਸੀਪਲਾਂ ਨੇ ਠੇਕੇਦਾਰਾਂ ਨੂੰ ਕਿਹਾ ਕਿ ਇੰਨੇ ਥੋੜ੍ਹੇ ਸਮੇਂ ਵਿਚ ਬੱਚਿਆਂ ਲਈ ਬੱਸਾਂ ਦਾ ਢੁਕਵਾਂ ਪ੍ਰਬੰਧ ਨਹੀਂ ਹੋ ਸਕਦਾ, ਇਸ ਲਈ ਉਹ ਆਪਣੀ ਡਿਊਟੀ 'ਤੇ ਹਾਜ਼ਰ ਹੋਣ, ਫਿਰ ਵੀ ਉਨ੍ਹਾਂ ਦਾ ਜਵਾਬ ਨਾਂਹ-ਪੱਖੀ ਹੀ ਸੀ।
* ਪ੍ਰਿੰਸੀਪਲਾਂ ਨੇ ਮਾਪਿਆਂ ਨੂੰ ਜਾਣੂ ਕਰਵਾਇਆ ਕਿ ਉਹ ਉਸ ਦਿਨ ਆਪਣੇ ਬੱਚਿਆਂ ਨੂੰ ਆਪਣੇ ਸਾਧਨਾਂ ਰਾਹੀਂ ਸਕੂਲ ਛੱਡ ਜਾਣ, ਪਰ ਬਹੁਤੇ ਮਾਪਿਆਂ ਵੱਲੋਂ ਸਮੇਂ ਦੀ ਘਾਟ ਤੇ ਕੁਝ ਹੋਰ ਕਾਰਨਾਂ ਕਰ ਕੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਗਈ।

*ਸਪਸ਼ਟ ਕੀਤਾ ਜਾਂਦਾ ਹੈ ਕਿ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਸਾਰੀਆਂ ਸਬੰਧਤ ਅਕਾਲ ਅਕੈਡਮੀਆਂ ਦੀਆਂ ਪ੍ਰਿੰਸੀਪਲਾਂ ਤੇ ਹੋਰ ਸਾਰੇ ਅਧਿਆਪਕ ਉਸ ਦਿਨ ਸਕੂਲ ਵਿਚ ਹਾਜ਼ਰ ਹੋਏ ਸਨ ਅਤੇ ਉਨ੍ਹਾਂ ਵਿਦਿਆਰਥੀਆਂ ਦੀਆਂ ਕਲਾਸਾਂ ਵੀ ਲਗਾਈਆਂ ਸਨ ਜਿਨ੍ਹਾਂ ਨੂੰ ਮਾਪਿਆਂ ਵੱਲੋਂ ਆਪਣੇ ਸਾਧਨਾਂ ਰਾਹੀਂ ਸਕੂਲ ਭੇਜਿਆ ਗਿਆ ਸੀ।*

# ਅਸਲੀਅਤ ਕੀ ਹੈ...

## *ਅਕਾਲ ਅਕੈਡਮੀਆਂ ਵਿਚ ਬੱਚਿਆਂ ਨੂੰ ਲਿਆਉਣ ਅਤੇ ਲਿਜਾਣ ਲਈ ਲਗਭਗ 1200 ਬੱਸਾਂ ਚੱਲ ਰਹੀਆਂ ਹਨ:*

** ਇਨ੍ਹਾਂ ਵਿਚੋਂ 200 ਬੱਸਾਂ ਕਲਗੀਧਰ ਟਰੱਸਟ ਦੀਆਂ ਆਪਣੀਆਂ ਹਨ ਜੋ ਰੋਜ਼ਾਨਾ ਕੇਵਲ ਬੱਚਿਆਂ ਅਤੇ ਸਟਾਫ਼ ਨੂੰ ਲਿਆਉਣ ਤੇ ਲਿਜਾਣ ਲਈ ਹਨ। ਇਨ੍ਹਾਂ ਵਿਚੋਂ ਕੋਈ ਵੀ ਬੱਸ ਰਾਜਨੀਤਿਕ ਰੈਲੀ ਵਿਚ ਨਹੀਂ ਗਈ।*

** 900 ਬੱਸਾਂ ਕਲਗੀਧਰ ਟਰੱਸਟ ਵੱਲੋਂ ਠੇਕੇ 'ਤੇ ਲਈਆਂ ਗਈਆਂ ਹਨ ਜਿਨ੍ਹਾਂ ਵਿਚੋਂ 20 ਬੱਸਾਂ 23 ਨਵੰਬਰ ਨੂੰ ਡਿਊਟੀ 'ਤੇ ਨਹੀਂ ਸਨ।*

** 100 ਬੱਸਾਂ ਮਾਪਿਆਂ ਵੱਲੋਂ ਖੁਦ ਕਿਰਾਏ 'ਤੇ ਲੈ ਕੇ ਚਲਾਈਆਂ ਜਾ ਰਹੀਆਂ ਹਨ ਜਿਸ ਵਿਚ ਸੰਸਥਾ ਦਾ ਕੋਈ ਦਖਲ ਨਹੀਂ। ਇਨ੍ਹਾਂ ਵਿਚੋਂ 17 ਬੱਸਾਂ 23 ਨਵੰਬਰ ਨੂੰ ਡਿਊਟੀ 'ਤੇ ਹਾਜ਼ਰ ਨਹੀਂ ਸਨ।*

*ਸਾਧ ਸੰਗਤ ਜੀ, ਕੁੱਲ 1200 ਬੱਸਾਂ ਵਿਚੋਂ ਸਿਰਫ 37 (3 ਫ਼ੀਸਦੀ) ਬੱਸਾਂ, ਉਸ ਦਿਨ ਡਿਊਟੀ 'ਤੇ ਨਹੀਂ ਸਨ ਅਤੇ ਇਹ ਬੱਸਾਂ ਕੁੱਲ 129 ਅਕਾਲ ਅਕੈਡਮੀਆਂ ਵਿਚੋਂ ਸਿਰਫ਼ 4 (3 ਫ਼ੀਸਦੀ) ਅਕਾਲ ਅਕੈਡਮੀਆਂ ਦੀਆਂ ਸਨ। ਇਨ੍ਹਾਂ ਅਕੈਡਮੀਆਂ ਵਿਚ ਵੀ ਆਪਣੇ ਸਾਧਨਾਂ ਰਾਹੀਂ ਸਕੂਲਾਂ ਵਿਚ ਪਹੁੰਚਣ ਵਾਲੇ ਵਿਦਿਆਰਥੀਆਂ ਦੀਆਂ ਕਲਾਸਾਂ ਲਗਾਈਆਂ ਗਈਆਂ ਸਨ ਅਤੇ ਸਾਰਾ ਸਟਾਫ਼ ਸਕੂਲ ਵਿਚ ਹਾਜ਼ਰ ਸੀ।*

## ਸਪਸ਼ਟ ਹੈ ਕਿ...

1. ਅਕਾਲ ਅਕੈਡਮੀਆਂ ਦੀਆਂ ਸਾਰੀਆਂ ਪ੍ਰਿੰਸੀਪਲਾਂ ਅਤੇ ਸਾਰਾ ਸਟਾਫ਼ 23 ਨਵੰਬਰ ਨੂੰ ਸਕੂਲ ਵਿਚ ਹਾਜ਼ਰ ਸੀ।
2. ਕੇਵਲ ਸਬੰਧਤ ਚਾਰ ਅਕੈਡਮੀਆਂ ਨੂੰ ਛੱਡ ਕੇ ਬਾਕੀ ਦੀਆਂ ਸਾਰੀਆਂ 129 ਅਕਾਲ ਅਕੈਡਮੀਆਂ ਵਿਚ ਰੋਜ਼ਾਨਾ ਵਾਂਗ ਕਲਾਸਾਂ ਲਗਾਈਆਂ ਗਈਆਂ ਅਤੇ ਪੜ੍ਹਾਈ ਕਰਵਾਈ ਗਈ।

ਸਾਡੇ ਕੋਲ ਸਬੰਧਤ ਠੇਕੇਦਾਰਾਂ ਨੂੰ ਜੁਰਮਾਨਾ ਕਰਨ ਲਈ ਅਜੇ ਇਸ ਤਰ੍ਹਾਂ ਦਾ ਕੋਈ ਰੂਲ ਜਾਂ ਨਿਯਮ ਨਹੀਂ ਹੈ ਜੋ ਬਿਨਾਂ ਖਾਸ ਕਾਰਨ ਦੇ ਆਪਣੀ ਡਿਊਟੀ 'ਤੇ ਹਾਜ਼ਰ ਨਹੀਂ ਹੁੰਦੇ। ਅਸੀਂ ਕਾਨੂੰਨੀ ਮਾਹਿਰਾਂ ਤੋਂ ਸਲਾਹ ਲੈ ਰਹੇ ਹਾਂ ਕਿ 23 ਨਵੰਬਰ ਨੂੰ ਡਿਊਟੀ 'ਤੇ ਹਾਜ਼ਰ ਨਾ ਹੋਣ ਵਾਲੇ ਠੇਕੇਦਾਰਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

ਸਾਰੀ ਉਮਰ ਸਿੱਖ ਪੰਥ ਦੀ ਸੇਵਾ ਕਰਨ ਵਾਲੀ ਮਹਾਨ ਸ਼ਖਸੀਅਤ ਬਾਬਾ ਇਕਬਾਲ ਸਿੰਘ ਜੀ ਲਈ ਮਾੜੀ ਸ਼ਬਦਾਵਲੀ ਉਹ ਅਨਸਰ ਵਰਤ ਰਹੇ ਹਨ ਜਿਨ੍ਹਾਂ ਦਾ ਮੁੱਖ ਨਿਸ਼ਾਨਾ ਕੇਵਲ ਉਨ੍ਹਾਂ ਪੰਥਕ ਜਥੇਬੰਦੀਆਂ ਨੂੰ ਢਾਹ ਲਾਉਣਾ ਹੈ ਜੋ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕਰ ਰਹੀਆਂ ਹਨ, ਤੇ ਬੜੂ ਸਾਹਿਬ ਸੰਸਥਾ ਵੀ ਉਨ੍ਹਾਂ ਦੇ ਮੁੱਖ ਨਿਸ਼ਾਨੇ 'ਤੇ ਹੈ। ਆਸ ਕਰਦੇ ਹਾਂ ਕਿ ਇਸ ਸਪਸ਼ਟੀਕਰਨ ਰਾਹੀਂ ਸਾਧ-ਸੰਗਤ ਉਨ੍ਹਾਂ ਲੋਕਾਂ ਦੀ ਅਸਲੀਅਤ ਸਮਝ ਗਈ ਹੋਵੇਗੀ ਜੋ ਕੌਮ ਦੀ ਚੜ੍ਹਦੀ ਕਲਾ ਲਈ ਹੋ ਰਹੇ ਕਾਰਜਾਂ ਵਿਚ ਰੁਕਾਵਟਾਂ ਪਾਉਣ ਲਈ ਯਤਨਸ਼ੀਲ ਹਨ।

**ਸਾਧ-ਸੰਗਤ ਨੂੰ ਬੇਨਤੀ ਹੈ ਕਿ ਉਹ ਸਾਨੂੰ ਆਪਣਾ ਸਹਿਯੋਗ, ਪਿਆਰ, ਅਸ਼ੀਰਵਾਦ ਤੇ ਸ਼ੁਭ ਕਾਮਨਾਵਾਂ ਦੇਣ ਤਾਂ ਕਿ ਸਾਧ-ਸੰਗਤ ਦੇ ਸਹਿਯੋਗ ਅਤੇ ਗੁਰੂ ਸਾਹਿਬਾਨ ਦੀ ਬਖਸ਼ਿਸ਼ ਸਦਕਾ ਗੁਰੂ ਨਾਨਕ ਦੇਵ ਜੀ ਦੇ ਮਹਾਨ ਮਿਸ਼ਨ ਨੂੰ ਸੰਸਾਰ ਦੇ ਕੋਨੇ-ਕੋਨੇ ਵਿਚ ਪਹੁੰਚਾਉਣ ਵਿਚ ਸਫ਼ਲ ਹੋ ਸਕੀਏ।**

**ਵੱਲੋਂ: ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ), ਸੇਵਾਦਾਰ, ਕਲਗੀਧਰ ਟਰੱਸਟ, ਬੜੂ ਸਾਹਿਬ**

# ਇਕ ਪੰਜਾਬ ਇਹ ਵੀ

## ਅਲੀ ਅਕਬਰ ਨਤੀਕ ਦੀ ਕਹਾਣੀਆਂ 'ਤੇ ਦਾਨਿਸ਼ ਹੁਸੈਨ ਦਾ ਡਰਾਮਾ



### ਕਲਾ ਪਰਿਕਰਮਾ



ਦਾਨਿਸ਼ ਹੁਸੈਨ

'ਏਕ ਪੰਜਾਬ ਯੇਹ ਭੀ' ਨੌਜਵਾਨ ਰੰਗਕਰਮੀ ਦਾਨਿਸ਼ ਹੁਸੈਨ ਦਾ ਨਵਾਂ ਨਾਟਕ ਹੈ ਜਿਹੜਾ ਪਾਕਿਸਤਾਨ ਦੇ ਨਵੇਂ ਉਠੇ ਲੇਖਕ ਅਲੀ ਅਕਬਰ ਨਤੀਕ ਦੀਆਂ ਚਾਰ ਕਹਾਣੀਆਂ ਉਤੇ ਆਧਾਰਿਤ ਹੈ। ਇਸ ਵਿਚ ਪੰਜਾਬ ਦੀ ਰੂਹ ਨੂੰ ਫੜਨ ਦਾ ਯਤਨ ਕੀਤਾ ਗਿਆ ਹੈ। ਥਿਏਟਰ ਦੀ ਦੁਨੀਆਂ ਵਿਚ ਅਚਾਨਕ ਆਏ ਦਾਨਿਸ਼ ਨੇ 2012 ਵਿਚ ਆਪਣਾ ਗਰੁੱਪ 'ਹੁਸ਼ਰੁਬਾ ਰੈਪਰੇਟਰੀ' ਬਣਾਇਆ ਸੀ ਅਤੇ ਹੁਣ ਤੱਕ ਉਹ ਸੈਮੂਅਲ ਬੈਕੇਟ ਦਾ ਨਾਟਕ 'ਕਰੈਪ'ਸ ਲਾਸਟ ਟੇਪ', ਈਰਾ ਲੂਈਸ ਦਾ 'ਚਾਈਨੀਜ਼ ਕੌਫੀ' ਪੇਸ਼ ਕਰ ਕੇ ਵਾਹ-ਵਾਹ ਕਰਵਾ ਚੁੱਕਾ ਹੈ। ਉਸ ਦਾ ਨਾਟਕ 'ਚਾਈਨੀਜ਼ ਕੌਫੀ' ਦੇਖ ਕੇ ਉਮਦਾ ਅਦਾਕਾਰ ਕੁਨਾਲ ਕਪੂਰ ਨੇ ਖੁਦ ਨਾਟਕ ਵਿਚ ਕੰਮ ਕਰਨ ਦੀ ਇੱਛਾ ਪ੍ਰਗਟਾਈ ਸੀ ਅਤੇ ਦਾਨਿਸ਼ ਦੇ ਨਵੇਂ ਨਾਟਕ 'ਏਕ ਪੰਜਾਬ ਯੇ ਭੀ' ਵਿਚ ਹੁਣ ਕੁਨਾਲ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

'ਏਕ ਪੰਜਾਬ ਯੇ ਭੀ' ਨਾਟਕ ਦੀ ਕਹਾਣੀ ਵੀ ਅਚਾਨਕ ਬਣੀ। ਫੈਜ਼ ਅਹਿਮਦ ਫੈਜ਼ ਦੀ ਬੇਟੀ ਸਲੀਮਾ ਹਾਸ਼ਮੀ ਜਦੋਂ ਭਾਰਤ ਆਈ ਤਾਂ ਉਸ ਨੇ ਅਲੀ ਅਕਬਰ ਨਤੀਕ ਦੀਆਂ ਉਰਦੂ ਕਹਾਣੀਆਂ ਦੀ ਕਿਤਾਬ 'ਕਾਇਮ ਦੀਨ' ਦਾਨਿਸ਼ ਹੁਸੈਨ ਨੂੰ ਭੇਟ ਕੀਤੀ। ਦਾਨਿਸ਼ ਨੇ ਕਿਤਾਬ ਪੜ੍ਹੀ ਤਾਂ ਉਸ ਨੂੰ ਵੱਖਰੀ ਹੀ ਤਰ੍ਹਾਂ ਦੇ ਪੰਜਾਬ ਦੇ ਦਰਸ਼ਨ ਹੋਏ ਜਿਹੜਾ ਉਸ ਨੇ ਅਖਬਾਰਾਂ-ਰਸਾਲਿਆਂ ਜਾਂ ਟੈਲੀਵਿਜ਼ਨ ਉਤੇ ਨਹੀਂ ਸੀ ਦੇਖਿਆ। ਇਸ ਤੋਂ ਬਾਅਦ ਉਸ ਦੇ ਜ਼ਿਹਨ ਵਿਚ 'ਏਕ ਪੰਜਾਬ ਯੇ ਭੀ' ਦਾ ਖਿਆਲ ਉਡਾਰੀਆਂ ਭਰਨ ਲੱਗਾ ਅਤੇ ਅੱਜ ਉਸ ਦਾ ਇਹ ਖਿਆਲ ਦਰਸ਼ਕਾਂ ਦੇ ਦਿਲਾਂ ਅੰਦਰ ਪਰਵਾਜ਼ ਭਰ ਰਿਹਾ ਹੈ ਤੇ ਉਨ੍ਹਾਂ ਨੂੰ ਪੰਜਾਬ ਦੀ ਰੂਹ ਦੇ ਦਰਸ਼ਨ ਕਰਵਾ ਰਿਹਾ ਹੈ।



'ਏਕ ਪੰਜਾਬ ਯੇਹ ਭੀ' ਦੀ ਇਕ ਝਲਕ।

ਗੱਲ ਅਗਾਂਹ ਤੋਰਨ ਤੋਂ ਪਹਿਲਾਂ ਦੱਸ ਦੇਈਏ ਕਿ ਦਾਨਿਸ਼ ਹੁਸੈਨ ਉਹੀ ਰੰਗਕਰਮੀ ਹੈ ਜਿਸ ਨੇ ਅਸਹਿਣਸ਼ੀਲਤਾ ਖਿਲਾਫ ਉਠੇ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ, ਸਾਇੰਸਦਾਨਾਂ ਤੇ ਹੋਰ ਜਮਾਤਾਂ ਦੇ ਕਾਫਲੇ ਵਿਚ ਹਿੱਸਾ ਲਿਆ ਅਤੇ ਆਪਣਾ ਸੰਗੀਤ ਨਾਟਕ ਅਕੈਡਮੀ ਵਾਲਾ ਇਨਾਮ ਮੋੜ ਦਿੱਤਾ ਸੀ। ਉਸ ਦਾ ਸਪਸ਼ਟ ਆਖਣਾ ਹੈ ਕਿ ਜਿਸ ਤਰ੍ਹਾਂ ਦਾ ਮਾਹੌਲ ਭਾਰਤ ਵਿਚ ਅੱਜ ਕੱਲ੍ਹ ਉਸਾਰਿਆ ਜਾ ਰਿਹਾ ਹੈ, ਉਸ ਬਾਰੇ ਫਿਕਰ ਕਰਨਾ ਅਤੇ ਇਸ ਤੋਂ ਛੁਟਕਾਰੇ ਬਾਰੇ ਸੋਚਣਾ ਮੁਲਕ ਦੇ ਹਰ ਬਾਸ਼ਿੰਦੇ ਦਾ ਪਹਿਲਾ ਫਰਜ਼ ਬਣਦਾ ਹੈ।

ਦਾਨਿਸ਼ ਹੁਸੈਨ ਪਹਿਲਾਂ ਬੈਂਕ ਵਿਚ ਮੁਲਾਜ਼ਮਤ ਕਰਦਾ ਸੀ। ਉਪਰੋਥਲੀ ਤਿੰਨ-ਚਾਰ ਨੌਕਰੀਆਂ ਛੁੱਟਣ ਤੋਂ ਬਾਅਦ ਅਚਾਨਕ, ਥਿਏਟਰ ਵੱਲੀ ਆਏ ਦਾਨਿਸ਼ ਨੇ ਆਪਣੀ ਪਛਾਣ ਪਹਿਲੀ ਹੀ ਕੋਸ਼ਿਸ਼ 'ਦਾਸਤਾਨਗੋਈ' ਨਾਲ ਬਣਾ ਲਈ ਸੀ। ਨੌਂ ਸਾਲ ਉਹਨੇ ਇਹ ਨਾਟਕ ਖੇਡਿਆ ਅਤੇ ਫਿਰ ਮੁੰਬਈ ਜਾ ਡੇਰੇ ਲਾਏ। ਉਥੇ ਐਮ.ਕੇ. ਰੈਣਾ, ਐਮ.ਐਸ. ਸਥਿਊ ਅਤੇ ਹਬੀਬ ਤਨਵੀਰ ਵਰਗੇ ਧੁਨੰਤਰ ਰੰਗਕਰਮੀਆਂ ਦਾ ਸੰਗ ਮਾਣਿਆ ਅਤੇ ਅੱਜ ਖੁਣ ਇਸ ਖੇਤਰ ਵਿਚ ਭਰਪੂਰ ਹਾਜ਼ਰੀ ਲੁਆ ਰਿਹਾ ਹੈ। ***-ਜਗਜੀਤ ਸਿੰਘ ਸੇਖੋਂ***



'ਏਕ ਪੰਜਾਬ ਯੇਹ ਭੀ' ਦੀ ਇਕ ਹੋਰ ਝਲਕ।



### ਨਿਆਰਾ ਨਤੀਕ...

*ਬਹੁਤ ਘੱਟ ਲੋਕ ਜਾਣਦੇ ਹਨ ਕਿ ਅਲੀ ਅਕਬਰ ਨਤੀਕ ਰਾਜ ਮਿਸਤਰੀ ਹੈ। 1976 ਵਿਚ ਜਨਮਿਆ ਨਤੀਕ ਮਸਜਿਦਾਂ ਦੇ ਗੁੰਬਦ ਉਸਾਰਦਾ-ਉਸਾਰਦਾ ਕਹਾਣੀਆਂ ਅਤੇ ਕਵਿਤਾਵਾਂ ਦੇ ਬੁਰਜ ਖੜ੍ਹੇ ਕਰਨ ਲੱਗ ਪਿਆ। ਉਸ ਦਾ ਕਹਾਣੀ ਸੰਗ੍ਰਹਿ 'ਕਾਇਮ ਦੀਨ' 2010 ਵਿਚ ਛਪਿਆ ਸੀ ਅਤੇ ਨਾਵਲ 'ਨੌਲੱਖੀ ਕੋਠੀ' ਅਜੇ ਪਿਛਲੇ ਸਾਲ ਹੀ ਆਇਆ ਹੈ। ਇਸ ਤੋਂ ਇਲਾਵਾ ਉਸ ਦੇ ਦੋ ਕਵਿਤਾ ਸੰਗ੍ਰਹਿ ਛਪ ਚੁੱਕੇ ਹਨ। ਨਵੇਂ ਪੂਰ ਦੇ ਲੇਖਕਾਂ ਵਿਚ ਉਸ ਦਾ ਨਾਂ ਵਾਹਵਾ ਉਭਰਵਾਂ ਹੈ। ਅੰਗਰੇਜ਼ੀ ਦੇ ਸਾਹਿਤਕ ਪਰਚੇ 'ਗਰਾਂਟਾ' ਵਿਚ ਕਹਾਣੀ ਛਪਣ ਤੋਂ ਬਾਅਦ ਸੰਸਾਰ ਪੱਧਰ ਉਤੇ ਉਸ ਦੀ ਬੱਲੇ-ਬੱਲੇ ਹੋ ਗਈ ਸੀ।*

# ਆਖ ਤਸਵੀਰਾਂ ਬੋਲਦੀਆਂ

***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 19 ਦਸੰਬਰ 2015 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-199



***ਮੂਹਰੇ ਕਾਰ ਤੇ ਪਿੱਛੇ ਗੱਡਾ, ਉਤੇ ਚੜ੍ਹਿਆ ਊਠ।
ਇਹ ਤਾਂ ਜਾਣਨ ਵਾਲੇ ਜਾਣਨ, ਕਿੰਨਾ ਲੰਮਾ ਰੂਟ।
ਚੱਲਿਆ ਇਹ ਕੋਈ ਦੌੜ ਜਿੱਤਣ ਨੂੰ, ਬਣਿਆ ਤਾਂ ਸਵਾਰੀ।
ਉਂਜ ਤਾਂ ਇਹਨੇ ਆਪ ਢੋਂਦਿਆਂ ਸਾਰੀ ਉਮਰ ਗੁਜ਼ਾਰੀ।***

## ਕੈਪਸ਼ਨ ਮੁਕਾਬਲਾ-197



ਸੁਰਖੀ, ਬਿੰਦੀ, ਮੱਥੇ ਟਿੱਕਾ
ਪੰਜੇਬਾਂ ਪੈਰੀਂ ਪਾਈਆਂ।
ਗੋਟੇ ਵਾਲੀ ਲੈ ਕੇ ਚੁੰਨੀ
ਰਕਾਨਾਂ ਬਣ ਕੇ ਆਈਆਂ
ਤਿਆਰੀ ਪੂਰੀ ਗਿੱਧੇ ਵਾਲੀ
ਸਕੀਮਾਂ ਖੂਬ ਬਣਾਈਆਂ।
***-ਜਗਜੀਤ ਸਿੰਘ ਪੰਧੇਰ
ਪਿੰਡ ਕਲਾਹੜ, ਲੁਧਿਆਣਾ।
ਫੋਨ: 91-98783-37222***

---

ਸੁਣਿਆ ਕਿ ਧੀਆਂ ਅਤੇ ਧਰੇਕਾਂ
ਹੁੰਦੀਆਂ ਰੌਣਕ ਵਿਹੜੇ ਦੀ।
ਮਾਪਿਆਂ ਦੇ ਦੁਖੜੇ ਵੰਡਾਉਣ
ਸੁੱਖ ਮੰਗਣ ਨਗਰ-ਖੇੜੇ ਦੀ।
***-ਹਰਮੀਕ ਸਿੰਘ ਵਿੱਕੀ
ਸਟਾਕਟਨ, ਕੈਲੀਫੋਰਨੀਆ।***

---

ਆਇਆ ਵੀਰੇ ਦਾ ਵਿਆਹ
ਭੈਣਾਂ ਨੂੰ ਗੋਡੇ ਗੋਡੇ ਚਾਅ।
ਵਾਜਾਂ ਮਾਰੇ ਪਿੰਕੀ ਪ੍ਰੀਤੀ ਨੂੰ
ਸਜ ਧਜ ਪੂਰੇ ਕਰਨ ਚਾਅ।
ਆ ਤਸਵੀਰ ਖਿਚਵਾ ਲਈਏ
ਨਵਾਂ ਪੋਜ਼ ਬਣਾ ਲਈਏ।
ਵਾਂਗ ਸੰਗਲ ਦੀਆਂ ਕੜੀਆਂ
ਅਸੀਂ ਹਾਂ ਪੱਕੀ ਸਹੇਲੀਆਂ।
ਆ ਗਿੱਧੇ 'ਚ ਧਮਾਲਾਂ ਪਾਈਏ
ਵਿਆਹ ਵਿਚ ਰੌਣਕਾਂ ਲਾਈਏ।
***-ਦਰਸ਼ਨਪਾਲ ਦੋਸਾਂਝ***

---

ਹੁੰਦੀਆਂ ਧੀਆਂ ਹਰ ਘਰ ਦਾ ਸ਼ਿੰਗਾਰ
ਇਨ੍ਹਾਂ ਬਿਨ ਲੱਗੇ ਸੱਖਣਾ ਪਰਿਵਾਰ।
ਦਾਤ ਰੱਬ ਦੀ,
ਨਾ ਕੀਮਤ ਨਾ ਮੁੱਲ
ਲਾਈ ਰੱਖਣ ਰੌਣਕਾਂ
ਇਹ ਵਿਹੜੀਂ ਫੁੱਲ।
ਧੀ ਪੜ੍ਹ ਜਾਏ,
ਤਾਂ ਸੋਨੇ 'ਤੇ ਸੁਹਾਗਾ
ਸਹੁਰੀਂ-ਪੇਕੀਂ ਪਰੋਏ
ਗਿਆਨ ਵਾਲਾ ਧਾਗਾ।
ਰੱਖੋ ਧੀਆਂ ਨਾ
ਸਿੱਖਿਆ ਦੇ ਹੱਕ ਬਿਨਾਂ,
ਧੰਨ ਮਾਪੇ ਲਾਡਾਂ ਨਾਲ
ਪਾਲੀਆਂ ਧੀਆਂ ਜਿਨ੍ਹਾਂ।
***-ਸਤਵਿੰਦਰ ਥਾਂਦੀ ਦੌਲਤਪੁਰੀ
ਇੰਡੀਆਨਾ।***

---

ਨੰਨ੍ਹੀਆਂ ਨੇ ਸਿਰ ਚੁੰਨੀਆਂ ਲਈਆਂ,
ਮਾਂ ਦੀ ਰੀਸੇ ਲਾਈ ਸੁਰਖੀ ਬਿੰਦੀ।
ਬਾਪੂ ਨੇ ਜਦ ਰੂਪ ਦੇਖਿਆ,
ਚਾਅ ਵਿਚ ਆਖੇ ਮੇਰੀ ਛਿੰਦੀ!
ਵੱਡੇ ਵਿਆਹ ਵਿਚ ਰੁੱਝੇ ਘੁੰਮਣ,
ਫਿਕਰਾਂ ਦੇ ਵਿਚ ਫਾਥੇ।
ਇਹ ਛਿੰਦੀਆਂ ਮਾਣ ਰਹੀਆਂ ਨੇ,
ਜੀਵਨ-ਰਹਿਮਤਾਂ ਆਪੇ।
***-ਜਗਸੀਰ ਸਿੰਘ ਜੱਸ
ਸੈਕਰਾਮੈਂਟੋ।***

---

ਹੱਦ ਕੀਤੀ ਕੁੜੀਆਂ ਨੇ,
ਦੇਖੋ ਕਿੰਜ ਬਿਖੇਰਨ ਹਾਸੇ।
ਮਹਿਕਾਂ ਨੇ ਵੰਡਦੀਆਂ,
ਖੀਵੇ ਹੋ-ਹੋ ਨੱਚਦੇ ਮਾਪੇ।
***-ਬਖਸ਼ੀਸ਼ ਕੌਰ ਸੇਖੋਂ, ਨਿਊ ਯਾਰਕ।***

---

ਬੇਬੇ ਬਣ ਬਣ ਬੈਠਣ ਬੱਚੀਆਂ।
ਧਰਤੀ ਹਿੱਲੇ ਜਦ ਇਹ ਨੱਚੀਆਂ।
ਕਹਿਣ ਕਹਾਣੀ ਦਿਲ ਦੀਆਂ ਸੱਚੀਆਂ।
ਫੋਟੋ ਵਿਚ ਵੀ ਖੂਬ ਨੇ ਜੱਚੀਆਂ।
***-ਸੁਖਦੀਪ ਕੌਰ, ਡੈਲਸ।***

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 28 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

***Selling Homes from Gilroy to Sacramento, CA***

***Call us before visiting any model homes to save big time.***

## JUST SOLD

1. 4709 Valencia Way Union City, CA 94587
2. 3313 Oak Bluff Ct., Dublin, CA 94568
3. 816 Climbing Rose Ct. Hayward, CA 94544
4. 32526 Endeavour way Union City, CA 94587
5. 916 Brook Way Gilroy, CA 95020
6. 4205 Lunar Way Union City, CA 94587
7. 4124 Polaris Ave., Union City, CA 94587
8. 4105 Pluto Way, Union City, CA 94587
9. 49077 Tomahawk Pl Fremont, CA 94539
10. 3155 Courthouse Drive, Union City, CA 94587
11. 2781 Determine Drive Atwater, CA 95301
12. 105 Machado Ct., Tracy, CA 95376
13. 2622 Daniel Hansen Way, Tracy, CA 95377
14. 1849 Girard Dr., Milpitas, CA 95035
15. 29180 Marshbrook Dr., Hayward CA 94545

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Grand Master Award Winner 2012, 2013 & 2014



Jaswinder Gill M.Sc (PAU)
CA BRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Commercial Unit**
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

## Refinance Now

Call Sukhi Gill DHMS, Loan Broker
@ 510-207-9067
CA BRE Lic.#01180969
NMLS# 352095

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

# ਪੌਣੇ ਚਾਰ ਕਰੋੜ ਦਾ ਤੇਲ ਡੀਕ ਗਈਆਂ ਵਿਧਾਇਕਾਂ ਦੀਆਂ ਗੱਡੀਆਂ

**ਬਠਿੰਡਾ:** ਪੰਜਾਬ ਦੇ ਵਿਧਾਇਕਾਂ ਦਾ ਤੇਲ ਖਰਚ ਵੀ ਖਜ਼ਾਨੇ ਦਾ ਤੇਲ ਕੱਢ ਰਿਹਾ ਹੈ। ਭਾਵੇਂ ਬਹੁਤੇ ਕਾਂਗਰਸੀ ਵਿਧਾਇਕ ਆਪਣੇ ਹਲਕੇ ਵਿਚੋਂ ਗਾਇਬ ਰਹੇ ਹਨ, ਪਰ ਤੇਲ ਖਰਚ ਦੇ ਮਾਮਲੇ ਵਿਚ ਉਨ੍ਹਾਂ ਨੇ ਵੀ ਢਿੱਲ ਨਹੀਂ ਦਿਖਾਈ। ਪੰਜਾਬ ਦੇ 66 ਵਿਧਾਇਕਾਂ ਦੀਆਂ ਗੱਡੀਆਂ ਬੀਤੇ ਦੋ ਸਾਲਾਂ ਵਿਚ ਤਕਰੀਬਨ ਪੌਣੇ ਚਾਰ ਕਰੋੜ ਦਾ ਤੇਲ ਪੀ ਗਈਆਂ। ਕਈ ਵਿਧਾਇਕਾਂ ਨੇ ਗੱਡੀਆਂ ਭਜਾਉਣ ਵਿਚ ਵੀ ਝੰਡੀ ਲੈ ਲਈ ਹੈ। ਪੰਜਾਬ ਸਰਕਾਰ ਨੇ ਆਖਰੀ ਵਾਰ ਵਿਧਾਇਕਾਂ ਨੂੰ ਸਾਲ 2009 ਵਿਚ ਇਨੋਵਾ ਗੱਡੀਆਂ ਦਿੱਤੀਆਂ ਸਨ, ਜਿਨ੍ਹਾਂ ਦੀ ਹਾਲਤ ਹੁਣ ਬਹੁਤੀ ਚੰਗੀ ਨਹੀਂ ਹੈ। ਪੰਜਾਬ ਸਰਕਾਰ ਨੇ ਉਦੋਂ ਵਿਧਾਇਕਾਂ ਦੀਆਂ ਗੱਡੀਆਂ ਦੀ ਖਰੀਦ 'ਤੇ 3.47 ਕਰੋੜ ਰੁਪਏ ਖਰਚੇ ਸਨ।



ਸਟੇਟ ਟਰਾਂਸਪੋਰਟ ਕਮਿਸ਼ਨਰ ਤੋਂ ਆਰ.ਟੀ.ਆਈ. ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਦੇ ਵਿਧਾਇਕਾਂ ਨੇ ਸਾਲ 2013-14 ਵਿਚ 1.95 ਕਰੋੜ ਰੁਪਏ ਤੇ ਸਾਲ 2014-15 ਵਿਚ 1.77 ਕਰੋੜ ਰੁਪਏ ਤੇਲ 'ਤੇ ਖਰਚੇ। ਮੋਟੇ ਅੰਦਾਜ਼ੇ ਅਨੁਸਾਰ ਸਾਰੇ ਵਿਧਾਇਕਾਂ ਦੀਆਂ ਗੱਡੀਆਂ ਦੇ ਤੇਲ 'ਤੇ ਲੰਘੇ ਸੱਤ ਵਰ੍ਹਿਆਂ ਵਿਚ ਤਕਰੀਬਨ 12 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਦੋ ਸਾਲ ਦੌਰਾਨ ਔਸਤਨ ਹਰ ਵਿਧਾਇਕ ਦਾ ਤੇਲ ਖਰਚਾ 2.81 ਲੱਖ ਰੁਪਏ ਸਾਲਾਨਾ ਰਿਹਾ ਹੈ। ਵਿਧਾਇਕਾਂ ਕੋਲ ਇਨੋਵਾ ਗੱਡੀਆਂ ਹਨ, ਜਿਨ੍ਹਾਂ ਦੀ ਖਰੀਦ 'ਤੇ ਪ੍ਰਤੀ ਗੱਡੀ 8.47 ਲੱਖ ਰੁਪਏ ਸਰਕਾਰ ਨੇ ਖਰਚੇ ਸਨ। ਕਾਂਗਰਸੀ ਵਿਧਾਇਕ ਅਜਾਇਬ ਸਿੰਘ ਭੱਟੀ ਨੇ ਕਿਹਾ ਕਿ ਉਨ੍ਹਾਂ ਕੋਲ ਅੱਠ ਸਾਲ ਪੁਰਾਣੀਆਂ ਗੱਡੀਆਂ ਹਨ, ਜੋ ਖਟਾਰਾ ਹੋ ਚੁੱਕੀਆਂ ਹਨ।

ਉਨ੍ਹਾਂ ਆਖਿਆ ਕਿ ਪੁਰਾਣੇ ਮਾਡਲ ਹੋਣ ਕਰ ਕੇ ਗੱਡੀਆਂ ਦੀ ਤੇਲ ਖਪਤ ਵੀ ਵਧ ਗਈ ਹੈ। ਹਲਕਾ ਮਲੋਟ ਤੋਂ ਅਕਾਲੀ ਵਿਧਾਇਕ ਹਰਪ੍ਰੀਤ ਸਿੰਘ ਦੀ ਗੱਡੀ ਦੀ ਤੇਲ ਖਪਤ ਸਾਲ 2014-15 ਦੌਰਾਨ ਸਭ ਤੋਂ ਜ਼ਿਆਦਾ ਰਹੀ। ਉਨ੍ਹਾਂ ਨੇ ਇਕ ਸਾਲ ਵਿਚ 6.07 ਲੱਖ ਰੁਪਏ ਤੇਲ 'ਤੇ ਖਰਚੇ। ਉਨ੍ਹਾਂ ਦਾ ਤੇਲ ਖਰਚ ਔਸਤਨ 50,620 ਰੁਪਏ ਪ੍ਰਤੀ ਮਹੀਨਾ ਰਿਹਾ ਹੈ। ਇਸ ਹਿਸਾਬ ਨਾਲ ਉਹ ਔਸਤਨ ਰੋਜ਼ਾਨਾ 350 ਕਿਲੋਮੀਟਰ ਸਫਰ ਕਰਦੇ ਰਹੇ ਹਨ।

ਇਸ ਵਿਧਾਇਕ ਦੀ ਗੱਡੀ ਦਾ ਸਾਲ 2013-14 ਵਿਚ ਤੇਲ ਖਰਚ 1.14 ਲੱਖ ਰੁਪਏ ਸੀ। ਸਾਲ 2014-15 ਵਿਚ ਦੂਜਾ ਨੰਬਰ ਵਿਧਾਇਕ ਦਰਸ਼ਨ ਸਿੰਘ ਸ਼ਿਵਾਲਕ ਦਾ ਹੈ, ਜਿਨ੍ਹਾਂ ਦੀ ਗੱਡੀ ਇਕੋ ਵਰ੍ਹੇ ਵਿਚ 5.94 ਲੱਖ ਰੁਪਏ ਦਾ ਤੇਲ ਪੀ ਗਈ। ਵਿਧਾਇਕ ਰਾਜ ਕੁਮਾਰ ਵੇਰਕਾ ਦੀ ਗੱਡੀ ਲਈ ਇਸੇ ਵਰ੍ਹੇ 4.30 ਲੱਖ ਰੁਪਏ ਦਾ ਤੇਲ ਖਰਚਿਆ ਗਿਆ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਦੋ ਵਰ੍ਹਿਆਂ ਦਾ ਤੇਲ ਖਰਚ 6.02 ਲੱਖ ਰੁਪਏ ਰਿਹਾ ਜਦਕਿ ਰਜਿੰਦਰ ਕੌਰ ਭੱਠਲ ਦਾ ਤੇਲ ਖਰਚ ਦੋ ਵਰ੍ਹਿਆਂ ਦੌਰਾਨ ਪੰਜ ਲੱਖ ਰੁਪਏ ਰਿਹਾ। ਇਸਤਰੀ ਅਕਾਲੀ ਦਲ ਦੀ ਪ੍ਰਧਾਨ ਜਗੀਰ ਕੌਰ ਦਾ ਦੋ ਵਰ੍ਹਿਆਂ ਦਾ ਤੇਲ ਖਰਚ 3.41 ਲੱਖ ਰੁਪਏ ਰਿਹਾ। ਸੂਤਰ ਦੱਸਦੇ ਹਨ ਕਿ ਬਹੁਤੇ ਵਿਧਾਇਕ ਤਾਂ ਆਪਣੀਆਂ ਪ੍ਰਾਈਵੇਟ ਗੱਡੀਆਂ ਹੀ ਵਰਤ ਰਹੇ ਹਨ। ਕਈ ਵਿਧਾਇਕ ਤਾਂ ਵਾਰ-ਵਾਰ ਸਰਕਾਰ ਤੋਂ ਨਵੀਆਂ ਗੱਡੀਆਂ ਦੀ ਵੀ ਮੰਗ ਕਰ ਚੁੱਕੇ ਹਨ। ਵਿਧਾਇਕਾਂ ਦਾ ਤਰਕ ਹੈ ਕਿ ਜ਼ਿਆਦਾ ਸਮਾਂ ਹਲਕੇ ਵਿਚ ਰਹਿਣ ਕਰ ਕੇ ਤੇ ਖਟਾਰਾ ਗੱਡੀਆਂ ਦੀ ਤੇਲ ਖਪਤ ਜ਼ਿਆਦਾ ਹੋਣ ਕਰ ਕੇ ਤੇਲ ਖਰਚ ਵਧਿਆ ਹੈ।

### ਮਨਪ੍ਰੀਤ ਇਆਲੀ ਸਭ ਤੋਂ ਮਹਿੰਗੇ ਵਿਧਾਇਕ

**ਚੰਡੀਗੜ੍ਹ:** ਸਾਲ 2013-14 ਦੌਰਾਨ ਸਭ ਤੋਂ ਵੱਧ ਤੇਲ ਖਰਚ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਦਾ (4,11,210 ਰੁਪਏ) ਰਿਹਾ ਜਦਕਿ ਵਿਧਾਇਕ ਸੁਖਜਿੰਦਰ ਸਿੰਘ ਦਾ ਤੇਲ ਖਰਚ 4,11,096 ਰੁਪਏ ਰਿਹਾ। ਤੀਜੇ ਨੰਬਰ 'ਤੇ ਕਾਂਗਰਸੀ ਵਿਧਾਇਕ ਮੁਹੰਮਦ ਸਦੀਕ ਹਨ, ਜਿਨ੍ਹਾਂ ਦੀ ਗੱਡੀ ਇਕ ਸਾਲ ਵਿਚ 4.10 ਲੱਖ ਰੁਪਏ ਦਾ ਤੇਲ ਛਕ ਗਈ। ਭਾਜਪਾ ਵਿਧਾਇਕ ਮਨੋਰੰਜਨ ਕਾਲੀਆ ਦੀ ਗੱਡੀ ਦਾ ਦੋ ਸਾਲ ਦਾ ਤੇਲ ਖਰਚ 5.11 ਲੱਖ ਰੁਪਏ ਰਿਹਾ।

# ਮਲੂਕਾ ਦੀ ਨੂੰਹ ਬਣੇਗੀ ਆਈ.ਏ.ਐਸ.

**ਚੰਡੀਗੜ੍ਹ:** ਪੰਜਾਬ ਦੇ ਪੰਚਾਇਤ ਤੇ ਦਿਹਾਤੀ ਵਿਕਾਸ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਪਰਮਪਾਲ ਕੌਰ ਮਲੂਕਾ ਤੇ ਕਿਰਤ ਵਿਭਾਗ ਵਿਚ ਡਿਪਟੀ ਡਾਇਰੈਕਟਰ ਵਜੋਂ ਸੇਵਾ ਨਿਭਾਅ ਰਹੇ ਹਰੀਸ਼ ਨਈਅਰ ਨੂੰ ਆਈ.ਏ.ਐਸ. ਵਜੋਂ ਪਦਉੱਨਤ ਕਰਨ ਦੀ ਸਿਫਾਰਸ਼ ਕਰ ਦਿੱਤੀ ਗਈ ਹੈ।

ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਵਿਚ ਡੀ.ਡੀ.ਪੀ.ਓ. ਵਜੋਂ ਸੇਵਾ ਨਿਭਾਅ ਰਹੀ ਪਰਮਪਾਲ ਕੌਰ ਮਲੂਕਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਆਈ.ਏ.ਐਸ. ਬਣਨ ਲਈ ਹੱਥ-ਪੈਰ ਮਾਰੇ ਜਾ ਰਹੇ ਸਨ। ਸਿਕੰਦਰ ਸਿੰਘ ਮਲੂਕਾ ਦੇ ਸਿੱਖਿਆ ਮੰਤਰੀ ਰਹਿਣ ਸਮੇਂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਦੇ ਦਫਤਰ ਵਿਚ ਵੀ ਉਹ ਡੈਪੂਟੇਸ਼ਨ 'ਤੇ ਤਾਇਨਾਤ ਰਹੀ। ਸੂਤਰਾਂ ਮੁਤਾਬਕ ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਨੇ ਇਸ ਪਦ ਉੱਨਤੀ ਦੀ ਸਿਫਾਰਿਸ਼ ਕੀਤੀ ਹੈ।

ਇਸ ਬਾਰੇ ਕੇਂਦਰ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਹੁਕਮ ਜਾਰੀ ਕੀਤੇ ਜਾਣਗੇ। ਗੈਰ ਸੂਬਾਈ ਕਾਡਰ ਵਿਚੋਂ ਦੋ ਅਸਾਮੀਆਂ ਭਰੀਆਂ ਜਾਣੀਆਂ ਸਨ ਤੇ ਇਨ੍ਹਾਂ ਅਸਾਮੀਆਂ 'ਤੇ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਪੁੱਤਰ ਸਮੇਤ ਅੱਧੀ ਦਰਜਨ ਤੋਂ ਵੱਧ ਅਫਸਰਾਂ ਵੱਲੋਂ ਜ਼ੋਰ ਅਜਮਾਈ ਕੀਤੀ ਜਾ ਰਹੀ ਸੀ। ਸੂਤਰਾਂ ਦਾ ਦੱਸਣਾ ਹੈ ਕਿ ਸੂਬਾ ਸਰਕਾਰ ਵੱਲੋਂ ਬੀਬੀ ਮਲੂਕਾ ਤੇ ਹਰੀਸ਼ ਨਈਅਰ ਦੇ ਨਾਮ ਦੀ ਸਿਫਾਰਸ਼ ਕੀਤੀ ਗਈ ਸੀ।

# ਪੋਲੈਂਡ ਦੇ ਨਾਈਟ ਕਲੱਬ ਵਿਚ ਸਿੱਖ ਉਤੇ ਨਸਲੀ ਹਮਲਾ

**ਲੰਡਨ:** ਪੋਲੈਂਡ ਵਿਚ ਬਰਤਾਨੀਆ ਦੇ 25 ਸਾਲਾ ਦਸਤਾਰਧਾਰੀ ਸਿੱਖ ਉਤੇ ਨਸਲੀ ਹਮਲੇ ਦਾ ਮਾਮਲਾ ਸਾਹਮਣੇ ਆਇਆ ਹੈ। ਪੋਲੈਂਡ ਵਿਚ ਜਦੋਂ ਉਕਤ ਸਿੱਖ ਨੇ ਇਕ ਨਾਈਟ ਕਲੱਬ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਕਲੱਬ ਦੇ ਬਾਊਂਸਰ ਵੱਲੋਂ ਉਸ ਨਾਲ ਝਗੜਾ ਤੇ ਮਾਰਕੁੱਟ ਕੀਤੀ ਤੇ ਉਸ ਨੂੰ ਇਕ 'ਮੁਸਲਿਮ ਅਤਿਵਾਦੀ' ਦੱਸਿਆ। ਲੰਡਨ ਦਾ ਜੰਮਪਲ ਨਵ ਸਾਹਨੀ ਆਪਣੇ ਦੋਸਤ ਨਾਲ ਪੋਲੈਂਡ ਦੇ ਰਾਕੋ ਵਿਚ ਗਿਆ ਸੀ। ਨਵ ਸਾਹਨੀ ਨੇ ਦੱਸਿਆ ਕਿ ਜਦੋਂ ਉਹਨੇ ਕਲੱਬ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਬਾਊਂਸਰ ਨੇ ਰੋਕਿਆ ਤੇ ਕਿਹਾ ਤੈਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ, ਜਦੋਂ ਉਸ ਨੇ ਅੰਦਰ ਨਾ ਜਾਣ ਦੇਣ ਦੇ ਕਾਰਨ ਬਾਰੇ ਪੁੱਛਿਆ ਤਾਂ ਉਹ ਝਗੜਨ ਲੱਗਾ।

ਇਸੇ ਦੌਰਾਨ ਬਾਊਂਸਰ ਨੇ ਨਵ ਸਾਹਨੀ ਦੇ ਚਿਹਰੇ 'ਤੇ ਮੁੱਕਾ ਮਾਰਿਆ ਅਤੇ ਉਹ ਥੱਲੇ ਡਿੱਗ ਪਿਆ ਤੇ ਉਸ ਦੀ ਦਸਤਾਰ ਉਤਰ ਗਈ। ਪੁਲਿਸ ਆਉਣ ਦੇ ਬਾਅਦ ਵੀ ਝਗੜਾ ਜਾਰੀ ਰਿਹਾ। ਇਸ ਘਟਨਾ ਤੋਂ ਬਾਅਦ ਨਾਈਟ ਕਲੱਬ ਦੇ ਬੁਲਾਰੇ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੇ ਨਸਲੀ ਹਮਲਿਆਂ ਦੀ ਸਖਤ ਨਿੰਦਾ ਕਰਦੇ ਹਨ।

# ਕੈਨੇਡਾ ਸਰਕਾਰ 'ਚ ਦੋ ਪੰਜਾਬਣਾਂ ਬਣੀਆਂ ਪਾਰਲੀਮਾਨੀ ਸਕੱਤਰ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 35 ਪਾਰਲੀਮਾਨੀ ਸਕੱਤਰਾਂ ਵਿਚ ਦੋ ਪੰਜਾਬਣਾਂ ਨੂੰ ਵੀ ਨਾਮਜ਼ਦ ਕੀਤਾ ਹੈ। ਬਰੈਂਪਟਨ ਪੱਛਮੀ ਤੋਂ ਸਭ ਤੋਂ ਛੋਟੀ ਉਮਰ ਦੀ ਸੰਸਦ ਮੈਂਬਰ ਬਣੀ ਕਮਲ ਖਹਿਰਾ (26) ਨੂੰ ਸਿਹਤ ਮੰਤਰੀ ਨਾਲ ਤੇ ਮੌਂਟਰੀਆਲ ਇਲਾਕੇ ਦੀ ਸੰਸਦ ਮੈਂਬਰ ਅੰਜੂ ਢਿੱਲੋਂ (36) ਨੂੰ ਸਟੈਟਸ ਆਫ ਵੂਮੈੱਨ ਦਾ ਸਕੱਤਰ ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਲਿਬਰਲ ਸਰਕਾਰ ਵਿਚ ਚਾਰ ਪੰਜਾਬੀਆਂ ਨੂੰ ਮੰਤਰੀ ਬਣਾਏ ਜਾਣਾ ਇਤਿਹਾਸਕ ਗੱਲ ਹੋ ਨਿਬੜੀ ਹੈ ਅਤੇ ਹੁਣ ਦੋ ਪੰਜਾਬਣ ਔਰਤਾਂ ਦਾ ਪਾਰਲੀਮਾਨੀ ਸਕੱਤਰ ਥਾਪੇ ਜਾਣਾ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।



ਕਮਲ ਖਹਿਰਾ ਦਾ ਪਿਛੋਕੜ ਰੋਪੜ ਦੇ ਪਿੰਡ ਭਾਗੋ ਮਾਜਰਾ ਤੋਂ ਹੈ ਪਰ ਉਸ ਦਾ ਜਨਮ ਦਿੱਲੀ ਵਿਚ ਹੋਇਆ। ਯੌਰਕ ਯੂਨੀਵਰਸਿਟੀ ਤੋਂ ਮਨੋਵਿਗਿਆਨ ਤੇ ਨਰਸਿੰਗ ਦੀ ਡਿਗਰੀ ਪ੍ਰਾਪਤ ਕਮਲ ਖਹਿਰਾ ਸੇਂਟ ਜੋਸਫ ਹੈੱਲਥ ਸੈਂਟਰ ਦੀ ਰਜਿਸਟਰਡ ਨਰਸ ਹੈ।

ਕਿਊਬੈੱਕ ਸੂਬੇ ਦੀ ਜੰਮਪਲ ਅੰਜੂ ਢਿੱਲੋਂ ਇਥੋਂ ਦੀਆਂ ਅਦਾਲਤਾਂ ਵਿਚ ਪ੍ਰੈਕਟਿਸ ਕਰਨ ਵਾਲੀ ਪਹਿਲੀ ਸਿੱਖ ਔਰਤ ਹੈ। ਉਸ ਨੇ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਕੰਮ ਕੀਤਾ ਹੈ। ਸ੍ਰੀ ਟਰੂਡੋ ਨੇ ਇਕ ਬਿਆਨ ਵਿਚ ਕਿਹਾ ਕਿ ਮੁਲਕ ਨੂੰ ਸੁਚਾਰੂ ਸੇਵਾਵਾਂ ਦੇਣ ਲਈ ਹਰ ਰੰਗ, ਨਸਲ ਦੇ ਪ੍ਰਤਿਭਾਸ਼ਾਲੀ ਨੁਮਾਇੰਦੇ ਲਏ ਗਏ ਹਨ ਜੋ ਆਪਣੇ ਤਜਰਬਿਆਂ ਨਾਲ ਮੰਤਰੀ ਮੰਡਲ ਨੂੰ ਹੋਰ ਮਜ਼ਬੂਤ ਕਰਨਗੇ।

# ਹਰ ਸਾਲ ਸੜਕ ਹਾਦਸਿਆਂ ਵਿਚ ਮਰਦੇ ਨੇ ਡੇਢ ਲੱਖ ਭਾਰਤੀ

**ਨਵੀਂ ਦਿੱਲੀ:** ਦੇਸ਼ ਵਿਚ ਹਰ ਸਾਲ ਤਕਰੀਬਨ ਪੰਜ ਲੱਖ ਸੜਕ ਹਾਦਸੇ ਹੁੰਦੇ ਹਨ ਤੇ ਇਨ੍ਹਾਂ ਵਿਚ ਕਰੀਬ ਡੇਢ ਲੱਖ ਕੀਮਤੀ ਜਾਨਾਂ ਅਜਾਈਂ ਚਲੀਆਂ ਜਾਂਦੀਆਂ ਹਨ। ਇਹ ਜਾਣਕਾਰੀ ਲੋਕ ਸਭਾ ਵਿਚ ਆਵਾਜਾਈ ਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਦਿੱਤੀ।




ਇਨ੍ਹਾਂ ਹਾਦਸਿਆਂ ਕਾਰਨ ਹਰ ਸਾਲ ਦੇਸ਼ ਨੂੰ 55 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ, ਜੋ ਮੁਲਕ ਦੀ ਕੁੱਲ ਘਰੇਲੂ ਪੈਦਾਵਾਰ ਦਾ ਤਿੰਨ ਫੀਸਦੀ ਬਣਦਾ ਹੈ। ਦੇਸ਼ ਦੀ 12ਵੀਂ ਪੰਜ ਸਾਲਾ ਯੋਜਨਾ ਤਹਿਤ ਕੌਮੀ ਸ਼ਾਹਰਾਹਾਂ ਦੀ ਉਸਾਰੀ ਲਈ ਲੋੜੀਂਦੀ ਕੁੱਲ ਲਾਗਤ 4.83 ਲੱਖ ਕਰੋੜ ਵਿਚੋਂ ਅੰਦਾਜ਼ਨ 1.78 ਲੱਖ ਕਰੋੜ ਰੁਪਏ ਦੇ ਨਿਜੀ ਖੇਤਰ ਦੇ ਨਿਵੇਸ਼ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ 95 ਫੀਸਦੀ ਹਾਈਵੇਅ ਪ੍ਰੋਜੈਕਟਾਂ ਦੀ ਉਸਾਰੀ ਸਬੰਧੀ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਲਿਆ ਗਿਆ ਹੈ ਤੇ ਇਨ੍ਹਾਂ ਦੀ ਉਸਾਰੀ ਛੇਤੀ ਹੀ ਸ਼ੁਰੂ ਹੋ ਜਾਵੇਗੀ। ਬਾਕੀ ਰਹਿੰਦੇ ਪੰਜ ਫੀਸਦੀ ਪ੍ਰੋਜੈਕਟਾਂ ਸਬੰਧੀ ਅੜਿਕਿਆਂ ਨੂੰ ਦੂਰ ਕਰਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ।

# ਗੁਜਰਾਤ ਵਿਚ ਭਾਜਪਾ ਦੀ ਪੇਂਡੂ ਵੋਟ ਨੂੰ ਲੱਗਾ ਖੋਰਾ

**ਅਹਿਮਦਾਬਾਦ:** ਗੁਜਰਾਤ ਵਿਚ ਹੋਈਆਂ ਸਥਾਨਕ ਚੋਣਾਂ ਵਿਚ ਕਾਂਗਰਸ ਨੇ ਪਿੰਡਾਂ ਵਿਚ ਭਾਜਪਾ ਨੂੰ ਝਟਕਾ ਦਿੱਤਾ ਹੈ ਜਦਕਿ ਭਾਜਪਾ ਸ਼ਹਿਰੀ ਇਲਾਕਿਆਂ ਵਿਚ ਆਪਣੀ ਚੜ੍ਹਤ ਨੂੰ ਬਣਾਈ ਰੱਖਣ ਵਿਚ ਸਫਲ ਰਹੀ। ਕਾਂਗਰਸ ਨੇ ਆਪਣੀ ਵਧੀਆ ਕਾਰਗੁਜ਼ਾਰੀ ਨੂੰ ਭਾਜਪਾ ਸਰਕਾਰ ਖਿਲਾਫ ਫਤਵਾ ਕਰਾਰ ਦਿੱਤਾ ਹੈ।

ਜ਼ਿਲ੍ਹਾ ਪੰਚਾਇਤ ਚੋਣਾਂ ਵਿਚ ਪਿਛਲੀ ਵਾਰ 2010 ਵਿਚ ਭਾਜਪਾ ਨੇ 31 ਵਿਚੋਂ 30 ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ। ਇਨ੍ਹਾਂ ਸਥਾਨਕ ਚੋਣਾਂ ਨੂੰ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਸੀ ਕਿਉਂਕਿ ਨਰੇਂਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਆਨੰਦੀਬੇਨ ਪਟੇਲ ਦੀ ਅਗਵਾਈ ਹੇਠ ਚੋਣਾਂ ਹੋ ਰਹੀਆਂ ਹਨ। ਹੁਕਮਰਾਨ ਭਾਜਪਾ ਨੂੰ ਪਟੇਲਾਂ ਵੱਲੋਂ ਕੀਤੇ ਜਾ ਰਹੇ ਅੰਦੋਲਨਾਂ ਕਰ ਕੇ ਵੀ ਵੱਡੀ ਚੁਣੌਤੀ ਮਿਲ ਰਹੀ ਸੀ। ਉਧਰ ਭਾਜਪਾ ਨੇ ਛੇ ਨਗਰ ਨਿਗਮਾਂ ਅਹਿਮਦਾਬਾਦ, ਸੂਰਤ, ਰਾਜਕੋਟ, ਵਡੋਦਰਾ, ਜਾਮਨਗਰ ਅਤੇ ਭਾਵਨਗਰ ਵਿਚ ਆਪਣੀ ਲੀਡ ਬਰਕਰਾਰ ਰੱਖੀ।

# ਨਸ਼ਾ ਤਸਕਰੀ ਬਾਰੇ ਪੁਲਿਸ ਜਾਂਚ 'ਤੇ ਉਠੇ ਸਵਾਲ

**ਚੰਡੀਗੜ੍ਹ:** ਤਸਕਰੀ ਦੇ ਸਮੁੱਚੇ ਮਾਮਲਿਆਂ ਵਿਚ ਪੁਲਿਸ ਵੱਲੋਂ ਭਾਵੇਂ ਹੇਠਲੀਆਂ ਅਦਾਲਤਾਂ ਵਿਚ ਦੋਸ਼ ਪੱਤਰ ਦਾਖਲ ਕੀਤੇ ਜਾ ਚੁੱਕੇ ਹਨ ਪਰ ਮੁਢਲੇ ਤੌਰ 'ਤੇ ਇਹੀ ਤੱਥ ਸਾਹਮਣੇ ਆਏ ਹਨ ਕਿ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਮਾਮਲਿਆਂ ਦੀ ਤਫਤੀਸ਼ ਕਰਨ ਸਮੇਂ ਪੇਸ਼ੇਵਾਰਾਨਾ ਪਹੁੰਚ ਨਹੀਂ ਅਪਣਾਈ ਗਈ। ਇਹੀ ਕਾਰਨ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਕਈ ਤਰ੍ਹਾਂ ਦੇ ਪੁਖਤਾ ਸਬੂਤਾਂ ਦੀ ਅਣਹੋਂਦ ਰੜਕ ਰਹੀ ਹੈ।



ਜਗਦੀਸ਼ ਭੋਲਾ ਨਾਲ ਜੁੜੇ ਅੱਧੀ ਦਰਜਨ ਤੋਂ ਜ਼ਿਆਦਾ ਮਾਮਲਿਆਂ ਵਿਚ 15 ਦੇ ਕਰੀਬ ਵਿਅਕਤੀਆਂ ਵਿਰੁੱਧ ਪੁਲਿਸ ਵੱਲੋਂ ਪਟਿਆਲਾ ਤੇ ਫਤਿਹਗੜ੍ਹ ਸਾਹਿਬ ਦੇ ਛੇ ਥਾਣਿਆਂ ਵਿਚ ਕੇਸ ਦਰਜ ਕੀਤੇ ਗਏ ਸਨ। ਮੁਲਜ਼ਮਾਂ ਨੇ ਪੁਲਿਸ 'ਤੇ ਝੂਠੇ ਕੇਸਾਂ ਵਿਚ ਫਸਾਉਣ ਦੇ ਦੋਸ਼ ਲਾਉਂਦਿਆਂ ਹਾਈਕੋਰਟ ਤੱਕ ਪਹੁੰਚ ਕਰ ਕੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ ਸੀ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸਮੁੱਚੀਆਂ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਖੁਦ ਹੀ ਇਸ ਮਾਮਲੇ ਦੀ ਜਾਂਚ ਲਈ ਉਕਤ ਪੁਲਿਸ ਅਧਿਕਾਰੀਆਂ 'ਤੇ ਆਧਾਰਤ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤਾ ਸੀ। ਹਾਈਕੋਰਟ ਵੱਲੋਂ ਵੀ ਇਹ ਨੁਕਤਾ ਉਠਾਇਆ ਗਿਆ ਸੀ ਕਿ ਤਸਕਰੀ ਮਾਮਲਿਆਂ ਦੀ ਤਫਤੀਸ਼ ਨੂੰ ਪੁਲਿਸ ਨੇ ਗੰਭੀਰਤਾ ਨਾਲ ਨਹੀਂ ਲਿਆ। ਉੱਚ ਅਦਾਲਤ ਨੇ ਪੁਲਿਸ ਤਫਤੀਸ਼ ਵਿਚ ਪ੍ਰਤੀਬੱਧਤਾ ਦੀ ਘਾਟ ਤੇ ਪੁਲਿਸ ਅਫਸਰਾਂ ਵੱਲੋਂ ਢਿੱਲਾ ਰਵੱਈਆ ਅਪਣਾਉਣ ਦੀ ਗੱਲ ਵੀ ਕਹੀ ਸੀ। ਭਰੋਸੇਯੋਗ ਤੱਥਾਂ ਦੀ ਅਣਹੋਂਦ ਤੇ ਹੋਰ ਕਈ ਤਰ੍ਹਾਂ ਦੀਆਂ ਕਮੀਆਂ ਦੀ ਗੱਲ ਵੀ ਕਹੀ ਗਈ ਸੀ। ਉਚ ਅਦਾਲਤ ਦੀਆਂ ਗੰਭੀਰ ਟਿੱਪਣੀਆਂ ਕਾਰਨ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਉਚ ਅਦਾਲਤ ਨੇ ਐਸ.ਆਈ.ਟੀ. ਨੂੰ ਕਮੀਆਂ ਦੂਰ ਕਰਨ ਲਈ ਕਿਹਾ ਸੀ। ਅਦਾਲਤੀ ਹੁਕਮਾਂ ਤੋਂ ਬਾਅਦ ਐਸ.ਆਈ.ਟੀ. ਵੱਲੋਂ ਤਸਕਰੀ ਦੇ ਮਾਮਲਿਆਂ ਵਿਚ ਹੀ ਨਾਮਜ਼ਦ ਦਵਿੰਦਰ ਕਾਂਤ ਨਾਮ ਦੇ ਵਿਅਕਤੀ ਸਬੰਧੀ ਤਫਤੀਸ਼ ਕਰ ਕੇ ਰਿਪੋਰਟ ਅਦਾਲਤ ਨੂੰ ਸੌਂਪ ਦਿੱਤੀ ਗਈ।

ਇਸ ਰਿਪੋਰਟ ਵਿਚ ਉਕਤ ਵਿਅਕਤੀ ਵਿਰੁੱਧ ਲੱਗੇ ਦੋਸ਼ਾਂ ਨੂੰ ਸਹੀ ਕਰਾਰ ਦਿੱਤਾ ਗਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਐਸ.ਆਈ.ਟੀ. ਵੱਲੋਂ ਛੇ ਥਾਣਿਆਂ ਦਾ ਜਗਦੀਸ਼ ਭੋਲਾ ਤਸਕਰੀ ਕਾਂਡ ਨਾਲ ਜੁੜਿਆ ਸਮੁੱਚਾ ਰਿਕਾਰਡ ਘੋਖਿਆ ਜਾ ਰਿਹਾ ਹੈ। ਐਸ.ਆਈ.ਟੀ. ਵੱਲੋਂ ਰਿਪੋਰਟ 31 ਦਸੰਬਰ ਤੱਕ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਪੇਸ਼ ਕੀਤੀ ਜਾਣੀ ਹੈ।

# ਪੰਜਾਬ ਵਿਚ ਸ਼ਰਾਬ ਦੇ ਕਾਰੋਬਾਰ ਨੇ ਤੋੜੇ ਸਾਰੇ ਰਿਕਾਰਡ




**ਚੰਡੀਗੜ੍ਹ:** ਅਕਾਲੀ ਸਰਕਾਰ ਦੇ ਸ਼ਰਾਬ ਪ੍ਰਤੀ ਹਾਂ-ਪੱਖੀ ਰਵੱਈਏ ਦੇ ਸਿੱਟੇ ਵਜੋਂ ਪੰਜਾਬ ਵਿਚ ਸ਼ਰਾਬ ਦਾ ਕਾਰੋਬਾਰ ਪਿਛਲੇ 20 ਸਾਲਾਂ ਵਿਚ ਪੰਜ ਗੁਣਾ ਵਧ ਗਿਆ ਹੈ ਜਦੋਂਕਿ ਲੋਕਾਂ ਦੀ ਪ੍ਰਤੀ ਜੀਅ ਆਮਦਨ ਤੇ ਹੋਰ ਕਾਰੋਬਾਰ ਵਿਚ ਮਾਮੂਲੀ ਵਾਧਾ ਹੀ ਹੋਇਆ ਹੈ। ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ ਤਕਰੀਬਨ ਨੌਂ ਸਾਲਾਂ ਵਿਚ ਨਾ ਸਿਰਫ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਵਿਚ ਹੀ ਵਾਧਾ ਹੋਇਆ ਹੈ ਬਲਕਿ ਸ਼ਰਾਬ ਦੇ ਕੋਟੇ ਵਿਚ ਵੀ ਭਾਰੀ ਵਾਧਾ ਹੋਇਆ ਹੈ।

ਕੌਮੀ ਸ਼ਾਹਰਾਹਾਂ ਤੇ ਰਾਜਮਾਰਗਾਂ ਉਤੇ ਸ਼ਰਾਬ ਦੇ ਠੇਕੇ ਬੰਦ ਕਰਨ ਬਾਰੇ ਹਾਈਕੋਰਟ ਦੇ ਹੁਕਮਾਂ ਵਿਰੁੱਧ ਸੂਬਾ ਸਰਕਾਰ ਅੜੀ ਹੋਈ ਹੈ। ਇਸ ਮੁੱਦੇ ਉਤੇ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਸਰਕਾਰ ਨੇ ਉੱਚ ਅਦਾਲਤ ਨੂੰ ਮਾਲੀਏ ਦੀ ਦ੍ਰਿਸ਼ਟੀ ਤੋਂ ਠੇਕੇ ਨਾ ਚੁਕਵਾਉਣ ਦੀ ਦੁਹਾਈ ਪਾਈ ਗਈ ਹੈ।

ਸਰਕਾਰ ਵੱਲੋਂ ਅਜਿਹਾ ਸਿਰਫ ਮਾਲੀਆ ਵੱਧ ਇਕੱਠਾ ਕਰਨ ਲਈ ਹੀ ਨਹੀਂ ਬਲਕਿ ਲੋਕਾਂ ਦੀਆਂ ਜੇਬਾਂ ਵਿਚੋਂ ਪੈਸਾ ਕੱਢ ਕੇ ਆਪਣੇ ਨਜ਼ਦੀਕੀਆਂ ਦੀ ਆਮਦਨ ਵਧਾਉਣ ਲਈ ਕੀਤਾ ਜਾ ਰਿਹਾ ਹੈ। ਸ਼ਰਾਬ ਦੇ ਜ਼ਿਆਦਾਤਰ ਵੱਡੇ ਕਾਰੋਬਾਰੀ ਸੱਤਾਧਾਰੀ ਧਿਰ ਨਾਲ ਸਬੰਧਤ ਹਨ ਅਤੇ ਇਨ੍ਹਾਂ ਵਿਚੋਂ ਕਈਆਂ ਦੀਆਂ ਤਾਂ ਸ਼ਰਾਬ ਦੀਆਂ ਫੈਕਟਰੀਆਂ ਵੀ ਹਨ। ਤਿੰਨ ਕਰੋੜ ਤੋਂ ਘੱਟ ਆਬਾਦੀ ਵਾਲੇ ਸੂਬੇ ਪੰਜਾਬ ਦੇ ਲੋਕ ਸਾਲ ਵਿਚ ਸ਼ਰਾਬ ਦੀਆਂ 30 ਕਰੋੜ ਬੋਤਲਾਂ ਪੀ ਜਾਂਦੇ ਹਨ। ਸਥਿਤੀ ਇਹ ਹੈ ਕਿ ਸੂਬੇ ਵਿਚ ਛੋਟੇ-ਵੱਡੇ ਕੁੱਲ ਸਿਹਤ ਕੇਂਦਰਾਂ ਦੀ ਗਿਣਤੀ ਤਾਂ ਸਿਰਫ 3156 ਹੈ ਪਰ ਸ਼ਰਾਬ ਦੇ ਠੇਕੇ 10,157 ਹਨ ਭਾਵ ਸ਼ਰਾਬ ਦਾ ਠੇਕਾ ਹਰ 2700 ਵਿਅਕਤੀ ਪਿਛੇ ਹੈ ਜਦੋਂਕਿ ਸਿਹਤ ਕੇਂਦਰ 8800 ਵਿਅਕਤੀਆਂ ਮਗਰ ਇਕ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਪੀਣ ਲਈ ਸਾਫ ਪਾਣੀ ਤਾਂ ਮੁਸ਼ਕਿਲ ਨਾਲ ਮਿਲਦਾ ਹੈ ਪਰ ਸ਼ਰਾਬ ਹਰ ਕੋਨੇ ਤੇ ਹਰ ਕਿਲੋਮੀਟਰ ਉਤੇ ਉਪਲਬਧ ਹੈ।

੨ ਲੋਕ ਸਭਾ ਚੋਣਾਂ ਸਮੇਂ ਨਸ਼ਿਆਂ ਦੇ ਮੁੱਦੇ 'ਤੇ ਪੈਦਾ ਹੋਏ ਲੋਕ ਰੋਹ ਨਾਲ ਵੱਜੀ ਸੱਟ ਤੋਂ ਬਾਅਦ ਭਾਵੇਂ ਸੱਤਾਧਾਰੀ ਧਿਰ ਨੇ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕੀਤੀ ਸੀ ਪਰ ਹਿੱਤਾਂ ਦੇ ਟਕਰਾਓ ਦੇ ਚਲਦਿਆਂ ਸੂਬੇ ਨੂੰ ਨਸ਼ਾ-ਮੁਕਤ ਕੀਤਾ ਜਾਣਾ ਸੰਭਵ ਨਹੀਂ ਜਾਪਦਾ। ਸਰਕਾਰ ਵੱਲੋਂ ਸ਼ਰਾਬ ਦੀ ਵੱਧ ਵਿਕਰੀ ਨੂੰ ਉਚਿਤ ਦਰਸਾਉਣ ਲਈ ਵੱਧ ਵੈਟ ਵਸੂਲੀ ਤੇ ਕੈਂਸਰ ਪੀੜਤਾਂ ਲਈ ਫੰਡ ਉਪਲਬਧ ਕਰਾਉਣ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਨਸ਼ਿਆਂ ਦੇ ਕਾਰੋਬਾਰੀਆਂ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਨਸ਼ੇੜੀਆਂ ਨੂੰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਰਸੂਖਵਾਨਾਂ ਦੀ ਸ਼ਰਾਬ ਦੇ ਕਾਰੋਬਾਰ ਵਿਚ ਵੱਧ ਰਹੀ ਦਿਲਚਸਪੀ ਇਸ ਧੰਦੇ ਦੇ ਘਟਣ ਦੀ ਥਾਂ ਵਧਣ ਦਾ ਸਬੱਬ ਬਣ ਰਹੀ ਹੈ।

### ਰਾਜ ਮਾਰਗਾਂ ਤੋਂ ਠੇਕੇ ਚੁਕਵਾਉਣ ਖਿਲਾਫ ਡਟੀ ਸਰਕਾਰ

**ਚੰਡੀਗੜ੍ਹ:** ਸਰਕਾਰ ਦੀਆਂ ਨੀਤੀਆਂ ਸ਼ਰਾਬ ਤੇ ਹੋਰ ਨਸ਼ਿਆਂ ਦੇ ਕਾਰੋਬਾਰ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਹਨ। ਮੁਲਕ ਵਿਚ ਪੰਜਾਬ ਇਕੋ-ਇਕ ਸੂਬਾ ਹੈ ਜਿਸ ਨੇ ਕੌਮੀ ਸ਼ਾਹਰਾਹ ਅਤੇ ਰਾਜ ਮਾਰਗਾਂ ਉਤੇ ਠੇਕੇ ਬੰਦ ਕਰਨ ਦੇ ਹਾਈਕੋਰਟ ਦੇ ਹੁਕਮਾਂ ਵਿਰੁੱਧ ਸੁਪਰੀਮ ਕੋਰਟ ਵਿਚ ਵਿਸ਼ੇਸ਼ ਲੀਵ ਪਟੀਸ਼ਨ ਪਾ ਕੇ ਇਹ ਠੇਕੇ ਖੋਲ੍ਹਣ ਦੀ ਮੰਗ ਕੀਤੀ ਹੈ। ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਸਰਕਾਰ ਨੇ ਉੱਚ ਅਦਾਲਤ ਨੂੰ ਮਾਲੀਏ ਦੀ ਦ੍ਰਿਸ਼ਟੀ ਤੋਂ ਠੇਕੇ ਨਾ ਚੁਕਵਾਉਣ ਦੀ ਦੁਹਾਈ ਪਾਈ ਗਈ ਹੈ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿਥੇ ਸ਼ਰਾਬ ਦੇ ਠੇਕੇ ਸਵੇਰੇ 5 ਵਜੇ ਤੋਂ ਰਾਤ 11 ਵਜੇ ਤੱਕ ਖੋਲ੍ਹਣ ਦੀ ਆਗਿਆ ਹੈ ਤੇ ਨਿਸ਼ਚਿਤ ਠੇਕਿਆਂ ਜਿੰਨੀਆਂ ਹੀ ਸ਼ਰਾਬ ਦੀਆਂ ਹੋਰ ਨਾਜਾਇਜ਼ ਦੁਕਾਨਾਂ ਠੇਕੇਦਾਰਾਂ ਨੇ ਸਰਕਾਰ ਤੇ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਖੋਲ੍ਹੀਆਂ ਹੋਈਆਂ ਹਨ। ਠੇਕੇ ਬੰਦ ਕਰਨ ਬਾਰੇ ਪੰਚਾਇਤਾਂ ਦੇ ਮਤਿਆਂ ਨੂੰ ਵੀ ਦਰਕਿਨਾਰ ਕੀਤਾ ਜਾ ਰਿਹਾ ਹੈ।

## ਆਈ.ਐਸ. ਵੱਲੋਂ ਭਾਰਤ ਖਿਲਾਫ ਜੰਗ ਦਾ ਐਲਾਨ

### ਮੋਦੀ ਨੂੰ ਇਸਲਾਮ ਦਾ ਦੁਸ਼ਮਣ ਦੱਸਿਆ



**ਨਵੀਂ ਦਿੱਲੀ:** ਦੁਨੀਆਂ ਦੇ ਸਭ ਤੋਂ ਖਤਰਨਾਕ ਅਤਿਵਾਦੀ ਸੰਗਠਨ ਆਈ.ਐਸ. ਨੇ ਭਾਰਤ ਵਿਚ ਜੰਗ ਦੀ ਧਮਕੀ ਦਿੱਤੀ ਹੈ। ਆਈ.ਐਸ. ਨੇ ਆਪਣੀ ਆਨ ਲਾਈਨ ਕਿਤਾਬ ਦੇ ਜ਼ਰੀਏ ਧਮਕੀ ਭਰੇ ਲਹਿਜੇ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਸਲਾਮ ਦਾ ਦੁਸ਼ਮਣ ਦੱਸਿਆ। ਆਈ.ਐਸ. ਨੇ ਕਿਹਾ ਕਿ ਮੋਦੀ ਮੁਸਲਮਾਨਾਂ ਖਿਲਾਫ ਜੰਗ ਦੀ ਤਿਆਰੀ ਕਰ ਰਿਹਾ ਹੈ।

ਆਈ.ਐਸ. ਦੀ ਕਿਤਾਬ 'ਫਿਊਚਰ ਇਸਲਾਮਿਕ ਸਟੇਟ ਬੈਟਲਸ' ਵਿਚ ਧਮਕੀ ਦਿੱਤੀ ਗਈ ਕਿ ਹੁਣ ਅਸੀਂ ਭਾਰਤ, ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਸਮੇਤ ਕਈ ਦੇਸ਼ਾਂ ਵਿਚ ਦਖਲ ਦੇਵਾਂਗੇ।

ਆਈ.ਐਸ. ਨੇ ਆਪਣੀ ਆਨਲਾਈਨ ਕਿਤਾਬ ਵਿਚ ਲਿਖਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਖੁਦ ਹਿੰਦੂਵਾਦੀ ਹੈ। ਉਹ ਹਥਿਆਰਾਂ ਦੀ ਪੂਜਾ ਕਰਦੇ ਹਨ। ਇੰਨਾ ਹੀ ਨਹੀਂ ਮੋਦੀ ਮੁਸਲਮਾਨਾਂ ਖਿਲਾਫ ਆਪਣੇ ਲੋਕਾਂ ਨੂੰ ਜੰਗ ਲਈ ਤਿਆਰ ਕਰ ਰਹੇ ਹਨ। ਕਿਤਾਬ ਵਿਚ ਭਾਰਤ ਦੀ ਰਾਜਨੀਤੀ 'ਤੇ ਵੀ ਟਿੱਪਣੀ ਕੀਤੀ ਗਈ ਹੈ। ਕਿਤਾਬ ਅਨੁਸਾਰ ਭਾਰਤ ਵਿਚ ਹਿੰਦੂਆਂ ਦੀ ਮਨਮਾਨੀ ਵਧਦੀ ਜਾ ਰਹੀ ਹੈ।

ਗਾਂ ਦਾ ਮਾਸ ਖਾਣ ਵਾਲੇ ਮੁਸਲਮਾਨਾਂ ਦੀ ਹੱਤਿਆ ਕੀਤੀ ਜਾ ਰਹੀ ਹੈ। ਆਈ.ਐਸ. ਦਾ ਕਹਿਣਾ ਹੈ ਕਿ ਇਨ੍ਹਾਂ ਸੰਗਠਨਾਂ ਨੂੰ ਫੰਡ ਦੇਣ ਵਾਲੇ ਚਾਹੁੰਦੇ ਹਨ ਕਿ ਇਸਲਾਮ ਨਾਲ ਨਫਰਤ ਕਰਨ ਵਾਲਿਆਂ ਦੀ ਗਿਣਤੀ ਵਧੇ ਤੇ ਜਦੋਂ ਉਨ੍ਹਾਂ ਦੇ ਦੇਸ਼ ਵਿਚ ਜੰਗ ਵਰਗੇ ਹਾਲਾਤ ਬਣਨ ਤਾਂ ਉਹ ਉਨ੍ਹਾਂ ਦਾ ਇਸਤੇਮਾਲ ਕਰੇ।

## ਆਸਟਰੇਲੀਆ ਵਿਚ ਪੰਜਾਬੀਆਂ ਵੱਲੋਂ ਬਾਗਬਾਨੀ ਮਜ਼ਦੂਰਾਂ ਦਾ ਸ਼ੋਸ਼ਣ

**ਸਿਡਨੀ:** ਪੰਜਾਬੀਆ ਦੇ ਪਿੰਡ ਵੱਲਗੂਲਗਾ ਵਿਚ ਪੰਜਾਬੀ ਬਾਗਬਾਨ ਦੇ ਖਾਤੇ ਦੀ ਪੜਤਾਲ ਹੋਈ ਹੈ ਜਿਸ ਵਿਚ ਪਾਇਆ ਗਿਆ ਕਿ ਕੰਮ ਉਤੇ ਰੱਖੇ ਖੇਤ ਮਜ਼ਦੂਰਾਂ ਪਾਸੋਂ ਘੱਟ ਤਨਖਾਹ ਉਤੇ ਵਾਧੂ ਕੰਮ ਲਿਆ ਜਾਂਦਾ ਸੀ। ਜਾਣਕਾਰੀ ਅਨੁਸਾਰ ਤਕਰੀਬਨ 140 ਖੇਤ ਮਜ਼ਦੂਰਾਂ ਦਾ ਸ਼ੋਸ਼ਣ ਹੋਇਆ ਹੈ। ਇਹ ਪਰਵਾਸੀ ਖੇਤ ਮਜ਼ਦੂਰ ਪੰਜਾਬ ਸਮੇਤ ਹੋਰ ਸੂਬਿਆਂ ਤੇ ਵਿਦੇਸ਼ਾਂ ਤੋਂ ਆਏ ਹੋਏ ਸਨ। ਨਿਊ ਸਾਊਥ ਵੇਲਜ਼ ਸੂਬੇ ਵਿਚ ਪੈਸਫਿਕ ਹਾਈਵੇਅ ਉਤੇ ਅਰਧ ਸ਼ਹਿਰੀ ਖੇਤਰ ਕੌਫਸ ਹਾਰਬਰ ਦੇ ਨੇੜੇ ਪੰਜਾਬੀ ਵਸੋਂ ਵਾਲੇ ਪਿੰਡ ਵੱਲਗੂਲਗਾ ਵਿਚ ਬਲੂ ਬੈਰੀ ਤੇ ਕੇਲੇ ਦੇ ਵੱਡੇ ਫਾਰਮ ਹਨ। ਇਥੇ ਹੀ ਬੇਨਿਯਮੀਆਂ ਦਾ ਇਹ ਘੁਟਾਲਾ ਆਸਟਰੇਲੀਆ ਦੇ ਫੇਅਰ ਵਰਕ ਵਿਭਾਗ ਨੇ ਫੜਿਆ ਹੈ। ਵਿਭਾਗ ਦੀ ਮੁੱਖ ਅਧਿਕਾਰੀ ਨੈਟਲੀ ਜੇਮਜ਼ ਦਾ ਕਹਿਣਾ ਹੈ ਕਿ ਫੜੀਆਂ ਗਈਆਂ ਬੇਨਿਯਮੀਆਂ ਸਾਬਤ ਕਰਦੀਆਂ ਹਨ ਕਿ ਪਰਵਾਸੀ ਮਜ਼ਦੂਰਾਂ ਦਾ ਆਰਥਿਕ ਸ਼ੋਸ਼ਣ ਵੱਡੇ ਪੱਧਰ ਉਤੇ ਹੋ ਰਿਹਾ ਸੀ ਤੇ ਇਹ ਆਸਟਰੇਲੀਆ ਦੀ ਸਾਫ ਸੁਥਰੀ ਸਾਖ ਨੂੰ ਧੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਬਾਗਬਾਨ ਨੇ ਆਪਣੀ ਬਲੂ ਬੈਰੀ, ਜਿਸ ਦੇ ਫਲਦਾਰ ਬੂਟੇ ਸਨ, ਨੂੰ ਤੁੜਵਾਉਣ ਲਈ 46 ਹਜ਼ਾਰ ਡਾਲਰ ਖੇਤ ਮਜ਼ਦੂਰਾਂ ਨੂੰ ਘੱਟ ਦਿੱਤੇ ਸਨ। ਪ੍ਰਭਾਵਿਤ ਖੇਤ ਮਜ਼ਦੂਰਾਂ ਨੂੰ ਇਹ ਅਦਾਇਗੀ ਤੁਰੰਤ ਕਰਨ ਲਈ ਹੁਕਮ ਦਿੱਤਾ ਗਿਆ ਹੈ।

ਬਾਗਬਾਨ ਨੇ ਲਿਖਤੀ ਮੁਆਫੀ ਮੰਗੀ ਹੈ। ਪਰਵਾਸੀ ਖੇਤ ਮਜ਼ਦੂਰ ਆਸਟਰੇਲੀਆ ਵਿਚ ਵਰਕਿੰਗ ਹੋਲੀਡੇਅ ਵੀਜ਼ਾ ਕੈਟਾਗਰੀ-417 ਰਾਹੀਂ ਭਾਰਤ ਸਮੇਤ ਵਿਦੇਸ਼ਾਂ ਤੋਂ ਆਏ ਸਨ। ਇਨ੍ਹਾਂ ਨੂੰ ਸੀਜ਼ਨਲ ਕੰਮ 'ਤੇ ਰੱਖਿਆ ਗਿਆ ਸੀ। ਘੱਟ ਤਨਖਾਹ ਕਾਰਨ ਪ੍ਰਤੀ ਖੇਤ ਮਜ਼ਦੂਰ ਨੂੰ 966 ਡਾਲਰ ਦਾ ਝਟਕਾ ਲੱਗਾ। ਮੁਢਲੇ ਤੌਰ 'ਤੇ ਇਸ ਰਾਸ਼ੀ ਦਾ ਭੁਗਤਾਨ ਕਾਮੇ ਨੂੰ ਕਰਵਾਉਣ ਦਾ ਯਤਨ ਕੀਤਾ ਜਾਵੇਗਾ। ਅਜਿਹਾ ਨਾ ਹੋਣ ਦੀ ਸੂਰਤ ਵਿਚ ਰਾਸ਼ੀ ਟਰੱਸਟ ਦੇ ਖਾਤੇ ਚ ਜਮ੍ਹਾਂ ਹੋਵੇਗੀ।

### ਕਾਲਾ ਧਨ ਦੇ ਕੁਬੇਰਾਂ ਤੋਂ ਸਿਰਫ 17 ਕਰੋੜ ਕਢਵਾ ਸਕੀ ਸਰਕਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਕਾਲੇ ਧਨ ਤੇ ਬੇਨਾਮੀ ਜਾਇਦਾਦ ਦਾ ਖੁਲਾਸਾ ਕਰਨ ਲਈ ਮਿਥੀ ਗਈ ਆਖਰੀ ਮਿਤੀ 26 ਨਵੰਬਰ 2015 ਤੱਕ 16.69 ਕਰੋੜ ਰੁਪਏ ਟੈਕਸ ਤੇ ਜੁਰਮਾਨੇ ਦੇ ਰੂਪ ਵਿਚ ਇਕੱਠੇ ਹੋਏ ਹਨ। ਇਹ ਜਾਣਕਾਰੀ ਰਾਜ ਸਭਾ ਵਿਚ ਕੇਂਦਰੀ ਵਿੱਤ ਰਾਜ ਮੰਤਰੀ ਜੈਅੰਤ ਸਿਨਹਾ ਨੇ ਇਕ ਲਿਖਤੀ ਸੁਆਲ ਦੇ ਜੁਆਬ ਵਿਚ ਦਿੱਤਾ।

## ਰਾਜੀਵ ਕੇਸ: ਦੋਸ਼ੀਆਂ ਨੂੰ ਰਾਹਤ ਨਾ ਮਿਲੀ

**ਨਵੀਂ ਦਿੱਲੀ:** ਰਾਜੀਵ ਗਾਂਧੀ ਦੇ ਹਤਿਆਰਿਆਂ ਦੀ ਰਿਹਾਈ ਦੇ ਮਾਮਲੇ ਵਿਚ ਸੁਪਰੀਮ ਕੋਰਟ ਦਾ ਅਹਿਮ ਫੈਸਲਾ ਆਇਆ ਹੈ। ਅਦਾਲਤ ਨੇ ਕਿਹਾ ਹੈ ਕਿ ਸਜ਼ਾ ਮੁਆਫੀ ਦਾ ਅਧਿਕਾਰ ਸੂਬਿਆਂ ਨੂੰ ਨਹੀਂ ਹੈ। ਉਧਰ, ਕੋਰਟ ਨੇ ਸਾਫ ਕਰ ਦਿੱਤਾ ਹੈ ਕਿ ਕੇਂਦਰ ਨੂੰ ਹੀ ਸਜ਼ਾ ਮੁਆਫੀ ਦਾ ਅਧਿਕਾਰ ਹੈ।

ਕੋਰਟ ਨੇ ਕਿਹਾ ਹੈ ਕਿ ਉਮਰ ਕੈਦ ਦਾ ਮਤਲਬ ਸਾਰੀ ਉਮਰ ਜੇਲ੍ਹ ਵਿਚ ਰਹਿਣਾ ਹੀ ਹੈ। ਦਰਅਸਲ ਰਾਜੀਵ ਗਾਂਧੀ ਹੱਤਿਆ ਕਾਂਡ ਵਿਚ ਮੌਤ ਦੀ ਸਜ਼ਾ ਤੋਂ ਰਾਹਤ ਪਾਉਣ ਵਾਲੇ ਸਾਰੇ ਦੋਸ਼ੀਆਂ ਨੂੰ ਰਿਹਾਅ ਕਰਨ ਖਿਲਾਫ ਦਾਇਰ ਪਟੀਸ਼ਨਾਂ 'ਤੇ ਫੈਸਲਾ ਰਾਖਵਾਂ ਰੱਖਿਆ ਗਿਆ ਸੀ। ਰਾਜ ਸਰਕਾਰ ਨੇ ਸਜ਼ਾ-ਏ-ਮੌਤ ਪਾਉਣ ਵਾਲੇ ਸਾਰੇ ਦੋਸ਼ੀਆਂ ਸੰਥਨ, ਮੁਰੂਗਨ, ਪੇਰਾਰੀਵਲਨ ਤੇ ਉਮਰ ਕੈਦ ਦੀ ਸਜ਼ਾ ਕੱਟ ਰਹੇ ਨਲਿਨੀ, ਸ੍ਰੀਹਰਨ, ਰਾਬਰਟ ਪਾਯਸ, ਰਵਿਚੰਦਰਨ ਤੇ ਜੈ ਕੁਮਾਰ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਖਿਲਾਫ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖਲ ਕਰ ਕੇ ਕਿਹਾ ਸੀ ਕਿ ਮਾਮਲੇ ਦੀ ਜਾਂਚ ਸੀ.ਬੀ.ਆਈ. ਨੇ ਕੀਤੀ ਸੀ ਤੇ ਇਸ ਕੇਸ ਵਿਚ ਕੇਂਦਰੀ ਕਾਨੂੰਨ ਤਹਿਤ ਸਜ਼ਾ ਸੁਣਾਈ ਗਈ। ਅਜਿਹੇ ਵਿਚ ਰਿਹਾਈ ਕਰਨ ਦਾ ਅਧਿਕਾਰ ਕੇਂਦਰ ਕੋਲ ਹੈ।

## ਦਿੱਲੀ ਦੇ ਪ੍ਰਦੂਸ਼ਣ ਤੋਂ ਖੌਫਜ਼ਦਾ ਹੋਏ ਅਮਰੀਕੀ

**ਨਵੀਂ ਦਿੱਲੀ:** ਦਿੱਲੀ ਦੇ ਪ੍ਰਦੂਸ਼ਣ ਕਾਰਨ ਇਥੇ ਰਹਿਣ ਵਾਲੇ ਅਮਰੀਕੀ ਵੀ ਕਾਫੀ ਡਰੇ ਹੋਏ ਹਨ। ਅਮਰੀਕੀ ਦੂਤਾਵਾਸ ਨੇ ਆਪਣੇ ਸਕੂਲ ਦੇ ਬੱਚਿਆਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਆਊਟਡੋਰ ਐਕਟੀਵਿਟੀ 'ਤੇ ਰੋਕ ਲਗਾ ਦਿੱਤੀ ਹੈ। ਦਿੱਲੀ ਦੇ ਚਾਣਕਿਆਪੁਰੀ ਵਿਚ ਅਮਰੀਕੀ ਦੂਤਾਵਾਸ ਦਾ ਸਕੂਲ ਹੈ।

ਯੂਰਪ ਦਾ ਦੇਸ਼ ਨਾਰਵੇ ਵੀ ਭਾਰਤ ਵਿਚ ਨੌਕਰੀ ਨੂੰ ਬੇਹੱਦ ਮੁਸ਼ਕਿਲ ਦੀ ਸ਼੍ਰੇਣੀ ਵਿਚ ਰੱਖਣ ਜਾ ਰਿਹਾ ਹੈ। ਅਮਰੀਕਾ ਤੇ ਨਾਰਵੇ ਦਾ ਫੈਸਲਾ ਦਿੱਲੀ ਵਿਚ ਪ੍ਰਦੂਸ਼ਣ ਦੇ ਉਸ ਪੱਧਰ ਨੂੰ ਲੈ ਕੇ ਕੀਤਾ ਜਾ ਰਿਹਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਦਿੱਲੀ ਵਿਚ ਸਾਹ ਲੈਣਾ ਨੀਯਤ ਪੱਧਰ ਤੋਂ 16 ਗੁਣਾ ਜ਼ਿਆਦਾ ਖਤਰਨਾਕ ਹੈ। ਦੂਜੇ ਪਾਸੇ ਦਿੱਲੀ ਵਿਚ ਪ੍ਰਦੂਸ਼ਣ ਦਾ ਮੁੱਦਾ ਗਰਮ ਹੋ ਗਿਆ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਯਾਨੀ ਐਨ.ਜੀ.ਟੀ. ਨੇ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਕਿਹਾ ਹੈ ਕਿ ਉਹ ਦੱਸਣ ਕਿ ਪ੍ਰਦੂਸ਼ਣ ਕਦੋਂ ਤੇ ਕਿਥੇ ਹੈ ਤਾਂ ਕਿ ਬੱਚੇ ਤੇ ਬਜ਼ੁਰਗ ਘਰ ਤੋਂ ਬਾਹਰ ਨਾ ਨਿਕਲਣ। ਐਨ.ਜੀ.ਟੀ. ਨੇ ਦਿੱਲੀ ਸਰਕਾਰ ਨੂੰ ਇਸ ਗੱਲ ਲਈ ਫਟਕਾਰ ਲਗਾਈ ਹੈ ਕਿ ਉਸ ਦੇ ਹੁਕਮਾਂ ਦਾ ਪਾਲਣ ਨਹੀਂ ਹੋ ਰਿਹਾ। ਵਿਰੋਧੀ ਧਿਰਾਂ ਨੇ ਇਸ ਮੁੱਦੇ 'ਤੇ ਕੇਜਰੀਵਾਲ ਸਰਕਾਰ ਨੂੰ ਘੇਰਿਆ ਹੋਇਆ ਹੈ।



### ਅਮਰੀਕਾ ਆਉਣਾ ਹੋਇਆ ਹੋਰ ਔਖਾ

**ਵਾਸ਼ਿੰਗਟਨ:** ਅਮਰੀਕਾ ਨੇ ਆਪਣੇ ਵੀਜ਼ਾ ਨਿਯਮ ਹੋਰ ਸਖਤ ਕਰਨ ਦਾ ਐਲਾਨ ਕੀਤਾ ਹੈ। ਪੈਰਿਸ ਵਿਚ ਹੋਏ ਦਹਿਸ਼ਤਗਰਦ ਹਮਲੇ ਦੇ ਮੱਦੇਨਜ਼ਰ ਅਮਰੀਕਾ ਨੇ ਇਹ ਕਦਮ ਚੁੱਕਿਆ ਹੈ। ਸਖਤ ਵੀਜ਼ਾ ਨਿਯਮ ਉਨ੍ਹਾਂ 38 ਦੇਸ਼ਾਂ ਉੱਤੇ ਵੀ ਲਾਗੂ ਹੋਵੇਗਾ ਜਿਨ੍ਹਾਂ ਨੂੰ ਅਮਰੀਕਾ ਵਿਚ ਪ੍ਰਵੇਸ਼ ਲਈ ਵੀਜ਼ੇ ਦੀ ਲੋੜ ਨਹੀਂ ਹੈ। ਅਮਰੀਕਾ ਨੇ ਕੁਝ ਦੇਸ਼ਾਂ ਦੇ ਨਾਗਰਿਕਾਂ ਨੂੰ ਵੀਜ਼ਾ ਦੀ ਛੋਟ ਦਿੱਤੀ ਹੋਈ ਹੈ। ਇਨ੍ਹਾਂ ਵਿਚ ਜ਼ਿਆਦਾਤਰ ਦੇਸ਼ ਯੂਰਪ ਦੇ ਹਨ। ਅਮਰੀਕਾ ਨੇ ਭਾਰਤੀ ਨਾਗਰਿਕਾਂ ਨੂੰ ਅਜਿਹੀ ਕੋਈ ਛੋਟ ਨਹੀਂ ਦਿੱਤੀ ਹੋਈ, ਪਰ ਤਾਜ਼ਾ ਐਲਾਨ ਨਾਲ ਭਾਰਤੀ ਯਾਤਰੀਆਂ ਨੂੰ ਵੀ ਅਮਰੀਕਾ ਵਿਚ ਪ੍ਰਵੇਸ਼ ਲਈ ਵੀਜ਼ਾ ਹਾਸਲ ਕਰਨ ਤੋਂ ਪਹਿਲਾਂ ਸਖਤ ਸੁਰੱਖਿਆ ਜਾਂਚ ਦਾ ਸਾਹਮਣਾ ਕਰਨਾ ਹੋਵੇਗਾ। ਵਾਈਟ ਹਾਊਸ ਦੇ ਮੀਡੀਆ ਸਕੱਤਰ ਜੋਸ਼ ਅਨਰਸਟ ਨੇ ਆਖਿਆ ਕਿ ਗੁੰਮਸ਼ੁਦਾ ਜਾਂ ਚੋਰੀ ਹੋਏ ਪਾਸਪੋਰਟ ਦੀ ਮਦਦ ਰਾਹੀਂ ਅਮਰੀਕਾ ਵਿਚ ਪ੍ਰਵੇਸ਼ ਕਰਨ ਵਾਲੇ ਦਹਿਸ਼ਤਗਰਦਾਂ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਬਣਾਉਣ ਲਈ ਇਹ ਕਦਮ ਚੁੱਕਿਆ ਹੈ।

## ਭਾਰਤ ਵੰਡ ਬਾਰੇ ਅਜਾਇਬ ਘਰ ਦੇ ਪ੍ਰਾਜੈਕਟ ਉਤੇ ਯੂ.ਕੇ. ਵਿਚ ਵਿਚਾਰਾਂ

**ਲੰਡਨ:** ਅੰਮ੍ਰਿਤਸਰ ਵਿਚ ਭਾਰਤ ਦੀ ਵੰਡ ਦੇ ਇਤਿਹਾਸ ਨੂੰ ਸਮਰਪਿਤ ਅਜਾਇਬ ਘਰ ਸਥਾਪਤ ਕਰਨ ਲਈ ਇਕ ਮਿਲੀਅਨ ਪੌਂਡ ਦੇ ਪ੍ਰੋਜੈਕਟ ਬਾਰੇ ਯੂ.ਕੇ. ਵਿਚ ਵਿਚਾਰ-ਮੰਥਨ ਸ਼ੁਰੂ ਹੋ ਗਿਆ ਹੈ। ਇਸ ਹਫਤੇ ਹਾਊਸ ਆਫ ਲਾਰਡਜ਼ ਦੇ ਕੰਪਲੈਕਸ ਵਿਚ ਕਈ ਇਤਿਹਾਸਕਾਰਾਂ, ਲੇਖਕਾਂ ਤੇ ਸੰਸਥਾਵਾਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਅੰਮ੍ਰਿਤਸਰ ਵਿਚ ਭਾਰਤ ਵੰਡ ਸਬੰਧੀ ਅਜਾਇਬ ਘਰ ਦੇ ਪ੍ਰੋਜੈਕਟ ਦੀ ਮਿਆਦ ਤੇ ਗੁੰਜਾਇਸ਼ ਤਲਾਸ਼ੀ ਗਈ, ਇਸ ਪ੍ਰੋਜੈਕਟ ਨੂੰ ਬੀਤੇ ਅਗਸਤ ਮਹੀਨੇ ਵਿਚ ਭਾਰਤ ਵਿਚ ਲਾਂਚ ਕੀਤਾ ਗਿਆ ਸੀ।

ਪ੍ਰੋਜੈਕਟ ਦੀ ਸ਼ੁਰੂਆਤ ਕਰਨ ਵਾਲੇ ਕਲਾ ਤੇ ਸਭਿਆਚਾਰਕ ਵਿਰਾਸਤ ਟਰੱਸਟ ਦੀ ਟਰੱਸਟੀ ਤੇ ਮੁਖੀ ਕਿਸ਼ਵਾਰ ਦੇਸਾਈ ਨੇ ਕਿਹਾ ਕਿ ਉਹ ਭਾਰਤ ਤੇ ਯੂ.ਕੇ. ਵਿਚ ਸੰਸਥਾਵਾਂ ਨਾਲ ਮਿਲ ਕੇ ਕੰਮ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਅਸੀਂ ਲੋਕਾਂ ਲਈ ਅਜਾਇਬ ਘਰ ਬਣਾ ਰਹੇ ਹਾਂ, ਇਸ ਲਈ ਸਰਕਾਰੀ ਤੇ ਨਿੱਜੀ ਦਸਤਾਵੇਜ਼ਾਂ ਦੀ ਬਜਾਏ ਮੌਖਿਕ ਇਤਿਹਾਸ 'ਤੇ ਜ਼ਿਆਦਾ ਧਿਆਨ ਦਿੱਤਾ ਜਾਵੇਗਾ। ਇਸ ਲਈ ਸਾਨੂੰ ਵੰਡ ਦੇ ਸਮੇਂ ਦੌਰਾਨ ਸੁਰੱਖਿਅਤ ਬਚੇ ਲੋਕਾਂ ਤੋਂ ਜਾਣਕਾਰੀ ਦੀ ਜ਼ਰੂਰਤ ਹੈ। ਇਸ ਮਾਮਲੇ 'ਤੇ ਟਰੱਸਟ ਪੰਜਾਬ ਸਰਕਾਰ ਨਾਲ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਨੇੜੇ ਇਕ ਪੁਰਾਣੀ ਅੰਗਰੇਜ਼ਾਂ ਦੇ ਸਮੇਂ ਦੀ (ਉਪਨਿਵੇਸ਼ੀ) ਇਮਾਰਤ ਬਾਰੇ ਗੱਲਬਾਤ ਚੱਲ ਰਹੀ ਹੈ, ਜਿਥੇ ਇਸ ਅਜਾਇਬ ਘਰ ਨੂੰ ਸਥਾਪਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਅਜਾਇਬ ਘਰ ਲਈ ਇਕ ਮਿਲੀਅਨ ਪਾਊਂਡ ਰਾਸ਼ੀ ਇਕੱਠੀ ਕਰਨ ਦੀ ਲੋੜ ਹੈ। ਅਜਾਇਬ ਘਰ ਨੂੰ 2017 ਦੇ ਸ਼ੁਰੂਆਤੀ ਅੱਧ ਵਿਚ ਸ਼ੁਰੂ ਕਰਨ ਦੀ ਸੰਭਾਵਨਾ ਹੈ।

# ਲੋਕਪਾਲ ਅਤੇ ਕੇਜਰੀਵਾਲ ਸਰਕਾਰ

ਕਾਰਲ ਮਾਰਕਸ ਨੇ ਕਿਹਾ ਸੀ- 'ਇਤਿਹਾਸ ਆਪਣੇ-ਆਪ ਨੂੰ ਦੁਹਰਾਉਂਦਾ ਹੈ। ਪਹਿਲਾਂ ਤ੍ਰਾਸਦੀ ਦੇ ਰੂਪ ਵਿਚ ਅਤੇ ਫਿਰ ਮਜ਼ਾਕ ਵਾਂਗ।' ਭ੍ਰਿਸ਼ਟਾਚਾਰ ਵਿਰੋਧੀ ਜਨ ਲੋਕਪਾਲ ਅੰਦੋਲਨ ਬਾਰੇ ਇਹੀ ਕਥਨ ਸਹੀ ਸਿੱਧ ਹੋ ਰਿਹਾ ਹੈ। ਚਾਰ ਸਾਲ ਪਹਿਲਾਂ ਦੇਸ਼ ਵਿਚ ਇਕ ਬੇਮਿਸਾਲ ਅੰਦੋਲਨ ਹੋਇਆ ਸੀ। ਦੇਸ਼ ਵਿਚ ਨਵੀਂ ਉਮੀਦ ਪੈਦਾ ਹੋਈ। ਅੱਜ ਰਾਮ ਲੀਲ੍ਹਾ ਮੈਦਾਨ ਵਿਚ ਖੁੱਲ੍ਹੇ ਆਕਾਸ਼ ਹੇਠਾਂ ਪੈਦਾ ਹੋਈ ਇਸ ਉਮੀਦ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਤ੍ਰਾਸਦੀ ਇਹ ਹੈ ਕਿ ਜੋ ਲੋਕ 4 ਸਾਲ ਪਹਿਲਾਂ ਇਸ ਜਣੇਪੇ ਵਿਚ ਦਾਈ ਦੀ ਭੂਮਿਕਾ 'ਚ ਸਨ, ਅੱਜ ਉਹੀ ਉਸ ਦਾ ਗਲਾ ਘੁੱਟਣ ਵਿਚ ਸ਼ਾਮਿਲ ਹਨ। ਵਿਅੰਗ ਇਹ ਹੈ ਕਿ ਇਸ ਨੂੰ ਜਨਮ ਦਿਨ ਵਾਂਗ ਮਨਾਇਆ ਜਾ ਰਿਹਾ ਹੈ, ਜਸ਼ਨ ਜਾਰੀ ਹੈ। ਜੋ ਪਾਰਟੀ ਲੋਕਪਾਲ ਦੇ ਸਵਾਲ 'ਤੇ ਬਣੀ, ਜਿਸ ਨੇ ਇਸ ਨਾਅਰੇ 'ਤੇ ਚੋਣਾਂ ਜਿੱਤੀਆਂ, ਉਹ ਪਾਰਟੀ ਅੱਜ ਇਸ ਸਵਾਲ 'ਤੇ ਕੁਰਸੀ ਦੀ ਭਾਸ਼ਾ ਬੋਲ ਰਹੀ ਹੈ। ਪਿਛਲੇ ਸਾਲ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੀ ਤਾਂ ਇਸ ਨੇ ਲੋਕਪਾਲ ਕਾਨੂੰਨ ਦੇ ਮੁੱਦੇ 'ਤੇ ਅਸਤੀਫ਼ਾ ਦਿੱਤਾ ਸੀ। ਸਭ



**ਯੋਗੇਂਦਰ ਯਾਦਵ**

ਨੇ ਸੋਚਿਆ ਕਿ ਇਸ ਵਾਰ ਸਰਕਾਰ ਬਣਦਿਆਂ ਹੀ ਉਸੇ ਲੋਕਪਾਲ ਕਾਨੂੰਨ ਨੂੰ ਪਾਸ ਕੀਤਾ ਜਾਵੇਗਾ ਪਰ 9 ਮਹੀਨਿਆਂ ਤੱਕ ਦਿੱਲੀ ਸਰਕਾਰ ਨੇ ਇਸ ਦੀ ਸੁੱਧ ਨਹੀਂ ਲਈ। ਫਿਰ ਬਿੱਲ ਪੇਸ਼ ਕਰਨ ਵੇਲੇ ਝੂਠਾ ਪ੍ਰਚਾਰ ਕੀਤਾ ਗਿਆ ਕਿ ਇਹ ਬਿੱਲ ਹੂ-ਬ-ਹੂ ਉਹੀ ਹੈ ਜੋ ਰਾਮ ਲੀਲ੍ਹਾ ਮੈਦਾਨ ਵਿਚ ਬਣਾਇਆ ਗਿਆ ਸੀ ਅਤੇ ਜਿਸ ਨੂੰ ਪਿਛਲੇ ਸਾਲ ਪੇਸ਼ ਕੀਤਾ ਗਿਆ ਸੀ। ਜਦੋਂ ਭੇਤ ਖੁੱਲ੍ਹਿਆ ਤਾਂ ਪਤਾ ਲੱਗਾ ਕਿ ਸਾਰੇ ਦੇਸ਼ ਨੂੰ ਜਨ ਲੋਕਪਾਲ ਦੀ ਪੱਟੀ ਪੜ੍ਹਾਉਣ ਵਾਲੇ ਖ਼ੁਦ ਰਾਮ ਲੀਲ੍ਹਾ ਮੈਦਾਨ ਵਿਚ ਬਣਾਏ ਗਏ ਕਾਨੂੰਨ ਨੂੰ ਭੁੱਲ ਗਏ ਹਨ, ਉਹ ਖ਼ੁਦ ਆਪਣੇ ਹੀ ਬਣਾਏ ਪਿਛਲੇ ਕਾਨੂੰਨ ਨੂੰ ਵੀ ਭੁੱਲ ਗਏ ਹਨ। ਜੇ ਤੁਸੀਂ ਅੰਨਾ ਅੰਦੋਲਨ ਦੇ ਜਨ ਲੋਕਪਾਲ ਬਿੱਲ, ਮਨਮੋਹਨ ਸਿੰਘ ਸਰਕਾਰ ਦੇ ਕਾਂਗਰਸੀ ਬਿੱਲ, ਆਮ ਆਦਮੀ ਪਾਰਟੀ ਦੀ 41 ਦਿਨਾਂ ਦੀ ਸਰਕਾਰ ਦੇ ਬਿੱਲ ਅਤੇ ਇਸ ਵਾਰ ਦੇ ਬਿੱਲ ਦੀ ਤੁਲਨਾ ਕਰੋ ਤਾਂ ਸਾਫ਼ ਹੋ ਜਾਵੇਗਾ ਕਿ ਅੰਦੋਲਨ ਦੀ ਹਰ ਮੁੱਖ ਮੰਗ ਨੂੰ ਨਕਾਰ ਦਿੱਤਾ ਗਿਆ ਹੈ। ਰਾਮ ਲੀਲ੍ਹਾ ਮੈਦਾਨ ਦੇ ਬਿੱਲ ਦੀ ਤਾਂ ਗੱਲ ਹੀ ਛੱਡੋ, ਇਹ ਬਿੱਲ ਤਾਂ ਕਾਂਗਰਸ ਦੇ ਲੋਕਪਾਲ ਤੋਂ ਵੀ ਕਮਜ਼ੋਰ ਹੈ।

ਰਾਮ ਲੀਲ੍ਹਾ ਮੈਦਾਨ 'ਚ ਹੋਏ ਜਨ ਲੋਕਪਾਲ ਅੰਦੋਲਨ ਦੀ ਮੰਗ ਸੀ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸੱਚਾ ਅਤੇ ਤਾਕਤਵਰ ਚੌਕੀਦਾਰ ਹੋਵੇ। ਆਪਣਾ ਕੰਮ ਸਹੀ ਢੰਗ ਨਾਲ ਕਰ ਸਕਣ ਲਈ ਉਹ ਸਰਕਾਰ ਅਤੇ ਨੇਤਾਵਾਂ ਦੇ ਦਬਾਅ ਤੋਂ ਮੁਕਤ ਹੋਵੇ, ਉਸ ਦੇ ਹੱਥਾਂ 'ਚ ਜਾਂਚ ਕਰਨ ਦੇ ਸਾਰੇ ਔਜ਼ਾਰ ਹੋਣ ਅਤੇ ਉਪਰੋਂ ਹੇਠਾਂ ਤੱਕ ਸਾਰੇ ਨੇਤਾਵਾਂ ਅਤੇ ਅਫਸਰਾਂ ਦੀ ਜਾਂਚ ਕਰਨ ਦੀ ਤਾਕਤ ਹੋਵੇ। ਬਾਕੀ ਪਾਰਟੀਆਂ ਦੇ ਦੋਗਲੇ ਰੁਖ ਤੋਂ ਲੋਕਾਂ ਦਾ ਖਹਿੜਾ ਛੁਡਾਉਣ ਲਈ ਹੀ ਆਮ ਆਦਮੀ ਪਾਰਟੀ ਬਣੀ ਸੀ। ਜਨ ਲੋਕਪਾਲ ਦੇ ਨਾਅਰੇ 'ਤੇ ਜਨਤਾ ਨੇ ਆਮ ਆਦਮੀ ਪਾਰਟੀ ਨੂੰ ਫ਼ਤਵਾ ਦਿੱਤਾ, ਪਰ ਹੁਣ ਇਸ ਦੀ ਸਰਕਾਰ ਨੇ ਵੀ ਉਹੀ ਕੰਮ ਕਰ ਦਿੱਤਾ ਹੈ। ਜਦੋਂ ਕੇਜਰੀਵਾਲ ਰਾਮ ਲੀਲ੍ਹਾ ਮੈਦਾਨ ਤੋਂ ਬੋਲਦੇ ਸਨ ਤਾਂ ਉਹ ਮੰਗ ਕਰਦੇ ਸਨ ਕਿ ਲੋਕਪਾਲ ਦੀ ਨਿਯੁਕਤੀ ਕਰਨ ਵਾਲੀ ਕਮੇਟੀ ਵਿਚ ਸਰਕਾਰ ਅਤੇ ਨੇਤਾਵਾਂ ਦਾ ਬਹੁਮਤ ਨਹੀਂ ਹੋਣਾ ਚਾਹੀਦਾ। ਅੰਨਾ ਅੰਦੋਲਨ ਦੇ ਬਿੱਲ ਵਿਚ ਇਹ ਮਤਾ ਸੀ ਕਿ ਜਨ ਲੋਕਪਾਲ ਦੀ ਨਿਯੁਕਤੀ ਖੁੱਲ੍ਹੇ ਅਤੇ ਪਾਰਦਰਸ਼ੀ ਤਰੀਕੇ ਨਾਲ ਹੋਵੇਗੀ। ਚੋਣ 9 ਮੈਂਬਰਾਂ ਦੀ ਕਮੇਟੀ ਕਰੇਗੀ ਜਿਸ ਵਿਚ 2 ਰਾਜਨੇਤਾ ਹੋਣਗੇ, ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦਾ ਆਗੂ। ਜਦੋਂ ਕਾਂਗਰਸ ਸਰਕਾਰ ਨੇ ਆਪਣੇ ਬਿੱਲ ਵਿਚ ਇਹ ਪ੍ਰਸਤਾਵ ਰੱਖਿਆ ਕਿ 5 ਲੋਕਾਂ ਦੀ ਚੋਣ ਕਮੇਟੀ ਹੋਵੇਗੀ ਜਿਸ ਵਿਚ ਸਪੀਕਰ ਸਮੇਤ 3 ਰਾਜਨੇਤਾ ਹੋਣਗੇ ਤਾਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅਜਿਹਾ ਲੋਕਪਾਲ ਤਾਂ ਕਿਸੇ ਚੂਹੇ ਨੂੰ ਵੀ ਨਹੀਂ ਫੜ ਸਕਦਾ। ਹੁਣ ਦਿੱਲੀ ਸਰਕਾਰ ਨੇ ਤੈਅ ਕੀਤਾ ਹੈ ਕਿ ਸਿਰਫ 4 ਲੋਕ ਮਿਲ ਕੇ ਲੋਕਪਾਲ ਨੂੰ ਨਿਯੁਕਤ ਕਰਨਗੇ। ਇਹ ਹਨ ਮੁੱਖ ਮੰਤਰੀ, ਉਨ੍ਹਾਂ ਦਾ ਹੀ ਵਫ਼ਾਦਾਰ ਸਪੀਕਰ, ਵਿਰੋਧੀ ਧਿਰ ਦਾ ਆਗੂ ਅਤੇ ਹਾਈ ਕੋਰਟ ਦਾ ਚੀਫ ਜਸਟਿਸ; ਭਾਵ ਕੋਈ ਲੋਕਪਾਲ ਅਜਿਹਾ ਬਣ ਹੀ ਨਹੀਂ ਸਕਦਾ ਜੋ ਸੱਤਾਧਾਰੀ ਪਾਰਟੀ ਨੂੰ ਮਨਜ਼ੂਰ ਨਾ ਹੋਵੇ। ਅਜਿਹਾ ਲੋਕਪਾਲ ਸੁਤੰਤਰ ਕਿਵੇਂ ਹੋਵੇਗਾ? ਅੰਨਾ ਅੰਦੋਲਨ ਦੌਰਾਨ ਦੂਜੀ ਵੱਡੀ ਮੰਗ ਇਹ ਸੀ ਕਿ ਲੋਕਪਾਲ ਨੂੰ



ਹਟਾਉਣ ਦਾ ਹੱਕ ਨੇਤਾਵਾਂ ਕੋਲ ਨਹੀਂ, ਨਿਆਂਪਾਲਿਕਾ ਕੋਲ ਹੋਵੇ। ਜਨ ਲੋਕਪਾਲ ਬਿੱਲ ਵਿਚ ਇਹ ਵਿਵਸਥਾ ਸੀ ਕਿ ਲੋਕਪਾਲ ਦੇ ਖਿਲਾਫ਼ ਕਿਸੇ ਵੀ ਸ਼ਿਕਾਇਤ ਦੀ ਜਾਂਚ ਸੁਪਰੀਮ ਕੋਰਟ ਕਰੇਗਾ। ਇਸ ਗੱਲ ਨੂੰ ਤਾਂ ਕਾਂਗਰਸ ਸਰਕਾਰ ਦਾ 'ਜੋਕਪਾਲ' ਬਿੱਲ ਵੀ ਮੰਨ ਗਿਆ ਸੀ। ਪਿਛਲੇ ਸਾਲ ਦੇ ਆਮ ਆਦਮੀ ਪਾਰਟੀ ਦੇ ਬਿੱਲ ਵਿਚ ਹਾਈ ਕੋਰਟ ਵੱਲੋਂ ਜਾਂਚ ਦੀ ਗੱਲ ਕਹੀ ਗਈ ਸੀ। ਇਸ ਵਾਰ ਜਿਸ ਨੂੰ ਜਨ ਲੋਕਪਾਲ ਬਿੱਲ ਦੱਸਿਆ ਜਾ ਰਿਹਾ ਹੈ, ਉਸ ਨੇ ਤਾਂ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੋਵਾਂ ਨੂੰ ਹੀ ਕਿਨਾਰੇ ਕਰ ਦਿੱਤਾ ਹੈ ਅਤੇ ਸਿੱਧਾ ਲੋਕਪਾਲ ਨੂੰ ਹਟਾਉਣ ਦੀ ਤਾਕਤ ਵਿਧਾਨ ਸਭਾ ਦੇ ਦੋ-ਤਿਹਾਈ ਬਹੁਮਤ ਨੂੰ ਦੇ ਦਿੱਤੀ ਹੈ। ਅਜਿਹੀ ਸਥਿਤੀ ਵਿਚ ਲੋਕਪਾਲ ਬਿਨਾਂ ਡਰ ਦੇ ਕਿਵੇਂ ਕੰਮ ਕਰੇਗਾ? ਤੀਜੀ ਵੱਡੀ ਮੰਗ ਇਹ ਸੀ ਕਿ ਜਨ ਲੋਕਪਾਲ ਦੇ ਆਦੇਸ਼ ਨੂੰ ਮੰਨਣ ਵਾਲੀ ਜਾਂਚ ਏਜੰਸੀ ਹੋਵੇ, ਜਿਸ ਤੋਂ ਲੋਕਪਾਲ ਸੁਤੰਤਰ ਜਾਂਚ ਕਰਵਾ ਸਕੇ, ਪਰ ਹੁਣ ਨਵਾਂ ਬਿੱਲ ਇਸ ਤੋਂ ਵੀ ਮੁਕਰ ਗਿਆ ਹੈ। ਦਿੱਲੀ ਸਰਕਾਰ ਜੋ ਅਫਸਰ ਮੁਹੱਈਆ ਕਰਾਏਗੀ, ਲੋਕਪਾਲ ਨੂੰ ਉਸੇ ਨਾਲ ਕੰਮ ਚਲਾਉਣਾ ਪਵੇਗਾ। ਉਹ ਆਪਣੀ ਜ਼ਿੰਮੇਵਾਰੀ ਕਿਵੇਂ ਨਿਭਾਏਗਾ? ਖ਼ੁਦ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਸਾਲ ਜੋ ਬਿੱਲ ਬਣਾਇਆ ਸੀ, ਉਸ ਵਿਚ ਸਾਫ਼ ਲਿਖਿਆ ਸੀ ਕਿ ਇਸ ਦੇ ਤਹਿਤ ਦਿੱਲੀ ਸਰਕਾਰ ਦੇ ਸਾਰੇ ਕਰਮਚਾਰੀਆਂ, ਅਫਸਰਾਂ ਅਤੇ ਵਿਧਾਇਕਾਂ ਦੀ ਜਾਂਚ ਕੀਤੀ ਜਾਏਗੀ ਪਰ ਮੌਜੂਦਾ ਬਿੱਲ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ। ਇਸ ਦੇ ਬਦਲੇ ਇਕ ਵਚਿੱਤਰ ਨਿਯਮ ਬਣਾਇਆ ਗਿਆ ਹੈ ਕਿ ਲੋਕਪਾਲ ਦਿੱਲੀ ਦੀਆਂ ਹੱਦਾਂ ਦੇ ਅੰਦਰ ਹੋਣ ਵਾਲੇ ਹਰ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਕਰੇਗਾ, ਭਾਵ ਜੇ ਦਿੱਲੀ ਦਾ ਕੋਈ ਅਫਸਰ ਜਾਂ ਨੇਤਾ ਨੋਇਡਾ ਜਾਂ ਗੁੜਗਾਓਂ ਵਿਚ ਰਿਸ਼ਵਤ ਲੈਂਦਾ ਹੈ ਤਾਂ ਲੋਕਪਾਲ ਉਸ ਭ੍ਰਿਸ਼ਟਾਚਾਰ ਦੀ ਜਾਂਚ ਨਹੀਂ ਕਰ ਸਕਦਾ, ਪਰ ਕੇਂਦਰ ਸਰਕਾਰ ਦੇ ਅਫਸਰਾਂ ਅਤੇ ਮੰਤਰੀਆਂ ਦੀ ਜਾਂਚ ਦਿੱਲੀ ਦਾ ਲੋਕਪਾਲ ਕਰੇਗਾ। ਚਲਾਕੀ ਸਾਫ਼ ਸੀ। ਵਿਚਾਰ ਇਹ ਸੀ ਕਿ ਕੇਂਦਰ ਸਰਕਾਰ ਇਸ ਨੂੰ ਮੰਨ ਲਵੇ ਤਾਂ ਕੇਜਰੀਵਾਲ ਦਿੱਲੀ ਦੇ ਲੋਕਪਾਲ ਕੋਲ ਕੇਂਦਰ ਸਰਕਾਰ ਦੇ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਚ ਫਸਾਉਣਗੇ ਅਤੇ ਜੇ ਇਸ ਨੂੰ ਨਾ ਮੰਨਿਆ ਗਿਆ ਅਤੇ ਉਪ ਰਾਜਪਾਲ ਨੇ ਇਸ ਕਾਨੂੰਨ 'ਤੇ ਦਸਤਖ਼ਤ ਨਾ ਕੀਤੇ ਤਾਂ ਕੇਜਰੀਵਾਲ ਇਸ ਨੂੰ ਆਪਣੇ ਖ਼ਿਲਾਫ਼ ਸਾਜ਼ਿਸ਼ ਦੱਸ ਕੇ ਹਮਦਰਦੀ ਲੁੱਟਣਗੇ। ਇਹ ਕਹਿਣਗੇ ਕਿ ਮੈਂ ਤਾਂ ਲੋਕਪਾਲ ਬਣਾਉਣਾ ਚਾਹੁੰਦਾ ਸੀ ਪਰ ਭਾਜਪਾ ਨੇ ਨਹੀਂ ਬਣਾਉਣ ਦਿੱਤਾ। ਸਵਾਲ ਇਹ ਨਹੀਂ ਹੈ ਕਿ ਦਿੱਲੀ ਦਾ ਲੋਕਪਾਲ ਰਾਮ ਲੀਲ੍ਹਾ ਮੈਦਾਨ ਵਾਲਾ ਜਨ ਲੋਕਪਾਲ ਨਹੀਂ ਹੈ। ਸਵਾਲ ਇਹ ਹੈ ਕਿ ਪੂਰੇ ਦੇਸ਼ ਨੂੰ ਟੁੰਬਣ ਵਾਲਾ ਅੰਦੋਲਨ ਇੰਨੀ ਛੇਤੀ ਆਪਣੇ ਸਭ ਤੋਂ ਵੱਡੇ ਮੁੱਦੇ ਤੋਂ ਪਲਟ ਕਿਉਂ ਗਿਆ? ਕੀ ਇੰਨਾ ਵੱਡਾ ਬਹੁਮਤ ਆਉਣ 'ਤੇ ਨੀਅਤ ਬਦਲ ਗਈ? ਜਾਂ ਹੰਕਾਰ ਆ ਗਿਆ? ਕਿਸੇ ਦੀ ਆਤਮਾ ਵਿਚ ਝਾਕਣਾ ਤਾਂ ਸੰਭਵ ਨਹੀਂ ਹੈ, ਪਰ ਇੰਨਾ ਤਾਂ ਪੱਕਾ ਹੈ ਕਿ ਕੁਰਸੀ 'ਤੇ ਬੈਠੇ ਬਾਕੀ ਨੇਤਾਵਾਂ ਵਾਂਗ ਕੇਜਰੀਵਾਲ ਵੀ ਨਹੀਂ ਚਾਹੁੰਦੇ ਕਿ ਕੋਈ ਲੋਕਪਾਲ ਹੋਵੇ, ਜੋ ਉਨ੍ਹਾਂ ਦੇ ਅੰਗੂਠੇ ਹੇਠਾਂ ਨਾ ਦੱਬਿਆ ਹੋਵੇ।

ਸ਼ਾਇਦ ਇਹ ਵੀ ਡਰ ਲੱਗਿਆ ਹੋਵੇ ਕਿ ਵਿਧਾਇਕ ਜਿਸ ਤਰ੍ਹਾਂ ਦੀਆਂ ਹਰਕਤਾਂ ਕਰ ਰਹੇ ਹਨ, ਉਨ੍ਹਾਂ ਨੂੰ ਫੜਨ ਵਾਲਾ ਨਾ ਆ ਜਾਵੇ। ਕੁਝ ਨਾ ਕੁਝ ਤਾਂ ਲੁਕਾਇਆ ਜਾ ਰਿਹਾ ਹੈ, ਪਰ ਅਸਲੀ ਖ਼ਤਰਾ ਇਹ ਨਹੀਂ ਹੈ। ਹੋ ਸਕਦਾ ਹੈ ਕਿ ਆਉਂਦੇ ਦਿਨਾਂ ਵਿਚ ਆਮ ਆਦਮੀ ਪਾਰਟੀ ਕੁਝ 'ਡੈਮੇਜ ਕੰਟਰੋਲ' ਕਰੇ। ਅਚਾਨਕ ਅੰਨਾ ਦੇ ਸੁਝਾਵਾਂ ਨੂੰ ਯਾਦ ਕਰ ਲਵੇ ਅਤੇ ਇਨ੍ਹਾਂ 'ਚੋਂ ਕੁਝ ਵਿਵਸਥਾਵਾਂ ਨੂੰ ਵਾਪਸ ਲੈ ਲਵੇ।

ਅਸਲੀ ਖ਼ਤਰਾ ਇਹ ਹੈ ਕਿ ਸਾਰੇ ਸਮਝਦਾਰ ਲੋਕ ਇਹ ਮੰਨ ਬੈਠੇ ਹਨ ਕਿ ਰਾਮ ਲੀਲ੍ਹਾ ਮੈਦਾਨ ਵਿਚ ਕੇਜਰੀਵਾਲ ਨੂੰ ਸਰਕਾਰ ਚਲਾਉਣ ਦੀਆਂ ਦਿੱਕਤਾਂ ਠੀਕ ਤਰ੍ਹਾਂ ਨਹੀਂ ਪਤਾ ਸਨ ਜੋ ਹੁਣ ਸਮਝ ਵਿਚ ਆ ਗਈਆਂ ਹਨ। ਸਾਰੇ ਮੰਨ ਲੈਣਗੇ ਕਿ ਸੱਤਾ ਦਾ ਚਿਹਰਾ ਬਦਲ ਸਕਦਾ ਹੈ, ਉਸ ਦਾ ਕਿਰਦਾਰ ਨਹੀਂ ਬਦਲ ਸਕਦਾ। ਬਿੱਲ ਪਾਸ ਹੋਵੇ ਨਾ ਹੋਵੇ, ਬਦਲਵੀਂ ਰਾਜਨੀਤੀ ਦੇਣ ਦਾ ਸੰਕਲਪ ਫੇਲ੍ਹ ਹੋ ਜਾਵੇਗਾ। ਦੇਸ਼ ਅਤੇ ਦੁਨੀਆ ਨੂੰ ਬਦਲਣ ਦੀ ਗੱਲ ਇਕ ਮਜ਼ਾਕ ਬਣ ਜਾਵੇਗੀ। ਜਨ ਲੋਕਪਾਲ ਤੋਂ ਜੋਕਪਾਲ ਦੀ ਯਾਤਰਾ ਉਸੇ ਦਿਸ਼ਾ ਵਿਚ ਚੱਲ ਰਹੀ ਹੈ। ਤ੍ਰਾਸਦੀ ਤਾਂ ਹੋ ਗਈ ਹੈ, ਹੁਣ ਮਜ਼ਾਕ ਦਾ ਇੰਤਜ਼ਾਰ ਕਰੋ।

# ਦਿੱਲੀ ਤੋਂ ਚੇਨਈ ਤੱਕ ਆਫਤ ਰੋਕੂ ਪ੍ਰਬੰਧ ਫੇਲ੍ਹ

ਪ੍ਰਦੂਸ਼ਣ ਕਾਰਨ ਦਿੱਲੀ ਵਿਚ ਲੋਕਾਂ ਦਾ ਸਾਹ ਘੁਟ ਰਿਹਾ ਹੈ ਅਤੇ ਚੇਨਈ ਭਾਰੀ ਮੀਂਹ-ਹੜ੍ਹ ਕਾਰਨ ਡੁੱਬਿਆ ਪਿਆ ਹੈ। ਇਹ ਦੋਵੇਂ ਇਸ ਗੱਲ ਦਾ ਸਬੂਤ ਹਨ ਕਿ ਭਾਰਤੀ ਸਿਆਸੀ ਪ੍ਰਣਾਲੀ ਕਿੰਨੀ ਉਦਾਸੀਨ, ਸੁਆਰਥੀ ਹੈ ਅਤੇ ਪ੍ਰਸ਼ਾਸਨ ਕਿੰਨਾ ਦਿਸ਼ਾਹੀਣ ਹੈ। ਇਸ ਦੀ ਵਜ੍ਹਾ ਇਹ ਵੀ ਹੈ ਕਿ ਭਾਰਤੀ ਰਾਜਨੇਤਾ ਆਮ ਆਦਮੀ ਨੂੰ ਸਿਰਫ 'ਗਿਣਤੀ' ਮੰਨਦੇ ਹਨ ਜਿਸ ਦਾ ਉਹ ਆਪਣੀ ਮਨਮਰਜ਼ੀ ਮੁਤਾਬਿਕ ਇਸਤੇਮਾਲ ਕਰਦੇ ਹਨ ਪਰ ਇਨ੍ਹਾਂ ਦੋਹਾਂ ਮੁੱਦਿਆਂ 'ਤੇ ਸਾਰੇ ਸਰਕਾਰ ਨੂੰ ਹੀ ਦੋਸ਼ੀ ਠਹਿਰਾ ਰਹੇ ਹਨ। ਅੱਜ ਹਾਲਤ ਇਹ ਹੈ ਕਿ ਜਦੋਂ ਕਦੇ ਵੀ ਮੀਂਹ ਪੈਂਦਾ ਹੈ ਤਾਂ ਇਹ ਅਜਿਹੀ ਆਫਤ ਲੈ ਕੇ ਆਉਂਦਾ ਹੈ ਤੇ ਬਹੁਤ ਸਾਰੇ ਲੋਕਾਂ ਦੀਆਂ ਜਾਨਾਂ ਵੀ ਜਾਂਦੀਆਂ ਹਨ।

ਚੇਨਈ ਵਿਚ ਹਰ ਪਾਸੇ ਪਾਣੀ ਹੈ। ਲੱਖਾਂ ਲੋਕ ਪਾਣੀ ਵਿਚ ਡੁੱਬੇ ਹੋਏ ਹਨ ਪਰ ਉਨ੍ਹਾਂ ਨੂੰ

**ਪੂਨਮ ਆਈ ਕੌਸ਼ਿਸ਼**

ਪੀਣ ਲਈ ਪਾਣੀ ਨਹੀਂ ਮਿਲ ਰਿਹਾ, ਖਾਣ ਲਈ ਖਾਣਾ ਨਹੀਂ ਮਿਲ ਰਿਹਾ। ਬਿਜਲੀ ਸਪਲਾਈ ਵੀ ਠੱਪ ਹੈ ਅਤੇ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸਕੂਲ-ਕਾਲਜ ਬੰਦ ਹਨ, ਹਵਾਈ ਤੇ ਰੇਲ ਸੇਵਾਵਾਂ ਠੱਪ ਹਨ।

ਚੇਨਈ ਦੇ ਲੋਕ ਜ਼ਿੰਦਗੀ ਨਾਲ ਮੁਸ਼ਕਿਲ ਸੰਘਰਸ਼ ਕਰ ਰਹੇ ਹਨ, ਜਿਥੇ ਕਿਸ਼ਤੀਆਂ, ਭੋਜਨ ਅਤੇ ਬਿਮਾਰਾਂ ਲਈ ਦਵਾਈਆਂ ਦੀ ਘਾਟ ਹੈ। ਰਾਹਤ ਸਮੱਗਰੀ 'ਤੇ ਸੂਬੇ ਦੀ ਮੁੱਖ ਮੰਤਰੀ ਜੈਲਲਿਤਾ ਦੇ ਸਟਿੱਕਰ ਲੱਗਣ ਕਰ ਕੇ ਲੋਕਾਂ 'ਚ ਗੁੱਸਾ ਹੈ ਤੇ ਉਨ੍ਹਾਂ ਦੇ ਕੱਟੜ ਵਿਰੋਧੀ ਡੀ.ਐਮ.ਕੇ. ਦੇ ਮੁਖੀ ਕਰੁਣਾਨਿਧੀ ਨੇ ਵੀ ਇਸ ਦੀ ਆਲੋਚਨਾ ਕੀਤੀ ਹੈ।

ਇਸ ਸਭ ਦੇ ਬਾਵਜੂਦ ਰਾਹਤ ਤੇ ਬਚਾਅ ਦਾ ਸਿਹਰਾ ਆਰਮੀ, ਹਵਾਈ ਫੌਜ ਤੇ ਸਮੁੰਦਰੀ ਫੌਜ ਅਤੇ ਦੇਸ਼ ਦੇ ਲੋਕਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਟਵਿਟਰ, ਫੇਸਬੁੱਕ ਅਤੇ ਹੋਰ ਵੱਖ-ਵੱਖ ਸੋਸ਼ਲ ਮੀਡੀਆ ਸਾਧਨਾਂ ਦੀ ਵਰਤੋਂ ਕਰ ਕੇ ਆਫਤ ਵਿਚ ਘਿਰੇ ਲੋਕਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਰਾਹਤ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ।

ਦਿੱਲੀ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੂਬੇ ਦੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਨਵਾਂ ਉਪਾਅ ਲੱਭਿਆ ਹੈ ਕਿ ਦਿੱਲੀ ਵਿਚ ਜਿਸਤ ਅਤੇ ਟਾਂਕ ਨੰਬਰਾਂ ਵਾਲੀਆਂ ਗੱਡੀਆਂ ਵੱਖ-ਵੱਖ ਦਿਨ ਚੱਲਣਗੀਆਂ। ਲੱਗਦਾ ਹੈ ਕਿ ਉਨ੍ਹਾਂ ਦਾ ਉਦੇਸ਼ ਸਿਰਫ ਸਿਆਸੀ ਚੜ੍ਹਤ ਹਾਸਿਲ ਕਰਨਾ ਹੈ, ਹਾਲਾਂਕਿ ਉਨ੍ਹਾਂ ਦੇ ਇਸ ਕਦਮ ਨਾਲ ਫਾਇਦੇ ਦੀ ਬਜਾਏ ਨੁਕਸਾਨ ਜ਼ਿਆਦਾ ਹੋਣ ਲੱਗਾ ਹੈ। ਉਨ੍ਹਾਂ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਉਹ ਇਸ ਨੂੰ ਕਿਵੇਂ ਲਾਗੂ ਕਰਨਗੇ ਕਿਉਂਕਿ ਦਿੱਲੀ ਪੁਲਿਸ ਤਾਂ ਕੇਂਦਰ ਦੇ ਅਧੀਨ ਹੈ। ਦੂਜਾ, ਦਿੱਲੀ ਵਿਚ ਲੱਖਾਂ ਮੁਸਾਫਿਰਾਂ ਦੀਆਂ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਜਨਤਕ ਆਵਾਜਾਈ ਪ੍ਰਣਾਲੀ ਕਾਫੀ ਨਹੀਂ ਹੈ ਤੇ ਤੀਜਾ 5 ਹਜ਼ਾਰ ਬੱਸਾਂ ਹੋਰ ਖਰੀਦ ਕੇ ਉਹ ਦਿੱਲੀ ਵਿਚ ਪ੍ਰਦੂਸ਼ਣ ਦੇ ਪੱਧਰ ਨੂੰ ਘੱਟ ਕਿਵੇਂ ਕਰਨਗੇ? ਚੌਥਾ, ਉਹ ਦਿੱਲੀ ਵਿਚ ਘੱਟੋ-ਘੱਟ 6 ਕਾਰਾਂ ਦੇ ਕਾਫਿਲੇ ਵਿਚ ਚੱਲਣ ਵਾਲੇ ਵੀ.ਵੀ.ਆਈ. ਪੀਜ਼ 'ਤੇ ਰੋਕ ਕਿਵੇਂ ਲਗਾਉਣਗੇ?

ਸਵਾਲ ਹੈ ਕਿ ਕੀ ਇਹ ਲੋਕ ਸੱਚਮੁਚ ਆਮ ਆਦਮੀ ਦੀ ਪਰਵਾਹ ਕਰਦੇ ਹਨ? ਨੇਤਾ ਹੜ੍ਹ ਵਰਗੀਆਂ ਆਫਤਾਂ ਨੂੰ ਸਿਰਫ ਸੰਕਟ ਵੇਲੇ ਤਰਜੀਹ ਦਿੰਦੇ ਹਨ। ਵੱਖ-ਵੱਖ ਸੂਬਿਆਂ ਵਿਚ ਹਰ ਸਾਲ ਆਉਣ ਵਾਲੇ ਹੜ੍ਹ ਨਾਲ ਨਜਿੱਠਣ ਦੇ ਚਿਰਸਥਾਈ ਉਪਾਅ ਕਿਉਂ ਨਹੀਂ ਕੀਤੇ ਗਏ, ਜਿਨ੍ਹਾਂ ਕਾਰਨ ਬਹੁਤ ਸਾਰੇ ਲੋਕ ਬੇਵਕਤੀ ਮੌਤ ਮਰਦੇ ਹਨ, ਲੱਖਾਂ ਬੇਘਰ ਹੁੰਦੇ ਹਨ ਅਤੇ ਕਰੋੜਾਂ ਰੁਪਏ ਦੀ ਜਾਇਦਾਦ ਤਬਾਹ ਹੁੰਦੀ ਹੈ। ਇਸ ਦੇ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ ਤੇ ਕਿਸ ਨੂੰ ਸਜ਼ਾ ਦਿੱਤੀ ਜਾਵੇ? ਅਜਿਹੀਆਂ ਆਫਤਾਂ 'ਤੇ ਪਹਿਲਾਂ ਵੀ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਅਤੇ ਅਗਾਂਹ ਵੀ ਲਿਖਿਆ ਜਾਂਦਾ ਰਹੇਗਾ ਪਰ ਇਸ ਨਾਲ ਸਰਕਾਰਾਂ ਨੂੰ ਕੋਈ ਵੀ ਫਰਕ ਨਹੀਂ ਪੈਂਦਾ। ਚੇਨਈ 'ਚ ਆਇਆ ਹੜ੍ਹ ਕੋਈ ਕੁਦਰਤੀ ਆਫਤ ਨਹੀਂ, ਸਗੋਂ ਪੂਰੀ ਤਰ੍ਹਾਂ ਮਨੁੱਖ ਵਲੋਂ ਪੈਦਾ ਕੀਤੀ ਸਮੱਸਿਆ ਹੈ। ਸਮੱਸਿਆ ਇਹ ਹੈ ਕਿ ਚੇਨਈ 'ਚ ਕਈ ਝੀਲਾਂ ਅਤੇ ਦਲਦਲੀ ਇਲਾਕੇ ਸਨ, ਜਿਥੇ ਹੁਣ ਕਈ ਇਮਾਰਤਾਂ, ਨਾਜਾਇਜ਼ ਉਸਾਰੀਆਂ ਅਤੇ ਕਾਰਖਾਨੇ ਬਣ ਰਹੇ ਹਨ। ਗੈਰ-ਯੋਜਨਾਬੱਧ ਵਿਕਾਸ ਕਾਰਨ ਨਦੀਆਂ ਦੇ ਕਿਨਾਰਿਆਂ 'ਤੇ ਕਬਜ਼ੇ ਕੀਤੇ ਜਾ ਚੁੱਕੇ ਹਨ, ਇਸ ਲਈ ਹੜ੍ਹ ਦੇ ਪਾਣੀ ਦੀ ਨਿਕਾਸੀ ਲਈ ਕਾਫੀ ਜਗ੍ਹਾ ਨਹੀਂ ਬਚੀ ਤੇ ਪਾਣੀ ਸੜਕਾਂ 'ਤੇ ਇਕੱਠਾ ਹੋ ਜਾਂਦਾ ਹੈ। ਇਹ ਸਥਿਤੀ ਸਿਰਫ ਚੇਨਈ ਦੀ ਹੀ ਨਹੀਂ, ਸਗੋਂ ਹਰ ਵੱਡੇ ਮਹਾਨਗਰ ਦੀ ਹੈ।

ਵਿਕਾਸ ਕਾਰਨ ਹਰਿਆਲੇ ਖੇਤਰ, ਜੰਗਲ ਸਭ ਖ਼ਤਮ ਹੋ ਰਹੇ ਹਨ। ਕੁਦਰਤੀ ਹੜ੍ਹ ਰੋਕੂ ਪ੍ਰਣਾਲੀ ਵੀ ਲੋਪ ਹੋ ਗਈ ਹੈ ਤੇ ਮਨੁੱਖ ਵਲੋਂ ਬਣਾਈ ਜਲ-ਨਿਕਾਸੀ ਪ੍ਰਣਾਲੀ ਇਸ ਦੀ ਥਾਂ ਲੈ ਨਹੀਂ ਸਕਦੀ। ਇਸ ਬਾਰੇ ਸਰਕਾਰ ਦਾ ਨਜ਼ਰੀਆ ਅਪਰਾਧਿਕ ਉਦਾਸੀਨਤਾ ਵਾਲਾ ਹੈ। ਸਰਕਾਰਾਂ ਸਿਰਫ ਉਦੋਂ ਪ੍ਰਤੀਕਿਰਿਆ ਜ਼ਾਹਿਰ ਕਰਦੀਆਂ ਹਨ, ਜਦੋਂ ਲੋਕ ਆਪਣੀਆਂ ਜਾਨਾਂ ਗੁਆ ਬੈਠਦੇ ਹਨ ਜਾਂ ਆਫਤ ਵਿਚ ਘਿਰ ਜਾਂਦੇ ਹਨ। ਸਰਕਾਰਾਂ ਬੁਨਿਆਦੀ ਸੁਝਾਵਾਂ ਅਤੇ ਚਿਰਸਥਾਈ ਉਪਾਵਾਂ ਨੂੰ ਲਾਗੂ ਕਿਉਂ ਨਹੀਂ ਕਰਦੀਆਂ?


ਭਾਰਤ ਦਾ ਲੱਗਭਗ 76 ਫੀਸਦੀ ਤੱਟੀ ਇਲਾਕਾ ਹੜ੍ਹ ਅਤੇ ਤੂਫਾਨ ਦੇ ਘੇਰੇ ਵਿਚ ਹੈ। ਦੇਸ਼ ਵਿਚ 59 ਫੀਸਦੀ ਇਲਾਕਾ ਭੂਚਾਲ ਦੇ ਘੇਰੇ ਵਿਚ ਆਉਂਦਾ ਹੈ ਅਤੇ 68 ਫੀਸਦੀ ਸੋਕੇ ਦੀ ਲਪੇਟ ਵਿਚ ਹੁੰਦਾ ਹੈ। ਰਾਜਨੇਤਾ ਅਜਿਹਾ ਕਿਉਂ ਸਮਝਦੇ ਹਨ ਕਿ ਸੈਂਕੜੇ ਕਰੋੜ ਰੁਪਏ ਮਨਜ਼ੂਰ ਕਰਨ ਨਾਲ ਹੀ ਸਮੱਸਿਆ ਹੱਲ ਹੋ ਜਾਵੇਗੀ? ਉਹ ਇਹ ਨਹੀਂ ਸਮਝਦੇ ਕਿ ਕੇਂਦਰ ਵਲੋਂ ਦਿੱਤੀ ਗਈ ਰਕਮ ਦੀ ਵਰਤੋਂ ਸੂਬਾ ਸਰਕਾਰਾਂ ਵਲੋਂ ਆਫਤ ਪ੍ਰਬੰਧਾਂ ਦੀ ਬਜਾਏ ਹੋਰ ਕੰਮਾਂ ਲਈ ਕੀਤੀ ਜਾਂਦੀ ਹੈ ਤੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਨਾ ਤਾਂ ਕੇਂਦਰੀ ਆਫਤ ਪ੍ਰਬੰਧ ਅਥਾਰਿਟੀ ਅਤੇ ਨਾ ਹੀ ਸਟੇਟ ਆਫਤ ਪ੍ਰਬੰਧ ਬੋਰਡ ਕਿਸੇ ਯੋਜਨਾ ਨੂੰ ਸਮੁੱਚੇ ਤੌਰ 'ਤੇ ਲਾਗੂ ਕਰਦੇ ਹਨ।

ਅਸਲ ਵਿਚ ਕਿਸੇ ਵੀ ਸਮੱਸਿਆ ਦਾ ਥੋੜ੍ਹਚਿਰਾ ਹੱਲ ਸੁਝਾਇਆ ਜਾਂਦਾ ਹੈ। ਅਸੀਂ ਆਫਤ ਪ੍ਰਬੰਧ ਦੀਆਂ ਬੁਨਿਆਦੀ ਗੱਲਾਂ ਨਹੀਂ ਸਿੱਖਣਾ ਚਾਹੁੰਦੇ, ਨਾ ਹੀ ਇਸ ਦੇ ਲਈ ਕੋਈ ਚਿਰਸਥਾਈ ਉਪਾਅ ਕਰਨਾ ਚਾਹੁੰਦੇ ਹਾਂ। ਤਿਆਰੀ, ਆਫਤ ਦੇ ਪ੍ਰਭਾਵ ਨੂੰ ਘੱਟ ਕਰਨਾ, ਮੁੜ ਵਸੇਬਾ ਆਦਿ ਵਰਗੇ ਸ਼ਬਦ ਸਾਡੇ ਨੇਤਾਵਾਂ ਦੀ ਡਿਕਸ਼ਨਰੀ ਵਿਚ ਨਹੀਂ ਹਨ। ਤਿਆਰੀ 'ਚ ਆਫਤ ਦੀ ਸੰਭਾਵਨਾ ਵਾਲੇ ਇਲਾਕਿਆਂ ਦੀ ਪਛਾਣ ਕਰਨਾ, ਉਨ੍ਹਾਂ ਵੱਲ ਧਿਆਨ ਦੇਣਾ, ਲੋਕਾਂ ਨੂੰ ਇਹ ਦੱਸਣਾ ਕਿ ਹੜ੍ਹ ਸਮੇਂ ਕੀ ਕਰਨ, ਪ੍ਰਭਾਵਸ਼ਾਲੀ ਸੰਚਾਰਤੰਤਰ ਦੀ ਸਥਾਪਨਾ ਕਰਨਾ ਅਤੇ ਸਮੇਂ-ਸਮੇਂ 'ਤੇ ਸੁਰੱਖਿਆ ਅਭਿਆਸ ਕਰਨਾ ਸ਼ਾਮਿਲ ਹੈ। ਸੁਰੱਖਿਅਤ ਟਿਕਾਣਿਆਂ ਦੀ ਉਸਾਰੀ ਕਰਨਾ ਵੀ ਜ਼ਰੂਰੀ ਹੈ ਤਾਂ ਕਿ ਆਫਤ ਦਾ ਪ੍ਰਭਾਵ ਘੱਟ ਹੋ ਸਕੇ। ਸੁਰੱਖਿਅਤ ਇਮਾਰਤਾਂ ਦੀ ਉਸਾਰੀ ਲਈ ਲੋਕਾਂ ਨੂੰ ਸਿਖਲਾਈ ਦੇਣਾ ਵੀ ਜ਼ਰੂਰੀ ਹੈ। ਆਫਤ ਤੋਂ ਬਾਅਦ ਲੋਕਾਂ ਨੂੰ ਸੁਰੱਖਿਅਤ ਥਾਂ 'ਤੇ ਲਿਜਾਣਾ ਤੇ ਉਨ੍ਹਾਂ ਨੂੰ ਅਜਿਹੇ ਸਾਧਨ ਮੁਹੱਈਆ ਕਰਵਾਉਣਾ ਜ਼ਰੂਰੀ ਹੁੰਦਾ ਹੈ ਤਾਂ ਕਿ ਉਹ ਪਹਿਲਾਂ ਵਾਂਗ ਹੀ ਆਪਣਾ ਜੀਵਨ ਚਲਾ ਸਕਣ।

ਮਾਹਿਰਾਂ ਦਾ ਮੰਨਣਾ ਹੈ ਕਿ ਧਰਤੀ ਦੇ ਤਾਪਮਾਨ ਵਿਚ ਵਾਧੇ ਕਾਰਨ ਮੌਸਮ ਦਾ ਮਿਜ਼ਾਜ ਬਦਲਦਾ ਰਹੇਗਾ ਅਤੇ ਇਸ ਦਾ ਭਾਵ ਇਹ ਹੈ ਕਿ ਭਾਰਤ ਨੂੰ ਆਫਤਾਂ ਦਾ ਪ੍ਰਭਾਵ ਘੱਟ ਕਰਨ ਲਈ ਆਪਣੀ ਯੋਜਨਾ ਤੇ ਤਿਆਰੀ 'ਚ ਸੁਧਾਰ ਕਰਨਾ ਪਵੇਗਾ। ਅਜੇ ਤਕ ਸ਼ਹਿਰੀ ਯੋਜਨਾ 'ਚ ਤੱਟੀ ਸ਼ਹਿਰਾਂ ਦੀਆਂ ਪਾਣੀ ਸੰਬੰਧੀ ਸਮੱਸਿਆਵਾਂ ਨੂੰ ਧਿਆਨ ਵਿਚ ਨਹੀਂ ਰੱਖਿਆ ਗਿਆ ਹੈ। ਇਸ ਸੰਬੰਧ 'ਚ ਕੀ ਕਦਮ ਚੁੱਕੇ ਜਾਣੇ ਚਾਹੀਦੇ ਹਨ? ਸਰਕਾਰ ਦੀ ਯੋਜਨਾ 100 ਸਮਾਰਟ ਸਿਟੀ ਬਣਾਉਣ ਦੀ ਹੈ ਪਰ ਚੇਨਈ 'ਚ ਆਏ ਹੜ੍ਹ ਤੋਂ ਸਪੱਸ਼ਟ ਹੈ ਕਿ ਅਜਿਹੇ ਆਫਤ ਦੇ ਘੇਰੇ ਵਿਚ ਰਹਿਣ ਵਾਲੇ ਮਹਾਨਗਰਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ।

ਇਸ ਸੰਬੰਧ 'ਚ ਥੋੜ੍ਹਚਿਰੇ ਉਪਾਵਾਂ ਨਾਲ ਕੰਮ ਨਹੀਂ ਚੱਲੇਗਾ, ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਚੌਗਿਰਦੇ ਦੀ ਸੁਰੱਖਿਆ, ਢਾਂਚਿਆਂ ਦੇ ਨਿਰਮਾਣ ਬਾਰੇ ਮੁੜ ਵਿਚਾਰ ਕਰੀਏ ਅਤੇ ਇਸ ਸੰਬੰਧ ਵਿਚ ਸਥਾਨਕ ਅਸਲੀਅਤਾਂ ਵੱਲ ਸੁਧਾਰ ਦੇਈਏ, ਨੀਤੀ ਖੋਜ ਅਤੇ ਸੇਵਾਵਾਂ ਨੂੰ ਆਮ ਆਦਮੀ ਨਾਲ ਜੋੜੀਏ ਤੇ ਆਮ ਆਦਮੀ ਨੂੰ ਹੀ ਵਿਕਾਸ ਕੇਂਦਰ ਬਣਾਈਏ। ਇਸ ਦੇ ਲਈ ਸਰਕਾਰ ਨੂੰ ਕੌਮੀ ਤਰਜੀਹਾਂ ਵੱਲ ਧਿਆਨ ਦੇਣਾ ਪਵੇਗਾ। ਇਸ ਦੇ ਲਈ ਸਥਾਨਕ ਤਰਜੀਹਾਂ ਨੂੰ ਵੀ ਧਿਆਨ 'ਚ ਰੱਖਣਾ ਪਵੇਗਾ ਅਤੇ ਨਾਲ ਹੀ ਮਾਹਿਰਾਂ, ਚੌਗਿਰਦਾ ਵਿਗਿਆਨੀਆਂ ਦੀ ਸਹਾਇਤਾ ਲੈਣੀ ਪਵੇਗੀ। ਦੇਸ਼ ਦੀ ਵਧਦੀ ਆਬਾਦੀ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਜੇਕਰ ਰੁੱਖ, ਪੌਦੇ ਤੇ ਖੁੱਲ੍ਹਾ ਇਲਾਕਾ ਹੋਵੇ ਤਾਂ ਮੀਂਹ ਦੇ ਪਾਣੀ ਨੂੰ ਧਰਤੀ ਸੋਖ ਲੈਂਦੀ ਹੈ ਪਰ ਜੇ ਅਸੀਂ ਕੰਕਰੀਟ ਦੇ ਜੰਗਲ ਉਸਾਰਦੇ ਜਾਵਾਂਗੇ ਤਾਂ ਫਿਰ ਚੇਨਈ ਵਰਗੇ ਹੜ੍ਹ ਤੋਂ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿਉਂਕਿ ਕੰਕਰੀਟ ਦੇ ਜੰਗਲ ਉਸਾਰਨ ਦੀ ਕੀਮਤ ਤਾਂ ਚੁਕਾਉਣੀ ਹੀ ਪਵੇਗੀ।

# ਪੰਜਾਬੀ ਗਾਇਕੀ ਦੀ ਰੰਗਲੀ ਚਰਖੀ ਦੇ ਕੁਝ ਤੰਦ




ਐਸ. ਅਸ਼ੋਕ ਭੌਰਾ
ਫੋਨ: 510-415-3315

ਪੰਜਾਬੀ ਗਾਇਕੀ ਦੀਆਂ ਆਹ ਕੁਝ ਗੱਲਾਂ, ਜੋ ਮੈਂ ਕਰਨ ਲੱਗਾ ਹਾਂ, ਸਮੇਂ ਦੇ ਲਿਹਾਜ਼ ਨਾਲ ਭਾਵੇਂ ਇਨ੍ਹਾਂ ਨੂੰ ਕਿੰਨੇ ਵੀ ਨਵੇਂ ਅਰਥ ਕਿਉਂ ਨਾ ਦਿੱਤੇ ਜਾਣ ਪਰ ਇਹ 'ਕਿੱਕਲੀ ਕਲੀਰ ਦੀ' ਜਾਦੂ ਵਾਂਗ ਮੇਰੇ ਹੱਥਾਂ ਨਾਲ ਵੀ ਜੁੜੀ ਹੋਈ ਹੈ।

ਬਾਲੀਵੁੱਡ ਸੰਗੀਤ ਦੇ ਪ੍ਰੇਮੀਆਂ ਲਈ ਸੁਖਵਿੰਦਰ ਕੋਈ ਨਵਾਂ ਨਾਂ ਨਹੀਂ। ਆਮ ਲੋਕਾਂ ਨੂੰ ਇਹ ਮੁੰਡਾ ਉਦੋਂ ਯਾਦ ਆਇਆ ਜਦੋਂ ਉਹਨੇ ਗਾਇਆ ਸੀ 'ਯੇਹ ਈਲੂ ਈਲੂ ਕਿਆ ਹੈ-ਆਈ ਲਵ ਯੂ'। ਪਰ ਮੈਂ ਇਸ ਨੂੰ ਉਦੋਂ ਤੋਂ ਜਾਣਦਾ ਹਾਂ, ਜਦੋਂ ਉਹ ਅੰਮ੍ਰਿਤਸਰ ਸੰਘਰਸ਼ ਦੇ ਦੌਰ ਵਿਚੋਂ ਲੰਘ ਰਿਹਾ ਸੀ। ਫਿਰ ਮੈਂ ਉਹਨੂੰ ਉਦੋਂ ਵੀ ਜਾਣਿਆ ਜਦੋਂ ਚਰਨਜੀਤ ਅਹੂਜਾ ਨੇ ਮਿਊਜ਼ਿਕ ਬੈਂਕ ਕੰਪਨੀ ਜ਼ਰੀਏ ਉਹਨੂੰ ਰਿਕਾਰਡ ਕੀਤਾ ਸੀ। 'ਕੁੜੀ ਲੱਭੇ ਮੁੰਡਾ, ਮੁੰਡਾ ਕੁੜੀ ਨੂੰ ਭਾਲਦਾ, ਹੋਇਆ ਕੀ ਜੇ ਕੁੜੀ ਏਂ ਤੂੰ ਲੁੱਦੇਹਾਣੇ ਦੀ ਨੀ ਮੁੰਡਾ ਸਾਊਥਾਲ ਦਾ' ਜਾਂ ਫਿਰ ਉਦੋਂ ਜਦੋਂ ਜਲੰਧਰ ਦੂਰਦਰਸ਼ਨ ਨੇ ਨਵੇਂ ਵਰ੍ਹੇ ਦੇ ਪ੍ਰੋਗਰਾਮ 'ਲਾਰਾ ਲੱਪਾ' 'ਚ ਸੁਖਵਿੰਦਰ ਤੋਂ ਟਾਈਟਲ ਗੀਤ 'ਲਾਰਾ ਲੱਪਾ-ਲਾਰਾ ਲੱਪਾ ਲਾਈ ਰੱਖਦੀ' ਗਵਾਇਆ ਸੀ।

ਜਲੰਧਰ ਦੇ ਫੁੱਟਬਾਲ ਚੌਕ 'ਚ ਮਜ਼ਾਰ ਦੇ ਸਾਹਮਣੇ ਹਰਜੀਤ ਸਿੰਘ ਦਾ ਘਰ। ਇਥੇ ਗਾਇਕਾਂ, ਸਾਹਿਤਕਾਰਾਂ ਅਤੇ ਮੇਰੇ ਵਰਗਿਆਂ ਨੂੰ ਚਾਹ ਦਾ ਕੱਪ ਬੜੇ ਚਾਅ ਨਾਲ ਪਿਆਇਆ ਜਾਂਦਾ,


ਸਾਡੇ ਕਲਾਕਾਰ


ਸੁਖਵਿੰਦਰ

-ਐਸ. ਅਸ਼ੋਕ ਭੌਰਾ

ਸੁਖਵਿੰਦਰ ਬਾਬਤ 27 ਸਾਲ ਪਹਿਲਾਂ 'ਅਜੀਤ' ਵਿਚ ਛਪਿਆ ਐਸ ਅਸ਼ੋਕ ਭੌਰਾ ਦਾ ਲੇਖ

ਪਰ ਬਹੁਤੀ ਮੁਹੱਬਤ ਦੇ ਫੁੱਲ ਤਾਂ ਕਿਰਦੇ ਸਨ ਕਿਉਂਕਿ ਹਰਜੀਤ ਜਲੰਧਰ ਦੂਰਦਰਸ਼ਨ ਲਈ ਬਹੁਤ ਸਮਾਂ ਰੀੜ੍ਹ ਦੀ ਹੱਡੀ ਹੀ ਰਿਹਾ। ਹਰਜੀਤ ਦੀ ਪਤਨੀ ਡਾ. ਤੇਜਿੰਦਰ ਕੌਰ ਨੇ ਨਿਮਰਤਾ ਤੇ ਸਾਦਗੀ ਦਿਖਾਈ ਇਹ ਦੱਸ ਕੇ ਕਿ ਵੱਧ ਪੜ੍ਹੇ ਲਿਖੇ ਹੋਣ ਦਾ ਅਰਥ ਝੁਕਣਾ ਹੀ ਹੁੰਦਾ ਹੈ। ਹਰਜੀਤ ਨੇ ਇਸੇ ਘਰ ਵਿਚ ਮੈਨੂੰ ਇਕ ਵਾਰ ਬੁਲਾਇਆ ਤਾਂ ਵਰਾਂਡੇ 'ਚ ਇਕ ਸੁਨੱਖਾ ਮੁੰਡਾ ਕੁਰਸੀ 'ਤੇ ਬੈਠਾ ਸੀ। ਹਰਜੀਤ ਨੇ ਕਿਹਾ, 'ਅਸ਼ੋਕ ਇਹ ਮੁੰਡਾ ਅੰਮ੍ਰਿਤਸਰ ਤੋਂ ਹੈ ਸੁਖਵਿੰਦਰ, ਗਾਉਂਦੈ ਕਮਾਲ! ਇਹਦੇ ਬਾਰੇ ਚਾਰ ਲਾਈਨਾਂ ਲਿਖ ਦੇ। ਜਿਹਦੇ ਬਾਰੇ ਤੂੰ ਲਿਖ ਦਿੰਨੈ, ਉਹਦੀ ਤਾਂ ਗੱਲ ਬਣ ਹੀ ਜਾਂਦੀ ਹੈ।' ਉਸ ਦਿਨ ਇਹ ਖਿਆਲ ਨਹੀਂ ਸੀ ਕਿ ਇਹ ਸੁਖਵਿੰਦਰ ਨਾ ਸਿਰਫ ਪੰਜਾਬੀ ਗਾਇਕੀ 'ਚ ਟੀਸੀ ਦਾ ਬੇਰ ਤੋੜੇਗਾ, ਸਗੋਂ ਬਾਲੀਵੁੱਡ ਵਿਚ ਵੀ। 'ਅਜੀਤ' ਵਿਚ ਇਸ ਮੁੰਡੇ ਦੀ ਪਹਿਲੀ ਐਂਟਰੀ ਮਨਮੋਹਨ ਵਾਰਿਸ ਵਾਂਗ ਮੇਰੇ ਹੀ ਹੱਥੀਂ ਹੋਈ। ਤੇਜਪਾਲ ਕੌਰ ਜਦੋਂ ਸੁਖਵਿੰਦਰ ਦੇ ਗਲ ਮੁੰਬਈ 'ਚ ਬੀਵੀ ਵਾਂਗ ਜਾ ਲੱਗੀ ਤੇ ਉਹ ਮੈਨੂੰ ਬੜੀ ਦੇਰ ਬਾਅਦ 'ਅਜੀਤ' ਦੇ ਦਫਤਰ ਵਿਚ ਮਿਲੀ, ਕਹਿਣ ਲੱਗੀ, "ਸੁਖਵਿੰਦਰ ਤੈਨੂੰ ਚੇਤੇ ਕਰਦਾ ਹੈ।" ਤੁਹਾਨੂੰ ਯਾਦ ਹੋਵੇਗਾ ਕਿ ਜਲੰਧਰ ਦੂਰਦਰਸ਼ਨ 'ਤੇ ਨਵੇਂ ਵਰ੍ਹੇ ਦੇ ਪ੍ਰੋਗਰਾਮ 'ਚ ਰੰਜਨਾਂ ਦੇ ਗਾਏ ਗੀਤ 'ਪੱਤਾ ਖਾਧਾ ਪਾਨ ਦਾ ਵਾਹ ਬਈ ਵਾਹ' ਤੇ ਅਦਾਵਾਂ ਦਿਖਾਉਣ ਵਾਲੀ ਤੇਜਪਾਲ ਦੀ ਜਦੋਂ ਮੌਤ ਹੋਈ ਤਾਂ ਮੈਂ ਸੁਖਵਿੰਦਰ ਨੂੰ ਵੀ ਭੁਲਾਉਣਾ ਮੁਨਾਸਿਬ ਹੀ ਸਮਝ ਲਿਆ ਸੀ। ਨਹੀਂ ਪਤਾ ਸੀ ਮੈਨੂੰ ਵੀ ਕਿ ਇਹ 'ਬਬਲੂ' ਨਾ ਨਾਲ ਪ੍ਰਸਿੱਧ ਹੋਇਆ ਗਵੱਈਆ ਤੇਜਪਾਲ ਨਾਲ ਜੁੜੇਗਾ ਤੇ ਟੁੱਟ ਜਾਵੇਗਾ। ਸੁਖਵਿੰਦਰ ਦੀ ਗੱਲ ਮੈਂ ਤਾਂ ਵੀ ਕੀਤੀ ਹੈ ਕਿ ਪੰਜਾਬੀ ਗਾਇਕੀ ਦਾ ਇਕ ਯੁੱਗ ਇਹ ਜਾਣਦਾ ਰਹੇਗਾ ਕਿ ਚਾਹੇ ਕੋਈ ਮੁੰਬਈ ਤੱਕ ਵੀ ਪੰਜਾਬ ਤੋਂ ਸਫਰ ਕਰਕੇ ਸੁਰਾਂ ਨੂੰ ਨਾਲ ਲੈ ਕੇ ਗਿਆ ਹੋਵੇ ਉਹਦਾ ਸਿੱਧਾ ਸਬੰਧ ਕਿਤੇ ਨਾ ਕਿਤੇ ਅਸ਼ੋਕ ਨਾਲ ਰਿਹਾ ਹੈ।


'ਰੋਮੀਓ ਬਣਾ ਕੇ ਮੁੰਡੇ ਰੱਖ'ਤੇ' ਤੇ ਜਾਂ ਕੁੜੀਆਂ ਦੀ ਬੂਟਾਂ ਨਾਲ ਤੁਲਨਾ ਕਰਨ ਵਾਲਾ ਜੈਜ਼ੀ ਬੀ ਕੋਈ ਸ਼ੱਕ ਨਹੀਂ ਕਿ ਨੌਜਵਾਨ ਵਰਗ ਵਿਚ ਹਰਮਨ ਪਿਆਰਾ ਰਿਹਾ ਹੈ ਪਰ ਪਿੰਡ ਮਾਣਕ ਢੇਰੀ ਦਾ ਇੰਦਰਜੀਤ ਬੈਂਸ, ਜੋ ਕਨੇਡਾ ਵਿਚ ਰਹਿੰਦਾ ਹੈ, 1993 ਵਿਚ ਇਸ ਗਾਇਕ ਨੂੰ ਹਿੱਟ ਬਣਾਉਣ ਲਈ ਮੇਰੇ ਕੋਲ ਕਈ ਦਿਨ ਚੱਕਰ ਮਾਰਦਾ ਰਿਹਾ ਕਿ ਸ਼ੌਂਕੀ ਮੇਲੇ ਵਿਚ ਜੈਜ਼ੀ ਨੂੰ ਗਾਉਣ ਦਾ ਸਮਾਂ ਦੇ ਦਿੱਤਾ ਜਾਵੇ। ਉਦੋਂ ਤੱਕ ਮੈਨੂੰ ਇਸ 'ਜੈਜ਼ੀ' ਨਾ ਬਾਰੇ ਕੋਈ ਜਾਣਕਾਰੀ ਨਹੀਂ ਸੀ। ਇੰਦਰਜੀਤ ਨੇ ਮੈਨੂੰ ਇਕ ਫੋਟੋ ਦਿਖਾਈ ਤਾਂ ਮੈਂ ਬੜੀ ਹੈਰਾਨੀ ਨਾਲ ਪੁੱਛਿਆ ਕਿ 'ਇਹ ਗਾਉਂਦੈ?' ਕਾਰਨ ਇਹ ਸੀ ਕਿ ਪਹਿਰਾਵਾ ਤੇ ਵਾਲਾਂ ਦੀ ਬਣਤਰ ਦਾ ਅਜੀਬੋ ਗਰੀਬ ਢੰਗ ਮੈਂ ਪਹਿਲੀ ਵਾਰ ਵੇਖਿਆ ਸੀ। ਮੈਂ ਪੁੱਛਿਆ 'ਇਹ ਸੌਦਾ ਲੇਟ ਕੇ ਹੀ ਆ?' ਉਹਦੇ ਕਈ ਗੇੜਿਆਂ ਪਿਛੋਂ ਮੈਂ ਹਾਂ ਕਰ ਦਿੱਤੀ। 1994 ਦੇ ਸਿਖਰਲੇ ਮੇਲੇ ਵਿਚ ਜੈਜ਼ੀ ਨੂੰ ਆਖਰ ਵਿਚ ਪੇਸ਼ ਕਰਨ ਲਈ ਆਸ਼ਾ ਸ਼ਰਮਾ ਨੇ ਜਦੋਂ ਕਿਹਾ ਕਿ ਇਸ ਮੁੰਡੇ ਦੇ ਪਹਿਰਾਵੇ, ਵਾਲਾਂ ਵੱਲ ਨਾ ਵੇਖੋ ਇਹਦਾ ਕੰਮ ਵੇਖਿਓ ਤੇ 'ਵਿਹੜੇ ਵਿਚ ਘੁੱਗੀਆਂ ਦਾ ਜੋੜਾ ਨੱਚਦਾ ਹੱਥਾਂ ਵਿਚ ਰੇਸ਼ਮੀ ਰੁਮਾਲ ਫੜ ਕੇ' ਜਦੋਂ ਇਹਨੇ ਗਾਇਆ ਤਾਂ ਯਕੀਨਨ ਤੁਰੇ ਜਾਂਦੇ ਲੋਕ ਵੀ ਮੇਲੇ


ਦਲਜੀਤ ਕੌਰ, ਐਸ ਅਸ਼ੋਕ ਭੌਰਾ ਤੇ ਮਨਜੀਤ ਰਾਹੀ

ਵੱਲ ਮੁੜੇ ਤੇ ਇਕ ਤਰ੍ਹਾਂ ਨਾਲ ਜੈਜ਼ੀ ਨੇ ਮੇਲੇ ਦੀ ਅਖੀਰ ਸਿਖਰ ਵਿਚ ਤਬਦੀਲ ਕਰ ਦਿੱਤੀ। ਅਗਲੇ ਦਿਨ ਅਸੀਂ ਮੰਦਾਲੀ ਵਾਲੇ ਸਾਈਂ ਭਜਨ ਸ਼ਾਹ ਕਾਦਰੀ ਦੇ ਪਿੰਡ ਇਕੱਠੇ ਹੋਏ। ਇੰਦਰਜੀਤ ਵੀ ਨਾਲ ਸੀ। ਮਕਾਨ ਦੀ ਛੱਤ 'ਤੇ ਖੜ੍ਹਿਆਂ ਮੈਂ ਸਾਈਂ ਨੂੰ ਕਿਹਾ, ਜੈਜ਼ੀ ਬੈਂਸ ਦੇ ਵਾਲਾਂ ਤੋਂ ਕੱਲ੍ਹ ਹੈਰਾਨ ਸਾਂ ਪਰ ਸ਼ੌਂਕੀ ਮੇਲੇ 'ਚ ਜਿਹੜੀ ਸਿਖਰ ਹੋਈ ਹੈ, ਉਹ ਇਸ ਮੁੰਡੇ ਦੀ ਵੱਡੀ ਪ੍ਰਾਪਤੀ ਬਣੀ ਰਹੇਗੀ। ਇਤਫਾਕ ਇਹ ਕਿ ਮੈਂ ਗਾਇਕਾਂ ਦੇ ਬਹੁਤ ਨੇੜੇ ਰਿਹਾ, ਪਰ ਜੈਜ਼ੀ ਨਾਲ ਨੇੜਤਾ ਨਹੀਂ ਬਣੀ, ਹਾਲਾਂਕਿ ਉਹ ਮੇਰੇ ਮਿੱਤਰ ਕੁਲਦੀਪ ਮਾਣਕ ਦਾ ਸ਼ਾਗਿਰਦ ਹੋਣ ਦਾ ਮਾਹੌਲ ਵੀ ਬਣਾਉਂਦਾ ਰਿਹਾ ਹੈ।

ਆਪਣੇ ਜੀਵਨ ਦੀਆਂ ਸੰਗੀਤਕ ਖੇਤਰ ਨਾਲ ਜੁੜੀਆਂ ਕੁਝ ਬਾਰੀਕ ਪਰ ਖਾਸ ਘਟਨਾਵਾਂ ਵੀ ਤੁਹਾਡੇ ਨਾਲ ਸਾਂਝੀਆਂ ਕਰ ਲੈਂਦਾ ਹਾਂ। ਜਸਬੀਰ ਜੱਸੀ ਉਰਫ ਜੱਸੀ ਗੁਰਦਾਸਪੁਰੀਆ, ਜਿਹਨੂੰ ਤੁਸੀਂ 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਨਾਲ ਜਾਣਦੇ ਹੋ, ਮੈਂ ਉਹਨੂੰ ਉਦੋਂ ਜਾਣਦਾ ਸਾਂ ਜਦੋਂ ਉਹ ਚਰਨਜੀਤ ਅਹੂਜਾ ਦੇ ਸੱਜੇ ਖੱਬੇ, ਕਦੇ 'ਸੋਨੋਟੋਨ ਸਟੂਡੀਓ', ਕਦੇ ਦਿੱਲੀ ਦੇ ਯਮੁਨਾ ਪਾਰ ਉਹਦੇ ਘਰ ਤੇ ਫਿਰ ਕਦੇ ਜਾਗ੍ਰਿਤੀ ਇਨਕਲੇਵ ਵਿਚ ਜੱਸੀ ਹਾਜ਼ਰ ਹੁੰਦਾ ਵੇਖਿਆ। 'ਚੰਨਾ ਵੇ ਤੇਰੀ ਚਾਨਣੀ ਜਾਹ ਅਸਾਂ ਨਹੀਓਂ ਮਾਨਣੀ' ਨਾਲ ਚਰਨਜੀਤ ਦੀਆਂ ਲੱਤਾਂ ਘੁੱਟਣ ਕਰਕੇ ਜੱਸੀ ਨੂੰ ਇਕ ਵਧੀਆ ਤੋਹਫਾ ਸ਼ੁਰੂ ਦੇ ਦਿਨਾਂ ਵਿਚ ਹੀ ਮਿਲ ਗਿਆ ਸੀ, ਪਰ ਇਹ ਉਮੀਦ ਨਹੀਂ ਸੀ ਕਿ ਇਹ 'ਕੁੜੀ ਗੁਜਰਾਤ ਦੀ' ਵਾਲੇ ਇਕੋ ਗੀਤ ਨਾਲ ਸਫਲਤਾ ਦੇ ਸਾਰੇ ਦਿਸਹੱਦੇ ਸਰ ਕਰ ਲਵੇਗਾ। ਮੈਂ ਮੰਨਦਾ ਹਾਂ ਕਿ ਮੈਂ ਜੱਸੀ ਨੂੰ ਦਿੱਤਾ ਘੱਟ ਹੈ। ਹਾਲਾਂਕਿ ਮੇਰੇ ਜਾਣਕਾਰਾਂ ਨੂੰ ਪਤਾ ਹੈ ਕਿ ਜਦੋਂ ਮੈਂ ਕੋਟ ਫਤੂਹੀ ਦੇ ਸਰਕਾਰੀ ਸਕੂਲ ਵਿਚ ਅਧਿਆਪਕ ਸੀ ਤਾਂ ਉਹ ਕਈ ਵਾਰ ਸਾਰਾ ਸਾਰਾ ਦਿਨ ਮੇਰੇ ਕੋਲ ਗੁਜ਼ਾਰ ਜਾਂਦਾ। ਕੰਧ 'ਤੇ ਬੈਠਾ ਰਹਿੰਦਾ ਤੇ ਮੈਂ ਜੱਸੀ ਨੂੰ ਕਲਾਵਾ ਇਸ ਕਰਕੇ ਵੀ ਘੁੱਟ ਕੇ ਭਰਦਾ ਕਿ ਜਿਸ ਦਿਨ ਗਾਇਕਾਂ ਨੇ ਮੈਨੂੰ ਮਾਰੂਤੀ ਕਾਰ ਸਨਮਾਨ ਵਿਚ ਦੇਣੀ ਸੀ, ਇਹੋ ਗਾਇਕ ਸੀ ਜੋ ਜਲੰਧਰੋਂ ਬੰਗਾ ਤੇ ਉਥੋਂ ਨੌਰੇ ਤੱਕ ਟੈਂਪੂ 'ਤੇ ਆਇਆ, ਅਤੇ ਅਗੇ ਦੋ ਮੁੰਡੇ ਸਾਈਕਲ 'ਤੇ ਜੱਸੀ ਨੂੰ ਭੌਰੇ ਲੈ ਕੇ ਆਏ। ਸਮਾਗਮ ਦੀ ਪਹਿਲੀ ਕਤਾਰ ਵਿਚ ਜੱਸੋਵਾਲ ਨਾਲ ਇਸ ਕਰਕੇ ਵੀ ਬੈਠਾ ਰਿਹਾ ਕਿ ਅੱਜ ਮੇਰੀ ਪਛਾਣ ਹੋਰ ਬਣੇਗੀ ਕਿਉਂਕਿ ਉਥੇ ਪਰਮਿੰਦਰ ਸੰਧੂ, ਹਰਭਜਨ ਮਾਨ, ਗੁਰਸੇਵਕ ਮਾਨ, ਸਰਦੂਲ ਸਕੰਦਰ ਹਾਜ਼ਰ ਸਨ। ਮੈਂ ਇਸ ਮੁੰਡੇ ਦੀ ਨਿਮਰਤਾ ਨੂੰ ਸਦਾ ਦਾਦ ਦਿੰਦਾ ਰਹਾਂਗਾ ਕਿ ਉਹਨੇ ਦੋ ਗੀਤ 'ਚੰਨਾ ਵੇ ਤੇਰੀ ਚਾਨਣੀ' ਅਤੇ ਅਮਰ ਸਿੰਘ ਸ਼ੌਂਕੀ ਦਾ 'ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ' ਸ਼ੌਂਕੀ ਮੇਲਾ ਮੇਰੇ ਨਾਂ ਤਸਦੀਕ ਕਰਨ ਦੇ ਨਾਲ ਨਾਲ ਕਿਹਾ ਕਿ ਗਾਇਕਾਂ ਨੇ ਮਾਰੂਤੀ ਕਾਰ ਦੇ ਕੇ ਅਸ਼ੋਕ ਭੌਰੇ ਤੇ ਅਹਿਸਾਨ ਨਹੀਂ ਕੀਤਾ, ਪਿਆਰ ਦਾ ਮੁੱਲ ਮੋੜਿਆ ਹੈ। ਦਰਜਨਾਂ ਮੁਲਾਕਾਤਾਂ ਜੱਸੀ ਨਾਲ ਜੁੜੀਆਂ ਰਹੀਆਂ ਪਰ ਇਕ ਥਾਂ ਉਹ ਸਹੀ ਸੀ ਮੈਂ ਗਲਤ। ਦੌਰਾ ਵਿਦੇਸ਼ੀ ਸੀ। 'ਕੋਕੇ ਵਾਲੀ ਸਰਬਜੀਤ' ਨਾਲ ਸੀ ਪਰ ਬਲਿਹਾਰੇ ਇਸ ਗਾਇਕ ਦੇ ਕਿ ਮੇਰੇ ਨਾਲ ਨਾ ਕਿਤੇ ਤਿੜਕਿਆ ਨਾ ਥਿੜਕਿਆ, ਨਾ ਕਦੇ ਉਲਾਂਭਾ ਦਿੱਤਾ ਤੇ ਹੁਣ ਤੱਕ ਅਸੀਂ ਗੱਲਵੱਕੜੀ ਹੋਣ 'ਚ ਉਤਾਵਲੇ ਹੀ ਰਹੇ ਹਾਂ।

ਕਹੀ ਤਾਂ ਸਾਰੇ ਜਾਣੇ ਆ ਕਿ ਦੁਨੀਆਂ ਵਿਚ ਸੁਰਾਂ ਸੰਗੀਤ ਦੀਆਂ ਸੱਤ ਹੀ ਨੇ, ਤੇ ਜੇ ਕੋਈ ਸਰਬਸਾਂਝੀਵਾਲਤਾ ਵਾਲੀ ਸੰਗੀਤਕ ਸ਼ੈਅ ਹੈ ਤਾਂ ਉਹ ਸੰਸਾਰ ਦੇ ਲੋਕਾਂ ਲਈ ਇਹ ਸੁਰਾਂ ਹੀ ਹਨ। ਪਰ ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਸੁਰਾਂ ਦੇ ਸ਼ੈਦਾਈਆਂ ਨੂੰ ਸਮਾਜ ਨੇ ਜਾਤਾਂ-ਪਾਤਾਂ ਤੇ ਧਰਮਾਂ, ਮਜ਼ਹਬਾਂ ਦੇ ਵਰਗੀਕਰਨ ਵਿਚ ਨਾ ਬੰਨ੍ਹਿਆ ਹੋਵੇ। ਗੀਤ ਸਾਰਿਆਂ ਨੇ ਸੁਣਿਆ ਹੈ, ਚੰਗਾ ਵੀ ਸਾਰਿਆਂ ਨੂੰ ਲੱਗਾ ਹੈ, 'ਦੱਸ ਕੈਂਠੇ ਵਾਲਾ ਭਾਈ ਤੇਰਾ ਕੀ ਲੱਗਦਾ, ਜਿਨ੍ਹੇ ਕੁਲਫੀ ਖੁਆਈ ਤੇਰਾ ਕੀ ਲੱਗਦਾ'।


ਹਰਵਿੰਦਰ ਰਿਆੜ, ਐਸ ਅਸ਼ੋਕ ਭੌਰਾ ਤੇ ਜਗਦੇਵ ਸਿੰਘ ਜੱਸੋਵਾਲ ਮਾਹਲਪੁਰ ਦੇ ਸਰਕਾਰੀ ਰੈਸਟ ਹਾਊਸ ਵਿਚ 1991 ਦੀ ਮੀਟਿੰਗ ਵਿਚ

ਇਹ ਰੋਮਾਂਟਿਕ ਗੀਤ ਜਿਸ ਗਾਇਕ ਜੋੜੀ ਨੇ ਗਾਇਆ, ਉਹ ਮਨਜੀਤ ਰਾਹੀ ਤੇ ਦਲਜੀਤ ਕੌਰ ਸੀ ਜੋ ਬਾਅਦ ਵਿਚ ਪਤੀ ਪਤਨੀ ਬਣ ਗਏ ਅਤੇ ਉਨ੍ਹਾਂ ਦਾ ਇਕ ਪੁੱਤਰ ਮਨੀ ਮਨਬੀਰ ਵੀ ਹੈ। ਇਹ ਜੋੜੀ ਖੰਨੇ ਤੋਂ ਹੈ। ਖੰਨੇ ਤੋਂ ਹੀ ਸਰਦੂਲ ਸਿਕੰਦਰ ਹੈ। ਸਰਦੂਲ ਨੇ ਜਦੋਂ ਵੀ ਸਾਡੇ ਘਰ ਆਉਣਾ ਤਾਂ ਹੁੱਭ ਕੇ ਕਹਿਣਾ, "ਤੁਹਾਨੂੰ ਇਕ ਜੋੜੀ ਮਿਲਾਉਣੀ ਹੈ ਪਰ ਕੁੜੀ ਖੂਬਸੂਰਤ ਬਹੁਤ ਹੈ।" ਸਾਡੇ ਘਰ ਸਰਦੂਲ ਨੂਰੀ, ਕਮਲਜੀਤ ਨੀਲੋਂ, ਮਨਜੀਤ ਰਾਹੀ ਤੇ ਦਲਜੀਤ ਕੌਰ, ਬੂਟਾ ਮੁਹੰਮਦ ਅਕਸਰ ਇਕੱਠੇ ਹੋ ਜਾਂਦੇ ਤੇ ਮੀਰ ਆਲਮਾਂ ਤੇ ਗਾਇਕੀ ਦੇ ਜਿਹੜੇ ਪਕੌੜੇ ਤਲੇ ਜਾਂਦੇ, ਉਸ ਦਾ ਅਹਿਸਾਸ ਮੈਂ ਕਦੇ ਵੀ ਨਹੀਂ ਭੁਲਾਇਆ। ਦਲਜੀਤ ਕੌਰ ਰੱਜ ਕੇ ਸੁਨੱਖੀ, ਫਿਲਮਾਂ ਵਾਲੀ ਦਲਜੀਤ ਤੋਂ ਵੀ ਸੋਹਣੀ, ਕੁੜੀ ਜੱਟਾਂ ਦੀ ਤੇ ਵਿਚਾਰਾ ਮਨਜੀਤ ਰਾਹੀ ਅੱਖਾਂ ਪੱਖੋਂ ਵੀ ਥੋੜਾ ਜਿਹਾ ਹੀਣਾ, ਨਾਈਆਂ ਦਾ ਮੁੰਡਾ ਵਿਆਹ ਕਰਾਉਣ ਵਿਚ ਕਿਵੇਂ ਸਫਲ ਹੋ ਗਿਆ! ਇਹ ਰਾਜ਼ ਜਾਂ ਮੈਨੂੰ ਪਤੈ ਜਾਂ ਸਰਦੂਲ ਸਿਕੰਦਰ ਨੂੰ ਤੇ ਜਾਂ ਮਨਜੀਤ ਰਾਹੀ ਨੂੰ। ਖੰਨੇ ਦੇ ਲਲਹੇੜੀ ਰੋਡ 'ਤੇ ਫਾਟਕ ਦੇ ਨਾਲ ਨਿੱਕਾ ਜਿਹਾ ਇਕ ਕਮਰੇ ਵਾਲਾ ਕਿਰਾਏ ਦਾ ਘਰ, ਜਿਥੇ ਮਨਜੀਤ ਰਾਹੀ ਤੇ ਦਲਜੀਤ ਕੌਰ ਰਹਿੰਦੇ ਸਨ। ਕਿਉਂਕਿ ਦਲਜੀਤ ਦਾ ਚਾਹ ਬਣਾਉਣ ਵਿਚ ਕੋਈ ਜਵਾਬ ਨਹੀਂ ਸੀ,

(ਬਾਕੀ ਸਫਾ 30 ਉਤੇ)


ਜੱਸੀ ਗੁਰਦਾਸਪੁਰੀਆ (ਜੱਸੋਵਾਲ ਦੇ ਸੱਜੇ ਪਾਸੇ) ਤੇ ਪਰਮਿੰਦਰ ਸੰਧੂ ਨਾਲ ਪਹਿਲੀ ਕਤਾਰ 'ਚ। ਇਹ ਸਮਾਗਮ ਐਸ ਅਸ਼ੋਕ ਭੌਰਾ ਨੂੰ ਮਾਰੂਤੀ ਭੇਟ ਕਰਨ ਲਈ ਪਿੰਡ ਭੌਰਾ ਵਿਖੇ ਕਰਵਾਇਆ ਗਿਆ ਸੀ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਤੀਂਗੜਦਾ ਢੱਟਾ

ਲੱਖ ਬਚਣ ਲਈ ਗਲਤੀ ਕਰਕੇ, ਬੰਦਾ ਕਰ ਲਏ ਹੀਲਾ,
ਪਰ ਲੋਕੀਂ ਤਾਂ ਮਾਂਜ ਦਿੰਦੇ ਨੇ ਕੜਛੀ ਸਣੇ ਪਤੀਲਾ।
ਸੱਚ ਜਾਣਿਓਂ ਢੱਟਾ ਭਾਵੇਂ, ਹੋਵੇ ਕਿੰਨਾ ਮਾੜਾ,
ਪਰ ਤੀਂਗੜਦਾ ਤੀਂਗੜਦਾ ਆਖਰ ਪੁੱਟ ਲੈਂਦਾ ਏ ਕੀਲਾ।
ਕਿੱਥੇ ਕਿੱਥੇ ਦਈਏ ਗੰਢਾਂ, ਟੁੱਟੀ ਪਈ ਏ ਤਾਣੀ,
ਜ਼ਿੰਦਗੀ ਕਰ'ਤੀ ਰਾਜਨੀਤੀ ਨੇ ਅੱਜ ਕਲ੍ਹ ਤੀਲ੍ਹਾ ਤੀਲ੍ਹਾ।
ਸੁਰਜਣ ਅਤੇ ਸੁਦਾਗਰ ਸਿਓਂ ਵਿਚ ਫਰਕ ਕੋਈ ਨਾ ਜਾਪੇ,
ਬੰਸੋ ਸੁਟ ਸੁਆ ਕੇ ਬਹਿ ਗਈ, ਸਾੜ੍ਹੀ ਪਾ ਕੇ ਸ਼ੀਲਾ।
ਘੁੱਗੀ ਕਾਂ ਨਾਲ ਪਿਆਰ ਨਹੀਂ ਕਰਦੀ, ਕਿੰਨੇ ਹਾੜ੍ਹੇ ਕੱਢੇ,
ਮੂਰਖ ਬੰਦਾ ਸੋਨਾ ਸਮਝੇ, ਹਰ ਬਰਤਨ ਚਮਕੀਲਾ।
ਜਿਥੇ ਦੇਖੋ ਨਾਅਰੇ ਲੱਗਦੇ, ਉਠਦੇ ਰੋਜ਼ ਜੈਕਾਰੇ,
ਨਵਾਂ ਇਨ੍ਹਾਂ ਵਿਚ ਕਿਹੜਾ ਦੱਸੋ, ਉਹੀ ਕੁੜਮ ਕਬੀਲਾ।
ਕੱਚਾ ਪਿੱਲਾ ਗਾਣਾ ਹੋਵੇ, ਸੁਰ ਚੰਗੀ ਲੱਭ ਜਾਏ,
ਜਾਨ ਫੇਰ ਵੀ ਪਾ ਜਾਂਦਾ ਏ ਹੋਵੇ ਗਾਇਕ ਸੁਰੀਲਾ।
ਮਾੜੇ ਵੱਲ ਲੈ ਲੈ ਕੇ ਆਉਂਦੇ, ਸਾਰੇ ਵੇਖੋ ਝਈਆਂ,
ਜਿਥੋਂ ਸ਼ੁਰੂ ਹੋਈ ਸੀ ਪਹਿਲਾਂ ਉਥੇ ਖੜੀ ਕਹਾਣੀ।
ਦੜ ਵੱਟ ਕੇ ਤੂੰ ਬਹਿ ਜਾ 'ਭੌਰੇ' ਚੰਦ ਨਵਾਂ ਨ੍ਹੀਂ ਚੜ੍ਹਨਾ,
ਅੰਨ੍ਹੇ ਤਾਈਂ ਅੱਖਾਂ ਮਾਰੇ, ਓਹਲੇ ਖੜ੍ਹ ਕੇ ਕਾਣੀ।

# ਸੰਵਾਦ ਤੋਂ ਇਨਕਾਰ ਦਾ ਮਤਲਬ ਹੈ ਹਿੰਸਾ ਦਾ ਇਕਰਾਰ

***ਪ੍ਰਧਾਨ ਮੰਤਰੀ ਮੋਦੀ ਨੇ ਬਹੁਤ ਮਗਰੋਂ ਜਾ ਕੇ ਜੇ ਮਿਲਣ ਵਾਸਤੇ ਕਿਸੇ ਨੂੰ ਸੱਦਿਆ ਵੀ, ਉਹ ਇਕ ਸਿੱਧੇ ਟੀ.ਵੀ. ਪ੍ਰਸਾਰਨ ਸਮੇਂ ਪੁਰਸਕਾਰ ਮੋੜਨ ਕਾਰਨ ਉਚੇਚੀ ਚਰਚਾ ਵਿਚ ਆਇਆ ਉਰਦੂ ਸ਼ਾਇਰ ਮੁਨੱਵਰ ਰਾਣਾ ਸੀ। ਸੁਹਿਰਦਤਾ ਤੋਂ ਵਿਰਵੇ ਇਸ ਸੱਦੇ ਦਾ ਇਕੋ-ਇਕ ਮੰਤਵ ਇਕੱਲੇ ਰਾਣਾ ਨੂੰ ਚਾਹ ਦੀ ਪਿਆਲੀ ਪਿਆ ਕੇ ਇਕ ਪਾਸੇ ਅਣਹੋਏ ਸੰਵਾਦ ਦਾ ਅਤੇ ਦੂਜੇ ਪਾਸੇ ਰਾਣਾ ਦੀ ਮੁਸਲਮਾਨੀ ਪਛਾਣ ਤੋਂ ਲਾਹਾ ਲੈ ਕੇ ਅਖੌਤੀ ਧਾਰਮਿਕ ਸਦਭਾਵਨਾ ਦਾ ਮਿਰਗ-ਜਲੀ ਪ੍ਰਭਾਵ ਦੇਣਾ ਸੀ। ਲਗਦਾ ਹੈ, ਰਾਣਾ ਨੂੰ ਕਬੀਰ ਜੀ ਦੇ ਬੋਲ "ਬਾਤਨ ਹੀ ਅਸਮਾਨੁ ਗਿਰਾਵਹਿ ਐਸੇ ਲੋਗਨ ਸਿਉ ਕਿਆ ਕਹੀਐ" ਚੇਤੇ ਆ ਗਏ। ਉਹਨੇ ਇਸ ਫੰਧੇ ਵਿਚ ਫਸਣ ਦੀ ਥਾਂ ਸਿਆਣਪ ਤੋਂ ਕੰਮ ਲੈਂਦਿਆਂ ਕੁਝ ਹੋਰ ਲੇਖਕਾਂ ਨੂੰ ਵੀ ਬੁਲਾਏ ਜਾਣ ਦਾ ਸੁਝਾਅ ਭੇਜ ਦਿੱਤਾ ਤਾਂ ਜੋ ਸੱਚਮੁੱਚ ਦਾ ਸੰਵਾਦ ਹੋ ਸਕੇ, ਪਰ ਸੰਵਾਦ ਹੀ ਤਾਂ ਹੈ ਜੋ ਮੋਦੀ ਜੀ ਨੂੰ ਵਾਰਾ ਨਹੀਂ ਖਾਂਦਾ!... ਜਿਥੇ ਸੰਵਾਦ ਦੀ ਸੰਭਾਵਨਾ ਦਾ ਅੰਤ ਹੁੰਦਾ ਹੈ, ਉਥੇ ਹਿੰਸਾ ਦਾ ਆਰੰਭ ਹੁੰਦਾ ਹੈ। ਹਿੰਸਾ ਦੋ ਕਿਸਮਾਂ ਦੀ ਹੁੰਦੀ ਹੈ, ਸ਼ਬਦੀ ਤੇ ਸਰੀਰਕ। ਭਾਰਤ ਦੇ ਵਿਹੜੇ ਹੁਣ ਦੋਵਾਂ ਕਿਸਮਾਂ ਦੀ ਹਿੰਸਾ ਤਾਂਡਵ ਨੱਚ ਰਹੀ ਹੈ।***

ਭਾਰਤੀ ਸਮਾਜ ਤੇ ਰਾਜਨੀਤੀ ਵਿਚ ਪਾੜ ਪਏ ਹੋਏ ਹਨ। ਇਹ ਪਾੜ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਪਹਿਲਾਂ ਕਦੀ ਵੀ ਏਨੇ ਚੌੜੇ ਤੇ ਡੂੰਘੇ ਨਹੀਂ ਸਨ ਹੋਏ ਜਿੰਨੇ ਅੱਜ ਹਨ। ਇਸ ਦਾ ਇਕ ਮੁੱਖ ਕਾਰਨ ਸੰਵਾਦ ਦਾ ਟੁੱਟਣਾ ਹੈ। ਸੰਵਾਦ ਟੁੱਟ ਕੇ ਪਿਛਲਖੁਰੀ ਤੁਰੀ ਗੱਲ ਜੇ ਵਾਦ-ਵਿਵਾਦ ਉਤੇ ਜਾ ਰੁਕਦੀ ਤਾਂ ਵੀ ਕੁਝ ਨਾ ਕੁਝ ਬਚਿਆ ਰਹਿ ਜਾਂਦਾ ਪਰ ਉਹ ਵਾਦ-ਵਿਵਾਦ ਨੂੰ ਵੀ ਪਿੱਛੇ ਛੱਡਦੀ ਪ੍ਰਵਚਨ ਤੱਕ ਜਾ ਤਿਲ੍ਹਕੀ! ਜੇ ਅੱਜ ਵੱਖ-ਵੱਖ ਤਬਕਿਆਂ ਵਿਚਕਾਰ ਟਕਰਾਉ ਹੈ, ਧਰਮਾਂ



ਗੁਰਬਚਨ ਸਿੰਘ ਭੁੱਲਰ
ਫੋਨ: 091-1142502364
bhullargs@gmail.com

ਵਿਚਕਾਰ ਹਿੰਸਾ ਹੈ, ਰਾਜਨੀਤਕ ਪਾਰਟੀਆਂ ਨੇ ਇਕ ਦੂਜੀ ਵਿਰੁੱਧ ਛੁਰੀਆਂ ਤਿੱਖੀਆਂ ਕੀਤੀਆਂ ਹੋਈਆਂ ਹਨ ਅਤੇ ਅਜੋਕੀ ਹਾਕਮ ਧਿਰ ਸੱਚ ਦਾ ਸ਼ੀਸ਼ਾ ਦਿਖਾਉਣ ਵਾਲੇ ਲੇਖਕਾਂ, ਬੁੱਧੀਮਾਨਾਂ, ਕਲਾਕਾਰਾਂ, ਸਮਾਜ ਸ਼ਾਸਤਰੀਆਂ ਤੇ ਵਿਗਿਆਨੀਆਂ ਨੂੰ ਦੇਸ-ਧਰੋਹੀ ਦੁਸ਼ਮਣ ਆਖ ਰਹੀ ਹੈ, ਇਸ ਦਾ ਕਾਰਨ ਸੰਵਾਦ ਦੀ ਸੰਭਾਵਨਾ ਦਾ ਅੰਤ ਹੈ।

ਪ੍ਰਵਚਨ ਦੀ ਪਰੰਪਰਾ ਹਜ਼ਾਰਾਂ ਸਾਲ ਪੁਰਾਣੀ ਉਸ ਸੰਸਕ੍ਰਿਤੀ ਦੀ ਦੇਣ ਹੈ ਜਿਸ ਨੂੰ ਸੁਰਜੀਤ ਕਰਨਾ ਨਾਗਪੁਰੀ ਆਦੇਸ਼ ਅਨੁਸਾਰ ਵਰਤਮਾਨ ਸਰਕਾਰ ਦਾ ਮੁੱਖ ਟੀਚਾ ਹੈ। ਪ੍ਰਵਚਨ ਦੇ ਨੇਮ ਅਨੁਸਾਰ ਕਿਸੇ ਜਨ-ਸਮੂਹ ਵਿਚ ਕੋਈ ਇਕੋ ਹੁੰਦਾ ਹੈ ਜੋ ਸਰਬਗਿਆਤਾ ਹੁੰਦਾ ਹੈ ਅਤੇ ਬਾਕੀ ਸਭ ਨੇ, ਕਿਸੇ ਵੀ ਸੋਚੀ ਤੇ ਸੋਧ ਤੋਂ ਵਿਰਵੇ ਹੋਣ ਕਰ ਕੇ, ਹਰ ਗੱਲ ਉਸੇ ਤੋਂ ਸਿੱਖਣੀ ਹੁੰਦੀ ਹੈ। ਇਸੇ ਫਰਕ ਸਦਕਾ ਪ੍ਰਵਚਨ-ਕਰਤਾ ਉਚੇ ਥੜ੍ਹੇ ਉਤੇ ਬਿਰਾਜਮਾਨ ਹੁੰਦਾ ਹੈ ਤੇ ਮੂਕ ਸਰੋਤੇ ਹੱਥ ਜੋੜ ਕੇ ਉਹਦੇ ਚਰਨਾਂ ਤੋਂ ਵੀ ਨੀਵੇਂ ਭੁੰਜੇ ਬੈਠਦੇ ਹਨ। ਪ੍ਰਵਚਨ ਸੱਤ-ਬਚਨੀ ਹੋਣ ਕਰ ਕੇ ਸਰੋਤੇ ਦੇ ਮਨ ਨੂੰ ਕਿਸੇ ਸ਼ੰਕੇ, ਕਿਸੇ ਕਿੰਤੂ-ਪ੍ਰੰਤੂ ਦੀ ਗੁੰਜਾਇਸ਼ ਨਹੀਂ ਦਿੰਦਾ ਜਿਸ ਕਰ ਕੇ ਵਿਚਾਰ-ਪਰਵਾਹ ਇਕ-ਮਾਰਗੀ ਹੁੰਦਾ ਹੈ। ਸਰੋਤਿਆਂ ਕੋਲ ਅਜਿਹਾ ਕੁਝ ਨਹੀਂ ਹੁੰਦਾ ਜੋ ਗਿਆਨੀ ਪ੍ਰਵਚਨੀਆਂ ਸੁਣ-ਜਾਣ ਸਕੇ। ਨਿਸ਼ਰਧਕ ਸ਼ੰਕੇਬਾਜ਼ ਉਹਦੇ ਸਰਾਪ ਤੇ ਕਹਿਰ ਦਾ ਭਾਗੀ ਬਣਦਾ ਹੈ। ਅੱਜ ਦੇ ਭਾਰਤ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਪ੍ਰਵਚਨੀ ਵਰਤਾਰੇ ਦੀ ਉਜਾਗਰ ਮਿਸਾਲ ਹੈ। ਜੇ ਅੱਜ ਦੇ ਅਥਾਹ ਤਰੱਕੀ ਵਾਲੇ ਸਮੇਂ ਦੀ ਇਕ ਵਿਗਿਆਨਕ ਕਾਨਫ਼ਰੰਸ ਵਿਚ ਪ੍ਰਵਚਨੀਆਂ ਕਹੇ ਕਿ ਗਣੇਸ਼ ਨੂੰ ਹਜ਼ਾਰਾਂ ਸਾਲ ਪਹਿਲਾਂ ਦੇ ਭਾਰਤੀ ਰਿਸ਼ੀਆਂ ਨੇ ਪਲਾਸਟਿਕ ਸਰਜਰੀ ਰਾਹੀਂ ਬੰਦੇ ਦੇ ਧੜ ਉਤੇ ਹਾਥੀ ਦਾ ਸਿਰ ਜੋੜ ਕੇ ਸਿਰਜਿਆ ਸੀ, ਸੈਂਕੜੇ ਸਰੋਤਿਆਂ ਦਾ ਧਰਮ, ਪ੍ਰਮੁੱਖ ਡਾਕਟਰ ਤੇ ਸਰਜਨ ਹੋਣ ਦੇ ਬਾਵਜੂਦ, ਸੱਤ-ਵਚਨੀ ਵਾਹ-ਵਾਹ ਕਰਨਾ ਹੀ ਹੁੰਦਾ ਹੈ।

ਜਦੋਂ ਇਕੋ ਮੁੱਦੇ ਨੂੰ ਲੈ ਕੇ ਵੱਖ-ਵੱਖ ਵਿਚਾਰਾਂ ਦੇ ਧਾਰਨੀ ਦੋ ਪ੍ਰਵਚਨੀਆਂ ਦਾ ਸਾਹਮਣਾ ਹੁੰਦਾ ਹੈ, ਵਾਦ-ਵਿਵਾਦ ਦਾ ਮੁੱਢ ਬੱਝਦਾ ਹੈ। ਇਸ ਵਿਚ ਵੀ ਇਕ-ਦੂਜੇ ਦਾ ਮੱਤ ਜਾਣਨ ਦੀ, ਉਹਨੂੰ ਪਰਖਣ ਅਤੇ ਸੱਚ ਹੋਣ ਦੀ ਸੂਰਤ ਵਿਚ ਬੇਝਿਜਕ ਅਪਨਾਉਣ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਹ ਬੌਧਿਕ ਸਾਨ੍ਹਾਂ ਦਾ ਭੇੜ ਹੁੰਦਾ ਹੈ ਜਿਸ ਵਿਚ ਆਪਣੇ ਮੱਤ ਦੀ ਸ੍ਰੇਸ਼ਟਤਾ ਦਾ ਯਕੀਨ ਮੁੱਢਲੀ ਸ਼ਰਤ ਹੁੰਦਾ ਹੈ ਅਤੇ ਆਪਣੀ ਇਹ ਸ੍ਰੇਸ਼ਟਤਾ ਸਿੱਧ ਕਰ ਕੇ ਦੂਜੇ ਦੇ ਮੱਤ ਨੂੰ ਛੁਟਿਆਉਣਾ-ਹਰਾਉਣਾ ਮੁੱਖ ਉਦੇਸ਼ ਬਣ ਜਾਂਦਾ ਹੈ। ਇਹ ਵਰਤਾਰਾ ਬਹੁਤਿਆਂ ਟੀ.ਵੀ. ਚੈਨਲਾਂ ਵਲੋਂ ਆਪਣਾ ਕਾਰੋਬਾਰ ਵਧਾਉਣ ਲਈ ਹਰ ਛੋਟੇ-ਵੱਡੇ ਮੁੱਦੇ ਨੂੰ ਫੜ ਕੇ ਕਰਵਾਈਆਂ ਜਾਂਦੀਆਂ ਕਥਿਤ ਬਹਿਸਾਂ ਵਿਚ ਸਾਫ਼ ਦਿਸਦਾ ਹੈ। ਉਥੇ ਹਾਕਮ ਧਿਰ, ਭਾਵ ਆਰ.ਐਸ.ਐਸ. ਤੇ ਭਾਜਪਾ ਦੇ ਨੁਮਾਇੰਦੇ, ਅਕਸਰ ਐਂਕਰਾਂ ਦੀ ਮਿਲੀਭੁਗਤ ਨਾਲ, ਆਪ ਨਿਰਵਿਘਨ ਬੋਲਣ ਅਤੇ ਵਿਰੋਧੀ ਨੂੰ ਲਗਾਤਾਰ ਟੋਕਦੇ ਰਹਿਣ ਦੀ ਨੀਤੀ ਅਪਨਾ ਕੇ ਸੰਵਾਦ ਨੂੰ ਵਿਵਾਦ ਵਿਚ ਪਲਟ ਦਿੰਦੇ ਹਨ।

ਵਿਚਾਰ ਤੇ ਗਿਆਨ ਦੇ ਖੇਤਰ ਵਿਚ ਸੰਵਾਦ ਨੂੰ ਉੱਤਮ ਹੋਣ ਦਾ ਮਾਣ ਹਾਸਲ ਹੈ। ਹਉਮੁਖੀ ਪ੍ਰਵਚਨ ਅਤੇ ਭੇੜਮੁਖੀ ਵਾਦ-ਵਿਵਾਦ ਦੇ ਉਲਟ ਸੰਵਾਦ ਦੀ ਬੁਨਿਆਦ ਮਾਨਵੀ ਸਹਿਣਸ਼ੀਲਤਾ ਹੈ। ਸੰਵਾਦ ਇਹ ਮੰਨ ਕੇ ਤੁਰਦਾ ਹੈ ਕਿ ਹਰ ਕਿਸੇ ਕੋਲ ਦੂਜੇ ਨੂੰ ਦੱਸਣ ਵਾਸਤੇ ਕੁਝ ਨਾ ਕੁਝ ਜ਼ਰੂਰ ਹੁੰਦਾ ਹੈ। ਇਸੇ ਕਰ ਕੇ ਮਾਨਵਮੁਖੀ ਭਗਤੀ ਲਹਿਰ ਨੇ ਆਦਿਕਾਲ ਤੋਂ ਤੁਰੀਆਂ ਆਈਆਂ ਪ੍ਰਵਚਨੀ ਤੇ ਵਾਦ-ਵਿਵਾਦੀ ਪਰੰਪਰਾਵਾਂ ਦੀ ਥਾਂ ਸੰਵਾਦ ਜਾਂ ਗੋਸ਼ਟ ਨੂੰ ਪ੍ਰਮੁੱਖਤਾ ਦਿੱਤੀ। ਭਗਤ ਕਬੀਰ ਆਖਦੇ ਹਨ, "ਸੰਤ ਮਿਲੈ ਕਿਛੁ ਸੁਨੀਐ ਕਹੀਐ"। ਬਾਬਾ ਨਾਨਕ ਕਹਿੰਦੇ ਹਨ, "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"। ਸੰਵਾਦੀ ਵਿਚਾਰ-ਵਟਾਂਦਰੇ ਦਾ ਇਕ ਪੱਖ ਤਾਂ ਉਚੇਚਾ ਧਿਆਨ ਲੋੜਦਾ ਹੈ। ਉਹ ਹੈ ਆਪਣੀ ਗੱਲ ਕਹਿਣ ਨਾਲੋਂ ਦੂਜੇ ਦੀ ਗੱਲ ਸੁਣਨ ਨੂੰ ਵੱਧ ਮਹੱਤਵ ਦੇਣਾ। ਭਗਤ ਜੀ ਤੇ ਬਾਬਾ ਜੀ, ਦੋਵੇਂ ਸੁਣਨ ਨੂੰ ਪਹਿਲ ਦਿੰਦੇ ਹਨ ਤੇ ਕਹਿਣ ਨੂੰ ਦੂਜੀ ਥਾਂ ਉਤੇ ਰੱਖਦੇ ਹਨ।

ਬਹੁਭਾਂਤੀ ਸਮਾਜ ਵਿਚ ਮਤਭੇਦ ਸੁਭਾਵਿਕ ਹਨ। ਜੇ ਬਹੁਤਾ ਪਿੱਛੇ ਨਾ ਜਾਈਏ, ਆਜ਼ਾਦ ਭਾਰਤ ਦਾ ਸਾਰਾ ਇਤਿਹਾਸ ਇਹੋ ਦੱਸਦਾ ਹੈ, ਪਰ ਉਹ ਇਹ ਵੀ ਦੱਸਦਾ ਹੈ ਕਿ ਸਾਰੇ ਵਿਰੋਧਾਂ ਤੇ ਮਤਭੇਦਾਂ ਦੇ ਬਾਵਜੂਦ ਵੱਖ-ਵੱਖ ਧਿਰਾਂ ਵਿਚਕਾਰ, ਭਾਜਪਾ ਦੀ ਇਸ ਸਰਕਾਰ ਤੋਂ ਪਹਿਲਾਂ, ਸੰਵਾਦ ਕਦੀ ਵੀ ਪੂਰੀ ਤਰ੍ਹਾਂ ਨਹੀਂ ਸੀ ਟੁੱਟਿਆ। ਕਹਾਵਤ ਹੈ ਕਿ ਖ਼ੂਨੀ ਜੰਗਾਂ ਲੜਨ ਵਾਲੀਆਂ ਧਿਰਾਂ ਦਾ ਝਗੜਾ ਵੀ ਆਖ਼ਰ ਰਣ-ਖੇਤਰ ਵਿਚ ਸ਼ਸਤਰ ਨਾਲ ਨਹੀਂ, ਗੱਲਬਾਤ ਦੀ ਮੇਜ਼ ਉਤੇ ਸ਼ਾਸਤਰ ਨਾਲ ਹੀ ਨਿੱਬੜਦਾ ਹੈ!

ਵਰਤਮਾਨ ਤਾਣੇ-ਬਾਣੇ ਅਧੀਨ ਸੰਵਾਦ ਨੂੰ ਬੇਲੋੜਾ ਸਮਝਣ ਵਾਲੀ ਸੋਚ ਦੇਸ ਦੀਆਂ ਵੱਡੀਆਂ ਮੁਸ਼ਕਿਲਾਂ ਦਾ ਕਾਰਨ ਬਣੀ ਹੋਈ ਹੈ ਜੋ ਸੁਲਝਣ ਦੀ ਥਾਂ ਹੋਰ ਉਲਝਦੀਆਂ ਜਾਂਦੀਆਂ ਹਨ। ਬਾਕੀ ਗੱਲਾਂ ਛੱਡ ਕੇ ਇਸ ਸਮੇਂ ਭਖਿਆ ਹੋਇਆ ਸਾਹਿਤ ਤੇ ਕਲਾ ਸਬੰਧੀ ਅਸਹਿਣਸ਼ੀਲਤਾ ਦਾ ਮੁੱਦਾ ਹੀ ਲਵੋ। ਮੋਦੀ ਜੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪੂਰੇ ਅੱਠ ਮਹੀਨੇ ਮਗਰੋਂ 15 ਜਨਵਰੀ 2015 ਨੂੰ ਇਕ ਘਟਨਾ ਵਾਪਰਦੀ ਹੈ। ਪ੍ਰਸਿੱਧ ਤਮਿਲ ਲੇਖਕ ਪਿਰੁਮਲ ਮੁਰੁਗਨ ਦੇ ਇਕ ਨਾਵਲ ਨੂੰ ਧਾਰਮਿਕ ਭਾਵਨਾਵਾਂ ਜ਼ਖ਼ਮੀ ਕਰਨ ਵਾਲਾ ਆਖ ਕੇ ਹਿੰਦੂਵਾਦੀ ਜਥੇਬੰਦੀਆਂ ਇਹਦੀ ਜ਼ਬਤੀ ਅਤੇ ਲੇਖਕ ਦੀ ਗ੍ਰਿਫ਼ਤਾਰੀ ਦੀ ਮੰਗ ਕਰਦੀਆਂ ਹਨ। ਧਮਕੀਆਂ, ਭੜਕਾਊ ਜਲੂਸਾਂ ਤੇ ਹਿੰਸਕ ਬੰਦਾਂ ਰਾਹੀਂ ਲੇਖਕ ਦਾ ਜਿਉਣਾ ਇਸ ਹੱਦ ਤੱਕ ਦੁੱਭਰ ਕਰ ਦਿੱਤਾ ਜਾਂਦਾ ਹੈ ਕਿ ਕੁਝ ਲੇਖਕਾਂ ਦੀ ਹਮਦਰਦੀ ਤੋਂ ਬਿਨਾਂ ਕੋਈ ਵੀ ਸਹਾਰਾ ਮਿਲਦਾ ਨਾ ਦੇਖ ਕੇ, ਖਾਸ ਕਰ ਕੇ ਸਰਕਾਰ ਦੀ ਚੁੱਪ ਦੇਖ ਕੇ ਆਖ਼ਰ ਉਹ ਇਹ ਬਿਆਨ ਜਾਰੀ ਕਰ ਦਿੰਦਾ ਹੈ: "ਲੇਖਕ ਪਿਰੁਮਲ ਮੁਰੁਗਨ ਮਰ ਗਿਆ ਹੈ। ਉਹ ਕੋਈ ਭਗਵਾਨ ਨਹੀਂ। ਇਸ ਲਈ ਉਹ ਦੁਬਾਰਾ ਅਵਤਾਰ ਨਹੀਂ ਧਾਰੇਗਾ। ਇਸ ਪਿੱਛੋਂ ਸਿਰਫ਼ ਨਿਮਾਣਾ ਅਧਿਆਪਕ ਪੀ. ਮੁਰੁਗਨ ਹੀ ਜੀਵਤ ਰਹੇਗਾ।"

ਜੇ ਸਰਕਾਰ ਦਾ ਸਰੂਪ ਸੱਚਮੁੱਚ ਜਮਹੂਰੀ ਤੇ ਸੰਵਾਦੀ ਹੁੰਦਾ ਤਾਂ ਲੇਖਕ ਦਾ ਆਪਣੀ ਮੌਤ ਦਾ ਐਲਾਨ ਪ੍ਰਧਾਨ ਮੰਤਰੀ ਨੂੰ ਬੇਚੈਨ ਕਰਨ ਲਈ ਕਾਫ਼ੀ ਹੋਣਾ ਸੀ, ਪਰ ਵਰਤਮਾਨ ਸਰਕਾਰ ਦੀਆਂ ਨਜ਼ਰਾਂ ਵਿਚ ਲੇਖਕ, ਬੁੱਧੀਮਾਨ ਤੇ ਕਲਾਕਾਰ, ਜਿਵੇਂ ਮਗਰੋਂ ਦੀਆਂ ਅਣਗਿਣਤ ਘਟਨਾਵਾਂ ਨੇ ਦਰਸਾਇਆ, ਬਹੁਤ ਹੀ ਤੁੱਛ ਹੈਸੀਅਤ ਵਾਲੇ, ਸਗੋਂ ਦੇਸ-ਧਰੋਹੀ ਹਨ ਜੋ ਕਿਸੇ ਵੀ ਧਿਆਨ ਤੇ ਸਤਿਕਾਰ ਦੇ ਹੱਕਦਾਰ ਨਹੀਂ। ਇਨ੍ਹਾਂ ਘਟਨਾਵਾਂ ਵਿਚ ਬੁੱਧੀਮਾਨਾਂ ਤੇ ਲੇਖਕਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ, ਉਨ੍ਹਾਂ ਦੇ ਮੂੰਹ ਕਾਲੇ ਕਰਨਾ, ਗਾਲੀ-ਗਲੋਚ ਤੇ ਕਤਲ ਆਦਿ ਸ਼ਾਮਲ ਸਨ। ਕਿਸੇ ਨੇਤਾ ਜਾਂ ਕ੍ਰਿਕਟੀਏ ਨੂੰ ਖੰਘ ਆਈ ਤੋਂ ਵੀ ਟਵੀਟ ਕਰਨ ਵਾਲੇ ਸਾਡੇ ਪ੍ਰਧਾਨ ਮੰਤਰੀ ਦਾ ਇਸ ਸਭ ਕੁਝ ਦਾ ਪ੍ਰਤੀਕਰਮ ਮੁਕੰਮਲ ਚੁੱਪ ਰਿਹਾ ਹੈ। ਸਾਹਿਤ ਅਕਾਦਮੀ ਨੇ ਵੀ ਲੰਮੇ ਸਮੇਂ ਤੱਕ ਮੋਦੀਵਾਦੀ ਚੁੱਪ ਹੀ ਵੱਟ ਰੱਖੀ। ਇਸ ਦੂਹਰੀ ਚੁੱਪ ਤੋਂ ਪ੍ਰੇਸ਼ਾਨ ਹੋ ਕੇ ਲੇਖਕਾਂ ਨੇ ਆਪਣੇ ਰੋਸ ਨੂੰ ਨਿਕਾਸ ਦੇਣ ਲਈ ਸਾਹਿਤ ਅਕਾਦਮੀ ਤੋਂ ਪ੍ਰਾਪਤ ਹੋਏ ਪੁਰਸਕਾਰ ਉਸੇ ਨੂੰ ਵਾਪਸ ਕਰਨੇ ਸ਼ੁਰੂ ਕਰ ਦਿੱਤੇ। ਇਸ ਚੁੱਪ ਦੇ ਸਮਾਨੰਤਰ ਸਰਕਾਰ ਤੇ ਹਾਕਮ ਪਾਰਟੀ ਦੇ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ, ਨੇਤਾਵਾਂ ਆਦਿ ਨੇ ਪੁਰਸਕਾਰ-ਵਾਪਸੀਏ ਲੇਖਕਾਂ ਵਿਰੁੱਧ ਦੋਸ਼ਾਂ, ਤੋਹਮਤਾਂ ਤੇ ਦੁਰਵਚਨਾਂ ਦੀ ਝੜੀ ਲਾ ਦਿੱਤੀ।

ਇਸ ਪ੍ਰਸੰਗ ਵਿਚ ਲੇਖਕਾਂ ਦੀ ਕਦਰ ਸਮਝਣ ਵਾਲੀਆਂ ਸਰਕਾਰਾਂ ਵਿਚੋਂ ਇਕ ਮਿਸਾਲ ਯਾਦ ਆਉਂਦੀ ਹੈ। ਫਰਾਂਸ ਦੇ ਪਿਛਲੀ ਸਦੀ ਦੇ ਸਰਕਾਰ ਵਿਰੋਧੀ ਜਨਤਕ ਅੰਦੋਲਨ ਸਮੇਂ ਲੇਖਕ ਯਾਂ ਪਾਲ ਸਾਰਤਰ ਜਿਸ ਨੇ ਕੁਝ ਸਮਾਂ ਪਹਿਲਾਂ ਨੋਬੇਲ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਸੀ, ਨੂੰ ਵੀ ਗ੍ਰਿਫ਼ਤਾਰ ਕਰ ਕੇ ਸੀਖਾਂ ਪਿੱਛੇ ਸੁੱਟ ਦਿੱਤਾ ਗਿਆ। ਇਸ ਗੱਲ ਦਾ ਪਤਾ ਲੱਗਦਿਆਂ ਹੀ ਰਾਸ਼ਟਰਪਤੀ ਡੀਗਾਲ ਨੇ ਉਹਨੂੰ ਆਜ਼ਾਦ ਕਰ ਦਿੱਤਾ। ਹੈਰਾਨ ਹੋਏ ਕੁਝ ਅਧਿਕਾਰੀਆਂ ਨੇ ਇਸ ਫ਼ੈਸਲੇ ਦਾ ਕਾਰਨ ਪੁੱਛਿਆ ਤਾਂ ਉਹਦਾ ਜਵਾਬ ਸੀ, "ਕਦੀ ਵਾਲਟੇਅਰ ਨੂੰ ਵੀ ਕੋਈ ਕੈਦ ਕਰਦਾ ਹੈ?" ਵਾਲਟੇਅਰ 18ਵੀਂ ਸਦੀ ਦੇ ਫਰਾਂਸ ਦਾ ਮਹਾਨ ਲੇਖਕ ਹੋਇਆ ਹੈ। ਡੀਗਾਲ ਦਾ ਇਹ ਜਵਾਬ ਇਉਂ ਸੀ ਜਿਵੇਂ ਕੋਈ ਪੰਜਾਬ ਵਿਚ ਕਹੇ, ਕਦੀ ਫ਼ਰੀਦ ਜਾਂ ਵਾਰਿਸ ਸ਼ਾਹ ਨੂੰ ਵੀ ਕੋਈ ਕੈਦ ਕਰਦਾ ਹੈ? ਪਰ ਅਜਿਹਾ ਜਵਾਬ ਦੇਣ ਲਈ ਸਰਕਾਰ ਨੂੰ ਸਾਹਿਤ ਤੇ ਕਲਾ ਦੀ ਸਮਝ ਤੇ ਕਦਰ ਹੋਣੀ ਜ਼ਰੂਰੀ ਹੈ ਜੋ ਇਸ ਸੂਰਤ ਵਿਚ ਹੈ ਨਹੀਂ।

ਜੇ ਸ਼ੁਰੂ ਵਿਚ ਹੀ ਸਰਕਾਰ ਪਹਿਲ ਕਰ ਕੇ ਕੁਝ ਪੁਰਸਕਾਰ-ਵਾਪਸੀਏ ਲੇਖਕਾਂ ਨੂੰ ਬੁਲਾਉਂਦੀ ਤੇ ਸੰਵਾਦੀ ਮਾਹੌਲ ਵਿਚ ਉਨ੍ਹਾਂ ਦਾ ਮੱਤ ਸੁਣ-ਸਮਝ ਕੇ ਹਾਲਾਤ ਨੂੰ ਸੁਧਾਰਨ ਦਾ ਇਕਰਾਰ ਕਰਦੀ, ਗੱਲ ਉਥੇ ਹੀ ਮੁੱਕ ਗਈ ਹੁੰਦੀ; ਪਰ ਸਰਕਾਰ ਦੀ ਅਜਿਹੀ ਕੋਈ ਮਨਸ਼ਾ ਹੈ ਹੀ ਨਹੀਂ ਸੀ। ਦੇਖਣ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਨੇ ਬਹੁਤ ਮਗਰੋਂ ਜਾ ਕੇ ਜੇ ਮਿਲਣ ਵਾਸਤੇ ਕਿਸੇ ਨੂੰ ਸੱਦਿਆ ਵੀ, ਉਹ ਇਕ ਸਿੱਧੇ ਟੀ.ਵੀ. ਪ੍ਰਸਾਰਨ ਸਮੇਂ ਪੁਰਸਕਾਰ ਮੋੜਨ ਕਾਰਨ ਉਚੇਚੀ ਚਰਚਾ ਵਿਚ ਆਇਆ ਉਰਦੂ ਸ਼ਾਇਰ ਮੁਨੱਵਰ ਰਾਣਾ ਸੀ। ਸੁਹਿਰਦਤਾ ਤੋਂ ਵਿਰਵੇ ਇਸ ਸੱਦੇ ਦਾ ਇਕੋ-ਇਕ ਮੰਤਵ ਇਕੱਲੇ ਰਾਣਾ ਨੂੰ ਚਾਹ ਦੀ ਪਿਆਲੀ ਪਿਆ ਕੇ ਇਕ ਪਾਸੇ ਅਣਹੋਏ ਸੰਵਾਦ ਦਾ ਅਤੇ ਦੂਜੇ ਪਾਸੇ ਰਾਣਾ ਦੀ ਮੁਸਲਮਾਨੀ ਪਛਾਣ ਤੋਂ ਲਾਹਾ ਲੈ ਕੇ ਅਖੌਤੀ ਧਾਰਮਿਕ ਸਦਭਾਵਨਾ ਦਾ ਮਿਰਗ-ਜਲੀ ਪ੍ਰਭਾਵ ਦੇਣਾ ਸੀ। ਲਗਦਾ ਹੈ, ਰਾਣਾ ਨੂੰ ਕਬੀਰ ਜੀ ਦੇ ਬੋਲ "ਬਾਤਨ ਹੀ ਅਸਮਾਨੁ ਗਿਰਾਵਹਿ ਐਸੇ ਲੋਗਨ ਸਿਉ ਕਿਆ ਕਹੀਐ" ਚੇਤੇ ਆ ਗਏ। ਉਹਨੇ ਇਸ ਫੰਧੇ ਵਿਚ ਫਸਣ ਦੀ ਥਾਂ ਸਿਆਣਪ ਤੋਂ ਕੰਮ ਲੈਂਦਿਆਂ ਕੁਝ ਹੋਰ ਲੇਖਕਾਂ ਨੂੰ ਵੀ ਬੁਲਾਏ ਜਾਣ ਦਾ ਸੁਝਾਅ ਭੇਜ ਦਿੱਤਾ ਤਾਂ ਜੋ ਸੱਚਮੁੱਚ ਦਾ ਸੰਵਾਦ ਹੋ ਸਕੇ, ਪਰ ਸੰਵਾਦ ਹੀ ਤਾਂ ਹੈ ਜੋ ਮੋਦੀ ਜੀ ਨੂੰ ਵਾਰਾ ਨਹੀਂ ਖਾਂਦਾ! ਇਸ ਕਰ ਕੇ ਬਿਚਾਰੇ ਮੁਨੱਵਰ ਰਾਣਾ ਦੀ ਚਾਹ ਦੀ ਪਿਆਲੀ ਵੀ ਅਣਪੀਤੀ ਹੀ ਰਹਿ ਗਈ!


ਜਿਥੇ ਸੰਵਾਦ ਦੀ ਸੰਭਾਵਨਾ ਦਾ ਅੰਤ ਹੁੰਦਾ ਹੈ, ਉਥੇ ਹਿੰਸਾ ਦਾ ਆਰੰਭ ਹੁੰਦਾ ਹੈ। ਹਿੰਸਾ ਦੋ ਕਿਸਮਾਂ ਦੀ ਹੁੰਦੀ ਹੈ, ਸ਼ਬਦੀ ਤੇ ਸਰੀਰਕ। ਭਾਰਤ ਦੇ ਵਿਹੜੇ ਹੁਣ ਦੋਵਾਂ ਕਿਸਮਾਂ ਦੀ ਹਿੰਸਾ ਤਾਂਡਵ ਨੱਚ ਰਹੀ ਹੈ। ਸ਼ਬਦੀ ਹਿੰਸਾ ਦੇਸ ਦਾ ਮਾਣ ਸਮਝੇ ਜਾਣ ਦੇ ਹੱਕਦਾਰ ਲੇਖਕਾਂ, ਬੁੱਧੀਮਾਨਾਂ ਤੇ ਕਲਾਕਾਰਾਂ ਨੂੰ ਗਾਲੀ-ਗਲੋਚ ਤੇ ਧਮਕੀਆਂ ਦਾ ਰੂਪ ਧਾਰ ਰਹੀ ਹੈ ਅਤੇ ਸਰੀਰਕ ਹਿੰਸਾ ਉਨ੍ਹਾਂ ਦੇ ਮੂੰਹ ਕਾਲੇ ਕਰਨ ਤੋਂ ਲੈ ਕੇ ਧੌਣਾਂ ਉੱਤੇ ਛੁਰੀਆਂ ਫੇਰ ਰਹੀ ਹੈ।

---

**ਖੇਡ ਸੰਸਾਰ**

# ਭਾਰਤੀ ਹਾਕੀ ਦਾ ਅੱਗਾ ਤੇ ਪਿੱਛਾ

28 ਨਵੰਬਰ ਤੋਂ 6 ਦਸੰਬਰ ਤਕ ਖੇਡੀ ਗਈ ਵਰਲਡ ਹਾਕੀ ਲੀਗ ਵਿਚ ਭਾਰਤੀ ਟੀਮ ਨੇ ਤੀਜੇ ਸਥਾਨ ਉਤੇ ਆ ਕੇ ਉਲੰਪਿਕ ਖੇਡਾਂ ਵਿਚ ਜਿੱਤ ਮੰਚ 'ਤੇ ਚੜ੍ਹਨ ਦੀ ਆਸ ਫਿਰ ਜਗਾ ਦਿੱਤੀ ਹੈ, ਪਰ ਇਹਦੇ ਲਈ ਉਚੇਚੇ ਯਤਨ ਲਗਾਤਾਰ ਜਾਰੀ ਰੱਖਣੇ ਪੈਣਗੇ। 1928 ਤੋਂ 56 ਤਕ ਭਾਰਤੀ ਹਾਕੀ ਟੀਮ ਵਿਸ਼ਵ ਦੀ ਸਿਰਮੌਰ ਟੀਮ ਸੀ। ਇਹ ਉਲੰਪਿਕ ਖੇਡਾਂ ਦਾ ਲਗਾਤਾਰ ਛੇ ਸੋਨ ਤਮਗੇ ਜਿੱਤੀ। ਉਦੋਂ ਭਾਰਤੀ ਟੀਮ ਨੇ ਇਕ ਮੈਚ ਵਿਚ ਅਮਰੀਕਾ ਦੀ ਟੀਮ ਸਿਰ 24



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਗੋਲ ਕਰ ਦਿੱਤੇ ਸਨ, ਪਰ ਪਿਛਲੇ 35 ਸਾਲਾਂ ਵਿਚ ਉਲੰਪਿਕ ਖੇਡਾਂ, ਚੈਂਪੀਅਨਜ਼ ਟਰਾਫ਼ੀ ਤੇ ਵਰਲਡ ਹਾਕੀ ਕੱਪ 'ਚੋਂ ਕਾਂਸੀ ਦਾ ਮੈਡਲ ਵੀ ਭਾਰਤੀ ਟੀਮ ਨੇ ਨਹੀਂ ਜਿੱਤਿਆ। ਬੀਜਿੰਗ ਦੀਆਂ ਉਲੰਪਿਕ ਖੇਡਾਂ ਸਮੇਂ ਤਾਂ ਇਹ ਕੁਆਲੀਫਾਈ ਵੀ ਨਹੀਂ ਸੀ ਕਰ ਸਕੀ।

ਭਾਰਤ ਵਿਚ ਹਾਕੀ ਅੰਗਰੇਜ਼ ਲਿਆਏ ਸਨ। ਚਾਰ ਹਜ਼ਾਰ ਸਾਲ ਪਹਿਲਾਂ ਹਾਕੀ ਵਰਗੀ ਖੇਡ ਮਿਸਰ ਵਿਚ ਖੇਡੀ ਜਾਂਦੀ ਸੀ। ਉਥੋਂ ਇਹ ਇਰਾਨ ਆਈ, ਯੂਨਾਨ ਗਈ ਤੇ ਫਿਰ ਰੋਮਨਾਂ ਵਿਚ ਪ੍ਰਚਲਿਤ ਹੋਈ। ਰੋਮਨਾਂ ਨੇ ਇਹਦਾ ਨਾਂ 'ਪਗਨੇਸ਼ੀਆ' ਰੱਖਿਆ ਤੇ ਉਹ ਇਹਨੂੰ ਯੂਰਪ ਦੇ ਹੋਰ ਮੁਲਕਾਂ ਵਿਚ ਲੈ ਗਏ। ਆਇਰਲੈਂਡ ਵਾਲੇ ਇਸ ਨੂੰ 'ਹਰਲੇ' ਕਹਿਣ ਲੱਗੇ ਤੇ ਸਕਾਟਲੈਂਡ ਵਾਲੇ 'ਸ਼ਿੰਟੀ'। ਫਰਾਂਸ ਵਿਚ ਇਸ ਨੂੰ 'ਹੌਕਿਟ' ਕਿਹਾ ਜਾਣ ਲੱਗਾ। ਇੰਗਲੈਂਡ 'ਚ ਪਹਿਲਾਂ ਇਸ ਦਾ ਨਾਂ 'ਕਾਮਕ' ਰੱਖਿਆ ਗਿਆ ਤੇ ਪਿੱਛੋਂ 'ਬੈਂਡੀ'। 'ਹਾਕੀ' ਨਾਂ ਪਹਿਲੀ ਵਾਰ 1838 ਵਿਚ ਵਰਤਿਆ ਗਿਆ।

ਉਨੀਵੀਂ ਸਦੀ ਦੇ ਅਖ਼ੀਰ ਵਿਚ ਬ੍ਰਿਟਿਸ਼ ਹਾਕੀ ਐਸੋਸੀਏਸ਼ਨ ਬਣੀ ਅਤੇ 1894 ਵਿਚ ਇੰਗਲੈਂਡ ਤੇ ਆਇਰਲੈਂਡ ਵਿਚਕਾਰ ਹਾਕੀ ਮੈਚ ਹੋਇਆ। 1900 ਵਿਚ ਕੌਮਾਂਤਰੀ ਹਾਕੀ ਬੋਰਡ ਦੀ ਸਥਾਪਨਾ ਹੋਈ ਜਿਸ ਦੇ ਦਸ ਦੇਸ਼ ਮੈਂਬਰ ਬਣੇ। ਕੌਮਾਂਤਰੀ ਹਾਕੀ ਫੈਡਰੇਸ਼ਨ 1924 'ਚ ਬਣੀ ਜਿਸ ਦਾ ਛੋਟਾ ਨਾਂ ਐੱਫ.ਆਈ.ਐੱਚ. ਹੈ। ਹੁਣ ਇਸ ਦੇ 130 ਦੇਸ਼ ਮੈਂਬਰ ਹਨ। 1908 ਵਿਚ ਲੰਡਨ ਦੀਆਂ ਉਲੰਪਿਕ ਖੇਡਾਂ 'ਚ ਹਾਕੀ ਪਹਿਲੀ ਵਾਰ ਖੇਡੀ ਗਈ ਤੇ ਗੋਲਡ ਮੈਡਲ ਇੰਗਲੈਂਡ ਦੀ ਟੀਮ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਉਲੰਪਿਕ ਖੇਡਾਂ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਇੰਗਲੈਂਡ ਫਿਰ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਭਾਰਤ ਵਿਚ ਵੀ ਪੁਚਾ ਦਿੱਤੀ ਸੀ। ਫੌਜੀ ਛਾਉਣੀਆਂ ਵਿਚ ਹਾਕੀ ਦੇ ਮੈਚ ਹੋਣ ਲੱਗ ਪਏ ਸਨ। ਇਥੇ ਹਾਕੀ ਵਰਗੀ ਖੇਡ ਖਿੱਦੋ ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ ਜਿਸ ਕਰ ਕੇ ਹਾਕੀ ਛੇਤੀ ਹੀ ਭਾਰਤੀਆਂ 'ਚ ਮਕਬੂਲ ਹੋ ਗਈ।

1928 ਦੀਆਂ 9ਵੀਆਂ ਉਲੰਪਿਕ ਖੇਡਾਂ ਐਮਸਟਰਡਮ ਵਿਚ ਹੋਈਆਂ ਤਾਂ ਹਾਕੀ ਪੱਕੇ ਤੌਰ 'ਤੇ ਉਲੰਪਿਕ ਖੇਡਾਂ ਵਿਚ ਸ਼ਾਮਲ ਕਰ ਲਈ ਗਈ। ਉਥੇ ਭਾਰਤੀ ਹਾਕੀ ਟੀਮ ਨੇ ਪਹਿਲੀ ਵਾਰ ਉਲੰਪਿਕ ਖੇਡਾਂ ਵਿਚ ਭਾਗ ਲਿਆ ਤੇ ਸੋਨੇ ਦਾ ਤਮਗਾ ਜਿੱਤਿਆ। 1932 ਵਿਚ ਲਾਸ ਏਂਜਲਸ, 1936 'ਚ ਬਰਲਿਨ, 1948 'ਚ ਲੰਡਨ, 1952 'ਚ ਹੈਲਸਿੰਕੀ ਤੇ 1956 ਵਿਚ ਮੈਲਬਰਨ ਦੀਆਂ ਉਲੰਪਿਕ ਖੇਡਾਂ 'ਚੋਂ ਭਾਰਤੀ ਹਾਕੀ ਟੀਮ ਲਗਾਤਾਰ ਸੋਨੇ ਦੇ ਤਮਗੇ ਜਿੱਤਦੀ ਰਹੀ। 1940 ਤੇ 44 ਦੀਆਂ ਉਲੰਪਿਕ ਖੇਡਾਂ ਦੂਜੀ ਵਿਸ਼ਵ ਜੰਗ ਕਾਰਨ ਨਹੀਂ ਸੀ ਹੋ ਸਕੀਆਂ। ਹੁੰਦੀਆਂ ਤਾਂ ਭਾਰਤੀ ਟੀਮ ਸੋਨੇ ਦੇ ਦੋ ਤਮਗੇ ਹੋਰ ਜਿੱਤਦੀ। ਮੈਲਬਰਨ ਵਿਚ ਭਾਰਤੀ ਟੀਮ ਨੇ 38 ਗੋਲ ਕੀਤੇ ਸਨ ਤੇ ਆਪਣੇ ਸਿਰ ਇਕ ਵੀ ਨਹੀਂ ਸੀ ਹੋਣ ਦਿੱਤਾ।

1960 ਦੀਆਂ ਉਲੰਪਿਕ ਖੇਡਾਂ ਵਿਚ ਭਾਰਤੀ ਟੀਮ ਪਾਕਿਸਤਾਨ ਦੀ ਟੀਮ ਤੋਂ 1-0 ਗੋਲ 'ਤੇ ਹਾਰੀ ਤਾਂ ਭਾਰਤ 'ਚ ਮਾਤਮ ਮਨਾਇਆ ਗਿਆ ਤੇ ਪਾਕਿਸਤਾਨ ਵਿਚ ਢੋਲ ਵੱਜੇ। ਭਾਰਤੀ ਤੇ ਪਾਕਿਸਤਾਨੀ ਲੋਕ ਹਾਕੀ ਨਾਲ ਜਜ਼ਬਾਤੀ ਤੌਰ 'ਤੇ ਜੁੜੇ ਹੋਏ ਸਨ। ਮੈਨੂੰ ਯਾਦ ਹੈ, ਉੱਦਨ ਸਾਡੇ ਸੰਘੋਂ ਰੋਟੀ ਨਹੀਂ ਸੀ ਲੰਘ ਰਹੀ। ਰੋਮ ਦੀ ਹਾਰ ਪਿੱਛੋਂ ਭਾਰਤੀ ਟੀਮ ਨੇ ਜ਼ੋਰਦਾਰ ਤਿਆਰੀ ਕੀਤੀ ਤੇ ਟੋਕੀਓ ਦੀਆਂ ਉਲੰਪਿਕ ਖੇਡਾਂ 'ਚੋਂ ਫਿਰ ਸੋਨੇ ਦਾ ਤਮਗਾ ਜਿੱਤਿਆ। 1966 ਵਿਚ ਏਸ਼ਿਆਈ ਖੇਡਾਂ ਦਾ ਸੋਨ ਤਮਗਾ ਵੀ ਜਿੱਤ ਲਿਆ। ਉਦੋਂ ਭਾਰਤ ਸੱਚਮੁੱਚ ਹਾਕੀ ਦਾ ਸਰਦਾਰ ਸੀ। ਜੂੜਿਆਂ ਵਾਲੇ ਦਸ ਸਰਦਾਰ ਬੈਂਕਾਕ ਦੇ ਮੈਦਾਨ 'ਚ ਖੇਡੇ। 1975 ਵਿਚ ਭਾਰਤੀ ਟੀਮ ਨੇ ਵਿਸ਼ਵ ਹਾਕੀ ਕੱਪ ਜਿੱਤਿਆ ਤੇ 1980 ਵਿਚ ਮਾਸਕੋ ਦੀਆਂ ਉਲੰਪਿਕ ਖੇਡਾਂ 'ਚੋਂ ਸੋਨੇ ਦਾ ਤਮਗਾ ਹਾਸਲ ਕੀਤਾ। ਇਹ ਤਮਗਾ ਆਸਟ੍ਰੇਲੀਆ, ਪਾਕਿਸਤਾਨ, ਹਾਲੈਂਡ, ਜਰਮਨੀ ਤੇ ਨਿਊਜ਼ੀਲੈਂਡ ਦੀਆਂ ਟੀਮਾਂ ਦੇ ਬਾਈਕਾਟ ਕਾਰਨ ਭਾਰਤ ਦੇ ਹੱਥ ਆਇਆ। ਪਿਛਲੇ ਪੈਂਤੀ ਸਾਲਾਂ ਤੋਂ ਭਾਰਤੀ ਟੀਮ ਉਲੰਪਿਕ, ਵਰਲਡ ਕੱਪ ਜਾਂ ਚੈਂਪੀਅਨਜ਼ ਟਰਾਫ਼ੀ ਦੇ ਜਿੱਤ ਮੰਚ 'ਤੇ ਇਕ ਵਾਰ ਵੀ ਨਹੀਂ ਚੜ੍ਹ ਸਕੀ।

ਸੁਆਲ ਪੈਦਾ ਹੁੰਦਾ ਹੈ ਕਿ ਸ਼ਾਨਦਾਰ ਪਿਛੋਕੜ ਰੱਖਦੀ ਭਾਰਤੀ ਹਾਕੀ ਨੂੰ ਹੋ ਕੀ ਗਿਆ? ਉਲੰਪਿਕ ਖੇਡਾਂ ਦੇ ਸੋਨ ਤਮਗੇ ਇਹਨੇ ਉਦੋਂ ਜਿੱਤਣੇ ਸ਼ੁਰੂ ਕੀਤੇ ਜਦੋਂ ਮੁਲਕ ਅੰਗਰੇਜ਼ਾਂ ਦਾ ਗੁਲਾਮ ਸੀ। ਭਾਰਤ ਆਜ਼ਾਦ ਹੋਇਆ ਤਾਂ ਇਸ ਦਾ ਹਾਕੀ ਖੇਡਣ ਵਾਲਾ ਕਾਫੀ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ, ਪਰ ਭਾਰਤ ਫਿਰ ਵੀ ਜਿੱਤਦਾ ਰਿਹਾ। ਫਿਰ ਪਾਕਿਸਤਾਨ ਦੀ ਹਾਕੀ ਟੀਮ ਜਿੱਤਣ ਲੱਗੀ ਤਾਂ ਸੋਚਿਆ, ਚਲੋ ਪਾਕਿਸਤਾਨ ਵੀ ਤਾਂ ਪਹਿਲਾਂ ਹਿੰਦੋਸਤਾਨ ਹੀ ਹੁੰਦਾ ਸੀ, ਪਰ ਹੁਣ ਨਾ ਪਾਕਿਸਤਾਨ ਜਿੱਤ ਰਿਹੈ ਤੇ ਨਾ ਭਾਰਤ, ਸਗੋਂ ਉਹ ਮੁਲਕ ਜਿੱਤ ਰਹੇ ਨੇ ਜਿਹੜੇ ਕਦੇ ਹਾਕੀ ਵਿਚ ਬਹੁਤ ਪਿੱਛੇ ਸਨ।

ਬਰੀਕੀ ਨਾਲ ਘੋਖ ਕਰੀਏ ਤਾਂ ਭਾਰਤ ਦੀਆਂ ਹਾਕੀ ਟੀਮਾਂ ਉਦੋਂ ਸੋਨ ਤਮਗੇ ਜਿੱਤਦੀਆਂ ਰਹੀਆਂ ਜਦੋਂ ਘੱਟ ਮੁਲਕ ਹਾਕੀ ਖੇਡਦੇ ਸਨ ਜਾਂ ਭਾਰਤ ਵਾਂਗ ਸ਼ਿੱਦਤ ਨਾਲ ਹਾਕੀ ਨਹੀਂ ਸਨ ਖੇਡਦੇ।

(ਬਾਕੀ ਅਗਲੇ ਸਫੇ 'ਤੇ)

# ਥਾਲੈ ਵਿਚ ਤੈ ਵਸਤੂ ਪਈਓ...

**ਗੁਰਬਾਣੀ ਗਿਆਨ**

ਕਸ਼ਮੀਰਾ ਸਿੰਘ

'ਸੋਰਠਿ ਕੀ ਵਾਰ ਮਹਲਾ ੪॥' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 645 ਉਤੇ ਗੁਰੂ ਅਮਰਦਾਸ ਦਾ ਇੱਕ ਸ਼ਲੋਕ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਥਾਲ ਵਿਚ ਤਿੰਨ ਵਸਤੂਆਂ ਪਈਆਂ ਹਨ। ਗੁਰੂ ਸਾਹਿਬ ਨੇ ਇੱਥੇ ਕਿਸ ਥਾਲ ਦੀ ਗੱਲ ਕੀਤੀ ਹੈ ਤੇ ਉਹ ਥਾਲ ਕਿੱਥੇ ਹੈ? ਤਿੰਨ ਵਸਤੂਆਂ ਕਿਹੜੀਆਂ ਹਨ? ਇਸ ਪ੍ਰਸ਼ਨ ਦਾ ਉਤਰ ਲੱਭਣ ਦਾ ਯਤਨ ਕੀਤਾ ਗਿਆ ਹੈ।

ਗੁਰੂ ਅਰਜੁਨ ਦੇਵ ਦੀ ਇੱਕ ਰਚਨਾ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1429 ਉਪਰ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਸਬੰਧੀ 'ਮੁੰਦਾਵਣੀ ਮਹਲਾ ੫॥' ਦੇ ਸਿਰਲੇਖ ਹੇਠ ਦਰਜ ਹੈ ਜੋ ਅੰਗ 645 ਉਤੇ ਲਿਖੀ ਤੀਜੇ ਪਾਤਿਸ਼ਾਹ ਵਲੋਂ ਕੀਤੀ ਰਚਨਾ (ਥਾਲੈ ਵਿਚਿ ਤੈ ਵਸਤੂ ਪਈਓ) ਨਾਲ ਮਿਲਦੀ-ਜੁਲਦੀ ਹੈ, ਅਤੇ ਪਿੱਛੋਂ ਇੱਕ ਸ਼ਲੋਕ (ਤੇਰਾ ਕੀਤਾ ਜਾਤੋ ਨਾਹੀ॥) ਧੰਨਵਾਦ ਵਜੋਂ ਲਿਖਿਆ ਗਿਆ ਹੈ ਜਿਸ ਤੋਂ ਅੱਗੇ ਕੋਈ ਹੋਰ ਰਚਨਾ ਦਰਜ ਨਹੀਂ ਹੋ ਸਕਦੀ ਕਿਉਂਕਿ ਸੰਪੂਰਨਤਾ ਕਰ ਦਿੱਤੀ ਗਈ ਹੈ।

'ਮੁੰਦਾਵਣੀ' ਦੇ ਸਿਰਲੇਖ ਵਾਲੀ ਰਚਨਾ ਵਿਚ ਲਿਖੀ 'ਥਾਲ ਵਿਚਿ ਤਿੰਨਿ ਵਸਤੂ ਪਈਓ' ਵਾਲੀ ਪੰਕਤੀ ਦੇ ਅਰਥ ਕਰਦਿਆਂ ਇੱਕ ਵਿਦਵਾਨ ਸਿੱਖ ਪ੍ਰਚਾਰਕ ਨੇ ਟੀ.ਵੀ. ਉਤੇ 'ਥਾਲ' ਸ਼ਬਦ ਦੇ ਅਰਥ 'ਗੁਰੂ ਗ੍ਰੰਥ ਸਾਹਿਬ' ਨਾਲ ਸਬੰਧਤ ਕੀਤੇ ਸਨ। ਅਰਥ ਸੁਣ ਕੇ ਦਾਸ ਦੇ ਬੀ.ਐਸਸੀ. ਕੋਰਸ ਦੇ ਇੱਕ ਫਿਜ਼ਿਕਸ (ਭੌਤਿਕ ਵਿਗਿਆਨ) ਦੇ ਕੈਲੀਫੋਰਨੀਆ ਵਿਚ ਰਹਿੰਦੇ ਪ੍ਰੋਫੈਸਰ ਉਸਤਾਦ ਵਲੋਂ ਇਸ ਤਰ੍ਹਾਂ ਕੀਤੇ ਅਰਥ ਦੀ ਖੋਜ-ਵਿਚਾਰ ਲਈ ਟੈਲੀਫੋਨ 'ਤੇ ਗੱਲਬਾਤ ਵੀ ਹੋਈ, ਕਿਉਂਕਿ ਉਸਤਾਦ ਜੀ ਵਿਗਿਆਨ ਦੇ ਪ੍ਰੋਫੈਸਰ ਹੋਣ ਦੇ ਨਾਲ-ਨਾਲ ਗੁਰਬਾਣੀ ਵਿਚ ਸੱਚ ਦੀ ਖੋਜ ਨਾਲ ਵੀ ਸੁਰਤੀ ਜੋੜੀ ਰੱਖਦੇ ਹਨ।

ਕੀ 'ਥਾਲ' ਸ਼ਬਦ ਪ੍ਰਾਣੀ ਦੇ ਅੰਦਰ ਦੀ ਅਵਸਥਾ ਲਈ ਹੈ ਜਾਂ ਗੁਰੂ ਗ੍ਰੰਥ ਸਾਹਿਬ ਲਈ? ਗੁਰੂ ਅਮਰਦਾਸ ਵਲੋਂ ਉਚਾਰਿਆ ਸ਼ਲੋਕ ਇਸ ਖੋਜ ਵਿਚ ਬਹੁਤ ਸਹਾਇਕ ਹੈ। ਇਥੇ ਪਾਠਕਾਂ ਦੀ ਜਾਣਕਾਰੀ ਲਈ ਦੋਹਾਂ ਰਚਨਾਵਾਂ ਵਿਚੋਂ ਜ਼ਰੂਰੀ ਪੰਕਤੀਆਂ ਹੇਠ ਲਿਖੇ ਅਨੁਸਾਰ ਹਨ:

ਸਲੋਕੁ ਮ:੩॥
ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥...
ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿਧਾਰਿ॥...
ਜਿਸੁ ਬੁਝਾਏ ਸੋ ਬੁਝਸੀ...॥੧॥੮॥
ਮੁੰਦਾਵਣੀ ਮਹਲਾ ੫॥
ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥...
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ॥
ਤਮ... ....ਪਸਾਰੋ॥੧॥

ਇਨ੍ਹਾਂ ਦੋਹਾਂ ਰਚਨਾਵਾਂ ਵਿਚ ਮਜ਼ਮੂਨ, ਖ਼ਿਆਲਾਂ ਅਤੇ ਲਫ਼ਜ਼ਾਂ ਦੀ ਅਦੁੱਤੀ ਸਾਂਝ ਹੈ। ਇਹ ਸਾਂਝ ਇਹ ਵੀ ਪ੍ਰਗਟ ਕਰਦੀ ਹੈ ਕਿ ਤੀਜੇ ਪਾਤਿਸ਼ਾਹ ਦੀ ਬਾਣੀ ਚੌਥੇ ਗੁਰੂ ਦੀ ਰਾਹੀਂ ਗੁਰ-ਗੱਦੀ ਸੌਂਪਣ ਸਮੇਂ ਪੰਜਵੇਂ ਗੁਰੂ ਪਾਤਿਸ਼ਾਹ ਦੀ ਸਪੁਰਦਗੀ ਵਿਚ ਆ ਗਈ ਸੀ ਤੇ ਉਨ੍ਹਾਂ ਨੂੰ ਦੂਰ-ਦੁਰਾਡੇ ਆਪਣੇ ਹੁਕਮ ਭੇਜ ਕੇ ਬਾਣੀ ਇਕੱਠੀ ਕਰਨ ਦੀ ਕੋਈ ਲੋੜ ਨਹੀਂ ਪਈ ਸੀ, ਭਾਵੇਂ ਕਵੀਆਂ ਨੇ ਅਯੋਗ ਹੀ ਅਜਿਹਾ ਲਿਖਿਆ ਹੋਇਆ ਹੈ। ਤੀਜੇ ਗੁਰੂ ਜੀ ਦੀ ਬਾਣੀ ਵਿਚੋਂ 'ਮੁਦਾਵਣੀ' ਵਾਲਾ ਸ਼ਲੋਕ ਪੜ੍ਹ ਕੇ ਪੰਜਵੇਂ ਗੁਰੂ ਜੀ ਨੇ 'ਮੁੰਦਾਵਣੀ ਮਹਲਾ ਪੰਜਵਾਂ' ਦੀ ਰਚਨਾ ਕੀਤੀ ਸੀ। ਅਨੇਕਾਂ ਹੋਰ ਪ੍ਰਮਾਣ ਹਨ ਜੋ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਪੰਜਵੇਂ ਗੁਰੂ ਜੀ ਕੋਲ ਗੁਰ-ਗੱਦੀ ਸਮੇਂ ਪਹਿਲਾਂ ਦੀ ਲਿਖੀ ਸਾਰੀ ਬਾਣੀ, ਭਗਤ-ਬਾਣੀ ਸਮੇਤ, ਮੌਜੂਦ ਸੀ ਜੋ ਪਹਿਲੇ ਗੁਰੂ ਜੀ ਤੋਂ ਅਗਾਂਹ ਸਿਲਸਿਲੇਵਾਰ ਬਾਕੀ ਗੁਰੂ ਪਾਤਿਸ਼ਾਹਾਂ ਕੋਲੋਂ ਹੁੰਦੀ ਹੋਈ ਪੰਜਵੇਂ ਪਾਤਿਸ਼ਾਹ ਕੋਲ ਪਹੁੰਚੀ ਸੀ।

'ਮੁਦਾਵਣੀ' ਅਤੇ 'ਮੁੰਦਾਵਣੀ' ਦੋਹਾਂ ਸ਼ਬਦਾਂ ਦਾ ਅਰਥ ਸਮਾਨ ਹੈ; ਜਿਵੇਂ 'ਗੋਬਿਦ' ਤੇ 'ਗੋਬਿੰਦ' ਅਤੇ 'ਅਨਦੁ' ਤੇ 'ਅਨੰਦੁ' ਸ਼ਬਦਾਂ ਦਾ।

ਸੰਸਕ੍ਰਿਤ ਦੇ ਸ਼ਬਦ 'ਮੋਦਯਤਿ' ਦਾ ਅਰਥ ਹੈ- ਪ੍ਰਸੰਨਤਾ ਦੇਣੀ, ਜਿਸ ਤੋਂ 'ਮੁਦਾਵਣੀ' ਜਾਂ 'ਮੁੰਦਾਵਣੀ' ਸ਼ਬਦ ਬਣਿਆ ਹੈ। ਦੋਹਾਂ ਰਚਨਾਵਾਂ ਵਿਚ ਇਹ ਸ਼ਬਦ ਹਰੀ ਨਾਮ-ਵਸਤੂ ਲਈ ਵਰਤਿਆ ਗਿਆ ਹੈ ਜੋ ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ ਜਾਂ ਵੱਥੁ ਹੈ। ਦੋਵੇਂ ਥਾਂਵਾਂ 'ਤੇ ਇਹ ਸ਼ਬਦ ਇਸਤਰੀ-ਲਿੰਗ ਰੂਪ ਵਿਚ ਹੈ। ਤੀਜੇ ਪਾਤਿਸ਼ਾਹ ਜੀ ਨੇ 'ਤੈ ਵਸਤੂ ਪਈਓ' ਕੇਵਲ ਸੰਕੇਤ ਮਾਤ੍ਰ ਹੀ ਲਿਖਿਆ ਸੀ, ਪਰ ਨਾਲ ਹੀ ਇਹ ਵੀ ਲਿਖ ਦਿੱਤਾ ਸੀ, 'ਨਾਨਕ ਜਿਸੁ ਬੁਝਾਏ ਸੋ ਬੁਝਸੀ'; ਭਾਵ, ਜਿਸ ਨੂੰ ਹਰੀ ਸੋਝੀ ਬਖ਼ਸ਼ੇਗਾ, ਉਹੀ ਬੁੱਝੇਗਾ।

ਪੰਚਮ ਪਾਤਿਸ਼ਾਹ ਨੇ ਕਿਰਪਾ ਕਰ ਕੇ 'ਤੈ ਵਸਤੂ ਪਈਓ' ਦੇ ਭਾਵ ਦਾ 'ਮੁੰਦਾਵਣੀ ਮਹਲਾ ੫' ਵਿਚ ਖੁਲਾਸਾ ਕਰ ਦਿੱਤਾ ਹੈ। ਇਹ ਤਿੰਨ ਵਸਤੂਆਂ (ਤੈ ਵਸਤੂ) ਹਨ- ਸਤੁ (ਉਚਾ ਸੁੱਚਾ ਜੀਵਨ), ਸੰਤੋਖੁ ਅਤੇ ਵੀਚਾਰ (ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਬਾਣੀ ਦੇ ਸ਼ਬਦਾਂ ਦੀ ਵਿਚਾਰ ਜਿਸ ਨਾਲ ਆਤਮਕ ਜੀਵਨ ਦੀ ਸੂਝ-ਬੂਝ ਮਿਲਦੀ ਹੈ)। ਸਬੰਧਤ ਤੁਕਾਂ ਇਹ ਹਨ:

ਸਲੋਕੁ ਮ: ੩॥
ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ॥

ਅਰਥ- ਪ੍ਰਾਣੀ ਦੇ ਅੰਦਰ ਹਰੀ ਨਾਮ ਅੰਮ੍ਰਿਤ ਰੂਪੀ ਸਿਮਰਨ ਦਾ ਸ੍ਰੇਸ਼ਟ ਭੋਜਨ ਪਿਆ ਹੈ ਜੋ ਉਸ ਅੰਦਰ ਤਿੰਨ ਗੁਣ ਪੈਦਾ ਕਰਦਾ ਹੈ।

ਮੁੰਦਾਵਣੀ ਮਹਲਾ ੫॥
ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥

ਅਰਥ- ਉਸ ਪ੍ਰਾਣੀ ਦੇ ਅੰਦਰ ਤਿੰਨ ਗੁਣ- ਸਤੁ, ਸੰਤੋਖ ਅਤੇ ਸ਼ਬਦ ਵਿਚਾਰ, ਪ੍ਰਗਟ ਹੋ ਜਾਂਦੇ ਹਨ ਜਿਸ ਦੇ ਅੰਦਰ ਠਾਕੁਰ ਹਰੀ ਪ੍ਰਭੂ ਦੀ ਯਾਦ ਬਣੀ ਰਹਿੰਦੀ ਹੈ ਜੋ ਸਭ ਵਸਤੂਆਂ ਦਾ ਆਧਾਰ ਹੈ। ਇਨ੍ਹਾਂ ਵਸਤੂਆਂ ਦਾ ਆਧਾਰ ਹਰੀ ਪ੍ਰਭੂ ਦਾ ਸਿਮਰਨ ਹੈ ਜਿਸ ਦੇ ਪ੍ਰਾਣੀ ਦੇ ਯਾਦਾਂ ਵਿਚ ਵਸਣ ਨਾਲ ਇਹ ਤਿੰਨ ਵਸਤੂਆਂ ਗੁਣ ਰੂਪ ਵਿਚ ਅੰਦਰ ਆ ਵਸਦੀਆਂ ਹਨ। ਇਨ੍ਹਾਂ ਤਿੰਨਾਂ ਵਸਤੂਆਂ ਦਾ ਲਾਭ ਉਸ ਪ੍ਰਾਣੀ ਨੂੰ ਹੋਣਾ ਹੈ ਜਿਸ ਨੇ ਪ੍ਰਭੂ ਦੀ ਯਾਦ ਨੂੰ ਆਪਣੇ ਅੰਦਰ ਟਿਕਾਉਣਾ ਹੈ। ਇਹ ਤਿੰਨ ਵਸਤੂਆਂ ਵੀ ਉਸ ਪ੍ਰਾਣੀ ਅੰਦਰ ਪ੍ਰਗਟ ਹੋਣੀਆਂ ਹਨ ਜਿਸ ਨੇ ਪ੍ਰਭੂ ਦਾ ਸਿਮਰਨ ਕਰਨਾ ਹੈ। ਸਤੁ, ਸੰਤੋਖੁ ਅਤੇ ਵੀਚਾਰ ਵਾਲੇ ਗੁਣ ਕਿਉਂਕਿ ਸਿਮਰਨ ਕਰਨ ਵਾਲੇ ਦੇ ਅੰਦਰ ਪ੍ਰਗਟ ਹੋਣੇ ਹਨ, ਇਸ ਲਈ ਉਸ ਪ੍ਰਾਣੀ ਦਾ ਅੰਦਰ ਹੀ, ਭਾਵ ਮਨ ਹੀ ਇਨ੍ਹਾਂ ਵਸਤੂਆਂ ਵਾਸਤੇ ਥਾਲ ਬਣ ਜਾਣਾ ਹੈ। ਥਾਲ ਬਾਹਰ ਨਹੀਂ ਹੋ ਸਕਦਾ। ਵਸਤੂਆਂ ਦਾ ਲਾਭ ਪ੍ਰਾਣੀ ਦੇ ਅੰਦਰ ਪ੍ਰਗਟ ਹੋਣਾ ਹੈ ਤਾਂ ਵਸਤੂਆਂ ਨੂੰ ਸੰਭਾਲਣ ਲਈ ਥਾਲ ਵੀ ਅੰਦਰ ਹੀ ਹੋਵੇਗਾ। ਦੋਹਾਂ ਰਚਨਾਵਾਂ ਵਿਚ ਇਸੇ ਖ਼ਿਆਲ ਦਾ ਪ੍ਰਗਟਾਅ ਹੈ। ਗੁਰੂ ਅਮਰਦਾਸ 'ਸਲੋਕੁ ਮ:੩॥' ਵਿਚ ਲਿਖਦੇ ਹਨ:

ਸਲੋਕੁ ਮ: ੩॥
ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ॥

ਅਰਥ- ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ (ਮੁਦਾਵਣੀ/ਮੁੰਦਾਵਣੀ) ਨੂੰ ਆਪਣੇ ਅੰਦਰੋਂ, ਭਾਵ ਯਾਦਾਂ ਵਿਚੋਂ ਕਿਸ ਵਾਸਤੇ ਬਾਹਰ ਕੱਢੀਐ ਭਾਈ! ਇਸ ਨੂੰ ਤਾਂ ਸਦਾ ਹੀ ਆਪਣੇ ਅੰਦਰ (ਉਰਿ-ਹਿਰਦੇ ਵਿਚ, ਯਾਦਾਂ ਵਿਚ ਅਤੇ ਧਾਰਿ- ਟਿਕਾ ਕੇ) ਟਿਕਾ ਕੇ ਰੱਖਣਾ ਬਣਦਾ ਹੈ ਤਾਂ ਹੀ ਸਤੁ, ਸੰਤੋਖ ਅਤੇ ਸ਼ਬਦ ਵੀਚਾਰ ਦੇ ਗੁਣ ਅੰਦਰ ਪੈਦਾ ਹੋ ਸਕਣਗੇ। 'ਉਰਿ ਧਾਰਿ' ਲਫ਼ਜ਼ ਗੁਰੂ ਗ੍ਰੰਥ ਸਾਹਿਬ ਬਾਰੇ ਕਦਾਚਿੱਤ ਨਹੀਂ ਹੋ ਸਕਦੇ ਤੇ ਇਸੇ ਕਰ ਕੇ ਹੀ ਗੁਰੂ ਗ੍ਰੰਥ ਸਾਹਿਬ ਨੂੰ 'ਥਾਲ' ਨਹੀਂ ਕਿਹਾ ਜਾ ਸਕਦਾ, ਕਿਉਂਕਿ 'ਥਾਲ' ਦਾ ਸਬੰਧ ਸਿਮਰਨ ਕਰਨ ਵਾਲੇ ਪ੍ਰਾਣੀ ਨਾਲ ਹੈ। ਗੁਰੂ ਅਮਰਦਾਸ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਵੀ ਨਹੀਂ ਹੋਇਆ ਸੀ ਜਿਸ ਕਾਰਨ ਉਨ੍ਹਾਂ 'ਥਾਲ' ਸ਼ਬਦ ਸਿਮਰਨ ਕਰਨ ਵਾਲੇ ਪ੍ਰਾਣੀ ਲਈ ਹੀ ਵਰਤਿਆ ਹੈ।

ਗੁਰੂ ਅਰਜਨ ਦੇਵ ਇਹੋ ਖ਼ਿਆਲ ਪ੍ਰਗਟ ਕਰਦਿਆਂ ਲਿਖਦੇ ਹਨ:

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖਿ ਉਰਿ ਧਾਰੋ॥

ਅਰਥ- ਆਤਮਕ ਜੀਵਨ ਦੇਣ ਵਾਲੀ ਇਹ ਹਰੀ ਨਾਮ-ਰੂਪ ਵਸਤੂ (ਮੁਦਾਵਣੀ/ਮੁੰਦਾਵਣੀ) ਕਿਸੇ ਤਰ੍ਹਾਂ ਵੀ ਮਨ ਤੋਂ ਲਾਂਭੇ ਨਹੀਂ ਕੀਤੀ ਜਾ ਸਕਦੀ। ਹੇ ਭਾਈ! ਇਸ ਨੂੰ ਸਦਾ ਆਪਣੇ ਅੰਦਰ (ਉਰਿ ਧਾਰੋ) ਟਿਕਾ ਕੇ ਰੱਖੋ; ਤਾਂ ਹੀ ਸਤੁ, ਸੰਤੋਖੁ ਅਤੇ ਸ਼ਬਦ ਵੀਚਾਰ ਵਾਲੇ ਗੁਣ ਅੰਦਰ ਪ੍ਰਵੇਸ਼ ਕਰ ਸਕਣਗੇ। ਪੰਚਮ ਪਾਤਸ਼ਾਹ ਵੀ 'ਮੁਦਾਵਣੀ' ਜਾਂ ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ, ਹਰੀ ਨਾਮੁ, ਨੂੰ 'ਆਦਿ ਬੀੜ' ਵਿਚ ਟਿਕਾ ਕੇ ਰੱਖਣ ਲਈ ਨਹੀਂ ਕਹਿੰਦੇ ਸਗੋਂ ਆਪਣੇ ਅੰਦਰ ਟਿਕਾਉਣ ਲਈ ਕਹਿੰਦੇ ਹਨ।

'ਉਰਿਧਾਰੋ' ਦਾ ਅਰਥ ਗੁਰੂ ਗ੍ਰੰਥ ਸਾਹਿਬ ਨਹੀਂ ਹੈ। ਹਰ ਥਾਂ ਰਮੇ ਹੋਏ ਹਰੀ ਨਾਮ ਨੂੰ ਅੰਦਰ ਟਿਕਾਉਣਾ ਹੈ ਤੇ ਤਿੰਨ ਵਸਤੂਆਂ ਦੀ ਸੰਭਾਲ ਲਈ ਮਨ ਨੇ ਹੀ ਥਾਲ ਬਣਨਾ ਹੈ।

ਸਪਸ਼ਟ ਹੈ ਕਿ 'ਥਾਲੈ' ਜਾਂ 'ਥਾਲ' ਸ਼ਬਦ ਦੇ ਅਰਥ ਗੁਰੂ ਗ੍ਰੰਥ ਸਾਹਿਬ ਨਾਲ ਸਬੰਧਤ ਨਹੀਂ ਹਨ, ਸਗੋਂ ਪ੍ਰਾਣੀ ਦੇ ਆਪਣੇ ਮਨ ਨਾਲ ਸਬੰਧਤ ਹਨ ਜਿੱਥੇ ਹਰੀ ਨਾਮ ਸਿਮਰਨ ਨਾਲ ਪੈਦਾ ਹੋਏ ਤਿੰਨ ਗੁਣਾਂ ਨੇ ਟਿਕਣਾ ਹੈ।

# ਭਾਰਤੀ ਹਾਕੀ ਦਾ ਅੱਗਾ ਤੇ ਪਿੱਛਾ

(ਪਿਛਲੇ ਸਫੇ ਦੀ ਬਾਕੀ)

ਉਦੋਂ ਜਿੱਤ-ਮੰਚ 'ਤੇ ਚੜ੍ਹਨਾ ਸੁਖਾਲਾ ਸੀ। 1932 ਵਿਚ ਲਾਸ ਏਂਜਲਸ ਦੀਆਂ ਉਲੰਪਿਕ ਖੇਡਾਂ ਸਮੇਂ ਟੀਮਾਂ ਹੀ ਸਿਰਫ਼ ਤਿੰਨ ਸਨ। ਉਹ ਵੀ ਜਪਾਨ ਤੇ ਮੇਜ਼ਬਾਨ ਅਮਰੀਕਾ ਦੀਆਂ ਜਿਨ੍ਹਾਂ ਸਿਰ ਇੰਡੀਆ ਨੇ 11 ਤੇ 24 ਗੋਲ ਕੀਤੇ। ਹੁਣ ਕੋਈ ਟੀਮ ਇੰਨੀ ਮਾੜੀ ਨਹੀਂ ਹੁੰਦੀ ਕਿ 24 ਗੋਲ ਖਾਵੇ!

ਮੌਂਟਰੀਅਲ ਉਲੰਪਿਕ-1976 ਤੋਂ ਹਾਕੀ ਆਸਟ੍ਰੋ ਟਰਫ 'ਤੇ ਖੇਡੀ ਜਾਣ ਲੱਗੀ ਹੈ। ਹਾਕੀ ਦੇ ਨਿਯਮਾਂ ਵਿਚ ਵੀ ਬੜੀ ਤਬਦੀਲੀ ਆਈ ਹੈ। ਇਹ ਡਰਿਬਲਿੰਗ ਤੇ ਨਿੱਕੇ ਪਾਸਾਂ ਦੀ ਥਾਂ ਜ਼ੋਰਦਾਰ ਹਿੱਟ, ਤੇਜ਼ ਰਫ਼ਤਾਰੀ ਤੇ ਤਾਕਤ ਦੀ ਖੇਡ ਬਣ ਗਈ ਹੈ। ਇਹਦੇ ਲਈ ਸਰੀਰਕ ਤੌਰ 'ਤੇ ਵਧ ਤਕੜੇ ਤੇ ਵਧੇਰੇ ਤੇਜ਼ ਦੌੜਨ ਵਾਲੇ ਖਿਡਾਰੀਆਂ ਦੀ ਲੋੜ ਹੈ। ਪੈਨਲਟੀ ਕਾਰਨਰ ਦੇ ਗੋਲ ਕਰਨ ਲਈ ਬਲਵਾਨ ਬਾਹਾਂ ਚਾਹੀਦੀਆਂ ਹਨ। ਸੱਠ ਮਿੰਟਾਂ ਦੀ ਖੇਡ ਲਈ ਸੌ ਮਿੰਟ ਖੇਡਣ ਦਾ ਦਮ ਚਾਹੀਦੈ। ਨਾਲ ਜੂਝ ਮਰੋ ਤੇ ਨਿਸਚੈ ਕਰ ਆਪਨੀ ਜੀਤ ਕਰੋਂ ਦਾ ਜਜ਼ਬਾ ਵੀ ਹੋਵੇ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਕੁਝ ਸਾਲ ਇਹ ਜਜ਼ਬਾ ਮਘਦਾ ਰਿਹਾ। ਹੁਣ ਇਹ ਜਜ਼ਬਾ ਵੀ ਭਾਰਤ ਦੇ ਸਿਆਸਤਦਾਨਾਂ ਵਰਗਾ ਈ ਮੀਸਣਾ ਹੋ ਗਿਐ!

ਇਸ ਵੇਲੇ ਜਰਮਨੀ ਚੈਂਪੀਅਨਜ਼ ਟਰਾਫੀ ਤੇ ਉਲੰਪਿਕ ਖੇਡਾਂ ਦਾ ਚੈਂਪੀਅਨ ਹੈ। ਆਸਟ੍ਰੇਲੀਆ ਵਰਲਡ ਕੱਪ, ਵਰਲਡ ਕਬੱਡੀ ਲੀਗ ਤੇ ਕਾਮਨਵੈਲਥ ਖੇਡਾਂ ਦਾ ਚੈਂਪੀਅਨ ਅਤੇ ਭਾਰਤ ਏਸ਼ਿਆਈ ਖੇਡਾਂ ਦਾ ਚੈਂਪੀਅਨ ਹੈ। ਹਾਲੈਂਡ, ਬੈਲਜੀਅਮ, ਇੰਗਲੈਂਡ, ਅਰਜਨਟੀਨਾ ਤੇ ਨਿਊਜ਼ੀਲੈਂਡ ਆਦਿ ਬੜੀਆਂ ਤਕੜੀਆਂ ਟੀਮਾਂ ਹਨ। ਭਾਰਤੀ ਖਿਡਾਰੀਆਂ ਦੀ ਖੇਡ ਘਾਹ ਵਾਲੇ ਮੈਦਾਨਾਂ 'ਤੇ ਬਿਹਤਰ ਸੀ ਪਰ ਆਸਟ੍ਰੋ ਟਰਫ ਉਤੇ ਮਾੜੀ ਹੈ। ਕੌਮਾਂਤਰੀ ਹਾਕੀ ਮੈਚ ਕਿਉਂਕਿ ਆਸਟ੍ਰੋ ਟਰਫ ਉਤੇ ਹੀ ਖੇਡੇ ਜਾਂਦੇ ਹਨ, ਇਸ ਲਈ ਲੋੜ ਹੈ ਭਾਰਤ ਵਿਚ ਆਸਟ੍ਰੋ ਟਰਫ ਮੈਦਾਨ ਵਧੇਰੇ ਹੋਣ। ਜੇ ਹੋਰ ਮੁਲਕਾਂ 'ਤੇ ਨਜ਼ਰ ਮਾਰੀਏ ਤਾਂ ਇੰਗਲੈਂਡ ਵਿਚ 1000, ਹਾਲੈਂਡ 'ਚ 625, ਆਸਟ੍ਰੇਲੀਆ 'ਚ 410, ਜਰਮਨੀ 'ਚ 350 ਤੇ ਨਿਊਜ਼ੀਲੈਂਡ ਵਿਚ 80 ਆਸਟ੍ਰੋ ਟਰਫ ਹਾਕੀ ਮੈਦਾਨ ਹਨ। ਵਿਸ਼ਾਲ ਦੇਸ਼ ਭਾਰਤ ਵਿਚ ਇਨ੍ਹਾਂ ਦੀ ਗਿਣਤੀ ਹਾਲਾਂ ਵੀ ਅੱਧਾ ਸੈਂਕੜਾ ਨਹੀਂ ਹੋਈ। ਦੱਖਣੀ ਅਫਰੀਕਾ ਹਾਲੇ ਕੱਲ੍ਹ ਹਾਕੀ ਖੇਡਣ ਲੱਗੀ, ਤੇ ਉਥੇ 58 ਆਸਟ੍ਰੋ ਟਰਫ ਹਨ। ਕੋਰੀਆ ਦੀ ਹਾਕੀ ਵਿਚ ਪਛਾਣ 1986 ਤੋਂ ਬਣੀ ਤੇ ਉਸ ਨੇ ਭਾਰਤ ਤੋਂ ਵੱਧ ਆਸਟ੍ਰੋ ਟਰਫ ਵਿਛਾ ਲਏ ਹਨ।

ਇਕੱਲੇ ਆਸਟ੍ਰੋ ਟਰਫ ਵੀ ਕੁਝ ਨਹੀਂ ਕਰ ਸਕਦੇ, ਜੇ ਇਨ੍ਹਾਂ ਦੀ ਸਦਵਰਤੋਂ ਨਾ ਕੀਤੀ ਜਾਵੇ। ਜੇ ਟਰਫਾਂ ਨੂੰ ਜਿੰਦੇ ਹੀ ਲੱਗੇ ਰਹਿਣ ਤਾਂ ਜਿਹੇ ਬਣਾਏ, ਜਿਹੇ ਨਾ ਬਣਾਏ। ਹਰ ਆਸਟ੍ਰੋ ਟਰਫ ਨਾਲ ਬਚਪਨ ਤੋਂ ਹਾਕੀ ਖਿਡਾਰੀ ਜੋੜੇ ਜਾਣ। ਘੱਟੋਘੱਟ 100 ਆਸਟ੍ਰੋ ਟਰਫਾਂ ਉਤੇ 400 ਟੀਮਾਂ ਦੀ ਕੋਚਿੰਗ ਹੋਵੇ ਯਾਨੀ ਦੇਸ਼ ਭਰ ਚੋਂ 5000 ਹੋਣਹਾਰ ਖਿਡਾਰੀ ਚੁਣੇ ਜਾਣ। ਉਨ੍ਹਾਂ ਦੀ ਖੁਰਾਕ, ਰਿਹਾਇਸ਼ ਤੇ ਪੜ੍ਹਾਈ ਦਾ ਪ੍ਰਬੰਧ ਹੋਵੇ ਅਤੇ 100 ਖ਼ਾਸ ਕੋਚਾਂ ਤੇ ਬਾਕੀ ਆਮ ਕੋਚਾਂ ਰਾਹੀਂ ਕੋਚਿੰਗ ਦਿੱਤੀ ਜਾਵੇ। ਸੌ ਵਿਚੋਂ ਦਸ ਸੈਂਟਰ ਸਪੈਸ਼ਲ ਕੋਚਿੰਗ ਦੇ ਹੋਣ। ਇਹੋ ਜਿਹੇ ਕਾਰਜ ਸੂਝ ਸਿਆਣਪ ਦੇ ਨਾਲ ਕੌਮੀ ਜਜ਼ਬੇ ਅਧੀਨ ਕੀਤੇ ਜਾ ਸਕਦੇ ਹਨ।

ਜਦੋਂ ਦੇਸ਼ ਵਾਸੀਆਂ 'ਚ ਆਜ਼ਾਦੀ ਦਾ ਜਜ਼ਬਾ ਜਾਗਿਆ ਸੀ ਤਾਂ ਜਿੱਤਣ ਲਈ ਖੇਡ ਜਜ਼ਬਾ ਵੀ ਬੁਲੰਦ ਹੋਇਆ ਸੀ। ਹੁਣ ਵੀ ਜੇ ਭਾਰਤੀ ਹਾਕੀ ਨੂੰ ਪਹਿਲਾਂ ਵਾਲੀ ਬੁਲੰਦੀ 'ਤੇ ਪਹੁੰਚਾਉਣਾ ਹੈ ਤਾਂ ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਨ ਮੈ ਤਬ ਜੂਝ ਮਰੋਂ ਵਾਲੇ ਨਿਸਚੈ ਦੀ ਲੋੜ ਹੈ। ਐਸੀ ਤੜਫ ਜਗਾਉਣ ਦੀ ਲੋੜ ਹੈ ਜਿਹੜੀ ਜਿੱਤ-ਮੰਚ 'ਤੇ ਚੜ੍ਹੇ ਬਿਨਾਂ ਚੈਨ ਨਾ ਲੈਣ ਦੇਵੇ!

#

# ਭੂਲੋ ਰਾਵਣੁ ਮੁਗਧੁ ਅਚੇਤਿ

**ਗੁਰਬਾਣੀ ਗਿਆਨ**

**ਗਉੜੀ ਮਹਲਾ ੧**
ਭੂਲੋ ਰਾਵਣੁ ਮੁਗਧੁ ਅਚੇਤਿ॥
ਲੂਟੀ ਲੰਕਾ ਸੀਸ ਸਮੇਤਿ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ॥
ਸਹਸਬਾਹੁ ਮਧੁ ਕੀਟ ਮਹਿਖਾਸਾ॥
ਹਰਣਾਖਸੁ ਲੇ ਨਖਹੁ ਬਿਧਾਸਾ॥
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ॥
ਜਰਾਸੰਧਿ ਕਾਲਜਮੁਨ ਸੰਘਾਰੇ॥
ਰਕਤਬੀਜੁ ਕਾਲੁਨੇਮੁ ਬਿਦਾਰੇ॥
ਦੈਤ ਸੰਘਾਰਿ ਸੰਤ ਨਿਸਤਾਰੇ॥
ਆਪੇ ਸਤਿਗੁਰੁ ਸਬਦਿ ਬੀਚਾਰੇ॥
ਦੂਜੈ ਭਾਇ ਦੈਤ ਸੰਘਾਰੇ॥
ਗੁਰਮੁਖਿ ਸਾਚਿ ਭਗਤਿ ਨਿਸਤਾਰੇ॥
ਬੂਡਾ ਦੁਰਜੋਧਨੁ ਪਤਿ ਖੋਈ॥
ਰਾਮੁ ਨ ਜਾਨਿਆ ਕਰਤਾ ਸੋਈ॥
ਜਨ ਕਉ ਦੂਖਿ ਪਚੈ ਦੁਖੁ ਹੋਈ॥

ਸ੍ਰੀ ਗੁਰੂ ਨਾਨਕ ਦੇਵ ਜੀ ਉਪਦੇਸ਼ ਕਰਦੇ ਹਨ, ਭੂਲੋ ਰਾਵਣੁ ਮੁਗਧੁ ਅਚੇਤਿ, ਹੇ ਭਾਈ! ਲੰਕਾ ਦਾ ਰਾਜਾ ਰਾਵਣ, ਜਿਹਦੇ ਕੋਲ ਦਸਾਂ ਸਿਰਾਂ ਜਿੰਨਾ ਗਿਆਨ ਸੀ ਤੇ ਉਹ ਚਾਰ ਵੇਦਾਂ ਦਾ ਪਾਠੀ ਸੀ, ਫਿਰ ਵੀ ਹੰਕਾਰ ਵਿਚ ਫਸਿਆ ਕੁਰਾਹੇ ਪੈ ਗਿਆ; ਲੂਟੀ ਲੰਕਾ ਸੀਸ ਸਮੇਤਿ, ਰਾਵਣ ਦੇ ਹੰਕਾਰ ਦਾ ਸਿੱਟਾ ਇਹ ਨਿਕਲਿਆ ਕਿ ਲੰਕਾ ਦਾ ਰਾਜ ਵੀ ਗਿਆ ਤੇ ਸਿਰ ਵੀ ਕੱਟਿਆ ਗਿਆ; ਗਰਬਿ ਗਇਆ ਬਿਨੁ ਸਤਿਗੁਰ ਹੇਤਿ, ਗੁਰੂ ਦੀ ਸ਼ਰਨ ਵਿਚ ਨਾ ਪੈਣ ਕਰ ਕੇ।

ਸਹਸਬਾਹੁ ਮਧੁ ਕੀਟ ਮਹਿਖਾਸਾ॥
ਹਰਣਾਖਸੁ ਲੇ ਨਖਹੁ ਬਿਧਾਸਾ॥
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ॥

ਰਾਜਾ ਸਹਸਬਾਹੁ ਕੋਲ ਹਜ਼ਾਰ ਬਾਂਹਾਂ ਜਿੰਨੀ ਤਾਕਤ ਸੀ ਤੇ ਇਹ ਜਮਦਗਨ ਰਿਸ਼ੀ ਦਾ ਸਾਂਢੂ ਸੀ, ਰਿਸ਼ੀ ਕੋਲ ਕਾਮਧੇਨ ਗਾਂ ਸੀ, ਜਿਸ ਨੂੰ ਸਹਸਬਾਹੁ ਜਬਰੀ ਲੈਣਾ ਚਾਹੁੰਦਾ ਸੀ। ਦੋਹਾਂ ਵਿਚ ਯੁੱਧ ਹੋਇਆ ਤੇ ਰਿਸ਼ੀ ਮਾਰਿਆ ਗਿਆ। ਰਿਸ਼ੀ ਦੇ ਪੁੱਤਰ ਪਰਸ ਰਾਮ ਨੇ ਬਦਲਾ ਲਿਆ ਤੇ ਸਹਸਬਾਹੁ ਨੂੰ ਮਾਰ ਮੁਕਾਇਆ। ਮਧੂਕੀਟ ਦੈਂਤ ਨੂੰ ਵਿਸ਼ਨੂੰ ਜੀ ਨੇ ਮਾਰ ਦਿੱਤਾ ਤੇ ਮਹਿਖਾਸੁਰ ਦੈਂਤ ਨੂੰ ਦੁਰਗਾ ਨੇ ਮਾਰਿਆ, ਹਰਨਾਖਸ਼ ਨੂੰ ਨਰ ਸਿੰਘ ਨੇ ਨਹੁੰਆਂ ਨਾਲ ਪਾੜ ਕੇ ਮਾਰ ਦਿੱਤਾ।

ਜਰਾਸੰਧਿ ਕਾਲਜਮੁਨ ਸੰਘਾਰੇ॥
ਰਕਤਬੀਜੁ ਕਾਲੁਨੇਮੁ ਬਿਦਾਰੇ॥
ਦੈਤ ਸੰਘਾਰਿ ਸੰਤ ਨਿਸਤਾਰੇ॥

ਜਰਾਸੰਧ, ਕੰਸ ਦਾ ਸਹੁਰਾ ਸੀ। ਇਹ ਹੰਕਾਰ ਨਾਲ ਭਰਿਆ ਹੋਇਆ ਅਤਿਆਚਾਰੀ ਰਾਜਾ ਸੀ। ਜਦ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਦਿੱਤਾ ਤਾਂ ਜਰਾਸੰਧ ਨੇ ਕ੍ਰਿਸ਼ਨ ਜੀ ਉਤੇ ਚੜ੍ਹਾਈ ਕਰ ਦਿੱਤੀ। ਜੰਗ ਹੋਈ ਤਾਂ ਕ੍ਰਿਸ਼ਨ ਜੀ ਨੇ ਭੀਮ ਨੂੰ ਇਸ਼ਾਰਾ ਕੀਤਾ। ਭੀਮ ਨੇ ਜਰਾਸੰਧ ਨੂੰ ਦੁਫਾੜ ਚੀਰ ਦਿੱਤਾ। ਕਾਲ ਜੁਮਨ ਦੈਂਤ ਵੀ ਕ੍ਰਿਸ਼ਨ ਜੀ ਹੱਥੋਂ ਮਾਰਿਆ ਗਿਆ। ਰਕਤਬੀਜ ਦੁਰਗਾ ਅਤੇ ਕਾਲਨੇਮ ਵਿਸ਼ਨੂੰ ਹੱਥੋਂ ਮਾਰੇ ਗਏ। ਪ੍ਰਭੂ ਨੇ ਦੈਂਤਾਂ ਨੂੰ ਮਾਰ ਕੇ ਸੰਤਾਂ ਦੀ ਰੱਖਿਆ ਕੀਤੀ।

ਆਪੇ ਸਤਿਗੁਰੁ ਸਬਦੁ ਬੀਚਾਰੇ॥
ਦੂਜੈ ਭਾਇ ਦੈਤ ਸੰਘਾਰੇ॥
ਗੁਰਮੁਖਿ ਸਾਚਿ ਭਗਤਿ ਨਿਸਤਾਰੇ॥

ਗੁਰਦੇਵ ਪਿਤਾ ਜੀ ਆਖਦੇ ਹਨ, ਆਪੇ ਸਤਿਗੁਰੁ ਸਬਦੁ ਬੀਚਾਰੇ, ਹੇ ਭਾਈ! ਇਸ ਸਾਰੀ ਖੇਡ ਦਾ ਮਾਲਕ ਉਹ ਪ੍ਰਭੂ ਆਪ ਹੀ ਹੈ। ਉਹ ਆਪ ਹੀ ਸਤਿਗੁਰੂ ਦਾ ਰੂਪ ਬਣ ਕੇ ਆਪਣੀ ਸਿਫਤ ਸਲਾਹ ਦੀ ਬਾਣੀ ਦੀ ਵਿਚਾਰ ਕਰਦਾ ਹੈ। ਕਦੇ ਉਹ ਮਿਹਰਾਂ ਦਾ ਮਾਲਕ ਪ੍ਰਭੂ ਆਪ ਹੀ ਦੈਂਤਾਂ ਨੂੰ ਮਾਇਆ ਰੂਪੀ ਹੰਕਾਰ ਵਿਚ ਫਸਾ ਕੇ ਅਤਿਆਚਾਰ ਕਰਵਾਉਂਦਾ ਹੈ ਤੇ ਆਪ ਹੀ ਉਨ੍ਹਾਂ ਨੂੰ ਮਾਰਦਾ ਹੈ। ਆਪ ਹੀ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਂਦਾ ਹੈ।

ਬੂਡਾ ਦੁਰਜੋਧਨੁ ਪਤਿ ਖੋਈ॥
ਰਾਮੁ ਨ ਜਾਨਿਆ ਕਰਤਾ ਸੋਈ॥
ਜਨ ਕਉ ਦੂਖਿ ਪਚੈ ਦੁਖੁ ਹੋਈ॥

ਸਤਿਗੁਰੂ ਆਖਦੇ ਹਨ, ਦੁਰਜੋਧਨ ਹੰਕਾਰ ਵਿਚ ਇੰਨਾ ਡੁੱਬਿਆ ਕਿ ਉਸ ਨੂੰ ਚੰਗੇ-ਮਾੜੇ ਦੀ ਪਛਾਣ ਹੀ ਭੁੱਲ ਗਈ। ਉਹ ਹੰਕਾਰ ਵਿਚ ਇੰਨਾ ਨਿੱਘਰ ਗਿਆ ਕਿ ਭਰੀ ਸਭਾ ਵਿਚ ਦਰੋਪਤੀ ਦੀ ਬੇਪਤੀ ਕਰਨ 'ਤੇ ਉਤਰ ਆਇਆ ਤੇ ਹੰਕਾਰ ਵਿਚ ਅੰਨ੍ਹਾ ਹੋ ਕੇ ਆਪਣੀ ਬੇੜੀ ਹੀ ਡੋਬ ਬੈਠਾ। ਜਿਹੜਾ ਹੰਕਾਰੀ, ਪ੍ਰਭੂ ਦੇ ਭਗਤ ਜਨਾਂ ਨੂੰ ਦੁੱਖ ਦਿੰਦਾ ਹੈ, ਉਹ ਆਪ ਹੀ ਖੁਆਰ ਹੋ ਜਾਂਦਾ ਹੈ। ਪ੍ਰਭੂ ਨੇ ਦਰੋਪਤੀ ਦੀ ਪੈਜ ਰੱਖੀ ਤੇ ਦੁਰਜੋਧਨ, ਭੀਮ ਹੱਥੋਂ ਮਾਰਿਆ ਗਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਮਿੰਨੀ ਕਹਾਣੀ

### ਪੁੱਤ

ਮੈਂ ਕਈ ਦਿਨਾਂ ਤੋਂ ਦੇਖ ਰਿਹਾ ਸੀ। ਇਕ ਬੁੱਢੀ ਮਾਈ ਤੂਤ ਦੇ ਸੁੱਕੇ ਪੱਤਿਆਂ ਨੂੰ ਬੜੇ ਕੀਮਤੀ ਸਮਾਨ ਵਾਂਗ ਪਲਾਸਟਿਕ ਦੇ ਵੱਡੇ ਥੈਲੇ ਵਿਚ ਪਾ ਰਹੀ ਸੀ। ਪੱਤਝੜ ਪੂਰੇ ਜੋਬਨ 'ਤੇ ਸੀ। ਬੁੱਢੀ ਮਾਈ ਆਪਣਾ ਕਾਰਜ ਕਰੀ ਜਾ ਰਹੀ ਸੀ। ਕੋਲੋਂ ਲੰਘਦੇ ਰਾਹੀ ਉਸ ਨੂੰ 'ਪਾਗਲ' ਆਖ ਅਗਾਂਹ ਕਦਮ ਪੁੱਟ ਰਹੇ ਸਨ, ਪਰ ਮੈਂ ਚੁੱਪ ਦਾ ਹੋਰ ਸਬਰ ਨਾ ਕਰ ਸਕਿਆ ਅਤੇ ਬੁੱਢੀ ਮਾਈ ਨੂੰ ਜਾ ਪੁੱਛਿਆ-

"ਮਾਤਾ ਜੀ! ਇਨ੍ਹਾਂ ਪੱਤਿਆਂ ਨੂੰ ਇੰਨੇ ਪਿਆਰ ਨਾਲ ਕਿਉਂ ਸਾਂਭ ਰਹੇ ਹੋ?"

"ਪੁੱਤ! ਇਨ੍ਹਾਂ ਪੱਤਿਆਂ ਨੇ ਕਹਿਰ ਦੀ ਤਪਸ਼ ਵਿਚ ਆਪਣਾ ਤਨ ਸਾੜ ਕੇ ਮੈਨੂੰ ਠੰਢੀਆਂ ਛਾਂਵਾਂ ਦਿੱਤੀਆਂ ਸਨ। ਹੁਣ ਇਨ੍ਹਾਂ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਪੋਹ-ਮਾਘ ਦੀਆਂ ਠੰਢੀਆਂ ਰਾਤਾਂ ਵਿਚ, ਫਿਰ ਅੱਗ ਵਿਚ ਸੜ ਕੇ ਮੈਨੂੰ ਠੰਢ ਤੋਂ ਬਚਾਉਣਗੇ।" ਬੁੱਢੀ ਮਾਈ ਨੇ ਸੁੱਕੇ ਪੱਤੇ ਨੂੰ ਹੱਥ ਦੀ ਤਲੀ ਨਾਲ ਪਲੋਸਦਿਆਂ ਕਿਹਾ।

"ਮਾਤਾ ਜੀ! ਤੁਹਾਡੇ ਪੁੱਤ ਧੀ ਨਹੀਂ ਕੋਈ?" ਮੈਂ ਫਿਰ ਪੁੱਛਿਆ।

"ਪੁੱਤ! ਲੋਕ ਕਹਿੰਦੇ ਹਨ, ਮਾਂਵਾਂ ਠੰਢੀਆਂ ਛਾਂਵਾਂ ਹੁੰਦੀਆਂ ਹਨ ਤੇ ਅੱਜ ਦੇ ਪੁੱਤ...! ਬੱਸ, ਆਹ ਪੱਤੇ ਹੀ ਮੇਰੇ ਪੁੱਤ ਹਨ, ਜਿਨ੍ਹਾਂ ਨੇ ਮੈਨੂੰ ਤਪਸ਼ ਅਤੇ ਸਰਦੀ ਤੋਂ ਬਚਾਉਣਾ ਹੈ।" ਉਹ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਤੁਰ ਗਈ ਤੇ ਮੈਂ ਨਿਰਉਤਰ ਖੜ੍ਹਾ ਮਾਂ ਬਾਰੇ ਸੋਚਣ ਲੱਗ ਪਿਆ।

*-ਮੇਜਰ ਕੁਲਾਰ ਬੋਪਾਰਾਏ ਕਲਾਂ*
*ਫੋਨ: 916-273-2856*

**ਸ਼ਾਇਰ ਨਾਗਾਰਜੁਨ ਦੀ ਕਥਾ**

# ਆਓ ਰਾਣੀ ਆਪਾਂ ਢੋਈਏ ਪਾਲਕੀ... ...ਇਹੋ ਬਣੀ ਹੈ ਰਾਇ ਜਵਾਹਰ ਲਾਲ ਦੀ

ਨਾਗਾਰਜੁਨ (ਜਨਮ 1911, ਵਿਜੋਗ 1998 ਈਸਵੀ) ਦੀ ਸ਼ਾਇਰੀ ਵਿਚ ਲੋਕਬੋਦ ਅਤੇ ਨਾਦਬੋਦ ਦੋਵੇਂ ਹਨ। ਪ੍ਰਾਚੀਨ ਸ਼ੈਲੀ ਵਿਚ ਉਹ ਆਧੁਨਿਕ ਜਟਿਲਤਾ ਇੰਨੇ ਆਰਾਮ ਨਾਲ ਦਿਖਾਉਂਦਾ ਹੈ ਕਿ ਪੈਰਾਂ ਵਿਚ ਛਾਲੇ ਹੋਣ ਦੇ ਬਾਵਜੂਦ ਮੋਮਿਨ ਦੀ ਮੁਸਕਾਨ ਹੋਠਾਂ 'ਤੇ ਖੇਡਦੀ ਹੈ। ਨਿੱਕੇ ਬੱਚੇ ਉਸ ਦੇ ਗੀਤ ਗਾਉਂਦੇ-ਗਾਉਂਦੇ ਨੱਚਣਗੇ, ਬੁੱਢੇ ਤਾਰਿਆਂ ਦੀਆਂ ਸ਼ਤਰੰਜ ਚਾਲਾਂ ਨਿਰਖਦੇ ਪਰਖਦੇ ਸੰਸਾਰ ਤੋਂ ਤੁਰ ਜਾਣਗੇ।

ਨਾਗਾਰਜੁਨ ਦੀ ਮਾਤ ਭਾਸ਼ਾ ਮੈਥਿਲੀ ਸੀ ਪਰ ਪਿੰਡ ਦੇ ਨਾਮਵਰ ਸੰਸਕ੍ਰਿਤ ਵਿਦਵਾਨ ਪੰਡਤ ਅਨਿਰੁਧ ਮਿਸ਼ਰ ਦੀ ਨਿਗਰਾਨੀ ਹੇਠ ਸੰਸਕ੍ਰਿਤ ਸਿੱਖਦਿਆਂ ਤੇਰਾਂ ਸਾਲ ਦੀ ਉਮਰੇ ਪਹਿਲੀ ਕਵਿਤਾ ਸੰਸਕ੍ਰਿਤ ਵਿਚ ਲਿਖੀ। 1933 ਵਿਚ ਹੋਰ ਵਿਦਿਆ ਪ੍ਰਾਪਤ ਕਰਨ ਕਲਕੱਤੇ (ਹੁਣ ਕੋਲਕਾਤਾ) ਆਪਣੇ ਮਾਮੇ ਕੋਲ ਆ ਗਏ ਜਿਥੇ ਬੰਗਲਾ ਸਿੱਖ ਲਈ। ਬੰਗਲਾ



ਹਰਪਾਲ ਸਿੰਘ ਪੰਨੂ
ਫੋਨ: +91-94642-51454

ਇੰਨੀ ਪਿਆਰੀ ਲੱਗੀ ਕਿ ਇਸ ਵਿਚ ਵੀ ਕਾਵਿ ਰਚਿਆ। ਮੈਥਿਲੀ ਅਤੇ ਹਿੰਦੀ ਵਿਚ ਤਾਂ ਧੁੰਮਾਂ ਪਾਉਣੀਆਂ ਹੀ ਸਨ, ਇਸ ਸ਼ਾਇਰ ਨੇ ਚਾਰ ਬੋਲੀਆਂ ਵਿਚ ਕਵਿਤਾ ਰਚ ਕੇ ਆਪਣੀ ਸਿਰਜਣਾ ਸ਼ਕਤੀ ਦਾ ਲੋਹਾ ਮਨਵਾਇਆ। ਸਾਡੇ ਵਾਸਤੇ ਇਹੋ ਤੱਥ ਕਾਫੀ ਦਿਲਚਸਪ ਹੈ ਕਿ 1935-36 ਵਿਚ ਉਹ ਸਾਹਿਤ ਸਦਨ ਅਬੋਹਰ (ਜ਼ਿਲ੍ਹਾ ਫਿਰੋਜ਼ਪੁਰ) ਤੋਂ ਨਿਕਲਦੇ ਮਾਸਕ ਪੱਤਰ 'ਦੀਪਕ' ਦੇ ਸੰਪਾਦਕ ਰਹੇ। ਵਾਰਤਕ ਅਤੇ ਕਾਵਿ ਵਿਚ ਸੰਸਕ੍ਰਿਤ ਰਚਨਾਵਾਂ ਹੈਦਰਾਬਾਦ (ਸਿੰਧ) ਤੋਂ ਛਪੀਆਂ। ਅੰਗਰੇਜ਼ੀ ਰਾਜ ਵਕਤ ਕੋਈ ਮੁਸ਼ਕਿਲ ਪੇਸ਼ ਨਹੀਂ ਆਈ, ਆਜ਼ਾਦੀ ਮਗਰੋਂ ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਨੂੰ ਇਤਰਾਜ਼ਯੋਗ ਮੰਨਦਿਆਂ ਭਾਰਤ ਸਰਕਾਰ ਨੇ ਉਨ੍ਹਾਂ ਉਪਰ ਪਾਬੰਦੀ ਲਾ ਦਿੱਤੀ।

ਉਨ੍ਹਾਂ ਵੱਲੋਂ ਰਚੇ ਹਿੰਦੀ ਕਾਵਿ ਵਿਚ ਸ਼ਪਥ, ਚਨਾਜੋਰ ਗਰਮ, ਯੁੱਧਧਾਰਾ, ਖੂਨ ਔਰ ਸ਼ੁਅਲੇ, ਪ੍ਰੇਤ ਕਾ ਬਯਾਨ, ਸਤਰੰਗੇ ਪੰਖੋਂ ਵਾਲੀ, ਪਿਆਸੀ ਪਥਰਾਈ ਆਂਖੇਂ, ਅਬ ਤੋ ਬੰਦ ਕਰੋ, ਤਾਲਾਬ ਕੀ ਮਛਲਿਆਂ, ਚੰਦਨਾ, ਤੁਮਨੇ ਕਹਾ ਥਾ, ਖਿਚੜੀ, ਹਜ਼ਾਰ ਹਜ਼ਾਰ ਬਾਹੋਂ ਵਾਲੀ, ਪੁਰਾਨੀ ਜੂਤਿਆਂ, ਰਤਨ ਗਰਭ, ਐਸੇ ਭੀ ਹਮ ਕਯਾ, ਹਨ।

ਉਨ੍ਹਾਂ ਮੈਥਿਲੀ ਵਿਚ ਬੂੜ੍ਹਵਰ, ਵਿਲਾਪ, ਚਿਤਰਾ, ਪੱਤ੍ਰਹੀਨ ਨਗਰ ਗਾਛ ਕਾਵਿ ਸੰਗ੍ਰਹਿ ਰਚੇ। 1955 ਵਿਚ ਮੇਘਦੂਤ ਦਾ ਹਿੰਦੀ ਰੂਪ ਛਾਪਿਆ। ਸੰਸਕ੍ਰਿਤ ਅਤੇ ਬੰਗਲਾ ਵਿਚ ਕਵਿਤਾਵਾਂ ਅਖਬਾਰਾਂ, ਰਿਸਾਲਿਆਂ ਵਿਚ ਛਪਦੀਆਂ ਤੇ ਗੁੰਮ ਹੁੰਦੀਆਂ ਰਹੀਆਂ। ਲਾਪ੍ਰਵਾਹ ਘੁਮੱਕੜ ਸ਼ਾਇਰ ਨੇ ਸੰਗ੍ਰਹਿ ਛਪਵਾਉਣ ਦੀ ਖੇਚਲ ਕੀਤੀ ਹੀ ਨਹੀਂ। ਹੁਣ ਉਨ੍ਹਾਂ ਦੇ ਪਾਠਕ, ਪ੍ਰਸ਼ੰਸਕ, ਥਾਂ-ਥਾਂ ਖਿੱਲਰੀਆਂ ਕਵਿਤਾਵਾਂ ਇਕੱਤਰ ਕਰ ਰਹੇ ਹਨ। ਵਾਣੀ ਪ੍ਰਕਾਸ਼ਨ ਨੇ 1985 ਵਿਚ ਉਨ੍ਹਾਂ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਛਾਪਿਆ ਤਾਂ ਕਵੀ ਦੇ ਕਹਿਣ ਸਦਕਾ ਕੁਝ ਮੈਥਿਲੀ, ਬੰਗਲਾ ਅਤੇ ਸੰਸਕ੍ਰਿਤ ਕਵਿਤਾਵਾਂ ਇਸ ਸੰਗ੍ਰਹਿ ਦੇ ਆਖਰ ਵਿਚ ਛਾਪ ਦਿੱਤੀਆਂ।

ਨਾਗਾਰਜੁਨ ਮੂਕ ਦਰਸ਼ਕ ਨਹੀਂ; ਦਲਿਤਾਂ, ਗਰੀਬਾਂ, ਮਜ਼ਦੂਰਾਂ, ਪੀੜਤ ਸ਼ੋਸ਼ਿਤ ਵਰਗ ਦਾ ਹਮਦਰਦ ਬੁਲਾਰਾ ਹੈ ਜੋ ਤਰਸ ਨਹੀਂ ਕਰਦਾ; ਰੱਬ ਅੱਗੇ ਉਨ੍ਹਾਂ ਦੀ ਹਾਲਤ ਸੁਧਾਰਨ ਲਈ ਅਰਦਾਸਾਂ ਨਹੀਂ ਕਰਦਾ; ਹੰਝੂ ਨਹੀਂ ਵਹਾਉਂਦਾ; ਖੱਬੀ ਸਮਾਜਵਾਦੀ ਧਿਰ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀ ਅਗਵਾਈ ਕਰਦਾ ਹੈ। ਚੰਗਾ ਹੈ ਅਮਨ-ਸ਼ਾਂਤੀ ਨਾਲ ਦੁੱਖ-ਦਰਦ ਦੂਰ ਹੋ ਜਾਣ, ਅਜਿਹਾ ਨਹੀਂ ਹੁੰਦਾ ਤਾਂ ਹਥਿਆਰਬੰਦ ਸੰਘਰਸ਼ ਜਾਇਜ਼ ਹੈ। ਉਸ ਵਾਸਤੇ ਮਨੋਰੰਜਨ ਦਾ ਨਹੀਂ, ਵਿਅੰਗ ਬਦੀ ਮਿਟਾਉਣ ਵਾਲਾ ਹਥਿਆਰ ਹੈ।

ਕਾਲੀਦਾਸ ਤੋਂ ਬਾਅਦ ਜੇ ਕਿਸੇ ਨੇ ਬੱਦਲਾਂ-ਬਰਸਾਤਾਂ ਦਾ ਜ਼ਿਕਰ ਛੇੜਿਆ ਹੈ, ਉਹ ਵੀ ਸੰਗੀਤਮਈ ਛੱਰਾਟਿਆਂ ਨਾਲ, ਸੋ ਕਵੀ ਨਾਗਾਰਜੁਨ ਹੈ। ਬੱਦਲ ਤਾਕਤਵਰ ਹੈ, ਪੂਰੇ ਸਵੈਮਾਣ ਨਾਲ ਉਡਿਆ ਜਾਂਦਾ ਹੈ, ਪਰ ਪਹਾੜ ਉਸ ਨੂੰ ਘੇਰ ਲੈਂਦਾ ਹੈ, ਦੋ ਭਲਵਾਨਾਂ ਦੀ ਟੱਕਰ ਹੋ ਰਹੀ ਹੈ। ਬੱਦਲ ਗੁੱਸੇ ਵਿਚ ਗਜਦਾ ਹੈ, ਪਰਬਤ ਖਾਮੋਸ਼ ਖਲੋਤਾ ਉਸ ਨੂੰ ਘੇਰਦਾ ਹੈ ਤੇ ਹਰਾਉਂਦਾ ਹੈ। ਉਸ ਦੀ ਕਾਵਿ ਰਚਨਾ ਵਿਚ ਬੱਦਲ ਹੀ ਨਹੀਂ, ਬਦਲੋਟੀਆਂ ਵੀ ਹਨ; ਮੇਘ-ਵੰਸ਼ ਦੀਆਂ ਸ਼ਹਿਜ਼ਾਦੀਆਂ, ਰੋਮਾਂਟਿਕ ਸ਼ਰਾਰਤੀ ਅਤੇ ਬਦਨਾਮ ਬਦਲੀਆਂ, ਬੱਦਲਾਂ ਵਿਚ ਹਿਰਨੀਆਂ ਵੀ ਹਨ, ਚੌਕੜੀ ਮਾਰੀ ਬੈਠੀਆਂ ਹਿਰਨੀਆਂ, ਚੰਦ ਕੋਲੋਂ ਸ਼ਰਮਾ ਕੇ ਲੰਘਦੀਆਂ ਹਿਰਨੀਆਂ, ਸਹਿਜੇ-ਸਹਿਜੇ ਕਦਮ ਰੱਖਦੀਆਂ ਹਿਰਨੀਆਂ ਤੇ ਫਿਰ ਚੁੰਗੀਆਂ ਭਰਦੀਆਂ, ਦੌੜਦੀਆਂ ਹਿਰਨੀਆਂ।



ਟੈਗੋਰ ਬੱਦਲ ਨਾਲ ਬੱਦਲ ਟਕਰਾਉਂਦਾ ਦੇਖ ਕੇ ਆਖਦਾ ਹੈ- ਅਹੁ ਪੱਛਮ ਵੱਲੋਂ ਕਾਲੇ ਰੰਗ ਦਾ ਤੇ ਪੂਰਬ ਵਲੋਂ ਸਫੈਦ ਰੰਗ ਦਾ ਬੱਦਲ ਇਕ-ਦੂਜੇ ਵਲ ਵਧ ਰਹੇ ਹਨ, ਹੱਥਾਂ ਵਿਚ ਗੁਰਜ ਹਨ ਤੇ ਮੂੰਹਾਂ ਵਿਚੋਂ ਅੱਗ ਉਗਲ ਰਹੇ ਹਨ। ਸੰਭਲ ਜਾਓ ਪਾਠਕੋ! ਦੇਵਤਿਆਂ ਅਤੇ ਦੈਂਤਾਂ ਦਾ ਯੁੱਧ ਮੁੜ ਸ਼ੁਰੂ ਹੋਣ ਲੱਗਾ ਹੈ।

ਨਾਗਾਰਜੁਨ ਦੀ ਤਾਕਤਵਰ ਸ਼ਖਸੀਅਤ ਕਦੀ ਕਠੋਰ ਰੂਪ ਵਿਚ, ਕਿਤੇ ਸੂਖਮ ਭਾਵਨਾ ਵਿਚ; ਕਿਤੇ ਵਜ਼ਨਦਾਰ, ਕਿਤੇ ਹਲਕੀ ਫੁੱਲ; ਕਿਤੇ ਬੇਪ੍ਰਵਾਹ ਕਿਤੇ ਪੂਰਨ ਜਜ਼ਬਾਤੀ ਰੰਗਾਂ ਵਿਚ ਥਾਂ-ਥਾਂ ਰੂਪਮਾਨ ਹੁੰਦੀ ਹੈ। ਲੋਕ ਸਾਹਿਤ ਨੂੰ ਉਹੀ ਪਸੰਦ ਕਰੇਗਾ ਜਿਸ ਨੇ ਲੋਕਯਾਨ ਪੜ੍ਹਿਆ ਸੁਣਿਆ ਹੋਵੇ, ਨਾਗਾਰਜੁਨ ਦੇ ਕਾਵਿ ਵਿਚ ਲੋਕ ਗੀਤਾਂ ਦਾ ਸੰਗੀਤ ਪਹਾੜੀ ਚਸ਼ਮੇ ਵਾਂਗ ਫੁਟਦਾ ਹੈ। ਲੋਕ ਧੁਨਾਂ ਸੰਗੀਤਮੁਖੀ ਹੋਣ ਕਰ ਕੇ ਸ਼ਬਦਾਂ ਦਾ ਦੁਹਰਾਉ ਕਰਦੀਆਂ ਹੁੰਦੀਆਂ ਹਨ ਜਿਵੇਂ- ਰੱਬਾ ਰੱਬਾ ਮੀਂਹ ਬਰਸਾ। ਸਾਡੀ ਕੋਠੀ ਦਾਣੇ ਪਾ॥ ਇੱਲੋ ਇੱਲੋ ਕੀਹਨੇ ਮਾਰੀ, ਮੱਖਣ ਨੇ। ਮੱਖਣ ਨੂੰ ਘਰ ਆਣ ਦੇਹ। ਚਾਰ ਕੁ ਛਿਤਰ ਲਾਣ ਦੇਹ॥ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਦਾਰਤ ਵਿਚ ਕਵੀ ਦਰਬਾਰ ਹੁੰਦਾ, ਉਸ ਦਾ ਨਾਂ ਬੋਲਿਆ ਜਾਂਦਾ, ਨੱਚਦਾ ਗਾਉਂਦਾ ਸਟੇਜ ਉਪਰ ਜਾਂਦਾ ਕਵਿਤਾ ਬੋਲਦਾ:

ਇੰਦਰਾ ਇੰਦਰਾ ਕਯਾ ਹੋ ਗਯਾ ਆਪ ਕੋ
ਇੰਦਰਾ ਇੰਦਰਾ ਭੂਲ ਗਈ ਕਯੋਂ ਬਾਪ ਕੋ।

ਪਾਲਕੀ ਕਵਿਤਾ ਵਿਚ ਪਾਠਕ ਪੰਡਤ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੀ ਸਰਕਾਰ ਉਪਰ ਵਿਅੰਗ ਦੇਖਣਗੇ ਪਰ ਇੰਦਰਾ ਗਾਂਧੀ ਦੇ ਕੰਮ ਢੰਗ ਤੋਂ, ਖਾਸ ਕਰ ਕੇ 1975 ਵਿਚ ਐਮਰਜੈਂਸੀ ਦੇ ਐਲਾਨ ਤੋਂ ਬਾਅਦ ਉਹ ਸਰਕਾਰ ਵਿਰੋਧੀ ਝੰਡਾ ਬਰਦਾਰ ਹੋ ਗਿਆ। ਤੀਨ ਬੰਦਰ ਬਾਪੂ ਕੇ ਕਵਿਤਾ ਵਿਚਲੇ ਤਿੰਨ ਬਾਂਦਰ ਨਹਿਰੂ, ਪਟੇਲ ਤੇ ਗੁਲਜ਼ਾਰੀ ਲਾਲ ਨੰਦਾ ਹਨ।

ਸ਼ਿਵਕੁਮਾਰ ਮਿਸ਼ਰ ਨੇ ਕਿਹਾ- ਹਰ ਕਵੀ ਪਰਜਾਪਤੀ ਨਹੀਂ ਹੋ ਸਕਦਾ, ਨਵੀਂ ਨਕੋਰ ਸਿਰਜਣਾ ਕਰਨ ਵਾਲਾ ਸ਼ਾਇਰ ਪਰਜਾਪਤੀ ਹੁੰਦਾ ਹੈ। ਉਸ ਨੇ ਦੁੱਖ-ਸੁੱਖ ਨਾਲ ਭਰਪੂਰ ਜ਼ਿੰਦਗੀ ਜੀਵੀ ਅਤੇ ਇਸ ਦੇ ਦੀਦਾਰ ਪਾਠਕਾਂ ਨੂੰ ਕਰਵਾਏ। ਕਾਰਖਾਨੇ ਦੇ ਦਿਹਾੜੀਦਾਰ ਤੋਂ ਲੈ ਕੇ ਰਾਸ਼ਟਰਪਤੀ ਤੱਕ ਉਸ ਦਾ ਪਾਠਕ ਪਰਿਵਾਰ ਫੈਲਿਆ।

ਨਿਰਾਲਾ ਅਤੇ ਭਾਰਤੇਂਦੂ ਦੀ ਕਾਵਿ ਵਿਅੰਗ ਨਸ਼ਤਰ ਬਹੁਤ ਤਿੱਖੀ ਸੀ, ਪਰ ਨਾਗਾਰਜੁਨ ਉਨ੍ਹਾਂ ਤੋਂ ਅੱਗੇ ਲੰਘ ਗਿਆ। ਰਾਜਨੀਤੀ, ਧਰਮ ਤੰਤਰ, ਦੇਸੀ-ਵਿਦੇਸੀ ਸਿਆਸਤਦਾਨ, ਦੇਵਤੇ, ਦੇਵੀਆਂ, ਰੱਬ, ਕੋਈ ਉਸ ਦੇ ਬਾਣ ਤੋਂ ਨਹੀਂ ਬਚਦਾ। ਇਸੇ ਵਿਦਰੋਹੀ ਵਿਜਈ ਸੁਭਾਅ ਕਾਰਨ ਆਲੋਚਕਾਂ ਨੇ ਉਸ ਨੂੰ ਆਧੁਨਿਕ ਕਵਿਤਾ ਦਾ ਭਗਤ ਕਬੀਰ ਕਿਹਾ ਹੈ।

## ਨਾਗਾਰਜੁਨ ਦੀ ਕਵਿਤਾ: ਕੁਝ ਵੰਨਗੀ

### ਆਓ ਰਾਣੀ ਆਪਾਂ ਢੋਈਏ ਪਾਲਕੀ

ਆਓ ਰਾਣੀ ਆਪਾਂ ਢੋਈਏ ਪਾਲਕੀ।
ਇਹੋ ਬਣੀ ਹੈ ਰਾਇ ਜਵਾਹਰ ਲਾਲ ਦੀ।
ਰਫੂ ਕਰਾਂਗੇ ਹੋਣੀ,
ਆਪਣੇ ਫਟੇ ਪੁਰਾਣੇ ਜਾਲ ਦੀ।
ਆਓ ਰਾਣੀ ਹੱਸ ਕੇ ਢੋਈਏ ਪਾਲਕੀ।

ਆਵੋ ਸ਼ਾਹੀ ਬੈਂਡ ਵਜਾਈਏ।
ਘਰ ਬੰਗਲੇ ਨੂੰ ਖੂਬ ਸਜਾਈਏ।
ਆ ਜਾ ਤੈਨੂੰ ਸੈਰ ਕਰਾਵਾਂ,
ਉਟੀ ਦੀ, ਸ਼ਿਮਲੇ ਦੀ, ਨੈਨੀਤਾਲ ਦੀ।
ਆਓ ਰਾਣੀ ਆਪਾਂ ਢੋਈਏ ਪਾਲਕੀ।

ਵੰਡੀ ਜਾ ਮਿੱਠੀ ਮੁਸਕਾਨ।
ਦਿੰਦੀ ਜਾ ਸਭ ਨੂੰ ਵਰਦਾਨ।
ਆਵੋ ਜੀ ਚਾਂਦੀ ਦੇ ਰਸਤੇ।
ਆਵੋ ਜੀ ਸੋਨੇ ਦੇ ਰੱਥ ਤੇ।
ਕਮੀ ਰਹੇ ਨਾ ਰਾਣੀ ਲੈਅ ਸੁਰ ਤਾਲ ਦੀ।
ਆਓ ਰਾਣੀ ਆਪਾਂ ਢੋਈਏ ਪਾਲਕੀ।

ਤਣੇ ਸਿਪਾਹੀ ਦੇਣ ਸਲਾਮੀ।
ਵਾਰੀ ਜਾਵਾਂ ਸਦ ਕੁਰਬਾਨੀ।
ਘਰ ਘਰ ਅੰਦਰ ਖੁਸ਼ੀਆਂ ਛਲਕਣ,
ਬੂਟਿਆਂ ਉਪਰ ਬੂੰਦਾਂ ਚਮਕਣ।
ਪਗਡੰਡੀ ਲੱਭਾਂਗੇ ਕੋਈ ਨਵੇਂ ਦੇਸ ਨੂੰ ਭਾਲਦੀ।
ਹਾਲੇ ਰਾਣੀ ਆਪਾਂ ਢੋਈਏ ਪਾਲਕੀ।

ਟੁੱਕਰ ਸਾਡੇ ਸੁੱਕੜੇ ਰੁੱਖੜੇ।
ਅਸੀਂ ਫੂਸ ਤਿਣਕਿਆਂ ਦੇ ਟੁਕੜੇ।
ਤੂੰ ਖੁਸ਼ਬੂਈ ਭਰੀ ਭਕੁੰਨੀ ਡਾਲਦੀ।
ਖਬਰ ਲਵੋ ਜੀ ਹੁਣ ਭਗਤਾਂ ਦੇ ਹਾਲ ਦੀ।
ਮੁਸ਼ਕ ਕਫੂਰੀ ਲਪਟ ਆਰਤੀ ਲੈ ਸੋਨੇ ਦੇ ਥਾਲ ਦੀ।
ਆਓ ਰਾਣੀ ਆਪਾਂ ਢੋਈਏ ਪਾਲਕੀ।

ਭਾਰਤ ਮਾਂ ਦੇ ਸੁੱਕੇ ਹੱਥਾਂ ਨੂੰ ਆਵੋ ਜੀ ਚੁੰਮ ਲੋ।
ਪ੍ਰੈਜ਼ੀਡੈਂਟ ਦੇ ਲੰਚ ਡਿਨਰ ਵਿਚ ਸੁਆਦ ਬਦਲ ਲੋ ਘੁੰਮ ਲੋ।
ਪਦਮ ਭੂਸ਼ਣਾਂ ਭਾਰਤ ਰਤਨਾਂ ਤੋਂ ਕੁਝ ਸਿੱਖੀਏ ਰਾਣੀਏ।
ਮੰਤਰੀਆਂ ਨਾਲ ਹੈਂਡਸ਼ੇਕ ਕਰਨਾ ਨਾ ਭੁੱਲ ਮਰ ਜਾਣੀਏ।

ਸੱਜੇ ਖੱਬੇ ਖੜ੍ਹੇ
ਹਜ਼ਾਰਾਂ ਅਫਸਰਾਂ ਤੋਂ ਪਿਆਰ ਲੈ।
ਮੁਸਕਾਏ ਨੇ ਧਨ ਕੁਬੇਰ ਵੀ
ਇੱਜ਼ਤ ਲੈ ਦੁਲਾਰ ਲੈ।
ਬੁੱਲ੍ਹਾਂ ਉਪਰ ਕੰਬਣੀ ਹੈ
ਤਾਂ ਟੇਢੀ ਝਾਤੀ ਮਾਰ ਲੈ।
ਬਿਜਲਾਣੀ ਦੀਵਾਲੀ ਲਿਸ਼ਕੇ,
ਸਜਦੇ ਵਿਚ ਨਿਹਾਰ ਲੈ।
ਨਵੀਂ ਨਕੋਰੀ ਦਿੱਲੀ
ਆਪਣੇ ਸੀਨੇ ਵਿਚ ਉਤਾਰ ਲੈ।
ਇੱਕ ਗੱਲ ਕਹਿ ਦਿੰਨਾ ਮਲਕਾ,
ਰਤਾ ਕੁ ਸ਼ਰਮ ਉਧਾਰ ਲੈ।
ਗੋਰੇ ਦੀ ਜੈ ਬੰਦ ਹੋ ਗਈ,
ਜੈ ਹੋਈ ਕਲੂਕਾਲ ਦੀ।
ਆਓ ਰਾਣੀ ਆਪਾਂ ਢੋਈਏ ਪਾਲਕੀ।

ਰਫੂ ਕਰਾਂਗੇ ਹੋਣੀ,
ਆਪਣੇ ਫਟੇ ਪੁਰਾਣੇ ਜਾਲ ਦੀ।
ਇਹੋ ਬਣੀ ਹੈ ਰਾਇ ਜਵਾਹਰ ਲਾਲ ਦੀ।
ਆਓ ਰਾਣੀ ਹੱਸ ਕੇ ਢੋਈਏ ਪਾਲਕੀ।

### ਬੱਦਲ ਨੂੰ ਘਿਰਦਾ ਤਕਿਆ

ਨਿਰਮਲ ਪਰਬਤ ਦੇ ਸਿਖਰੀਂ
ਬੱਦਲ ਨੂੰ ਘਿਰਦਾ ਤਕਿਆ।
ਮੋਤੀਆਂ ਵਰਗੀਆਂ ਨਿਕੀਆਂ ਨਿਕੀਆਂ
ਠੰਡੀਆਂ ਲਿਸ਼ਕਦੀਆਂ ਬੂੰਦਾਂ ਨੂੰ
ਮਾਨਸਰੋਵਰ ਦੇ ਕੰਢਿਆਂ 'ਤੇ
ਸੋਨ ਸੁਨਹਿਰੀ ਕੰਵਲਾਂ ਉਪਰ
ਛਮ-ਛਮ ਛਮ-ਛਮ ਗਿਰਦਾ ਤੱਕਿਆ।
ਬੱਦਲ ਨੂੰ ਘਿਰਦਾ ਤਕਿਆ।

ਤਿਖੀਆਂ ਤਿਖੀਆਂ ਚੋਟੀਆਂ ਉਪਰ
ਵਡੀਆਂ ਛੋਟੀਆਂ ਕਈ ਕਈ ਝੀਲਾਂ
ਗਰਮ ਥਲਾਂ ਚੋਂ ਉਡ ਕੇ ਆਇਆ
ਹੰਸ ਮੌਜ ਵਿਚ ਤਰਦਾ ਤੱਕਿਆ।
ਲੱਖ ਲੱਖ ਹੱਥ ਦੀ ਉਚਾਈ 'ਤੇ,
ਦੁਰਗਮ ਤੇ ਬਰਫਾਨੀ ਵਾਦੀ
ਉਸ ਵਾਦੀ ਵਿਚ ਇਸ਼ਕ ਵਿਗੁੱਚਾ,
ਭਰੀ ਜੁਆਨੀ ਦਾ ਮਸਤਾਇਆ
ਇਕ ਕਸਤੂਰੀ ਮਿਰਗ ਸਾਂਵਲਾ
ਆਪਣੇ ਉਪਰ ਚਿੜਦਾ ਤੱਕਿਆ।
ਬੱਦਲ ਨੂੰ ਘਿਰਦਾ ਤਕਿਆ।

ਕਿਧਰ ਤੁਰ ਗਿਆ ਧਨ ਕੁਬੇਰ ਹੁਣ
ਕਿਥੇ ਤੁਰ ਗਈ ਉਸ ਦੀ ਅਲਕਾ?
ਨਹੀਂ ਠਿਕਾਣਾ ਕਾਲੀਦਾਸ ਦੇ
ਮਦ ਮਤਵਾਲੇ ਗੰਗਾਜਲ ਦਾ।
ਬੜਾ ਢੂੰਡਿਆ ਨਹੀਂ ਲੱਭਿਆ
ਮੇਘਦੂਤ ਦਾ ਕੋਈ ਟਿਕਾਣਾ।
ਬਰਸ ਗਿਆ ਹੋਣੈ ਰਸਤੇ ਵਿਚ
ਕਾਲੀਦਾਸ ਦਾ ਬੀਬਾ ਰਾਣਾ।
ਨੀਲੇ ਅੰਬਰ ਦੇ ਸਿਖਰੀਂ ਮੈਂ
ਹਵਾ ਨਾਲ ਇਕ ਭਾਰਾ ਬੱਦਲ
ਗਰਜ ਗਰਜ ਕੇ ਭਿੜਦਾ ਤੱਕਿਆ
ਬੱਦਲ ਨੂੰ ਘਿਰਦਾ ਤਕਿਆ।

ਕੋਮਲ ਉਂਗਲੀਆਂ ਵਾਲਾ ਹੱਥ
ਬੰਸੀ ਉਪਰ ਫਿਰਦਾ ਤੱਕਿਆ
ਅੱਖੀਂ ਬੱਦਲ ਘਿਰਦਾ ਤੱਕਿਆ।

### ਕਾਲ ਪੈਣ ਪਿਛੋਂ

ਕਈ ਦਿਨੋਂ ਤਕ ਚੁਲਹਾ ਰੋਯਾ, ਚੱਕੀ ਰਹੀ ਉਦਾਸ।
ਕਈ ਦਿਨੋਂ ਤਕ ਕਾਣੀ ਕੁਤੀਆ,
ਸੋਈ ਉਸ ਕੇ ਪਾਸ।
ਕਈ ਦਿਨੋਂ ਤਕ ਲਗੀ ਭੀਤ ਪਰ,
ਛਿਪਕਲੀਓਂ ਕੀ ਗਸ਼ਤ।
ਕਈ ਦਿਨੋਂ ਤਕ ਚੂਹੋਂ ਕੀ ਭੀ,
ਹਾਲਤ ਰਹੀ ਸ਼ਿਕਸਤ।
ਦਾਨੇ ਆਏ ਘਰ ਕੇ ਅੰਦਰ ਕਈ ਦਿਨੋਂ ਕੇ ਬਾਦ।
ਧੂਆਂ ਉਠਾ ਆਂਗਨ ਕੇ ਉਪਰ,
ਕਈ ਦਿਨੋਂ ਕੇ ਬਾਦ।
ਚਮਕ ਉਠੀਂ ਘਰ ਭਰ ਕੀ ਆਂਖੇਂ,
ਕਈ ਦਿਨੋਂ ਕੇ ਬਾਦ।
ਕਉਏ ਨੇ ਖੁਜਲਾਈ ਪਾਂਖੇਂ ਕਈ ਦਿਨੋਂ ਕੇ ਬਾਦ।

### ਬਹੁਤ ਦਿਨੋ ਕੇ ਬਾਦ

ਅਬ ਕੀ ਮੈਨੇ ਜੀ ਭਰ ਦੇਖੀ,
ਪਕੀ ਸੁਨਹਿਰੀ ਫਸਲੋਂ ਕੀ ਮੁਸਕਾਨ।
ਬੜੇ ਦਿਨੋਂ ਕੇ ਬਾਦ।
ਅਬ ਕੀ ਮੈਨੇ ਜੀ ਭਰ ਸੁਨ ਲੀ,
ਧਾਨ ਕੂਟਤੀ ਸੁੰਦਰਿਓਂ ਕੀ ਕੋਇਲ ਕੰਠੀ ਤਾਨ।
ਬੜੇ ਦਿਨੋਂ ਕੇ ਬਾਦ।
ਅਬ ਕੀ ਮੈਨੇ ਜੀ ਭਰ ਸੁੰਘੇ ਮੌਲਸਰੀ ਕੇ ਢੇਰ-ਢੇਰ ਸੇ ਤਾਜੇ ਚਟਕੇ ਫੂਲ।
ਅਬ ਕੀ ਮੈਂ ਜੀ ਭਰ ਛੂ ਪਾਇਆ ਗਾਉਂ ਪਗਡੰਡੀ ਕੀ ਚੰਦਨ ਜੈਸੀ ਧੂਲ।
ਬੜੇ ਦਿਨੋਂ ਕੇ ਬਾਦ।
ਅਬ ਕੀ ਮੈਨੇ ਜੀ ਭਰ ਤਾਲ-ਮਖਾਨਾ ਖਾਇਆ,
ਗੰਨੇ ਚੂਸੇ ਜੀ ਭਰ।
ਅਬ ਕੀ ਮੈਨੇ ਜੀ ਭਰ ਭੋਗੇ ਗੰਧ-ਰੂਪ-ਰਸ ਸ਼ਬਦ-ਸਪਰਸ਼।
ਸਾਥ ਸਾਥ ਇਸ ਭੂ ਪਰ।
ਬੜੇ ਦਿਨੋਂ ਕੇ ਬਾਦ।

### ਪਾਂਚ ਪੂਤ

ਪਾਂਚ ਪੂਤ ਭਾਰਤ ਮਾਤਾ ਕੇ,
ਦੁਸ਼ਮਨ ਥਾ ਖੂੰਖਾਰ।
ਗੋਲੀ ਖਾ ਕੇ ਏਕ ਮਰ ਗਯਾ,
ਬਾਕੀ ਰਹ ਗਏ ਚਾਰ।
ਚਾਰ ਪੂਤ ਭਾਰਤ ਮਾਤਾ ਕੇ ਚਾਰ ਚਤੁਰ ਪ੍ਰਬੀਨ।
ਦੇਸ਼ ਨਿਕਾਲਾ ਮਿਲਾ ਏਕ ਕੋ
ਬਾਕੀ ਰਹ ਗਏ ਤੀਨ।
ਤੀਨ ਪੂਤ ਭਾਰਤ ਮਾਤਾ ਕੇ
ਲੜਨੇ ਲਗ ਗਏ ਵੋ।
ਅਲਗ ਹੋ ਗਯਾ ਉਧਰ ਏਕ
ਅਬ ਬਾਕੀ ਬਚ ਗਏ ਦੋ।
ਦੋ ਬੇਟੇ ਭਾਰਤ ਮਾਤਾ ਕੇ ਛੋੜ ਪੁਰਾਨੀ ਟੇਕ।
ਚਿਪਕ ਗਯਾ ਹੈ ਇਕ ਗੱਦੀ ਸੇ
ਬਾਕੀ ਬਚ ਗਯਾ ਏਕ।
ਏਕ ਪੂਤ ਭਾਰਤ ਮਾਤਾ ਕਾ ਕੰਧੇ ਪਰ ਹੈ ਝੰਡਾ।
ਪੁਲਸ ਪਕੜ ਕੇ ਜੇਲ ਲੇ ਗਈ
ਬਾਕੀ ਬਚ ਗਯਾ ਡੰਡਾ।

***

# ਐਮਰਜੈਂਸੀ ਤੇ 'ਕੱਖ-ਕਾਨਾਂ' ਦੀ ਵਾਰੀ

*'ਐਮਰਜੈਂਸੀ ਤੇ ਕੱਖ-ਕਾਨਾਂ ਦੀ ਵਾਰੀ' ਲੇਖ ਲੜੀ ਵਿਚ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਐਮਰਜੈਂਸੀ ਨਾਲ ਜੁੜੀਆਂ ਯਾਦਾਂ ਦਾ ਵਰਕਾ ਫਰੋਲਿਆ ਹੈ। ਉਹ ਅਜਿਹਾ ਵਕਤ ਸੀ ਜਦੋਂ ਵਿਰੋਧ ਦੀ ਹਰ ਆਵਾਜ਼ ਨੂੰ ਬੰਦ ਕਰਨ ਦਾ ਹੀਲਾ ਕੇਂਦਰ ਸਰਕਾਰ ਨੇ ਕੀਤਾ ਸੀ। ਬਹੁਤ ਸਾਰੇ ਆਗੂਆਂ, ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਉਤੇ ਵੱਖ-ਵੱਖ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਵਰਿਆਮ ਸਿੰਘ ਸੰਧੂ ਨੇ ਇਸ ਲੰਮੀ ਲੇਖ ਲੜੀ ਵਿਚ ਇਸ ਜੇਲ੍ਹ ਯਾਤਰਾ ਦੇ ਹਵਾਲੇ ਨਾਲ ਆਪਣੇ ਸਮਾਜ ਅਤੇ ਸਿਸਟਮ ਬਾਰੇ ਸਾਰਥਕ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿੱਪਣੀਆਂ ਵਿਚ ਬਤੌਰ ਲੇਖਕ ਉਨ੍ਹਾਂ ਅਵਾਮ ਦੇ ਸਰੋਕਾਰ ਸਾਂਝੇ ਕੀਤੇ ਹਨ। ਆਪਣੀਆਂ ਹੋਰ ਰਚਨਾਵਾਂ ਵਾਂਗ ਇਸ ਲਿਖਤ ਵਿਚ ਵੀ ਲੇਖਕ ਮੜਕ ਚਾਲੇ ਤੁਰਦਾ ਆਪਣੇ ਆਲੇ-ਦੁਆਲੇ ਬਾਰੇ ਗੱਲਾਂ ਸੁਣਾਉਂਦਾ ਜਾਂਦਾ ਹੈ। -ਸੰਪਾਦਕ*

## ਸਰਕਾਰ ਦਾ ਬੁਲਾਵਾ

ਅਕਤੂਬਰ 1975 ਦੇ ਅਖੀਰਲੇ ਦਿਨ ਸਨ।

ਇੱਕ ਦਿਨ ਸਵੇਰੇ ਨੌਂ ਕੁ ਵਜੇ ਸਾਡੇ ਘਰ ਦਾ ਬਾਹਰਲਾ ਦਰਵਾਜ਼ਾ ਖੜਕਿਆ। ਆਮ ਕੱਪੜਿਆਂ ਵਿਚ ਦੋ ਪੁਲਿਸ ਕਰਮਚਾਰੀ ਸਨ।

"ਤੁਹਾਨੂੰ ਸਰਦਾਰ ਹੁਰਾਂ ਨੇ ਚੌਂਕੀ ਬੁਲਾਇਐ।"

ਮੈਂ "ਆਉਂਦਾਂ" ਕਹਿ ਕੇ ਘਰ ਦੱਸਣ ਲਈ ਮੁੜਿਆ ਤਾਂ ਕਹਿੰਦੇ, "ਛੇਤੀ ਆ ਜਾਓ। ਬਹੁਤੀ ਲੰਮੀ-ਚੌੜੀ ਗੱਲ ਨਹੀਂ। ਹੁਣੇ ਈ ਵਾਪਸ ਆ ਜਾਣਾ ਹੈ।"

ਐਮਰਜੈਂਸੀ ਲੱਗਣ ਤੋਂ ਮਹੀਨਾ ਕੁ ਪਿੱਛੋਂ ਮੈਨੂੰ ਥੋੜ੍ਹੀ ਜਿਹੀ ਸੂਹ ਮਿਲੀ ਸੀ ਕਿ ਮੇਰੇ ਬਾਰੇ ਖੁਫੀਆ ਵਿਭਾਗ ਦੇ ਬੰਦਿਆਂ ਵਿਚ 'ਚਰਚਾ' ਚੱਲ ਰਹੀ ਸੀ। ਇਸ ਚਰਚਾ ਦੇ ਬਰੀਕ ਵੇਰਵੇ ਭਾਵੇਂ ਨਹੀਂ ਸਨ ਮਿਲੇ, ਪਰ ਇਹ ਤਾਂ ਸਾਫ਼ ਜ਼ਾਹਿਰ ਸੀ ਕਿ ਮੈਨੂੰ ਗ੍ਰਿਫਤਾਰ ਕਰਨ ਦੀ ਗੱਲ ਹੀ ਚੱਲੀ ਹੋਏਗੀ; ਹੋਰ ਉਨ੍ਹਾਂ ਮੈਨੂੰ 'ਰੋਟੀ ਤਾਂ ਵਰਜਣੀ ਨਹੀਂ ਸੀ'!



**ਵਰਿਆਮ ਸਿੰਘ ਸੰਧੂ**
ਫੋਨ: 416-918-5212

ਅਸਲ ਵਿਚ ਮੇਰੇ ਇੱਕ ਗਿਰਾਈਂ ਦਾ ਰਿਸ਼ਤੇਦਾਰ ਸੀ.ਆਈ.ਡੀ. ਵਿਚ ਸੀ। ਉਹ ਗਿਰਾਈਂ ਸ਼ਰਾਬੀ ਹੋਇਆ ਆਪਣੇ ਰਿਸ਼ਤੇਦਾਰ ਤੋਂ ਮਿਲੀ ਸੂਚਨਾ ਮੇਰੇ ਕਿਸੇ ਜਾਣੂ ਨੂੰ ਦੇ ਬੈਠਾ ਸੀ, ਪਰ ਜਦੋਂ ਮੈਂ ਉਸ ਕੋਲੋਂ 'ਵੇਰਵਾ' ਲੈਣ ਗਿਆ ਤਾਂ ਉਹ ਅਸਲੋਂ ਹੀ ਮੁੱਕਰ ਗਿਆ ਕਿ ਉਹਨੂੰ ਕਿਸੇ 'ਇਹੋ ਜਿਹੀ ਗੱਲ' ਦਾ ਪਤਾ ਹੈ! ਐਮਰਜੈਂਸੀ ਦੇ ਦਿਨਾਂ ਵਿਚ 'ਅੰਦਰਲੇ' ਸਰਕਾਰੀ ਵਿਭਾਗ ਵਿਚ ਹੁੰਦੀ ਇਹ ਚਰਚਾ 'ਖ਼ੈਰ-ਹੱਥੀ' ਨਹੀਂ ਸੀ। ਮੈਂ ਘਰਵਾਲੀ ਨੂੰ ਕਿਹਾ ਕਿ ਆਪਾਂ ਕੁਝ ਦਿਨਾਂ ਲਈ ਘਰੋਂ ਆਸੇ-ਪਾਸੇ ਹੋ ਜਾਈਏ। ਇੰਨੇ ਦਿਨਾਂ ਤੱਕ ਪਤਾ ਲੱਗ ਜਾਏਗਾ ਕਿ ਕੀ ਸਲੂਕ ਹੋਣ ਵਾਲਾ ਹੈ! ਫਿਰ ਵੇਖੀ ਜਾਊ! ਮੈਂ ਘਰਦਿਆਂ ਨੂੰ ਸਾਰੀ ਗੱਲ ਸਮਝਾ ਕੇ ਪਤਨੀ ਸਮੇਤ ਆਪਣੇ ਸਹੁਰੇ ਘਰ ਝਬਾਲ ਚਲਾ ਗਿਆ।

ਕੁਝ ਦਿਨ ਉਡੀਕਿਆ।

ਮੈਂ ਖਾਹ-ਮਖਾਹ ਮਹੱਤਵਪੂਰਨ ਬਣੀ ਬੈਠਾ ਸਾਂ! ਮੇਰੇ ਬਾਰੇ ਕਿਸੇ ਨੇ ਵੀ ਨਾ ਪੁੱਛਿਆ। ਦੋਹ-ਚਹੁੰ ਦਿਨਾਂ ਪਿੱਛੋਂ ਅਸੀਂ ਆਪਣੇ ਘਰ ਵਾਪਸ ਆ ਗਏ।

ਮੈਂ ਐਵੇਂ ਸੋਚੀ ਜਾ ਰਿਹਾ ਸਾਂ। ਮੈਂ ਕੀਤਾ ਵੀ ਕੀ ਸੀ ਜੋ ਪੁਲਿਸ ਮੈਨੂੰ ਫੜਨ ਆਉਂਦੀ! ਮੈਂ ਬੇਫਿਕਰ ਹੋ ਗਿਆ। ਜੂਨ, ਜੁਲਾਈ, ਅਗਸਤ ਤੇ ਸਤੰਬਰ ਵੀ 'ਸੁੱਖ-ਸੁੱਖਾਂ' ਨਾਲ ਲੰਘ ਗਏ।

ਕੋਈ ਅੰਤ ਦਾ ਭੁੱਖਾ ਜਾਨਵਰ ਜਦੋਂ ਆਪਣੇ ਅੱਗੇ ਪਿਆ 'ਮੁੱਖ ਭੋਜਨ' ਹੜੱਪ ਲੈਂਦਾ ਹੈ ਅਤੇ ਅਜੇ ਵੀ ਉਸ ਦਾ ਹਾਬੜਾ ਮੁੱਕਿਆ ਨਹੀਂ ਹੁੰਦਾ, ਤਾਂ ਉਹ ਆਸੇ-ਪਾਸੇ ਪਏ 'ਕੱਖ-ਕਾਨ' ਨੂੰ ਵੀ ਬੂਰਕ ਮਾਰਨ ਲੱਗ ਪੈਂਦਾ ਹੈ। ਇਹੋ ਹੀ ਹਾਲ ਹੋਇਆ ਪਿਆ ਸੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ। ਆਪਣੇ ਖ਼ਿਲਾਫ਼ ਹਾਈ ਕੋਰਟ ਦੇ ਫੈਸਲੇ ਨੂੰ ਨਜ਼ਰ-ਅੰਦਾਜ਼ ਕਰਦਿਆਂ ਉਸ ਨੇ ਆਪਣੇ ਅੰਦਰਲੀ ਹਠੀ ਆਵਾਜ਼ ਅਤੇ ਚਮਚਾ-ਸਲਾਹਕਾਰਾਂ ਦੀ ਰਾਇ ਸੁਣ ਕੇ ਆਪਣੀ ਸੀਟ ਛੱਡ ਦੇਣ ਦਾ ਨੈਤਿਕ ਪੈਂਤੜਾ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਸਾਰੇ ਮੁਲਕ ਵਿਚੋਂ ਉਸ ਦੇ ਧੱਕੜ ਅਤੇ ਗ਼ੈਰ-ਜਮਹੂਰੀ ਪੈਂਤੜੇ ਦੇ ਖ਼ਿਲਾਫ਼ ਉਠੀ ਰੋਹ ਅਤੇ ਵਿਦਰੋਹ ਦੀ ਆਵਾਜ਼ ਕੁਚਲਣ ਲਈ ਉਸ ਨੇ ਜੂਨ 1975 ਵਿਚ ਐਮਰਜੈਂਸੀ ਲਾਉਣ ਦਾ ਐਲਾਨ ਕਰ ਦਿੱਤਾ। ਪਹਿਲੇ ਹੱਲੇ ਸਭ ਵੱਡੇ ਸਿਆਸੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਦੇਸ਼ ਦੀਆਂ ਦੂਰ-ਦੁਰੇਡੀਆਂ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਫਿਰ ਹੌਲੀ-ਹੌਲੀ ਵਾਰੀ ਆਈ ਸਾਡੇ ਵਰਗੇ 'ਕੱਖ-ਕਾਨ' ਦੀ।

ਮੇਰੀ ਪਤਨੀ ਛਿਲੇ ਵਿਚ ਸੀ। ਬੱਚੀ ਰੂਪ ਨੇ ਕੁਝ ਦਿਨ ਪਹਿਲਾਂ ਹੀ ਜਨਮ ਲਿਆ ਸੀ। ਮੇਰੀ ਮਾਂ ਮੇਰੇ ਛੋਟੇ ਭਰਾ ਕੋਲ ਬਾਹਰ ਖੇਤਾਂ ਵਿਚ ਬਹਿਕ 'ਤੇ ਰਹਿੰਦੀ ਸੀ। ਇਨ੍ਹਾਂ ਦਿਨਾਂ ਵਿਚ ਮੇਰੀ ਬਜ਼ੁਰਗ ਨਾਨੀ ਕੁਦਰਤੀ ਸਾਨੂੰ ਮਿਲਣ-ਗਿਲਣ ਆਈ ਹੋਈ ਸੀ ਅਤੇ ਸਾਡੀ ਲੋੜ ਸਮਝਦਿਆਂ ਕੁਝ ਦਿਨਾਂ ਲਈ ਸਾਡੇ ਕੋਲ ਠਹਿਰ ਗਈ ਸੀ। ਬਾਪੂ ਹਕੀਕਤ ਸਿੰਘ ਕਿਤੇ ਬਾਹਰ-ਅੰਦਰ ਗਿਆ ਹੋਇਆ ਸੀ। ਮੈਂ ਵੀ ਸੋਚਿਆ ਕਿ ਘਰ ਕੀ ਦੱਸਣਾ ਹੈ! ਐਵੇਂ ਪੁਲਿਸ ਦਾ ਨਾਂ ਸੁਣ ਕੇ 'ਤੀਵੀਆਂ-ਮਾਨੀਆਂ' ਫ਼ਿਕਰ ਕਰਨਗੀਆਂ! ਉਨ੍ਹਾਂ ਨੂੰ ਸਿਰਫ਼ ਇੰਨਾ ਕਿਹਾ ਕਿ ਜ਼ਰਾ ਬਜ਼ਾਰ ਹੋ ਕੇ ਹੁਣੇ ਆਇਆ!

ਪੁਲਿਸ ਚੌਕੀ ਦੇ ਇੰਚਾਰਜ ਨੂੰ ਸੱਦੇ ਜਾਣ ਦਾ ਕਾਰਨ ਪੁੱਛਿਆ ਤਾਂ ਕਹਿੰਦਾ, "ਭਿੱਖੀਵਿੰਡ ਵਾਲੇ ਸਰਦਾਰ ਨੇ ਬੁਲਾਇਆ ਹੈ।"

ਭਿੱਖੀਵਿੰਡ ਸਾਡੇ ਪਿੰਡ ਨੂੰ ਪੈਂਦਾ ਥਾਣਾ ਸੀ। ਥਾਣੇਦਾਰ ਨੂੰ ਪੁੱਛਿਆ ਤਾਂ ਕਹਿੰਦਾ, "ਡੀ.ਐਸ.ਪੀ. ਸਾਹਿਬ ਹੁਣੇ ਆਉਣ ਵਾਲੇ ਨੇ। ਦੱਸਦੇ ਆਂ।"

ਇੰਨੇ ਨੂੰ ਇੱਕ ਹੋਰ ਪੁਲਿਸ ਪਾਰਟੀ ਨੌਜਵਾਨ ਭਾਰਤ ਸਭਾ ਦੇ ਆਗੂ ਅਤੇ ਮੇਰੇ ਸ਼ਾਗਿਰਦਾਂ ਵਰਗੇ ਦੋਸਤ ਰਘਬੀਰ ਪੂਹਲਾ ਨੂੰ ਥਾਣੇ ਲੈ ਆਈ। ਖੁੜਕ ਤਾਂ ਮੈਨੂੰ ਪਹਿਲਾਂ ਹੀ ਗਈ ਸੀ, ਰਘਬੀਰ ਦੇ ਆਉਣ ਨਾਲ ਯਕੀਨ ਹੋ ਗਿਆ ਕਿ ਜੇਲ੍ਹ ਦੀ ਦਾਲ ਖਾਣੀ ਹੀ ਪੈਣੀ ਹੈ।

ਰਘਬੀਰ ਨਕਸਲੀਆਂ ਦੇ 'ਨਾਗੀ ਰੈਡੀ' ਗਰੁੱਪ ਨਾਲ ਸਬੰਧਿਤ ਸੀ। ਕੁਝ ਸਾਲ ਪਹਿਲਾਂ ਮੈਂ ਵੀ ਇਸੇ ਗਰੁੱਪ ਨਾਲ ਸਾਂ, ਸਗੋਂ ਇਸ ਇਲਾਕੇ ਵਿਚ ਇਸ ਗਰੁੱਪ ਦੀ ਵੱਡੀ ਧਿਰ ਵੀ ਸਾਂ। ਉਨ੍ਹਾਂ ਨੂੰ ਰੋਟੀ-ਪਾਣੀ ਛਕਾਉਣ, ਰਾਤਾਂ ਕਟਾਉਣ, ਮੀਟਿੰਗਾਂ ਕਰਵਾਉਣ, ਨਵੇਂ ਪੜ੍ਹੇ-ਲਿਖੇ, ਖਾਸ ਤੌਰ 'ਤੇ ਅਧਿਆਪਕ ਵਰਗ ਵਿਚੋਂ, ਕਾਂਟੈਕਟ ਦੇਣ, ਪਾਰਟੀ ਪ੍ਰੋਗਰਾਮਾਂ ਦੇ ਇਸ਼ਤਿਹਾਰ ਰਾਤ-ਬਰਾਤੇ ਕੰਧਾਂ ਉਤੇ ਲਗਵਾ ਦੇਣ ਤੋਂ ਵੱਧ ਇਸ ਪਾਸੇ ਮੇਰਾ ਕੋਈ 'ਵੱਡਾ ਯੋਗਦਾਨ' ਨਹੀਂ ਸੀ।

ਅਸਲ ਵਿਚ ਮੈਂ ਤਾਂ ਇਸ ਪਾਸੇ ਹਰਭਜਨ ਹਲਵਾਰਵੀ ਅਤੇ ਅਮਰਜੀਤ ਚੰਦਨ ਜਿਹੇ ਸਾਹਿਤਕਾਰਾਂ ਦਾ ਖਿੱਚਿਆ ਆਇਆ ਸਾਂ। ਆਪਣੇ ਸੁਪਨਿਆਂ ਦੇ ਹਾਣ ਦਾ ਰਾਜ ਅਤੇ ਸਮਾਜ ਸਿਰਜਣ ਦੀ ਤੀਬਰ ਤਾਂਘ, ਕਾਹਲ ਅਤੇ ਜਵਾਨੀ ਦੇ ਜੋਸ਼ ਨੇ ਮੇਰੀਆਂ ਲਿਖਤਾਂ ਵਿਚ ਅਜਿਹਾ ਰੋਹ ਅਤੇ ਰੰਗ ਭਰ ਦਿੱਤਾ ਸੀ ਜਿਸ ਨੂੰ ਵੇਖ ਕੇ ਇਹ ਦੋਵੇਂ ਮੈਨੂੰ ਆਣ ਮਿਲੇ। ਲਿਖਤ ਤੋਂ ਬਾਹਰ ਨਿਕਲ ਕੇ ਵੀ ਕੁਝ ਕਰਨ ਦੀ ਮੇਰੀ ਚਾਹਤ ਨੇ ਮੈਨੂੰ ਉਨ੍ਹਾਂ ਨਾਲ ਜੋੜ ਦਿੱਤਾ। ਫਿਰ ਉਨ੍ਹਾਂ ਤੋਂ ਇਲਾਵਾ ਸਿਆਸੀ ਕਾਰਕੁਨ ਵੀ ਮੇਰੇ ਕੋਲ ਆਉਣ ਲੱਗੇ। ਛੇਤੀ ਹੀ ਆਉਣ ਵਾਲਿਆਂ ਵਿਚ ਵੀ ਨਵੀਂ ਸਫ਼ਬੰਦੀ ਹੋ ਗਈ। ਹਲਵਾਰਵੀ ਹੋਰੀਂ ਪਹਿਲਾ ਗਰੁਪ ਛੱਡ ਕੇ 'ਨਾਗੀ ਰੈਡੀ' ਗਰੁਪ ਨਾਲ ਚਲੇ ਗਏ।

ਗਰੁੱਪ ਬਦਲ ਜਾਣ ਨਾਲ ਪਹਿਲਾਂ ਬਣੇ ਇਨਸਾਨੀ ਰਿਸ਼ਤੇ ਤੁਰਤ ਤਿਆਗ ਦੇਣਾ ਮੇਰੇ ਵੱਸ ਵਿਚ ਨਹੀਂ ਸੀ। ਮੇਰੇ ਕੋਲ ਦੋਵੇਂ ਧਿਰਾਂ ਆਉਂਦੀਆਂ। ਆਪਣੇ ਆਪ ਨੂੰ 'ਸੱਚਾ' ਆਖਦੀਆਂ। ਦੂਜੀ ਧਿਰ ਦੇ ਨੁਕਸ ਛਾਂਟਦੀਆਂ। ਮੈਨੂੰ ਚੰਗਾ ਨਾ ਲੱਗਦਾ। ਹੌਲੀ-ਹੌਲੀ ਮੈਂ ਉਨ੍ਹਾਂ ਦੇ ਇਸ 'ਨਿੰਦਕ' ਵਿਹਾਰ ਤੋਂ ਖਿਝਣ ਲੱਗਾ। ਨਾਗੀ ਰੈਡੀ ਵਾਲੇ ਵਿਚਾਰਧਾਰਕ ਤੌਰ 'ਤੇ ਮੈਨੂੰ ਵਧੇਰੇ ਠੀਕ ਲੱਗਦੇ ਸਨ। ਮੈਂ ਉਨ੍ਹਾਂ ਦੀ 'ਲੋਕ ਜਥੇਬੰਦੀਆਂ' ਬਣਾ ਕੇ ਲੋਕਾਂ ਵਿਚ ਵਿਚਰਨ ਅਤੇ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦੀ ਲਾਈਨ ਨਾਲ ਸਹਿਮਤ ਸਾਂ ਅਤੇ ਇਸ ਮਕਸਦ ਦੀ ਪੂਰਤੀ ਲਈ ਗੌਰਮਿੰਟ ਟੀਚਰਜ਼ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਵਿਚ ਸਰਗਰਮ ਹੋਣ ਤੋਂ ਇਲਾਵਾ ਸਾਹਿਤਕ ਫ਼ਰੰਟ 'ਤੇ ਵੀ ਕੰਮ ਕਰ ਰਿਹਾ ਸਾਂ।

ਰੋਜ਼ਾਨਾ ਅਮਲ ਵਿਚੋਂ ਗੁਜ਼ਰਦਿਆਂ ਤੇ ਆਪਣੇ ਅਧਿਐਨ ਦੀ ਰੌਸ਼ਨੀ ਵਿਚ ਮੈਨੂੰ ਇਸ ਲਹਿਰ ਦੇ ਆਗੂਆਂ ਅਤੇ ਲਹਿਰ ਦੀਆਂ ਸੀਮਾਵਾਂ ਵੀ ਦਿਸਣ ਲੱਗੀਆਂ। ਮੈਂ ਲਹਿਰ ਤੋਂ ਸੁਚੇਤ ਤੌਰ 'ਤੇ ਕਿਨਾਰਾਕਸ਼ੀ ਸ਼ੁਰੂ ਕਰ ਦਿੱਤੀ। ਹਲਵਾਰਵੀ ਨਾਲ ਸ਼ੰਕੇ ਸਾਂਝੇ ਕੀਤੇ। ਉਹ ਵੀ ਮੇਰੇ ਨਾਲ ਸਹਿਮਤ ਸੀ। ਉਹ ਛੇਤੀ ਹੀ ਪੁਲਿਸ ਅੱਗੇ ਪੇਸ਼ ਹੋ ਗਿਆ। ਮੇਰੇ ਅੰਦਰਲੇ ਅਗਾਂਹਵਧੂ ਬੰਦੇ ਨੇ ਭਾਵੇਂ ਅਗਾਂਹਵਧੂ ਸਰਗਰਮੀਆਂ ਵਿਚ ਭਾਗ ਲੈਣਾ ਤਾਂ ਨਾ ਛੱਡਿਆ, ਪਰ ਨਕਸਲੀਆਂ ਨਾਲੋਂ ਅੰਦਰੋ-ਅੰਦਰੀ ਇੱਕ ਦੂਰੀ ਬਣ ਚੁੱਕੀ ਸੀ।

ਰਘਬੀਰ ਮੇਰਾ ਦੋਸਤ ਤੇ ਸਨੇਹੀ ਸੀ। ਮੈਂ ਉਨ੍ਹਾਂ ਦੇ ਪਿੰਡ ਪੜ੍ਹਾਉਂਦਾ ਸਾਂ। ਸਾਡਾ ਸਕੂਲ ਉਨ੍ਹਾਂ ਦੇ ਖੇਤਾਂ ਦੇ ਐਨ ਨਾਲ ਲੱਗਦਾ ਸੀ। ਉਸ ਦੇ ਪਰਿਵਾਰ ਨਾਲ ਵੀ ਮੇਰੀ ਸਾਂਝ ਸੀ। ਅਸੀਂ ਇਕੱਠੇ ਕੰਮ ਕਰਦੇ ਰਹੇ ਸਾਂ। ਉਹ ਅੱਜ ਵੀ 'ਨਾਗੀ ਰੈਡੀਆਂ' ਨਾਲ ਸਰਗਰਮ ਸੀ ਜਦ ਕਿ ਮੈਂ ਉਨ੍ਹਾਂ ਤੋਂ ਵਿੱਥ ਸਿਰਜ ਲਈ ਹੋਈ ਸੀ। ਮੈਂ ਇਸ ਤਰੀਕੇ ਨਾਲ ਖਿੱਚ ਕੇ ਇਨਕਲਾਬ ਨੂੰ ਨੇੜੇ ਲਿਆ ਸਕਣ ਦੇ ਉਲਾਰ ਉਤਸ਼ਾਹ ਤੋਂ ਮੁਕਤ ਹੋ ਗਿਆ ਸਾਂ ਜਦ ਕਿ ਰਘਬੀਰ ਦਾ ਇਹ ਉਤਸ਼ਾਹ, ਉਹਨੂੰ ਮੇਰੇ 'ਸਮਝਾਉਣ' ਦੇ ਬਾਵਜੂਦ, ਬਣਿਆ ਹੋਇਆ ਸੀ। ਵਿਚਾਰਧਾਰਕ ਤੌਰ 'ਤੇ ਦੂਰ ਹੋਣ ਦੇ ਬਾਵਜੂਦ ਅਸੀਂ ਨਿੱਜੀ ਤੌਰ 'ਤੇ ਨੇੜੇ ਹੀ ਸਾਂ। ਇੱਕ ਦੂਜੇ ਨੂੰ ਹਾਸਾ ਠੱਠਾ ਵੀ ਕਰ ਲੈਂਦੇ। ਅਸੀਂ ਇੱਕ ਦੂਜੇ ਦੀ 'ਪ੍ਰਤਿਭਾ' ਅਤੇ 'ਸਮਰੱਥਾ' ਬਾਰੇ ਜਾਣਦੇ ਸਾਂ। ਉਹ 'ਨੌਜਵਾਨ ਭਾਰਤ ਸਭਾ' ਦਾ ਸੂਬਾ ਸਕੱਤਰ ਬਣਾ ਦਿੱਤਾ ਗਿਆ ਸੀ। ਅਸੀਂ ਸਾਂਝੇ ਦੋਸਤਾਂ ਦੀ ਮਹਿਫ਼ਲ ਵਿਚ ਇੱਕ ਦੂਜੇ ਬਾਰੇ ਅੰਦਰੋਂ ਗੰਭੀਰ ਪਰ ਉਤੋਂ ਮਜ਼ਾਹੀਆ ਟਿੱਪਣੀਆਂ ਕਰਦੇ। ਮੈਂ ਉਹਨੂੰ ਹਾਸੇ ਨਾਲ ਕਾਮਰੇਡਾਂ ਵੱਲੋਂ 'ਵਰਤੇ ਜਾਣ ਵਾਲੀ ਸ਼ੈਅ' ਆਖਦਾ। ਉਹ ਮੇਰੇ ਪਿੱਛੇ ਹਟ ਜਾਣ ਨੂੰ ਮੇਰੀ 'ਚਮੜੀ ਬਚਾਉਣ' ਦੀ ਮੱਧ-ਵਰਗੀ ਭਾਵਨਾ ਨਾਲ ਜੋੜਦਾ।



*ਲੇਖਕਾਂ ਦੀ ਲੀਗ (ਖੱਬਿਉਂ): ਅਮਰਜੀਤ ਚੰਦਨ, ਮੁਖਤਾਰ ਗਿੱਲ, ਵਰਿਆਮ ਸਿੰਘ ਸੰਧੂ ਤੇ ਪ੍ਰੇਮ ਗੋਰਖੀ।*

ਪੁਲਸੀਆਂ ਦੀ ਆਮਦ ਤੋਂ ਅਨੁਮਾਨ ਲਾ ਕੇ ਮੈਂ 'ਚਮੜੀ ਖਿਚਵਾਉਣ' ਲਈ ਤਿਆਰ ਹੋ ਚੁੱਕਾ ਸਾਂ, ਭਾਵੇਂ ਮੈਨੂੰ 'ਇਕੱਲੀ' ਪਤਨੀ ਅਤੇ ਨੰਨ੍ਹੀ ਧੀ ਦਾ ਖ਼ਿਆਲ ਵੀ ਆ ਰਿਹਾ ਸੀ। ਨਾਨੀ ਤਾਂ ਇੱਕ-ਅੱਧੇ ਦਿਨ ਤੱਕ ਵਾਪਸ ਜਾਣ ਵਾਲੀ ਸੀ। ਪਿੱਛੋਂ ਪਤਨੀ ਦਾ ਆਸਰਾ ਕੌਣ ਬਣੇਗਾ! ਉਹ ਆਪਣੇ ਆਪ ਨੂੰ ਅਤੇ ਬੱਚੀ ਨੂੰ ਸਾਂਭੇਗੀ ਜਾਂ ਮੇਰੇ ਪਿੱਛੇ ਹਵਾਲਾਤਾਂ ਅਤੇ ਜੇਲ੍ਹਾਂ ਵਿਚ ਇਸ ਕਮਜ਼ੋਰੀ ਅਤੇ ਲਾਚਾਰਗੀ ਦੀ ਅਵਸਥਾ ਵਿਚ ਮੇਰਾ ਪਤਾ-ਸੁਰ ਕਰਦੀ ਫਿਰੇਗੀ!

ਰਘਬੀਰ ਦਾ ਸਾਥ ਮਿਲ ਜਾਣ 'ਤੇ ਖ਼ੁਸ਼ ਸਾਂ। ਸਾਥ ਵਿਚ ਮੁਸ਼ਕਿਲ ਪੈਂਡਾ ਵੀ ਕੱਟਿਆ ਜਾ ਸਕਦਾ ਹੈ। ਅਸੀਂ ਥਾਣੇਦਾਰ ਨੂੰ ਆਪਣਾ ਕਸੂਰ ਪੁੱਛਿਆ ਤਾਂ ਉਹ ਐਵੇਂ ਆਲਾ-ਟਾਲਾ ਕਰਨ ਲੱਗਾ। ਸਾਨੂੰ ਇੱਕ ਹਮਦਰਦ ਹਵਾਲਦਾਰ ਨੇ ਦੱਸਿਆ ਕਿ ਇਹ ਡੀ.ਐਸ.ਪੀ. ਨੂੰ ਉਡੀਕ ਰਿਹਾ ਹੈ ਤਾਂ ਕਿ ਉਸ ਦੀ ਸਲਾਹ ਨਾਲ ਤੁਹਾਡੇ ਉਤੇ ਕੇਸ ਪਾਇਆ ਜਾ ਸਕੇ।

ਅਸੀਂ ਥਾਣੇਦਾਰ ਨੂੰ ਆਪਣੇ ਉਤੇ ਬਣਦਾ ਕੇਸ ਪਾ ਕੇ ਅਦਾਲਤ ਵਿਚ ਪੇਸ਼ ਕਰਨ ਜਾਂ ਹੁਣੇ ਰਿਹਾਅ ਕਰਨ ਲਈ ਕਿਹਾ। ਉਸ ਨੇ ਹਵਾਲਦਾਰ ਵਾਲੀ ਗੱਲ ਦੀ ਪੁਸ਼ਟੀ ਕਰਦਿਆਂ ਸੱਚੀ ਗੱਲ ਦੱਸੀ, "ਉਪਰੋਂ ਹੁਕਮ ਆਇਆ ਹੈ ਕਿ ਤੁਹਾਨੂੰ ਫੜ ਲਿਆ ਜਾਵੇ। ਛੱਡਣਾ ਤਾਂ ਤੁਹਾਨੂੰ ਹੈ ਨਹੀਂ। ਤੁਸੀਂ ਅੰਦਰ ਅਹੁ ਮੰਜਿਆਂ 'ਤੇ ਆਰਾਮ ਕਰੋ। ਡੀ.ਐਸ.ਪੀ. ਸਾਹਿਬ ਆ ਲੈਣ ਦਿਓ। ਕਰਦੇ ਆਂ ਤੁਹਾਡਾ ਕੁਛ!"

ਅਸੀਂ ਮਾਨਸਿਕ ਤੌਰ 'ਤੇ ਤਿਆਰ ਹੋ ਕੇ ਸਿਪਾਹੀਆਂ ਦੀ ਰਿਹਾਇਸ਼ ਵਾਲੇ ਕਮਰੇ ਵਿਚ ਮੰਜਿਆਂ 'ਤੇ ਜਾ ਬੈਠੇ। 'ਨਕਸਲੀ' ਹੋਣ ਕਰ ਕੇ ਅਤੇ ਉਂਜ ਵੀ ਇਲਾਕੇ ਵਿਚ ਸਰਗਰਮ ਰਹਿਣ ਕਰ ਕੇ ਸਾਡੀ ਥੋੜ੍ਹੀ ਬਹੁਤੀ ਪੈਂਠ ਬਣੀ ਹੋਈ ਸੀ। ਪੁਲਿਸ ਕਰਮਚਾਰੀ ਸਾਡੇ ਨਾਲ ਹਮਦਰਦੀ ਅਤੇ ਅਦਬ ਨਾਲ ਪੇਸ਼ ਆ ਰਹੇ ਸਨ। ਅਸੀਂ ਉਨ੍ਹਾਂ ਨਾਲ ਹਾਸੇ-ਠੱਠੇ ਵਿਚ ਰੁੱਝ ਗਏ। ਮੋਟੀ ਗੋਗੜ ਵਾਲਾ ਇਕ ਸਿਪਾਹੀ ਫ਼ਿਲਮੀ ਕਲਾਕਾਰ 'ਸੁੰਦਰ' ਵਰਗਾ ਲੱਗਦਾ ਸੀ। ਅਸੀਂ ਉਸ ਦਾ ਨਾਮ 'ਸੁੰਦਰ' ਰੱਖ ਲਿਆ ਅਤੇ ਉਹਨੂੰ ਗੁੱਝੀਆਂ ਮਸ਼ਕਰੀਆਂ ਕਰਦੇ।

ਜ਼ਾਹਿਰ ਸੀ ਕਿ ਹੁਣ ਸਾਨੂੰ ਅਗਲੇ ਦਿਨ ਹੀ ਅਦਾਲਤ ਵਿਚ ਪੇਸ਼ ਕੀਤਾ ਜਾ ਸਕਣਾ ਸੀ।

---

**ਵਿਅੰਗ**

# ਬਾਂਦਰ 'ਵਾਜਾਂ ਮਾਰਦੇ

ਪ੍ਰਸਿਧ ਮਨੋਵਿਗਿਆਨੀ ਕਾਰਲ ਜੰਗ ਕਹਿੰਦਾ ਹੈ ਕਿ ਮਨੁੱਖ ਦਾ ਅਚੇਤ ਮਨ ਕਈ ਹਜ਼ਾਰ ਸਾਲਾਂ ਦੇ ਇਤਿਹਾਸ ਨੂੰ ਆਪਣੇ ਅੰਦਰ ਸਾਂਭੀ ਬੈਠਾ ਹੈ। ਇਸੇ ਕਾਰਨ ਹੀ ਸੁਪਨੇ ਵਿਚ ਤੁਹਾਨੂੰ ਕੋਈ ਐਸੀ ਚੀਜ਼ ਜਾਂ ਘਟਨਾ ਦਿਖਾਈ ਦਿੰਦੀ ਹੈ

**ਪ੍ਰੋ. ਸੁਖਦੇਵ ਸਿੰਘ ਗਿੱਲ, ਸੈਕਰਾਮੈਂਟੋ**
ਫੋਨ: 916-410-8740

ਜੋ ਕਦੇ ਵੇਖੀ ਸੁਣੀ ਨਾ ਹੋਵੇ। ਐਸਾ ਹੀ ਇਕ ਰਾਤ ਮੇਰੇ ਨਾਲ ਵਾਪਰਿਆ।

ਦਸੰਬਰ ਦਾ ਮਹੀਨਾ ਸੀ। ਮੈਂ ਫਤਿਹਗੜ੍ਹ ਸਾਹਿਬ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ 'ਤੇ ਨਤਮਸਤਕ ਹੋਣ ਲਈ ਚਲਾ ਗਿਆ। ਲੈਕਚਰ ਸੁਣੇ, ਰਾਗੀਆਂ-ਢਾਡੀਆਂ ਦੇ ਬਿਰਤਾਂਤ ਸੁਣੇ, ਖਾਲਸੇ ਦੀ ਸਿਰਜਣਾ, ਚਮਕੌਰ ਦੀ ਗੜ੍ਹੀ ਦਾ ਬਿਰਤਾਂਤ, ਠੰਢੇ ਬੁਰਜ ਦੀ ਦਿਲ ਕੰਬਾਊ ਘਟਨਾ ਤੇ ਫਿਰ ਦੀਵਾਰਾਂ ਵਿਚ ਸਾਹਿਬਜ਼ਾਦਿਆਂ ਦੇ ਚਿਣੇ ਜਾਣ ਦਾ ਸਾਕਾ। ਇਹ ਸਭ ਸੁਣ ਕੇ ਘਰ ਪਰਤਿਆ ਥਕਾਨ ਨਾਲ ਚੂਰ ਚੂਰ। ਪੈਂਦੇ ਸਾਰ ਹੀ ਨੀਂਦ ਆ ਗਈ। ਫਿਰ ਉਥੇ ਦਿਤੇ ਭਾਸ਼ਣ ਅਤੇ ਰਾਗੀਆਂ-ਢਾਡੀਆਂ ਦੀਆਂ ਗੱਲਾਂ ਦੇ ਸੁਪਨੇ ਆਉਣ ਲੱਗੇ। ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਸ਼ਮੀਰੀ ਪੰਡਿਤਾਂ ਲਈ ਪਿਤਾ ਵਾਰਿਆ ਤੇ ਫਿਰ ਉਸ ਲੜੀ ਵਿਚ ਹੀ ਮਾਤਾ, ਬੱਚੇ ਯਾਨਿ ਸਰਬੰਸ ਵਾਰ ਦਿੱਤਾ ਅਤੇ ਅਨੇਕਾਂ ਲਾਡਲੇ ਸਿੰਘ ਵਾਰੇ। ਕਿਸ ਤਰ੍ਹਾਂ ਸਮੇਂ ਦੇ ਦਬੇ-ਕੁਚਲੇ ਲੋਕਾਂ ਨੂੰ 'ਸਿੰਘ' ਦਾ ਖਿਤਾਬ ਦੇ ਕੇ ਸ਼ੇਰ ਬਣਾ ਦਿੱਤਾ, ਵਗੈਰਾ ਵਗੈਰਾ।

ਫੇਰ ਔਲ ਦੇ ਪਟੌਲ ਸੁਪਨੇ। ਉਸ ਰਾਤ ਸਾਡੇ ਪਿੰਡ ਵਿਚ ਬਾਂਦਰਾਂ ਦੀ ਟੋਲੀ ਦੰਗਿਆਂ ਦੀ ਭੀੜ ਵਾਂਗ ਲੋਕਾਂ ਦੇ ਬੂਹੇ ਖੜਕਾਉਂਦੀ ਰਹੀ। ਕੁੰਡਾ ਖੜਕਾ ਕੇ ਹੋਕਾ ਦਿੰਦੇ, "ਤੁਸੀਂ ਸਾਡੇ ਵਿਚੋਂ ਹੀ ਹੋ। ਘਰ ਆ ਜਾਓ। ਤੁਹਾਡੇ ਵਿਗਿਆਨੀ ਡਾਰਵਿਨ ਨੇ ਕਿਹਾ ਸੀ ਕਿ ਤੁਸੀਂ ਬਾਂਦਰਾਂ ਵਿਚੋਂ ਹੀ ਹੋ।"

ਮੇਰੇ ਘਰ ਦਾ ਕੁੰਡਾ ਵੀ ਦੋ ਵਾਰ ਖੜਕਿਆ ਪਰ ਨੀਂਦ ਦੇ ਲੋਰ ਕਾਰਨ ਮੈਂ ਉਠ ਨਾ ਸਕਿਆ। ਉਂਜ ਸ਼ੋਰ-ਸ਼ਰਾਬਾ ਚਾਰ-ਚੁਫੇਰੇ ਸੁਣਾਈ ਦੇ ਰਿਹਾ ਸੀ। ਫੇਰ ਸਵੇਰੇ 3 ਕੁ ਵਜੇ ਬਾਂਦਰਾਂ ਦੀ ਇਕ ਟੋਲੀ ਆਈ ਤੇ ਕੁੰਡਾ ਖੜਕਾ ਕੇ ਕਹਿਣ ਲੱਗੀ, "ਆਪਣੇ ਘਰੇ ਆ ਜਾਓ। ਆਪਣੇ ਪੂਰਵਜਾਂ ਦਾ ਸਤਿਕਾਰ ਕਰੋ।"

ਹੁਣ ਗੱਲ ਤਾਂ ਸਾਹਮਣੇ ਜਾ ਕੇ ਹੀ ਹੋ ਸਕਦੀ ਸੀ। ਮੈਂ ਆਪਣਾ ਸ਼ੇਰ ਦੀ ਖੱਲ ਵਰਗਾ ਧਾਰੀਦਾਰ ਕੰਬਲ ਲਪੇਟ ਕੇ ਕਾਲੀ ਭੂਰੀ ਖੁੱਲ੍ਹੀ ਦਾਹੜੀ ਨਾਲ ਬੂਹੇ ਕੋਲ ਗਿਆ ਕਿ ਦੇਖੀਏ ਮਾਜਰਾ ਕੀ ਹੈ! ਜਿਉਂ ਹੀ ਮੈਂ ਬੂਹਾ ਖੋਲ੍ਹਿਆ ਤਾਂ ਬਾਂਦਰਾਂ ਦੀ ਇਕ ਟੋਲੀ ਸਾਹਮਣੇ ਖੜ੍ਹੀ ਸੀ। ਉਨ੍ਹਾਂ ਨੇ ਮੈਨੂੰ ਸ਼ੇਰ ਸਮਝ ਲਿਆ ਅਤੇ ਤਿੱਤਰ ਹੋ ਗਏ। ਮੈਂ ਸੋਚਿਆ ਚਲੋ ਦੇਖੀਏ ਇਨ੍ਹਾਂ ਡਰਪੋਕਾਂ ਨੂੰ ਲੀਡਰ ਕੀ ਸਬਕ ਦਿੰਦੇ। ਹਨੇਰੇ ਵਿਚ ਮੈਂ ਉਨ੍ਹਾਂ ਦੇ ਪਿਛੇ ਹੋ ਤੁਰਿਆ। ਰਾਹ ਵਿਚ ਸੋਚੀ ਜਾਵਾਂ, ਇਹ ਸਾਨੂੰ ਘਰੇ ਸੱਦ ਕੇ ਖੱਟਣਗੇ ਕੀ?

ਪਿੰਡ ਦੇ ਬਾਹਰ ਇਕ ਭੜੀ ਦੇ ਓਹਲੇ ਖੇਤ ਵਿਚ ਖੰਭੇ ਦੇ ਮੱਧਮ ਜਿਹੇ ਚਾਨਣ ਵਿਚ ਉਹ ਆਪਣੇ ਨੇਤਾ ਨਾਲ ਬਹਿਸ ਕਰਨ ਲੱਗੇ। ਉਸ ਨੇਤਾ ਨੇ ਲੂੰਬੜੀ ਦੀ ਖੱਲ ਵਾਲੀ ਟੋਪੀ ਪਹਿਨੀ ਹੋਈ ਸੀ। ਸਾਹੋ ਸਾਹ ਹੋਏ ਬਾਂਦਰਾਂ ਨੇ ਸ਼ੇਰ ਵਾਲੀ ਗੱਲ ਦੱਸ ਕੇ ਇਤਰਾਜ਼ ਕੀਤਾ ਕਿ ਅਸੀਂ ਮਸਾਂ ਜਾਨ ਬਚਾ ਕੇ ਆਏ ਹਾਂ। ਸਾਰੇ ਬਾਂਦਰ ਗੁੱਸੇ ਵਿਚ ਸਨ। ਨੇਤਾ ਨੇ ਮੌਕਾ ਤਾੜ ਕੇ ਕਿਹਾ, "ਘਰ ਸੱਦਣ ਦਾ ਕੰਮ ਗਲਤ। ਬਾਰੇ ਤਾਂ ਉਸ ਬਾਂਦਰ ਨੂੰ ਵੀ ਨਾ ਸੱਦੋ ਜਿਸ ਨੂੰ ਆਪਣੀ ਲਾਡਲੀ ਬਾਂਦਰੀ ਦੇ ਕੇ ਤੋਰ ਦਿੰਦੇ ਆਂ। ਨੁਕਸਾਨ ਹੀ ਕਰਕੇ ਜਾਊ ਕੋਈ।"


ਫੇਰ ਇਕ ਛੋਕਰਾ ਜਿਹਾ ਬਾਂਦਰ ਬੋਲਿਆ, "ਜਾਨਵਰਾਂ ਦੀ ਤਾਂ ਗੱਲ ਹੀ ਨਹੀਂ ਚੱਲੀ, ਅਸੀਂ ਤਾਂ ਬੰਦਿਆਂ ਨੂੰ ਘਰ ਸੱਦਣ ਗਏ ਸੀ।" ਫੇਰ ਇਕ ਖੂੰਜੇ ਬੈਠਾ ਸਭ ਤੋਂ ਬੁੱਢਾ ਬਾਂਦਰ ਬੋਲਿਆ, "ਓਏ ਸਿਰੇ ਦੇ ਮੂਰਖੋ, ਇਹ ਬੰਦੇ ਤਾਂ ਜਾਨਵਰਾਂ ਨਾਲੋਂ ਵੀ ਭੈੜੇ ਐ। ਸਦੀਆਂ 'ਚ ਇਨ੍ਹਾਂ ਦਾ ਸੁਭਾਅ ਬਦਲ ਗਿਐ। ਇਨ੍ਹਾਂ ਨੇ ਤੁਹਾਡੇ ਜੰਗਲ ਫੂਕ ਦੇਣੇ ਐ। ਇਹ ਗਲਤੀ ਨਾ ਮੁੜ ਕੇ ਕਰਿਓ।"

ਓਹੀ ਛੋਕਰਾ ਬਾਂਦਰ ਗੁੱਸੇ ਵਿਚ ਬੋਲਿਆ, "ਪਰ ਬਾਪੂ ਇਹ ਘਰੇ ਸੱਦਣ ਦਾ ਹੋਕਾ ਦਿੱਤਾ ਕਿਹੜੇ ਕੰਜਰ ਨੇ ਸੀ?"

ਬਾਪੂ ਤਾਂ ਬਾਪੂ ਹੁੰਦੈ। ਉਹ ਤਾਂ ਸਿਰ ਨੀਵਾਂ ਕਰ ਚੁਪ ਕਰ ਰਿਹਾ। ਸ਼ੇਰ ਤੋਂ ਡਰੇ ਬਾਂਦਰਾਂ ਦੇ ਦਿਲ ਧਕ ਧਕ ਕਰ ਰਹੇ ਸਨ। ਉਹ ਪੂਰੇ ਗੁੱਸੇ ਵਿਚ ਸਨ। ਉਨ੍ਹਾਂ ਨੇ ਚਾਰ-ਚੁਫੇਰੇ ਨੇਤਾ ਵੱਲ ਵੇਖਿਆ ਪਰ ਲੂੰਬੜ ਟੋਪੀ ਵਾਲਾ ਨੇਤਾ ਤਾਂ ਪਤਾ ਨਹੀਂ ਕਿਹੜੇ ਵੇਲੇ ਖਿਸਕ ਗਿਆ ਸੀ।

# ਜੈਰੀ ਸਹੋਤਾ

***ਕੈਨੇਡਾ ਵੱਸਦੇ ਨੌਜਵਾਨ ਲੇਖਕ ਹਰਪ੍ਰੀਤ ਸੇਖਾ ਨੇ ਐਤਕੀਂ ਕੈਨੇਡਾ ਦੇ ਟੈਕਸੀ ਬਿਜ਼ਨੈਸ ਵਿਚ ਮੱਲਾਂ ਮਾਰਨ ਵਾਲੇ ਜੈਰੀ ਸਹੋਤਾ (ਦੇਹਾਂਤ 2012) ਬਾਰੇ ਚਰਚਾ ਛੇੜੀ ਹੈ। ਮਨਬਚਨੀ ਦੇ ਸਟਾਈਲ ਵਿਚ ਲਿਖੇ ਇਸ ਲੇਖ ਵਿਚ ਟੈਕਸੀ ਬਿਜ਼ਨੈਸ ਅੰਦਰਲੀ ਆਪਾ-ਧਾਪੀ ਦੇ ਦਰਸ਼ਨ ਹੁੰਦੇ ਹਨ। ਹਰਪ੍ਰੀਤ ਸੇਖਾ ਬੁਨਿਆਦੀ ਰੂਪ ਵਿਚ ਕਹਾਣੀਕਾਰ ਹੈ। ਉਹਦੇ ਦੋ ਕਹਾਣੀ ਸੰਗ੍ਰਿਹ 'ਬੀ ਜੀ ਮੁਸਕਰਾ ਪਏ' ਅਤੇ 'ਬਾਰਾਂ ਬੂਹੇ' ਛਪ ਚੁੱਕੇ ਹਨ। ਆਪਣੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੀ ਮਾਨਸਿਕਤਾ ਪੜ੍ਹਦਾ, ਆਲੇ-ਦੁਆਲੇ ਦਾ ਬਿਰਤਾਂਤ ਬੰਨ੍ਹਦਾ ਹੈ। 'ਟੈਕਸੀਨਾਮਾ' ਉਹਦੀ ਨਿਵੇਕਲੀ ਰਚਨਾ ਹੈ ਜਿਸ ਵਿਚ ਉਹਨੇ ਟੈਕਸੀ ਚਲਾਉਣ ਵਾਲਿਆਂ ਦੇ ਕਿੱਤੇ ਅਤੇ ਮਨਾਂ ਅੰਦਰ ਝਾਤੀ ਮਾਰੀ ਹੈ। -ਸੰਪਾਦਕ***



ਟੈਕਸੀਨਾਮਾ

13

**ਹਰਪ੍ਰੀਤ ਸਿੰਘ ਸੇਖਾ**
ਫੋਨ: 778-231-1189
hsekha@hotmail.com

1967 ਵਿਚ ਮੈਂ ਇੰਗਲੈਂਡ ਤੋਂ ਇੱਥੇ ਆਇਆ ਸੀ। ਇੰਗਲੈਂਡ ਪੰਜ ਸਾਲ ਰਿਹਾ। ਇੰਡੀਆ ਇੱਕੀ ਸਾਲ ਦੀ ਉਮਰ ਵਿਚ ਛੱਡਿਆ। ਉਥੋਂ ਬੀ.ਐਸਸੀ. ਕੀਤੀ ਸੀ। ਕੰਮ ਬੜੇ ਮੁਸ਼ਕਿਲ ਨਾਲ ਮਿਲਦੇ ਸੀ ਉਦੋਂ। ਇੱਕ-ਦੋ ਥਾਈਂ ਕੰਮ ਮਿਲੇ ਵੀ, ਪਰ ਛੇਤੀਂ ਹੀ ਲੇ-ਆਫ਼ ਹੋ ਜਾਂਦੀ ਰਹੀ। ਫਿਰ ਇੱਕ ਦਿਨ ਖਾਂਦਿਆਂ-ਪੀਂਦਿਆਂ ਮੇਰੇ ਭਾਈਬੰਦ ਕਹਿੰਦੇ, ਤੈਨੂੰ ਤਾਂ ਇੰਗਲਿਸ਼ ਦੀ ਵੀ ਕੋਈ ਸਮੱਸਿਆ ਨਹੀਂ, ਟੈਕਸੀ ਕਿਓਂ ਨੀ ਚਲਾਉਂਦਾ। ਆਪਣਾ ਬੰਦਾ ਕੋਈ ਹੈ ਨੀ ਸੀ ਇਸ ਪਾਸੇ। ਗੱਲ ਮੇਰੇ ਮਨ ਲੱਗ ਗਈ। ਮੈਂ ਲਾਈਸੈਂਸ ਲੈ ਲਿਆ, ਫਿਰ ਪੁਲਿਸ ਰਿਪੋਰਟ ਵੀ ਲੈ ਆਂਦੀ।

ਰੌਇਲ ਸਿਟੀ ਦਾ ਮਾਲਕ ਸੀ ਬਿਲ ਫਾਰਬ੍ਰਿਜ, ਉਸ ਕੋਲ ਮੈਂ ਗਿਆ। 1968 ਦੀ ਗੱਲ ਐ। ਉਸ ਨੇ ਇਕ ਡਰਾਈਵਰ ਨੂੰ ਸੱਦ ਕੇ ਆਖ ਦਿੱਤਾ ਕਿ ਇਸ ਨੂੰ ਟ੍ਰੇਨਿੰਗ ਦੇ। ਉਸ ਨੇ ਮੈਨੂੰ ਕੁਝ ਥਾਂਵਾਂ ਦਾ ਗੇੜਾ ਕਢਵਾ ਦਿੱਤਾ। ਕਹਿੰਦਾ, ਪੂਰਾ ਭੇਤੀ ਤਾਂ ਕੰਮ ਕਰ ਕੇ ਹੀ ਬਣੀਦੈ। ਦੂਜੇ ਦਿਨ ਉਨ੍ਹਾਂ ਨੇ ਮੈਨੂੰ ਟੈਕਸੀ ਦੇ ਦਿੱਤੀ ਚਲਾਉਣ ਨੂੰ। ਫਿਰ ਮੈਂ ਸ਼ੁਰੂ ਹੋ ਗਿਆ। ਰਾਤ ਨੂੰ, ਤੇ ਵੀਕਐਂਡ 'ਤੇ ਟੈਕਸੀ ਚਲਾਉਂਦਾ। ਦਿਨੇ ਮੈਨੂੰ ਮੇਰੀ ਫੈਕਟਰੀ ਵਾਲਿਆਂ ਨੇ ਫਿਰ ਕੰਮ 'ਤੇ ਸੱਦ ਲਿਆ, ਉੱਥੇ ਚਲਾ ਜਾਂਦਾ। ਡਾਲਰ ਜਮ੍ਹਾਂ ਹੋਈ ਜਾਂਦੇ ਸੀ। ਖਰਚਣ ਨੂੰ ਤਾਂ ਟਾਈਮ ਨੀ ਸੀ ਮਿਲਦਾ। ਡਾਲਰ ਮੈਂ ਇੰਗਲੈਂਡ ਤੋਂ ਵੀ ਆਵਦੇ ਨਾਲ ਲੈ ਕੇ ਆਇਆ ਸੀ। ਇਥੇ ਅਸੀਂ ਤਿੰਨ ਜਣੇ ਬੇਸਮੈਂਟ ਵਿਚ ਰਹਿੰਦੇ ਸੀ। ਖਰਚਾ ਕੋਈ ਹੈ ਨੀ ਸੀ। ਫੈਕਟਰੀ 'ਚ ਕੰਮ ਕਰਨ ਨੂੰ ਜੀਅ ਕਰਨੋਂ ਹਟ ਗਿਆ। ਸੋਚਿਆ ਕਰਾਂ ਕਿ ਚੰਗਾ ਪੜ੍ਹਿਆ ਹਾਂ, ਘੁੰਮਿਆ ਫਿਰਿਆ, ਆਈ ਕੈਨ ਡੂ ਸਮਥਿੰਗ ਬੈਟਰ। ਬੈਟਰ ਹੋਰ ਕੀ ਕਰਨਾ ਸੀ। ਆਪਣੇ ਬੰਦਿਆਂ ਨੂੰ ਹੋਰ ਕਿਤੇ ਕੋਈ ਜੌਬ ਮਿਲਦੀ ਨਹੀਂ ਸੀ। ਤੇ ਇਧਰੋਂ ਰੌਇਲ ਸਿਟੀ ਵਾਲਿਆਂ ਨੇ ਵੀ ਮੈਨੂੰ ਫਾਇਰ ਕਰ ਦਿੱਤਾ, ਮੈਥੋਂ ਐਕਸੀਡੈਂਟ ਹੋ ਗਿਆ ਸੀ। ਮੈਂ ਨਾਲ ਦੇ ਸ਼ਹਿਰ ਬਰਨਬੀ 'ਚ ਕਰਟਸੀ ਕੈਬ ਨਾਂ ਦੀ ਕੰਪਨੀ ਚ ਚਲਿਆ ਗਿਆ। ਡਰਾਈਵਰਾਂ ਦੀ ਤਾਂ ਹਮੇਸ਼ਾ ਹੀ ਲੋੜ ਹਿੰਦੀ ਸੀ। ਪੰਜ-ਛੇ ਮਹੀਨੇ ਮੈਂ ਟੈਕਸੀ ਚਲਾਈ ਉਥੇ ਪਰ ਉਨ੍ਹਾਂ ਦਾ ਬਿਜ਼ਨੈਸ ਨਹੀਂ ਸੀ ਐਨਾ ਚੰਗਾ। ਪੰਜ-ਛੇ ਟੈਕਸੀਆਂ ਸੀ ਉਨ੍ਹਾਂ ਕੋਲ। ਅਰਕੋਲਾ ਸਟਰੀਟ 'ਤੇ ਦਫਤਰ ਸੀ ਉਨ੍ਹਾਂ ਦਾ। ਤੇ ਸੜਕ ਦੇ ਦੂਜੇ ਪਾਸੇ ਬੌਨੀਜ਼ ਟੈਕਸੀ ਦਾ ਟਿਕਾਣਾ ਸੀ। ਮੈਂ ਬੌਨੀਜ਼ ਵੱਲ ਚਲਾ ਗਿਆ। ਉਥੇ ਮੈਨੂੰ ਇੱਕ ਬੰਦਾ ਕਹਿੰਦਾ ਕਿ ਮੈਂ ਉਨ੍ਹਾਂ ਦੀ ਟੈਕਸੀ ਖਰੀਦ ਲਵਾਂ। ਉਥੇ ਇਕ ਵੇਨ ਫਿਸ਼ਰ ਨਾਂ ਦਾ ਬੰਦਾ ਸੀ। ਬਹੁਤ ਚੰਗਾ ਬੰਦਾ ਸੀ। ਉਹ ਕਹਿੰਦਾ ਕਿ ਬਹੁਤੀਆਂ ਕਾਰਾਂ ਵਾਲੇ ਮਾਲਕਾਂ ਤੋਂ ਨਾ ਟੈਕਸੀ ਖਰੀਦੀਂ। ਬੌਬ ਲਸ਼ਿਓਰ ਤੋਂ ਟੈਕਸੀ ਖਰੀਦ, ਉਸ ਕੋਲ ਇੱਕ ਹੀ ਟੈਕਸੀ ਹੈ। ਬੌਬ ਨਾਲ ਮੇਰਾ ਸੌਦਾ ਹੋ ਗਿਆ, ਨੌਂ ਹਜ਼ਾਰ ਦਾ। ਟੈਕਸੀ ਨੰਬਰ 31 ਸੀ। ਚਾਰ ਹਜ਼ਾਰ ਡਾਊਨ ਪੇਮੈਂਟ ਦੇ ਦਿੱਤੀ। ਟੈਕਸੀ ਲਈ ਨੂੰ ਹਾਲੇ ਮਹੀਨਾ ਹੀ ਹੋਇਆ ਸੀ ਕਿ ਮੈਨੂੰ ਗੌਰਮਿਟ ਵੱਲੋਂ ਜੌਬ ਆਫ਼ਰ ਆ ਗਈ। ਪਹਿਲਾਂ ਕਈ ਥਾਈਂ ਅਪਲਾਈ ਕੀਤਾ ਸੀ ਨਾ! ਜੌਬ ਸੀ ਜੇਲ੍ਹ ਗਾਰਡ ਦੀ। ਫਿਰ ਮੈਂ ਕਾਫ਼ੀ ਦੇਰ ਇਸੇ ਤਰ੍ਹਾਂ ਟੈਕਸੀ ਵੀ ਰੱਖੀ ਤੇ ਜੌਬ ਵੀ ਕਰਦਾ ਰਿਹਾ। ਟਿੱਡ ਮੈਕਲੌਡ ਤੇ ਡੈਨਿਸ ਹੌਰਟਨ ਮੇਰੇ ਨਾਲ ਲੱਗਦੇ ਸੀ ਕਿਉਂਕਿ ਮੈਂ ਉਨ੍ਹਾਂ ਦੀ ਟੈਕਸੀ ਨਹੀਂ ਸੀ ਖਰੀਦੀ। ਵੇਨ ਫਿਸ਼ਰ, ਮੈਂ ਤੇ ਰੌਡ ਮੈਕਡੌਨਲਡ ਰਲ ਗਏ।

ਇੱਕ ਹੋਰ ਬੰਦਾ ਸੀ, ਉਹ ਵੀ ਸਾਡੇ ਨਾਲ ਰਲ ਗਿਆ। ਚਾਰ-ਪੰਜ ਟੈਕਸੀਆਂ ਹੋ ਗਈਆਂ। ਸਾਡੇ ਬਹੁਤੀਆਂ ਕਾਰਾਂ ਵਾਲੇ ਟਿੱਡ ਮੈਕਲੌਡ ਹੋਰਾਂ ਨਾਲ ਸਿੰਗ ਫਸੇ ਹੀ ਰਹਿੰਦੇ। ਉਹ ਬਹੁਤ ਕੁਰੱਖਤ ਸੀ। ਉਹ ਸਮਝਦੇ ਸੀ ਕਿ ਉਨ੍ਹਾਂ ਕੋਲ ਜ਼ਿਆਦਾ ਟੈਕਸੀਆਂ। ਇਸ ਕਰ ਕੇ ਉਹ ਆਪਣੀ ਹੀ ਚਲਾਉਣਾ ਚਾਹੁੰਦੇ। ਬੌਨੀਜ਼ ਟੈਕਸੀ ਦਾ ਦਫ਼ਤਰ ਵੀ ਜਿਥੇ ਹੁਣ ਐ ਇੰਪੀਰੀਅਲ ਸਟਰੀਟ 'ਤੇ, ਉੱਥੇ ਚਲਾ ਗਿਆ। ਮੇਰਾ ਘਰ ਵੀ ਨਾਲ ਹੀ ਮੈਕਫਰਸਨ 'ਤੇ ਹੁੰਦਾ ਸੀ। ਜਦੋਂ ਅਸੀਂ ਟੈਕਸੀ ਖਰੀਦਦੇ ਸੀ, ਉਦੋਂ ਕੰਟਰੈਕਟ ਵਿਚ ਲਿਖਿਆ ਹੁੰਦਾ ਸੀ ਕਿ ਸਾਲ ਭਰ ਡਿਸਪੈਚ ਫੀਸ ਨਹੀਂ ਵਧੇਗੀ, ਪਰ ਇਨ੍ਹਾਂ ਨੇ ਨਵੇਂ ਦਫਤਰ ਵਿਚ ਜਾ ਕੇ ਫੀਸ ਵਧਾ ਦਿੱਤੀ। ਮੈਂ ਕਿਹਾ, ਮੈਂ ਤਾਂ ਨਹੀਂ ਦੇਣੀ। ਮੇਰਾ ਤਾਂ ਹਾਲੇ ਸਾਲ ਵੀ ਪੂਰਾ ਨਹੀਂ ਹੋਇਆ। ਉਨ੍ਹਾਂ ਨੇ ਪਹਿਲਾਂ ਹੀ ਸਕੀਮ ਬਣਾਈ ਹੋਈ ਸੀ। ਜਿਸ ਦਿਨ ਡਿਸਪੈਚ ਫੀਸ ਦੇਣ ਦਾ ਅਖੀਰਲਾ ਦਿਨ ਹੋਇਆ, ਅਸੀਂ ਪੁਰਾਣੇ ਹਿਸਾਬ ਨਾਲ ਡਿਸਪੈਚ ਫੀਸ ਦੇ ਦਿੱਤੀ। ਮੇਰੇ ਬਾਕੀ ਤਿੰਨਾਂ ਸਾਥੀਆਂ ਨੇ ਵੀ ਇਵੇਂ ਹੀ ਕੀਤਾ। ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਏਅਰ ਤੋਂ ਲਾਹ ਦਿੱਤਾ (ਟਰੈਂਪ ਡਿਸਪੈਚ ਕਰਨੋਂ ਹਟ ਗਏ)। ਅਸੀਂ ਪਹਿਲਾਂ ਕੋਈ ਤਿਆਰੀ ਨਹੀਂ ਸੀ ਕੀਤੀ ਇਸ ਹਾਲਤ ਲਈ। ਸੋ, ਦੋ-ਤਿੰਨ ਦਿਨ ਇਸੇ ਤਰ੍ਹਾਂ ਲੰਘ ਗਏ। ਫਿਰ ਅਸੀਂ ਕਰਟਸੀ ਕੈਬ ਕੰਪਨੀ ਨਾਲ ਜਾ ਰਲੇ। ਸਾਲ ਲੰਘ ਗਿਆ। ਮੇਰਾ ਇਕ ਬੰਦਾ ਬੌਨੀਜ਼ ਟੈਕਸੀ ਵਿਚ ਛੱਡਿਆ ਹੋਇਆ ਸੀ। ਉਹ ਮੈਨੂੰ ਅੰਦਰਲੀਆਂ ਸਾਰੀ ਗਤੀਵਿਧੀਆਂ ਦੱਸਦਾ ਰਹਿੰਦਾ। ਉਸ ਦਾ ਮੈਨੂੰ ਫੋਨ ਆਇਆ; ਕਹਿੰਦਾ, ਟਿੱਡ ਮੈਕਲੌਡ ਹੋਰਾਂ ਦੀਆਂ ਚਿਕਾਂ ਕੈਸ਼ ਨਹੀਂ ਹੋਈਆਂ। ਕੰਪਨੀ ਆਰਥਿਕ ਸੰਕਟ 'ਚ ਹੈ। ਮੈਂ ਸੋਚਿਆ ਕਿ ਇਸ ਤੋਂ ਵਧੀਆ ਮੌਕਾ ਮੇਰੇ ਕੋਲ ਕਦੋਂ ਆਉਣੈ। ਮੈਂ ਇਸ ਮੌਕੇ ਦਾ ਪੂਰਾ ਫਾਇਦਾ ਲਿਆ। ਮੈਂ ਬੁੜ੍ਹੇ ਨੂੰ ਫੋਨ ਕੀਤਾ। ਗੋਰਾ ਸੀ। ਨਾਂ ਸੀ ਉਹਦਾ






*ਜੈਰੀ ਸਹੋਤਾ (ਜਰਨੈਲ ਸਿੰਘ ਸਹੋਤਾ) ਜਿਸ ਨੇ ਕੈਨੇਡਾ ਦੇ ਟੈਕਸੀ ਬਿਜ਼ਨੈੱਸ ਵਿਚ ਵਾਹਵਾ ਮੱਲਾਂ ਮਾਰੀਆਂ*

ਅਰਬਰਟ ਕਲੇਰੈਂਸ। ਅਸੀਂ ਉਹਨੂੰ ਬੁੜ੍ਹਾ ਸੱਦਦੇ। ਉਹ ਫਾਈਨੈਂਸਰ ਹੁੰਦਾ ਸੀ। ਮੈਂ ਉਹਦੇ ਨਾਲ ਗੱਲ ਕੀਤੀ। ਉਹਨੇ ਬੌਨੀਜ਼ ਟੈਕਸੀ ਨੂੰ ਟੇਕਓਵਰ ਕਰ ਲਿਆ। ਅਸਲ 'ਚ ਤਾਂ ਸਾਰਾ ਪੈਸਾ ਉਸੇ ਦਾ ਚਲਦਾ ਸੀ। ਤੇ ਉਸ ਨੇ ਬੌਬ ਲਸ਼ਿਓਰ ਜਿਸ ਤੋਂ ਮੈਂ ਟੈਕਸੀ ਖਰੀਦੀ ਸੀ, ਨੂੰ ਵਾਪਸ ਬੁਲਾ ਲਿਆ। ਬੌਬ ਲਸ਼ਿਓਰ ਮੈਨੂੰ ਟੈਕਸੀ ਵੇਚ ਕੇ ਟਰੱਕ ਚਲਾਉਣ ਲੱਗ ਗਿਆ ਸੀ। ਤੇ ਸਾਡੀ ਉਧਰ ਕਰਟਸੀ ਕੈਬ ਦੇ ਮੈਨੇਜਰ ਜੋਅ ਕਲੈਟ ਨਾਲ ਨਹੀਂ ਸੀ ਬਣਦੀ। ਉਹ ਸਾਨੂੰ ਐਵੇਂ ਬੌਨੀਜ਼ 'ਚੋਂ ਆਏ ਵਾਧੂ ਜਿਹੇ ਸਮਝਦਾ ਸੀ। ਜਦੋਂ ਮੈਂ ਕਲੇਰੈਂਸ ਅਰਬਰਟ ਨਾਲ ਗੱਲ ਕੀਤੀ ਕਿ ਜੇ ਅਸੀਂ ਤੇਰੇ ਨਾਲ ਆ ਰਲੇ ਤਾਂ ਕਰਟਸੀ ਕੈਬ ਨੇ ਤਾਂ ਛੇ ਮਹੀਨੇ ਨਹੀਂ ਚੱਲਣਾ। ਉਨ੍ਹਾਂ ਦੀ ਫਾਈਨੈਂਸ਼ੀਅਲ ਹਾਲਤ ਬਹੁਤੀ ਵਧੀਆ ਨਹੀਂ ਤੇ ਜਦੋਂ ਸਾਡੀਆਂ ਪੰਜ ਟੈਕਸੀਆਂ ਉਨ੍ਹਾਂ ਨਾਲੋਂ ਹਟ ਗਈਆਂ, ਉਨ੍ਹਾਂ ਦੀ ਹਾਲਤ ਹੋਰ ਵੀ ਨਿੱਘਰ ਜਾਊ। ਉਹੀ ਗੱਲ ਹੋਈ। ਸਾਡੇ ਬੌਨੀਜ਼ ਟੈਕਸੀ ਵਿਚ ਰਲਣ ਤੋਂ ਮਹੀਨਾ ਬਾਅਦ ਹੀ ਕਰਟਸੀ ਕੈਬ ਬੌਨੀਜ਼ ਵਿਚ ਰਲ ਗਈ। ਸਾਰਾ ਕੁਝ ਠੀਕ ਚੱਲਣ ਲੱਗਾ। ਫਿਰ ਮੈਨੂੰ ਇਕ ਚਾਂਸ ਮਿਲਿਆ। ਕੁਕਿਟਲਮ ਟੈਕਸੀ ਕੰਪਨੀ ਖੋਲ੍ਹਣ ਦਾ। ਕੰਪਨੀ ਬੰਦ ਈ ਹੋਈ ਸੀ। ਉਨ੍ਹਾਂ ਕੋਲ ਪੰਜ-ਛੇ ਟੈਕਸੀ ਪਲੇਟਾਂ ਸੀ। ਮੈਂ ਉਹ ਕੰਪਨੀ ਹੀ ਖਰੀਦ ਲਈ। ਇਧਰ ਬੌਨੀਜ਼ ਵਿਚ ਮੇਰੀਆਂ ਦੋ ਟੈਕਸੀਆਂ ਹੋਗੀਆਂ ਸੀ। ਉਹ ਮੈਂ ਵੇਚ ਦਿੱਤੀਆਂ। ਤੇ ਫੇਰ ਮੈਂ ਕੁਕਿਟਲਮ ਟੈਕਸੀ ਕੰਪਨੀ ਆਪਣੇ ਭਣੋਈਏ ਨੂੰ ਵੇਚ ਦਿੱਤੀ। ਬੌਨੀਜ਼ ਟੈਕਸੀ ਵਿਚ ਮੇਰਾ ਮਿੱਤਰ ਅਜੀਤ ਕੰਗ ਹੁੰਦਾ ਸੀ। ਉਹ ਮੈਨੂੰ ਜ਼ੋਰ ਪਾਇਆ ਕਰੇ ਕਿ ਮੈਂ ਵਾਪਸ ਬੌਨੀਜ਼ ਕੰਪਨੀ ਵਿਚ ਜਾਵਾਂ। ਉਹ ਆਖਿਆ ਕਰੇ ਕਿ ਯਾਰ ਸਾਨੂੰ ਤਾਂ ਕੋਈ ਪੁੱਛਦਾ ਈ ਨੀ। ਤੂੰ ਕਰ ਸਕਦੈਂ ਸਾਰਾ ਕੁਝ ਸਹੀ। ਇਕ ਦਿਨ ਬਹੁਤਾ ਹੀ ਖਹਿੜੇ ਪੈ ਗਿਆ। ਕਹਿੰਦਾ, ਇਕ ਟੈਕਸੀ ਵਿਕਾਊ ਆ, ਲੈ ਉਹ। ਸੋ, ਮੈਂ ਫਿਰ ਬੌਨੀਜ਼ ਵਿਚ ਆ ਗਿਆ। ਇਥੇ ਬੌਬ ਲਸ਼ਿਓਰ ਪ੍ਰੈਜ਼ੀਡੈਂਟ ਸੀ ਤੇ ਉਸ ਨੇ ਭੋਲੀ ਨੂੰ, ਮਨਜੀਤ ਆ ਉਹਦਾ ਨਾਂ, ਸਾਡੇ ਪਿੰਡ ਦਾ ਈ ਆ, ਨੂੰ ਬਣਾਇਆ ਵਾਈਸ ਪ੍ਰੈਜ਼ੀਡੈਂਟ ਤੇ ਮਿੱਕੀ (ਅਮਰੀਕ ਸਹੋਤਾ) ਬਣਾਇਆ ਡਾਇਰੈਕਟਰ। ਇਕ ਹੋਰ ਗੋਰਾ ਸੀ, ਉਹਨੂੰ ਵੀ ਡਾਇਰੈਕਟਰ ਬਣਾਇਆ ਵਿਐ, ਇਕ ਸੋਹਣ ਦੀਓ ਨੂੰ ਡਾਇਰੈਕਟਰ ਬਣਾਇਆ ਵਿਐ; ਪਰ ਇਹ ਸਾਰੇ ਨਾਂ ਨੂੰ ਹੀ ਸੀ। ਚਲਦੀ ਸਾਰੀ ਬੌਬ ਲਸ਼ਿਓਰ ਦੀ ਈ ਸੀ। ਕੋਈ ਉਹਦੇ ਮੂਹਰੇ ਬੋਲਦਾ ਨਹੀਂ ਸੀ। ਜੋਅ ਕਲੈਟ ਜਿਹੜਾ ਕਰਟਸੀ ਕੈਬ ਵਾਲਾ ਸੀ, ਓਹ ਬੌਨੀਜ਼ ਦਾ ਮੈਨੇਜਰ ਬਣਾਇਆ ਵਿਆ। ਮਿੱਕੀ ਨੇ ਮੈਨੂੰ ਆਵਦੀ ਪਰੌਕਸੀ ਦੇ ਦਿੱਤੀ। ਕਹਿੰਦਾ, ਸਾਨੂੰ ਉਥੇ ਕੋਈ ਪੁੱਛਦਾ ਨੀ। ਪਹਿਲਾਂ ਮੈਂ ਜੋਅ ਕਲੈਟ ਨੂੰ ਕਢਾਇਆ। ਆਪਣੇ ਮੁੰਡੇ ਉਸ ਤੋਂ ਡਰਦੇ ਸੀ, ਬਈ ਗੋਰਾ ਪਤਾ ਨੀ ਕੀ ਕਰਦੂ। ਸਾਡਾ ਕੰਮ ਚੱਲ ਪਿਆ। ਪਹਿਲਾਂ ਸਾਡੇ ਕੋਲ ਬੀ ਸ਼ੇਅਰ ਹੁੰਦੇ ਸੀ। ਸਾਨੂੰ ਵੋਟਿੰਗ ਦਾ ਹੱਕ ਨਹੀਂ ਸੀ। ਸਾਰੀ ਕੰਪਨੀ ਦਾ ਅਸਲੀ ਮਾਲਕ ਰੌਬਰਟ ਕਲੇਰੈਂਸ ਈ ਸੀ। ਉਸ ਕੋਲ ਈ ਏ ਸ਼ੇਅਰ ਸਨ। ਉਸ ਨੇ ਏ ਸ਼ੇਅਰ ਵੇਚਣੇ ਸ਼ੁਰੂ ਕਰ ਦਿੱਤੇ। ਏ ਸ਼ੇਅਰ ਦੀ ਕੀਮਤ ਜ਼ਿਆਦਾ ਸੀ। ਅਸੀਂ ਏ ਸ਼ੇਅਰ ਲੈ ਲਏ। ਹੌਲੀ-ਹੌਲੀ ਅਰਬਰਟ ਕਲੇਰੈਂਸ ਲਾਂਭੇ ਹੋ ਗਿਆ। ਫਿਰ ਬੌਬ ਲਸ਼ਿਓਰ ਵੀ ਪਾਸੇ ਹੋ ਗਿਆ ਤੇ ਵਾਪਸ ਟਰੱਕ ਚਲਾਉਣ ਲੱਗ ਪਿਆ। ਸਾਨੂੰ ਵੋਟਿੰਗ ਦਾ ਹੱਕ ਮਿਲ ਗਿਆ। ਅਸੀਂ ਭਾਈਬੰਦਾਂ ਵਾਂਗੂ ਕੰਮ ਕਰਨ ਲੱਗੇ। ਪਹਿਲਾਂ ਏਅਰਪੋਰਟ ਤੋਂ ਸਿਰਫ਼ ਮੈਕਲੋਅਰ ਕੈਬ ਹੀ ਸਵਾਰੀਆਂ ਚੁੱਕ ਸਕਦੀ ਸੀ। ਮੈਂ ਰੌਲ਼ਾ ਪਾਇਆ ਕਿ ਏਅਰਪੋਰਟ ਇੰਟਰਨੈਸ਼ਨਲ ਆ, ਸਾਨੂੰ ਵੀ ਮੌਕਾ ਮਿਲਣਾ ਚਾਹੀਦਾ। ਮੈਂ ਬੌਨੀਜ਼ ਵਾਸਤੇ ਸੰਨ ਅੱਸੀ ਵਿਚ ਕੰਟਰੈਕਟ ਲੈ ਲਿਆ। ਦੂਜੇ ਦਿਨ ਅਖਬਾਰਾਂ 'ਚ ਸੁਰਖੀ ਸੀ- 'ਬਲੂਜ਼ ਆਊਟ, ਔਰੇਂਜ ਇਨ'। ਉਦੋਂ ਬੌਨੀਜ਼ ਦਾ ਰੰਗ ਔਰੇਂਜ ਹੁੰਦਾ ਸੀ।

ਫਿਰ ਡਾਊਨ-ਟਾਊਨ 'ਚੋਂ ਆਪਣੇ ਕੁਝ ਬੰਦੇ ਆ ਗਏ ਬੌਨੀਜ਼ ਵਿਚ। ਬੌਨੀਜ਼ ਦੀਆਂ ਪਲੇਟਾਂ ਸਸਤੀਆਂ ਸੀ, ਨਾਲੇ ਡਾਊਨ-ਟਾਊਨ ਵਿਚ ਮਿਲਦੀਆਂ ਵੀ ਨਹੀਂ ਸੀ। ਉਨ੍ਹਾਂ ਆ ਕੇ ਕੁਝ ਪਲੇਟਾਂ ਖਰੀਦ ਲਈਆਂ। ਉਹ ਦੂਜਾ ਗਰੁੱਪ ਬਣ ਗਿਆ। ਸਾਡੀ ਦੂਜੇ ਗਰੁੱਪ ਨਾਲ ਖੜਕਦੀ ਰਹਿੰਦੀ। ਫਿਰ ਸ਼ੇਅਰ ਹੋਲਡਰਾਂ ਦੀ ਇਲੈਕਸ਼ਨ ਹੋਈ। ਸੱਤ ਡਾਇਰੈਕਟਰ ਚੁਣਨੇ ਸਨ। ਛੇ ਸਾਡੇ ਗਰੁੱਪ ਦੇ ਬਣ ਗਏ ਤੇ ਇਕ ਦੂਜੇ ਗਰੁੱਪ ਦਾ ਬਣ ਗਿਆ। ਜਿਹੜੇ ਕੁਝ ਗੋਰੇ ਰਹਿੰਦੇ ਸਨ, ਉਨ੍ਹਾਂ ਦੀਆਂ ਵੋਟਾਂ ਮੇਰੇ ਨਾਲ ਸੀ। ਅਸੀਂ ਸੋਹਣ ਦੀਓ ਨੂੰ ਪ੍ਰੈਜ਼ੀਡੈਂਟ ਬਣਾ ਦਿੱਤਾ। ਮੈਨੂੰ ਬਣਾਉਣ ਨੂੰ ਕਹਿੰਦੇ ਸੀ, ਪਰ ਮੈਂ ਬਣਿਆ ਨੀ। ਦੋਹਾਂ ਗਰੁੱਪਾਂ ਵਿਚ ਖਹਿਬਾਜ਼ੀ ਚੱਲਦੀ ਰਹਿੰਦੀ। ਇਸੇ ਖਹਿਬਾਜ਼ੀ 'ਚ ਹੀ ਇੱਕ ਮੁੰਡਾ ਸੀ ਚਾਰਲੀ ਸੇਖੋਂ, ਉਹ ਮਾਰ ਦਿੱਤਾ ਗਿਆ। ਮੇਰਾ ਮੂੰਹ-ਮੁਲਾਹਜ਼ਾ ਸਾਰਿਆਂ ਨਾਲ ਈ ਸੀ। ਫਿਰ ਪਿਆਰੇ ਹੋਰੀਂ, ਗਿੱਲ ਤੇ ਝੂਟੀ ਹੋਰੀਂ ਵੀ ਆ ਗਏ। ਇਨ੍ਹਾਂ ਨੇ ਕਈ-ਕਈ ਟੈਕਸੀਆਂ ਲੈ ਲਈਆਂ। ਜਿਹੜੇ ਬੰਦੇ ਨੂੰ ਕੋ-ਆਰਡੀਨੇਟਰ ਬਣਾ ਦਿੰਦੇ, ਉਹ ਆਪਣੀਆਂ ਟੈਕਸੀਆਂ 'ਤੇ ਤਾਂ ਡਰਾਈਵਰ ਲਾ ਦਿੰਦਾ, ਦੂਜਿਆਂ ਦੀਆਂ ਟੈਕਸੀਆਂ ਖੜ੍ਹੀਆਂ ਰਹਿੰਦੀਆਂ। ਮੂੰਹ 'ਤੇ ਸਾਰੇ ਆਖੀ ਜਾਂਦੇ ਕਿ ਹਾਂ ਬਈ ਹਾਂ, ਸਾਰੀਆਂ ਟੈਕਸੀਆਂ 'ਤੇ ਵਾਰੀ ਅਨੁਸਾਰ ਡਰਾਈਵਰ ਲੱਗਣੇ ਚਾਹੀਦੇ ਆ, ਪਰ ਇੱਕ ਦੇ ਜਾਂਦਿਆਂ ਹੀ ਦੂਜਾ ਆਖਣ ਲੱਗ ਜਾਂਦਾ- ਨਹੀਂ ਬਈ ਨਹੀਂ, ਮੇਰੀ ਟੈਕਸੀ ਨੀ ਖੜ੍ਹੀ ਰਹਿਣੀ ਚਾਹੀਦੀ, ਹੋਰਾਂ ਦੀਆਂ ਭਾਵੇਂ ਖੜ੍ਹੀਆਂ ਰਹਿਣ।

ਮੈਨੂੰ ਕਹਿਣ ਲੱਗੇ, ਬਈ ਤੂੰ ਬਣ ਕੋ-ਆਰਡੀਨੇਟਰ। ਮੈਂ ਕਿਹਾ, ਬਈ ਸਾਰੇ ਪੈਸੇ ਇੱਕ ਅਕਾਊਂਟ ਵਿਚ ਜਮ੍ਹਾਂ ਕਰਾ ਦਿਆ ਕਰੀਏ ਤੇ ਦੋ-ਹਫਤੇ ਜਾਂ ਮਹੀਨੇ ਬਾਅਦ ਹਿਸਾਬ ਕਰ ਕੇ ਸਾਰਿਆਂ ਨੂੰ ਹਿੱਸੇ ਆਉਂਦੇ ਦੇ ਦਿਆ ਕਰੀਏ। ਇਸ ਤਰ੍ਹਾਂ ਕਿਸੇ ਨੂੰ ਫਿਕਰ ਨਾ ਰਹੂ ਕਿ ਕੀਹਦੀ ਟੈਕਸੀ 'ਤੇ ਡਰਾਈਵਰ ਲੱਗਾ ਹੈ, ਕੀਹਦੀ ਖੜ੍ਹੀ ਹੈ; ਪਰ ਇਹ ਗੱਲ ਕਿਸੇ ਦੇ ਖਾਨੇ ਨਾ ਵੜੀ। ਕੋ-ਆਰਡੀਨੇਟਰ ਦੇ ਕੰਮ ਦੀ ਬਹੁਤ ਸਿਰਦਰਦੀ ਸੀ। ਮੈਂ ਕਿਹਾ, ਮੈਥੋਂ ਨੀ ਹੁੰਦਾ ਇਹ ਕੰਮ। ਆਪਣੇ ਬੰਦਿਆਂ ਨਾਲ ਕੰਮ ਕਰਨਾ ਬਹੁਤ ਔਖਾ! ਹਰ ਇਕ ਨੂੰ ਬੱਸ 'ਮੇਰੀ ਟੈਕਸੀ ਮੇਰੀ ਟੈਕਸੀ' ਦੀ ਪਈ ਰਹਿੰਦੀ ਸੀ।

1990-91 'ਚ ਮੈਂ ਟੈਕਸੀ ਬਿਜ਼ਨੈੱਸ 'ਚੋਂ ਬਾਹਰ ਹੋ ਗਿਆ। ਜੇਲ੍ਹ ਗਾਰਡ ਦੀ ਨੌਕਰੀ ਤੋਂ ਰਿਟਾਇਰਮੈਂਟ ਹੋ ਗਈ। ਫਿਰ ਰੀਐਲਟਰ ਦਾ ਕੋਰਸ ਕਰ ਲਿਆ ਅਤੇ ਇੰਸ਼ੋਰੈਂਸ ਦੇ ਕਿੱਤੇ ਨਾਲ ਜੁੜ ਗਿਆ।

# ਪੰਜਾਬੀ ਗਾਇਕੀ ਦੀ ਰੰਗਲੀ ਚਰਖੀ ਦੇ ਕੁਝ ਤੰਦ

***(ਸਫਾ 25 ਦੀ ਬਾਕੀ)***

ਇਸ ਲਈ ਪਹਿਲਾਂ ਇਥੋਂ ਚਾਹ ਪੀ ਕੇ ਫਿਰ ਸਰਦੂਲ ਸਿਕੰਦਰ ਕੋਲ ਜਾਣਾ ਹੁੰਦਾ ਸੀ। ਇਸ ਜੋੜੀ ਨੇ ਇੰਨੀ ਤਰੱਕੀ ਕੀਤੀ ਕਿ ਰਾਹੀ ਦੇ ਦੱਸਣ ਅਨੁਸਾਰ ਕਈ ਵਾਰ ਪ੍ਰੋਗਰਾਮਾਂ ਦੇ ਪੈਸਿਆਂ ਦੀ ਗਿਣਤੀ ਛੇ-ਛੇ ਮਹੀਨੇ ਤੱਕ ਕਰਨ ਦੀ ਵਿਹਲ ਨਹੀਂ ਸੀ ਹੁੰਦੀ। ਇਕ ਕਮਰੇ ਵਿਚ ਰਹਿਣ ਵਾਲੀ ਇਸ ਜੋੜੀ ਨੇ ਜਦੋਂ ਫਿਰ ਖੰਨੇ ਵਿਚ ਮਹਿਲ ਪਾਇਆ ਤਦ ਲੋਕਾਂ ਨੂੰ ਪਤਾ ਲੱਗਾ, ਕਿਸੇ ਗਾਇਕ ਕੋਲ ਖੰਨੇ ਵਿਚ ਮੋਤੀ ਮਹਿਲ ਵੀ ਹੋ ਸਕਦਾ ਹੈ ਤੇ ਤੂੰਬੀ ਨਾਲ ਕਮਾਈਆਂ ਇੰਨੀਆਂ ਵੱਡੀਆਂ ਵੀ ਹੋ ਸਕਦੀਆਂ ਹਨ। ਰਾਹੀ ਦੀ '001' ਗੱਡੀ ਮੇਰੇ ਹੇਠ ਬੱਕੀ ਵਾਂਗ ਰਹੀ। ਇਸੇ ਹੀ ਮਹਿਲ ਵਿਚ ਬੜੇ ਖਾਣੇ ਖਾਧੇ, ਦਾਰੂ ਪੀਤੀ ਅਤੇ ਫਿਰ ਇਸੇ ਘਰ ਵਿਚ ਨਫਰਤ ਤੇ ਤਲਾਕ ਦੀ ਕੰਧ ਉਸਰਦੀ ਦੇਖੀ। ਆਪਣਿਆਂ ਤੇ ਆਪ ਹੀ ਡਰਾਵੇ ਲਈ ਹਵਾਈ ਫਾਇਰ ਵੀ ਹੁੰਦੇ ਵੇਖੇ ਤੇ ਇਹ ਜੋੜੀ ਮਾਲਾ ਦੇ ਮਣਕਿਆਂ ਵਾਂਗ ਟੁੱਟ ਕੇ ਖਿਲਰਦੀ ਵੀ ਵੇਖੀ। ਦੁੱਖ ਇਸ ਗੱਲ ਦਾ ਹੈ ਕਿ ਜਿਨ੍ਹਾਂ ਦਰਮਿਆਨ ਕਦੇ ਖੂਬਸੂਰਤੀ ਦਾ ਕੋਈ ਮੁੱਲ ਨਹੀਂ ਸੀ ਹੁੰਦਾ, ਉਹ ਕਿਹੜਾ ਅੱਕ ਬੀਜਿਆ ਗਿਆ ਕਿ ਦੋਵੇਂ ਗਲ ਲੱਗਣੋਂ ਤਾਂ ਕੀ, ਮੱਥੇ ਲੱਗਣੋਂ ਵੀ ਗਏ। ਪਰ ਹਾਲੇ ਤੱਕ ਉਹ ਬੋਲਣ ਜਾਂ ਨਾ ਬੋਲਣ ਮੇਰੇ ਨਾਲ ਖੰਨਾ ਸ਼ਹਿਰ ਸਰਦੂਲ ਸਕੰਦਰ, ਅਮਰ ਨੂਰੀ, ਮਨਜੀਤ ਰਾਹੀ, ਦਲਜੀਤ ਕੌਰ ਤੇ ਦਵਿੰਦਰ ਖੰਨੇ ਵਾਲਾ ਉਵੇਂ ਹੀ ਗਲਵੱਕੜੀ ਹੋਏ ਰਹੇ ਹਨ। ਸਿਆਣੇ ਕਹਿੰਦੇ ਨੇ ਖਿੱਲਾਂ ਖਿਲਰ ਤਾਂ ਜਾਂਦੀਆਂ ਨੇ ਪਰ ਮੁੜ ਕੇ ਉਸੇ ਰੂਪ ਵਿਚ 'ਕੱਠੀਆਂ ਨਹੀਂ ਹੁੰਦੀਆਂ। ਮਨਜੀਤ ਰਾਹੀ ਤੇ ਦਲਜੀਤ ਕੌਰ ਮੈਨੂੰ ਸਦਾ ਆਪਣਿਆਂ ਵਰਗੇ ਇਸ ਕਰਕੇ ਵੀ ਲੱਗਦੇ ਰਹਿਣਗੇ ਕਿ ਦੋਗਾਣਾ ਗਾਇਕੀ ਵਿਚ ਮੁਹੰਮਦ ਸਦੀਕ ਤੇ ਰਣਜੀਤ ਕੌਰ ਵਾਂਗ ਦੋ ਵਰ੍ਹੇ ਸ਼ੌਂਕੀ ਮੇਲਾ ਮਨਜੀਤ ਰਾਹੀ ਅਤੇ ਦਲਜੀਤ ਕੌਰ ਦੇ ਨਾਂ ਵੀ ਰਿਹਾ ਹੈ। ਇਕ ਸਾਲ ਸਰਦੂਲ ਸਿਕੰਦਰ ਨੇ ਵੀ ਸ਼ੌਂਕੀ ਮੇਲੇ ਵਿਚ ਦਲਜੀਤ ਕੌਰ ਨਾਲ ਦੋਗਾਣੇ ਗਾਏ ਸਨ।

ਜੰਡਿਆਲਾ ਮੰਜਕੀ ਤੋਂ ਅਤੇ ਫਿਰ ਅਮਰੀਕਾ ਵਿਚ ਅਜੀਤ ਦਾ ਪੱਤਰ ਪ੍ਰੇਰਕ ਬਣਨ ਵਾਲਾ, ਜਲੰਧਰ ਦੂਰਦਰਸ਼ਨ ਦਾ ਲਿਸ਼ਕਾਰਾ ਪ੍ਰੋਗਰਾਮ ਮੇਰੇ ਤੋਂ ਪਹਿਲਾਂ ਭਜਨੇ ਅਮਲੀ ਨਾਲ ਪੇਸ਼ ਕਰਨ ਵਾਲਾ, 'ਪੰਜਾਬੀ ਰਾਈਟਰ' ਵੀਕਲੀ ਦਾ ਸੰਪਾਦਕ, ਅੱਜਕਲ ਉਤਰੀ ਅਮਰੀਕਾ ਵਿਚ ਜਸ ਪੰਜਾਬੀ ਟੀ ਵੀ ਦੇ ਮੁੱਦਾ ਪ੍ਰੋਗਰਾਮ ਕਰਕੇ ਕਾਫੀ ਚਰਚਾ ਵਿਚ ਰਹਿਣ ਵਾਲਾ...ਕੋਈ ਸ਼ੱਕ ਨਹੀਂ ਕਿ ਉਸਦੇ ਬੋਲਣ ਦੇ ਅੰਦਾਜ਼ ਵਿਚ ਜਿਹੜੀ ਰਿਦਮ ਤੇ ਸ਼ੈਲੀ, ਉਹ ਆਮ ਬੁਲਾਰਿਆਂ ਕੋਲ ਨਹੀਂ ਹੁੰਦੀ। 1991 'ਚ ਮਾਹਿਲਪੁਰ ਦੇ ਸਰਕਾਰੀ ਗੈਸਟ ਹਾਊਸ ਵਿਚ ਸ਼ੌਂਕੀ ਮੇਲੇ ਬਾਰੇ ਇਕ ਮੀਟਿੰਗ ਹੋ ਰਹੀ ਸੀ। ਜੱਸੋਵਾਲ ਨਾਲ ਇਕ ਮੁੰਡਾ ਵੀ ਪਹੁੰਚੇ ਹੋਏ ਸਨ। ਮੀਟਿੰਗ ਦੀ ਸਮਾਪਤੀ ਤੋਂ ਬਾਅਦ ਜੱਸੋਵਾਲ ਆਪਣੇ ਸੁਭਾਅ ਮੁਤਾਬਿਕ ਕਹਿਣ ਲੱਗਾ, 'ਅਸ਼ੋਕ ਆਹ ਮੁੰਡੇ ਨੂੰ ਸੁਣ, ਇਹਨੂੰ ਆਪਾਂ ਸ਼ੌਂਕੀ ਮੇਲੇ ਦਾ ਮੰਚ ਸੰਚਾਲਨ ਦਿਆ ਕਰਨੈ' ਤੇ ਨਾਲ ਹੀ ਮੁੰਡੇ ਨੂੰ ਇਹ ਕਹਿ ਕੇ ਖੜ੍ਹਾ ਕਰ ਦਿੱਤਾ ਕਿ 'ਉੱਠ ਸਿੱਧਾ ਸ਼ੁਰੂ ਹੋ ਜਾ ਹੋਰ ਕੋਈ ਗੱਲ ਨਾ ਕਰੀਂ'। ਇਸ ਮੁੰਡੇ ਦਾ ਪਹਿਲਾ ਸ਼ੇਅਰ ਅਜੇ ਤੱਕ ਯਾਦ ਹੈ, "ਜਿੰਦਾ ਕੁੰਡਾ ਲਾ ਕੇ ਬੂਹਾ ਢੋਇਆ ਹੋਇਆ ਸੀ, ਉਤੇ ਜੀ ਆਇਆਂ ਫਿਰ ਵੀ ਲਿਖਿਆ ਹੋਇਆ ਸੀ।" ਸਟੇਜ ਦੀ ਪੇਸ਼ਕਾਰੀ ਵਾਂਗ ਜੋ ਰੰਗ ਇਸ ਮੁੰਡੇ ਨੇ ਵਿਖਾਇਆ ਉਹ ਝੱਟ ਦੇਣੀ ਤਾੜੀਆਂ ਵਿਚ ਬਦਲ ਗਿਆ ਤੇ ਇਸ ਪੈਰ੍ਹੇ ਦੇ ਸ਼ੁਰੂ ਤੋਂ ਅਖੀਰ ਤੱਕ ਜਿਸ ਮੁੰਡੇ ਦੀ ਮੈਂ ਗੱਲ ਕੀਤੀ ਹੈ, ਇਹ ਅੱਜ ਦਾ ਹਰਵਿੰਦਰ ਰਿਆੜ ਹੀ ਸੀ।

ਗੱਲ ਨਾ ਸਿਰਫ ਗਾਇਕੀ ਦੀ ਹੈ, ਨਾ ਆਪਣੇ ਗੁਣ ਗਾਉਣ ਦੀ, ਨਾ ਆਪਣੇ ਕੀਤੇ ਕੰਮਾ ਨੂੰ ਵਡਿਆਉਣ ਦੀ, ਗੱਲ ਜ਼ੁੰਮੇਵਾਰੀ ਦੀ ਹੈ ਤੇ ਜਿਹੜੀ ਜ਼ੁੰਮੇਵਾਰੀ ਮਜ਼ਬੂਤ ਮੋਢਿਆ ਨਾਲ ਨਿਭਾਈ ਜਾਂਦੀ ਹੈ ਉਹ ਸੁਆਦ ਵੀ ਦਿੰਦੀ ਹੈ, ਮਨੋਰੰਜਨ ਵੀ ਤੇ ਕਦੇ ਕਦੇ ਨਿਹੋਰਾ ਵੀ ਬਣ ਸਕਦੀ ਹੈ। ਮੈਂ ਪੰਜਾਬੀ ਗਾਇਕੀ ਨੂੰ ਜ਼ਿੰਦਾਬਾਦ ਆਖਿਆ ਹੈ ਤੇ ਆਖਰੀ ਸਾਹਾਂ ਤੱਕ ਆਖਦਾ ਹੀ ਰਹਾਂਗਾ।

ਕਹਾਣੀ

# ਪਾਣੀ ਤੇ ਪੁਲ

***ਪੰਜਾਬੀ ਅਤੇ ਹਿੰਦੀ ਦੇ ਉਘੇ ਲੇਖਕ ਡਾ. ਮਹੀਪ ਸਿੰਘ ਸਦੀਵੀ ਵਿਛੋੜਾ ਦੇ ਗਏ। 'ਪੰਜਾਬ ਟਾਈਮਜ਼' ਗਾਹੇ-ਬਗਾਹੇ ਉਨ੍ਹਾਂ ਦੀਆਂ ਰਚਨਾਵਾਂ ਦੀ ਸਾਂਝ ਆਪਣੇ ਪਾਠਕਾਂ ਨਾਲ ਪੁਆਉਂਦਾ ਰਿਹਾ ਹੈ। ਉਹ ਲੇਖਕਾਂ ਦੇ ਉਸ ਪੂਰ ਵਿਚੋਂ ਸਨ ਜਿਨ੍ਹਾਂ ਦੀਆਂ ਰਚਨਾਵਾਂ ਵਿਚ 1947 ਵਾਲੇ ਸਾਕੇ ਦਾ ਸੇਕ ਮਹਿਸੂਸ ਹੁੰਦਾ ਹੈ। 'ਪਾਣੀ ਤੇ ਪੁਲ' ਨਾਂ ਦੀ ਕਹਾਣੀ ਵਿਚ ਵੀ ਇਸ ਸਾਕੇ ਨਾਲ ਜੁੜੀ ਦਰਦ ਕਹਾਣੀ ਸੁਣਾਈ ਗਈ ਹੈ। ਪਾਕਿਸਤਾਨ ਗੁਰਧਾਮਾਂ ਦੀ ਯਾਤਰਾ 'ਤੇ ਗਏ ਪਰਿਵਾਰ ਦੀ ਤ੍ਰੀਮਤ ਉਥੇ ਜਦੋਂ 'ਆਪਣੇ' ਲੋਕਾਂ ਦਾ ਪਿਆਰ ਦੇਖਦੀ ਤਾਂ ਉਸ ਦੀਆਂ ਅੱਖਾਂ, ਦਰਿਆ ਹੋ ਜਾਂਦੀਆਂ ਹਨ ਅਤੇ ਦਰਿਆ ਦੇ ਬੰਨੇ ਟੁੱਟ ਜਾਂਦੇ ਹਨ। -ਸੰਪਾਦਕ***



**ਡਾ. ਮਹੀਪ ਸਿੰਘ**

ਗੱਡੀ ਲਾਹੌਰ ਤੋਂ ਚੱਲੀ ਤਾਂ ਅਚਾਨਕ ਮੇਰਾ ਮਨ ਕੰਬ ਉਠਿਆ। ਅਸੀਂ ਹੁਣ ਉਸ ਪਾਸੇ ਜਾ ਰਹੇ ਸਾਂ, ਜਿਥੇ 14 ਸਾਲ ਪਹਿਲੇ ਇਹੋ ਜਿਹੀ ਅੱਗ ਲੱਗੀ ਸੀ, ਜਿਸ ਵਿਚ ਲੱਖਾਂ ਸੜ ਗਏ ਸਨ ਤੇ ਲੱਖਾਂ 'ਤੇ ਜਲਣ ਦੇ ਨਿਸ਼ਾਨ ਅੱਜ ਤੱਕ ਬਣੇ ਹੋਏ ਹਨ। ਮੈਨੂੰ ਲੱਗਾ, ਸਾਡੀ ਗੱਡੀ ਕਿਸੇ ਗਹਿਰੀ, ਲੰਮੀ, ਹਨੇਰੀ ਘੁੱਪ ਗੁਫਾ 'ਚ ਜਾ ਰਹੀ ਹੈ ਤੇ ਅਸੀਂ ਆਪਣਾ ਸਭ ਕੁਝ ਇਸ ਹਨੇਰੇ ਨੂੰ ਸੌਂਪ ਰਹੇ ਹਾਂ। ਅਸੀਂ ਸਭ ਤਕਰੀਬਨ ਤਿੰਨ ਸੌ ਮੁਸਾਫ਼ਿਰ ਸਾਂ। ਔਰਤਾਂ ਤੇ ਬੱਚਿਆਂ ਦੀ ਗਿਣਤੀ ਵੀ ਸਾਡੇ ਵਿਚ ਕਾਫੀ ਸੀ। ਲਾਹੌਰ 'ਚ ਅਸਾਂ ਸਭ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਉਥੇ ਸਾਡਾ ਜਿਹੋ ਜਿਹਾ ਸੁਆਗਤ ਕੀਤਾ ਗਿਆ ਸੀ, ਉਸ ਤੋਂ ਅੱਗੇ ਹੁਣ ਪੰਜਾ ਸਾਹਿਬ ਦੀ ਯਾਤਰਾ 'ਚ ਕਿਸੇ ਤਰ੍ਹਾਂ ਦੀ ਕੋਈ ਘਟਨਾ ਹੋਣ ਦੀ ਸੰਭਾਵਨਾ ਤਾਂ ਨਹੀਂ ਸੀ, ਪਰ ਮਨੁੱਖ ਦੇ ਅੰਦਰ ਦਾ ਪਸ਼ੂ ਕਦੋਂ ਜਾਗ ਕੇ ਸਭ ਸੰਭਾਵਨਾਵਾਂ ਨੂੰ ਡਕਾਰ ਜਾਏਗਾ, ਕੌਣ ਜਾਣਦਾ ਹੈ? ਇਹ ਸਭ ਸੋਚਦੇ-ਸੋਚਦੇ ਮੈਂ ਬੇਜੀ ਵੱਲ ਤੱਕਿਆ, ਉਹ ਹਥੇਲੀ 'ਤੇ ਮੂੰਹ ਟਿਕਾ ਕੇ, ਅਰਕ ਨੂੰ ਖਿੜਕੀ ਦਾ ਸਹਾਰਾ ਦੇ ਕੇ ਲਗਾਤਾਰ ਬਾਹਰ ਦੇਖੀ ਜਾ ਰਹੇ ਸਨ। ਫਸਲਾਂ ਕੱਟ ਚੁੱਕੀਆਂ ਸਨ, ਦੂਰ-ਦੂਰ ਤੱਕ ਸਪਾਟ ਧਰਤੀ ਦਿਖਾਈ ਦੇ ਰਹੀ ਸੀ। ਮੈਨੂੰ ਲੱਗਾ ਕਿ ਬੇਜੀ ਦੀਆਂ ਅੱਖਾਂ ਤੋਂ ਉਤਰ ਕੇ ਇਹ ਸਪਾਟਤਾ ਉਨ੍ਹਾਂ ਦੇ ਮਨ 'ਤੇ ਪੂਰੀ ਤਰ੍ਹਾਂ ਛਾ ਗਈ ਸੀ। ਫਿਰ ਮੈਂ ਡੱਬੇ ਦੇ ਦੂਜੇ ਮੁਸਾਫਿਰਾਂ ਵੱਲ ਤੱਕਿਆ। ਉਨ੍ਹਾਂ 'ਤੇ ਵੀ ਗਹਿਰੀ ਉਦਾਸੀ ਛਾਈ ਹੋਈ ਸੀ। ਸਮਝ ਨਹੀਂ ਸੀ ਆ ਰਿਹਾ ਕਿ ਸਭ 'ਤੇ ਅਚਾਨਕ ਇਹ ਉਦਾਸੀ ਕਿਉਂ ਛਾ ਗਈ ਸੀ।

'ਬੇਜੀ ਤੁਹਾਨੂੰ ਤਾਂ ਇਹ ਰਸਤਾ ਚੰਗੀ ਤਰ੍ਹਾਂ ਯਾਦ ਹੋਵੇਗਾ?' ਮੈਂ ਬੇਜੀ ਦਾ ਧਿਆਨ ਤੋੜਦੇ ਹੋਏ ਪੁੱਛਿਆ, 'ਤੁਹਾਡਾ ਤਾਂ ਇਸ ਪਾਸੇ ਆਉਣ-ਜਾਣ ਕਈ ਵਾਰ ਹੋਇਆ ਹੋਵੇਗਾ?'

ਬੇਜੀ ਮੇਰੇ ਵੱਲ ਦੇਖ ਕੇ ਮੁਸਕਰਾਏ। ਸਭ ਕੁਝ ਗੁਆ ਕੇ ਪਾਈ ਹੋਈ ਮੁਸਕਰਾਹਟ ਸੀ। ਕਹਿਣ ਲੱਗੇ, 'ਮੈਨੂੰ ਤਾਂ ਇਸ ਰਸਤੇ ਦਾ ਇਕ-ਇਕ ਸਟੇਸ਼ਨ ਯਾਦ ਹੈ, ਪਰ ਅੱਜ ਇਹ ਇਲਾਕਾ ਇੰਨਾ ਬਿਗਾਨਾ-ਬਿਗਾਨਾ ਜਿਹਾ ਲੱਗ ਰਿਹਾ ਹੈ। ਅੱਜ 14 ਸਾਲਾਂ ਬਾਅਦ ਇਧਰੋਂ ਜਾ ਰਹੀ ਹਾਂ। ਪਹਿਲਾਂ ਵੀ ਜਾਂਦੀ ਸੀ। ਲਾਹੌਰ ਪਾਰ ਕਰਦੇ ਹੀ ਅਜੀਬ ਜਿਹੀ ਖੁਸ਼ੀ ਨਸ-ਨਸ ਵਿਚ ਦੌੜ ਜਾਂਦੀ ਸੀ। ਸਰਾਈਂ (ਸਾਡਾ ਪਿੰਡ) ਜਿਉਂ-ਜਿਉਂ ਨੇੜੇ ਆਉਂਦਾ, ਉਥੋਂ ਦੀ ਇਕ-ਇਕ ਸ਼ਕਲ ਮੇਰੇ ਸਾਹਮਣੇ ਫਿਰਨ ਲੱਗ ਪੈਂਦੀ ਸੀ। ਸਟੇਸ਼ਨ 'ਤੇ ਬਹੁਤੇ ਲੋਕੀਂ ਆਏ ਹੁੰਦੇ ਸਨ...।' ਬੇਜੀ ਦੀਆਂ ਅੱਖਾਂ 'ਚ 14 ਸਾਲ ਪਹਿਲਾਂ ਦੀ ਯਾਦ ਤਾਜ਼ਾ ਹੋ ਗਈ ਸੀ। ਪਿਤਾ ਜੀ ਨੇ ਆਪਣਾ ਕੰਮ ਉਤਰ ਪ੍ਰਦੇਸ਼ ਵਿਚ ਹੀ ਜਮਾ ਲਿਆ ਸੀ। ਸਾਡਾ ਸਾਰੇ ਭੈਣ-ਭਰਾਵਾਂ ਦਾ ਜਨਮ ਪੰਜਾਬ ਤੋਂ ਬਾਹਰ ਹੀ ਹੋਇਆ ਸੀ। ਮੈਨੂੰ ਯਾਦ ਹੈ, ਪਿਤਾ ਜੀ ਤਾਂ ਸ਼ਾਇਦ ਸਾਲ ਵਿਚ ਇਕ-ਅੱਧ ਵਾਰ ਹੀ ਪੰਜਾਬ ਜਾਂਦੇ ਹੋਣ, ਪਰ ਬੇਜੀ ਦੇ ਦੋ-ਤਿੰਨ ਚੱਕਰ ਜ਼ਰੂਰ ਲੱਗ ਜਾਂਦੇ ਸਨ। ਸਾਡੇ ਵਿਚੋਂ ਜੋ ਨਿੱਕਾ ਹੁੰਦਾ, ਉਹ ਬੇਜੀ ਦੇ ਨਾਲ ਜਾਂਦਾ ਤੇ ਜਿਥੋਂ ਤੱਕ ਮੈਨੂੰ ਯਾਦ ਹੈ, ਮੇਰੀ ਨਿੱਕੀ ਭੈਣ ਹੀ ਉਨ੍ਹਾਂ ਨਾਲ ਜਾਂਦੀ ਹੁੰਦੀ ਸੀ। ਉਨ੍ਹਾਂ ਦਿਨਾਂ ਵਿਚ ਜਦੋਂ ਪੰਜਾਬ ਦੀ ਵੰਡ ਹੋ ਰਹੀ ਸੀ, ਪੰਜਾਬ ਦੀਆਂ ਪੰਜ ਨਦੀਆਂ ਦਾ ਪਾਣੀ ਵਹਿਸ਼ੀਪੁਣੇ ਦੀ ਤੇਜ਼ ਸ਼ਰਾਬ ਬਣ ਚੁੱਕਾ ਸੀ, ਬੇਜੀ ਨੇ ਫਿਰ ਪੰਜਾਬ ਜਾਣ ਦਾ ਫੈਸਲਾ ਕੀਤਾ। ਸਭ ਨੇ ਇਸ ਤਰ੍ਹਾਂ ਵਿਰੋਧ ਕੀਤਾ ਜਿਸ ਤਰ੍ਹਾਂ ਉਹ ਬਲਦੀ ਅੱਗ ਵਿਚ ਕੁੱਦਣ ਜਾ ਰਹੇ ਹੋਣ ਤੇ ਉਨ੍ਹਾਂ ਦਾ ਇਸ ਤਰ੍ਹਾਂ ਜਾਣਾ ਸੱਚਮੁੱਚ ਅੱਗ ਵਿਚ ਕੁੱਦਣ ਵਾਂਗ ਹੀ ਤਾਂ ਸੀ, ਪਰ ਪਿਤਾ ਜੀ ਸਮੇਤ ਅਸੀਂ ਸਭ ਜਾਣਦੇ ਸਾਂ ਕਿ ਬੇਜੀ ਨੂੰ ਆਪਣੇ ਨਿਸ਼ਚੇ ਤੋਂ ਹਟਾਉਣਾ ਆਸਾਨ ਨਹੀਂ ਸੀ। ਉਨ੍ਹਾਂ ਨੇ ਸਭ ਦੀਆਂ ਗੱਲਾਂ ਨੂੰ ਹੱਸ ਕੇ ਟਾਲ ਦਿੱਤਾ। ਵੀਹ-ਬਾਈ ਦਿਨਾਂ 'ਚ ਉਹ ਵਾਪਸ ਆ ਗਏ। ਪਿੰਡ ਦੇ ਘਰ ਦਾ ਬਹੁਤ ਸਾਰਾ ਸਾਮਾਨ ਉਹ ਬੁੱਕ ਕਰਾ ਆਏ ਸਨ। ਆਪਣੇ ਨਾਲ ਉਹ ਆਪਣਾ ਪੁਰਾਣਾ ਚਰਖਾ ਤੇ ਲੱਸੀ ਰਿੜਕਣ ਵਾਲੀ ਮਧਾਣੀ ਵੀ ਲੈ ਆਏ ਸਨ। ਫਿਰ ਸਾਰੇ ਪੰਜਾਬ 'ਚ ਅੱਗ ਲੱਗ ਗਈ। ਘਰਾਂ ਦੇ ਘਰ, ਪਿੰਡਾਂ ਤੇ ਪਿੰਡ ਤੇ ਸ਼ਹਿਰਾਂ ਦੇ ਸ਼ਹਿਰ ਉਸ ਅੱਗ 'ਚ ਸੜਨ ਲੱਗ ਪਏ। ਅੱਗ ਬੁਝੀ ਤਾਂ ਇੰਜ ਲੱਗਾ ਕਿ ਪਸ਼ੌਰ ਤੱਕ ਸਪਾਟ ਫੈਲੀ ਹੋਈ ਜ਼ਮੀਨ ਅੰਮ੍ਰਿਤਸਰ ਤੇ ਲਾਹੌਰ ਦੇ ਵਿਚੋਂ ਫਟ ਗਈ ਹੈ; ਤੇ ਉਸ ਪਾਸੇ ਦਾ ਫਟਿਆ ਹੋਇਆ ਹਿੱਸਾ ਵਿਚੋਂ ਗਹਿਰੀ ਖਾਈ ਛੱਡ ਕੇ ਪਤਾ ਨਹੀਂ ਕਿੰਨਾ ਉਸ ਪਾਸੇ ਖਿਸਕ ਗਿਆ ਹੈ। ਅਸੀਂ ਸਭ ਭੁੱਲ ਗਏ ਕਿ ਉਸ ਡੂੰਘੀ ਖਾਈ ਦੇ ਉਸ ਪਾਰ ਸਾਡਾ ਪਿੰਡ ਸੀ, ਪੱਕੀ ਸੜਕ ਦੇ ਕੰਢੇ, ਪਿਛਲੇ ਪਾਸੇ ਨਹਿਰ ਸੀ ਤੇ ਕੋਲ ਹੀ ਜਿਹਲਮ ਦਰਿਆ, ਅਲ੍ਹੜ ਮੁਟਿਆਰ ਵਾਂਗ ਉਛਲਦਾ-ਕੁੱਦਦਾ, ਮਸਤ ਚਾਲ ਚਲੀ ਜਾ ਰਿਹਾ ਸੀ। ਅੱਜ ਮੈਂ ਬੇਜੀ ਦੇ ਨਾਲ ਉਸ ਪਾਸੇ ਜਾ ਰਿਹਾ ਸਾਂ ਜੋ ਕੱਲ੍ਹ ਸਾਡਾ ਕਿੰਨਾ ਆਪਣਾ ਸੀ, ਅੱਜ ਕਿੰਨਾ ਬਿਗਾਨਾ ਸੀ। ਮੈਂ ਕਿਤਾਬ ਦੇ ਪੰਨੇ ਪਲਟ ਰਿਹਾ ਸਾਂ। ਬੇਜੀ ਨੇ ਪੁੱਛਿਆ, 'ਇਹ ਗੱਡੀ ਸਰਾਈਂ ਸਟੇਸ਼ਨ 'ਤੇ ਰੁਕੇਗੀ?' ਮੈਂ ਕਿਹਾ, 'ਹਾਂ ਸ਼ਾਇਦ! ਪਰ ਪਹੁੰਚੇਗੀ ਰਾਤ ਨੂੰ। ਅਸੀਂ ਉਦੋਂ ਗਹਿਰੀ ਨੀਂਦ 'ਚ ਸੁੱਤੇ ਹੋਵਾਂਗੇ। ਸਟੇਸ਼ਨ ਕਦੋਂ ਆ ਕੇ ਨਿਕਲ ਜਾਵੇਗਾ, ਪਤਾ ਵੀ ਨਹੀਂ ਲੱਗੇਗਾ ਤੇ ਹੁਣ ਸਾਡਾ ਹੈ ਕੀ ਉਥੇ?' ਬੇਜੀ ਦੇ ਚਿਹਰੇ 'ਤੇ ਖਿਝ ਜਿਹੀ ਦੌੜ ਗਈ। ਕਹਿਣ ਲੱਗੇ, 'ਤੇਰੇ ਲਈ ਪਹਿਲੇ ਵੀ ਉਥੇ ਕੀ ਰੱਖਿਆ ਸੀ?' ਮੇਰੀ ਗੱਲ ਤੋਂ ਬੇਜੀ ਨੂੰ ਦੁੱਖ ਹੋਇਆ ਸੀ। ਮੈਂ ਚੁੱਪ ਕਰ ਗਿਆ ਤੇ ਸਿਰ ਝੁਕਾਅ ਕੇ ਕਿਤਾਬ ਦੇ ਪੰਨਿਆਂ ਵਿਚ ਉਲਝ ਗਿਆ। ਹੌਲੀ-ਹੌਲੀ ਹਨੇਰਾ ਪਸਰਨ ਲੱਗਾ, ਬੇਜੀ ਨੇ ਪੋਟਲੀ ਕੱਢ ਕੇ ਖਾਣ ਲਈ ਕੁਝ ਕੱਢਿਆ। ਮੇਰੇ ਇਕ ਦੂਰ ਦੇ ਮਾਮਾ ਜੀ ਵੀ ਨਾਲ ਸਨ। ਤਿੰਨਾਂ ਨੇ ਮਿਲ ਕੇ ਖਾਣਾ ਖਾਧਾ ਤੇ ਸੌਣ ਦੀ ਤਿਆਰੀ ਕਰਨ ਲੱਗੇ। ਮਾਮਾ ਜੀ ਤਾਂ ਦਸ ਮਿੰਟ ਵਿਚ ਹੀ ਘੁਰਾੜੇ ਮਾਰਨ ਲੱਗ ਪਏ। ਮੈਂ ਵੀ ਇਕ ਪਾਸੇ ਜ਼ਰਾ ਢੋਹ ਲਾ ਲਈ। ਬੇਜੀ ਉਸੇ ਤਰ੍ਹਾਂ ਬੈਠੇ ਰਹੇ। ਕੁਝ ਦੇਰ ਬਾਅਦ ਅਚਾਨਕ ਮੇਰੀ ਅੱਖ ਖੁੱਲ੍ਹੀ। ਮੈਂ ਦੇਖਿਆ ਕਿ ਬੇਜੀ ਪਹਿਲਾਂ ਵਾਂਗ ਹੀ ਬਾਹਰ ਫੈਲੇ ਹੋਏ ਹਨੇਰੇ ਨੂੰ ਇਕ ਟੱਕ ਦੇਖ ਰਹੇ ਸਨ। ਘੜੀ ਦੇਖੀ, ਸਾਢੇ ਦਸ ਵੱਜ ਗਏ ਸਨ। ਮੈਂ ਕਿਹਾ, 'ਬੇਜੀ, ਤੁਸੀਂ ਵੀ ਲੇਟ ਜਾਓ।'

'ਅੱਛਾ!' ਉਨ੍ਹਾਂ ਦੇ ਮੂੰਹੋਂ ਨਿਕਲਿਆ ਤੇ ਉਹ ਵੀ ਅੱਧ ਲੰਮੇ ਪੈ ਗਏ। ਉਸ ਅਧੋ-ਨੀਂਦੀ ਦੀ ਹਾਲਤ 'ਚ ਮੈਂ ਇਕ ਸੁਪਨਾ ਦੇਖਿਆ। ਮੈਨੂੰ ਪੂਰਾ ਯਾਦ ਤਾਂ ਨਹੀਂ, ਪਰ ਉਸ ਨੀਂਦ 'ਚ ਵੀ ਮੈਨੂੰ ਕੁਝ ਘਬਰਾਹਟ ਹੋ ਰਹੀ ਸੀ। ਕੋਈ ਲਾਲ ਜਿਹੀ, ਗਿੱਲੀ ਜਿਹੀ ਚੀਜ਼ ਮੈਨੂੰ ਆਪਣੇ ਚਾਰੇ ਪਾਸੇ ਘੁੰਮਦੀ ਹੋਈ ਮਹਿਸੂਸ ਹੋ ਰਹੀ ਸੀ ਤੇ ਮੈਨੂੰ ਲੱਗ ਰਿਹਾ ਸੀ ਕਿ ਉਸ ਲਾਲ-ਲਾਲ ਗਾੜ੍ਹੀ ਜਿਹੀ ਚੀਜ਼ 'ਤੇ ਮੇਰੇ ਪੈਰ ਫਚ-ਫਚ ਪੈ ਰਹੇ ਸਨ। ਫਿਰ ਅਚਾਨਕ ਮੈਂ ਘਬਰਾ ਕੇ ਉਠ ਪਿਆ। ਬੇਜੀ ਮੈਨੂੰ ਝੰਜੋੜ ਰਹੇ ਸਨ। ਅਜੀਬ ਜਿਹੀ ਘਬਰਾਹਟ ਤੇ ਉਤੇਜਨਾ ਨਾਲ ਉਨ੍ਹਾਂ ਦੇ ਹੱਥ ਕੰਬ ਰਹੇ ਸਨ।

'ਕੀ ਹੈ?'

'ਦੇਖੋ ਨਾ ਇਹ ਬਾਹਰ ਸ਼ੋਰ ਕਾਹਦਾ ਏ?'

ਮੈਂ ਬਾਹਰ ਝਾਕ ਕੇ ਦੇਖਿਆ। ਸਾਡੀ ਗੱਡੀ ਨਿੱਕੇ ਜਿਹੇ ਸਟੇਸ਼ਨ 'ਤੇ ਖੜ੍ਹੀ ਸੀ। ਪਲੇਟਫਾਰਮ 'ਤੇ ਲੈਂਪ ਪੋਸਟਾਂ ਦੀ ਹਲਕੀ-ਹਲਕੀ ਰੌਸ਼ਨੀ ਸੀ ਤੇ ਅਜੀਬ ਜਿਹਾ ਸ਼ੋਰ ਮਚਿਆ ਹੋਇਆ ਸੀ। ਡਰ ਨਾਲ ਮੇਰੇ ਰੌਂਗਟੇ ਖੜ੍ਹੇ ਹੋ ਗਏ। ਚੌਦਾਂ ਸਾਲ ਪਹਿਲਾਂ ਦੀਆਂ ਸੁਣੀਆਂ ਹੋਈਆਂ ਘਟਨਾਵਾਂ ਬਿਜਲੀ ਬਣ ਕੇ ਚਮਕ ਗਈਆਂ, ਜਦੋਂ ਫਸਾਦੀਆਂ ਨੇ ਕਿੰਨੀਆਂ ਹੀ ਗੱਡੀਆਂ ਰੋਕ ਕੇ ਲੋਕਾਂ ਨੂੰ ਗਾਜਰਾਂ-ਮੂਲੀਆਂ ਵਾਂਗ ਕੱਟ ਕੇ ਬੋਟੀ-ਬੋਟੀ ਕਰ ਦਿੱਤਾ ਸੀ। ਮਾਮਾ ਜੀ ਵੀ ਜਾਗ ਕੇ ਮੈਨੂੰ ਹਲੂਣ ਰਹੇ ਸਨ। 'ਕੀ ਗੱਲ ਏ?' ਤਾਂ ਹੀ ਮੇਰੇ ਕੰਨਾਂ ਵਿਚ ਆਵਾਜ਼ ਪਈ। ਉਸ ਭੀੜ ਵਿਚੋਂ ਕੋਈ ਚੀਕ ਰਿਹਾ ਸੀ, 'ਇਸ ਗੱਡੀ ਵਿਚ ਕੋਈ ਸਰਾਈਂ ਦਾ ਹੈ...?'

'ਇਹ ਕਿਹੜਾ ਸਟੇਸ਼ਨ ਹੈ?' ਮੈਂ ਬੇਜੀ ਨੂੰ ਪੁੱਛਿਆ।

ਬੇਜੀ ਨੇ ਕਿਹਾ, 'ਸਰਾਈਂ... ਆਪਣੇ ਪਿੰਡ ਦਾ ਸਟੇਸ਼ਨ।' ਬਾਹਰੋਂ ਫਿਰ ਆਵਾਜ਼ ਆਈ, 'ਇਸ ਗੱਡੀ ਵਿਚ ਕੋਈ ਸਰਾਈਂ ਦਾ ਹੈ?' ਮੈਂ ਬੇਜੀ ਵੱਲ ਦੇਖਿਆ। ਉਨ੍ਹਾਂ ਦੇ ਚਿਹਰੇ 'ਤੇ ਪੂਰਾ ਭਰੋਸਾ ਸੀ।



'ਪੁੱਛ ਇਨ੍ਹਾਂ ਨੂੰ, ਕੀ ਗੱਲ ਏ?'

ਮੈਂ ਬਾਰੀ ਤੋਂ ਮੂੰਹ ਬਾਹਰ ਕੱਢਿਆ, ਬਹੁਤ ਸਾਰੇ ਲੋਕ ਘੁੰਮਦੇ ਹੋਏ ਕਹਿ ਰਹੇ ਸਨ, 'ਬਾਈ, ਕੋਈ ਸਰਾਈਂ ਦਾ ਹੈ?' ਕੋਲੋਂ ਜਾਂਦੇ ਆਦਮੀ ਨੂੰ ਬੁਲਾ ਕੇ ਮੈਂ ਪੁੱਛਿਆ, 'ਕੀ ਗੱਲ ਏ ਜੀ?'

'ਤੁਹਾਡੇ ਵਿਚੋਂ ਕੋਈ ਇਸ ਪਿੰਡ ਦਾ ਹੈ?'

'ਹਾਂ, ਅਸੀਂ ਇਸ ਪਿੰਡ ਦੇ ਹਾਂ!' ਬੇਜੀ ਨੇ ਅੱਗੇ ਹੋ ਕੇ ਕਿਹਾ।

'ਤੁਸੀਂ ਸਰਾਈਂ ਦੇ ਹੋ?' ਉਸ ਆਦਮੀ ਨੇ ਜ਼ੋਰ ਦੇ ਕੇ ਪੁੱਛਿਆ।

'ਹਾਂ ਜੀ...!' ਬੇਜੀ ਦੇ ਇੰਨਾ ਕਹਿੰਦਿਆਂ ਹੀ ਸਟੇਸ਼ਨ 'ਤੇ ਚਾਰੇ ਪਾਸੇ ਸ਼ੋਰ ਪੈ ਗਿਆ। ਇਧਰ-ਉਧਰ ਘੁੰਮਦੇ ਹੋਏ ਬਹੁਤ ਸਾਰੇ ਆਦਮੀ ਸਾਡੇ ਡੱਬੇ ਦੇ ਸਾਹਮਣੇ ਜਮ੍ਹਾਂ ਹੋ ਗਏ। ਫਿਰ ਕਈ ਇਕੱਠੀਆਂ ਆਵਾਜ਼ਾਂ ਆਈਆਂ- 'ਤੁਸੀਂ ਸਰਾਈਂ ਦੇ ਹੋ?'

'ਹਾਂ ਜੀ, ਅਸੀਂ ਸਰਾਈਂ ਦੇ ਹਾਂ...!' ਬੇਜੀ ਨੇ ਜ਼ੋਰ ਦੇ ਕੇ ਕਿਹਾ, 'ਇਸੇ ਪਿੰਡ ਦੇ।'

ਉਸ ਭੀੜ ਵਿਚੋਂ ਇਕ ਆਵਾਜ਼ ਆਈ, 'ਤੁਸੀਂ ਕਿਹਦੇ ਘਰੋਂ ਹੋ?' ਬੇਜੀ ਨੇ ਮੇਰੇ ਵੱਲ ਦੇਖਿਆ, ਮੈਂ ਕਿਹਾ, 'ਮੇਰੇ ਪਿਤਾ ਜੀ ਦਾ ਨਾਂ ਸਰਦਾਰ ਮੂਲਾ ਸਿੰਘ ਹੈ। ਇਹ ਮੇਰੀ ਮਾਂ ਹੈ।'

'ਤੂੰ ਮੂਲਾ ਸਿੰਘ ਦਾ ਲੜਕਾ ਹੈਂ?' ਕਈ ਲੋਕ ਇਕੱਠੇ ਚੀਕੇ, 'ਤੂੰ ਮੂਲਾ ਸਿੰਘ ਦੇ ਘਰੋਂ ਏਂ? ਰਵੇਲ ਸਿੰਘ ਦੀ ਭਾਬੀ? ਠੀਕ ਹਨ ਲੋਕ ਸਭ...?' ਕਹਿੰਦੇ-ਕਹਿੰਦੇ ਕਿੰਨੇ ਹੀ ਹੱਥ ਸਾਡੇ ਵੱਲ ਵਧਣ ਲੱਗੇ। ਲੋਕ ਸਾਡੇ ਰਿਸ਼ਤੇਦਾਰਾਂ ਵਿਚੋਂ ਸਭ ਦਾ ਹਾਲ-ਚਾਲ ਪੁੱਛਦੇ ਹੋਏ ਆਪਣੇ ਹੱਥ ਦੀਆਂ ਪੋਟਲੀਆਂ ਮੈਨੂੰ ਤੇ ਬੇਜੀ ਨੂੰ ਦੇਈ ਜਾ ਰਹੇ ਸਨ। ਉਨ੍ਹਾਂ ਵਿਚ ਪਿੰਡ ਦੀਆਂ ਸੁਗਾਤਾਂ ਬੰਨ੍ਹੀਆਂ ਹੋਈਆਂ ਸਨ। ਮੈਂ ਤੇ ਬੇਜੀ ਗੁੰਮ-ਸੁੰਮ ਹੋਏ ਚੀਜ਼ਾਂ ਲੈ-ਲੈ ਕੇ ਆਪਣੀ ਸੀਟ 'ਤੇ ਰੱਖੀ ਜਾ ਰਹੇ ਸਾਂ। ਦੇਖਦਿਆਂ-ਦੇਖਦਿਆਂ ਸਾਡੀ ਸੀਟ ਛੋਟੀਆਂ ਪੋਟਲੀਆਂ ਨਾਲ ਭਰ ਗਈ। ਮੈਂ ਹੱਕਾ-ਬੱਕਾ, ਇਹ ਸਭ ਦੇਖ ਰਿਹਾ ਸਾਂ। ਬੇਜੀ ਆਪਣੇ ਸਿਰ ਦਾ ਪੱਲਾ ਵਾਰ-ਵਾਰ ਸੰਭਾਲਦੇ ਹੋਏ ਹੱਥ ਜੋੜ ਰਹੇ ਸਨ। ਖੁਸ਼ੀ ਨਾਲ ਉਨ੍ਹਾਂ ਦੇ ਬੁੱਲ੍ਹ ਫਰਕ ਰਹੇ ਸਨ। ਮੂੰਹੋਂ ਕੁਝ ਵੀ ਨਹੀਂ ਸੀ ਨਿਕਲ ਰਿਹਾ ਤੇ ਲਗਦਾ ਸੀ ਅੱਖਾਂ ਹੁਣੇ ਚੋਅ ਪੈਣਗੀਆਂ। ਉਥੇ ਖੜ੍ਹੇ ਗਾਰਡ ਨੇ ਹਰੀ ਲਾਲਟੈਣ ਉਪਰ ਉਠਾਈ ਤੇ ਕੋਟ ਦੀ ਜੇਬ ਵਿਚੋਂ ਸੀਟੀ ਕੱਢੀ। ਤਿੰਨ-ਚਾਰ ਆਦਮੀਆਂ ਨੇ ਉਹਨੂੰ ਫੜ ਲਿਆ।

'ਓਏ ਬਾਊ, ਦੋ-ਚਾਰ ਮਿੰਟ ਹੋਰ ਗੱਡੀ ਖੜ੍ਹੀ ਰਹਿਣ ਦੇ। ਦੇਖਦਾ ਨਹੀਂ, ਇਹ ਬੀਬੀ ਇਸੇ ਪਿੰਡ ਦੀ ਏ।' ਤੇ ਇਕ ਨੇ ਉਸ ਦਾ ਲਾਲਟੈਣ ਵਾਲਾ ਹੱਥ ਥੱਲੇ ਕਰ ਦਿੱਤਾ।

'ਭਰਜਾਈ, ਸਰਦਾਰ ਜੀ ਦਾ ਕੀ ਹਾਲ ਏ? ਉਨ੍ਹਾਂ ਨੂੰ ਕਿਉਂ ਨਹੀਂ ਲਿਆਈ, ਪੰਜੇ ਸਾਹਿਬ ਦੇ ਦਰਸ਼ਨਾਂ ਨੂੰ।' ਬੁੱਢਾ ਜਿਹਾ ਮੁਸਲਮਾਨ ਪੁੱਛ ਰਿਹਾ ਸੀ। ਬੇਜੀ ਨੇ ਦੋਵਾਂ ਹੱਥਾਂ ਨਾਲ ਸਿਰ ਦਾ ਕੱਪੜਾ ਹੋਰ ਅੱਗੇ ਕਰ ਲਿਆ, ਉਨ੍ਹਾਂ ਦੇ ਮੂੰਹੋਂ ਹੌਲੀ ਜਿਹੀ ਨਿਕਲਿਆ, 'ਸਰਦਾਰ ਜੀ ਨਹੀਂ ਰਹੇ...।'

'ਕੀ...? ਸਰਦਾਰ ਮੂਲਾ ਸਿੰਘ ਗੁਜ਼ਰ ਗਏ? ਕੀ ਹੋਇਆ ਸੀ ਉਨ੍ਹਾਂ ਨੂੰ?'

ਬੇਜੀ ਚੁੱਪ ਰਹੇ, ਮੈਂ ਜਵਾਬ ਦਿੱਤਾ, 'ਉਨ੍ਹਾਂ ਦੇ ਪੇਟ ਵਿਚ ਰਸੌਲੀ ਹੋ ਗਈ ਸੀ। ਇਕ ਦਿਨ ਅਚਾਨਕ ਫੁੱਟ ਪਈ ਤੇ ਦੂਜੇ ਦਿਨ ਪੂਰੇ ਹੋ ਗਏ।'

'ਓ! ਬੜੇ ਹੀ ਨੇਕ ਬੰਦੇ ਸਨ, ਉਨ੍ਹਾਂ ਨੂੰ ਖੁਦਾ ਦੀ ਦਰਗਾਹ ਵਿਚ ਜਗ੍ਹਾ ਮਿਲੇਗੀ।' ਉਨ੍ਹਾਂ ਵਿਚੋਂ ਇਕ ਨੇ ਅਫਸੋਸ ਜ਼ਾਹਿਰ ਕਰਦੇ ਹੋਏ ਕਿਹਾ। ਪਲ ਭਰ ਲਈ ਸਭ ਖਾਮੋਸ਼ ਹੋ ਗਏ ਸਨ।

'ਭਰਜਾਈ ਤੇਰੇ ਬੱਚੇ ਠੀਕ ਹਨ?'

'ਵਾਹਿਗੁਰੂ ਦੀ ਕਿਰਪਾ ਹੈ, ਸਭ ਠੀਕ ਹੈ।' ਬੇਜੀ ਨੇ ਹੌਲੀ ਜਿਹੀ ਆਖਿਆ।

'ਅੱਲਾ ਉਨ੍ਹਾਂ ਦੀ ਉਮਰ ਦਰਾਜ਼ ਕਰੇ।' ਕਈ ਆਵਾਜ਼ਾਂ ਇਕੱਠੀਆਂ ਆਈਆਂ। 'ਭਰਜਾਈ, ਤੂੰ ਆਪਣੇ ਬੱਚਿਆਂ ਨੂੰ ਲੈ ਕੇ ਇਥੇ ਆ ਜਾ।' ਕਿਸੇ ਇਕ ਨੇ ਕਿਹਾ ਤੇ ਹੋਰ ਕਈਆਂ ਨੇ ਦੁਹਰਾਇਆ, 'ਭਰਜਾਈ, ਹੁਣ ਤੁਸੀਂ ਲੋਕ ਵਾਪਸ ਆ ਜਾਓ... ਵਾਪਸ ਆ ਜਾਓ।' ਪਲੇਟਫਾਰਮ 'ਤੇ ਖੜ੍ਹੀਆਂ ਕਿੰਨੀਆਂ ਹੀ ਆਵਾਜ਼ਾਂ ਕਹਿ ਰਹੀਆਂ ਸਨ- 'ਵਾਪਸ ਆ ਜਾਓ।' 'ਵਾਪਸ ਆ ਜਾਓ।' ਮੈਂ ਸੁਣਿਆ ਕਿ ਮੇਰੇ ਪਿੱਛੇ ਬੈਠੇ ਹੋਏ ਮਾਮਾ ਜੀ ਕੁੜ੍ਹਦੇ ਹੋਏ ਕਹਿ ਰਹੇ ਸਨ, 'ਹੂੰ!... ਬਦਮਾਸ਼ ਕਿਤੋਂ ਦੇ। ਪਹਿਲੇ ਤਾਂ ਸਾਨੂੰ ਮਾਰ-ਮਾਰ ਕੇ ਇਥੋਂ ਕੱਢ ਦਿੱਤਾ, ਹੁਣ ਕਹਿੰਦੇ ਨੇ ਵਾਪਸ ਆ ਜਾਓ... ਲੁੱਚੇ!' ਪਰ ਪਲੇਟਫਾਰਮ 'ਤੇ ਖੜ੍ਹੇ ਲੋਕਾਂ ਨੇ ਉਨ੍ਹਾਂ ਦੀ ਗੱਲ ਨਹੀਂ ਸੀ ਸੁਣੀ। ਉਹ ਕਹੀ ਜਾ ਰਹੇ ਸਨ- 'ਭਰਜਾਈ, ਤੂੰ ਆਪਣੇ ਬੱਚਿਆਂ ਨੂੰ ਲੈ ਕੇ ਵਾਪਸ ਆ ਜਾ। ਬੋਲ ਭਰਜਾਈ... ਕਦ ਆਏਂਗੀ। ਆਪਣਾ ਪਿੰਡ ਤਾਂ ਤੈਨੂੰ ਯਾਦ ਆਉਂਦਾ ਹੈ ਨਾ? ਭਰਜਾਈ ਵਾਪਸ ਆ ਜਾ...।' ਬੇਜੀ ਦੇ ਮੂੰਹੋਂ ਕੋਈ ਬੋਲ ਨਹੀਂ ਸੀ ਨਿਕਲ ਰਿਹਾ। ਉਹ ਸਿਰ ਦਾ ਪੱਲਾ ਸੰਭਾਲਦੇ ਹੋਏ ਹੱਥ ਜੋੜੀ ਜਾ ਰਹੇ ਸਨ। ਦੂਰ ਖੜ੍ਹਾ ਗਾਰਡ ਹਰੀ ਲਾਲਟੈਣ ਦਿਖਾਉਂਦਾ ਹੋਇਆ ਸੀਟੀ ਮਾਰ ਰਿਹਾ ਸੀ। ਇੰਜਣ ਗਰਜਿਆ ਤੇ ਗੱਡੀ ਫ਼ਕ-ਫ਼ਕ ਕਰਦੀ ਚੱਲ ਪਈ, ਭੀੜ ਦੀ ਭੀੜ ਡੱਬੇ ਦੇ ਨਾਲ ਚੱਲ ਪਈ।

'ਅੱਛਾ ਭਰਜਾਈ ਸਲਾਮ... ਅੱਛਾ ਬੇਟੇ ਸਲਾਮ... ਰਵੇਲ ਸਿੰਘ ਨੂੰ ਸਾਡਾ ਸਲਾਮ ਦੇਣਾ... ਸਭ ਨੂੰ ਸਾਡਾ ਸਲਾਮ ਦੇਣਾ।' ਬੇਜੀ ਦੇ ਹੱਥ ਜੁੜੇ ਹੋਏ ਸਨ ਤੇ ਮੂੰਹ ਵਿਚੋਂ ਗਦਗਦ ਸੁਰ 'ਚ ਕੁਝ ਨਿਕਲ ਰਿਹਾ ਸੀ। ਹੌਲੀ-ਹੌਲੀ ਗੱਡੀ ਕੁਝ ਤੇਜ਼ ਹੋ ਗਈ। ਅਸੀਂ ਦੋਵੇਂ ਖਿੜਕੀ ਵਿਚੋਂ ਸਿਰ ਕੱਢੀ ਹੱਥ ਜੋੜਦੇ ਰਹੇ। ਭੀੜ ਦੇ ਲੋਕ ਉਥੇ ਹੀ ਖੜ੍ਹੇ ਹੱਥ ਉਠਾ ਕੇ ਚੀਕਦੇ ਰਹੇ। ਗੱਡੀ ਸਟੇਸ਼ਨ ਤੋਂ ਬਾਹਰ ਨਿਕਲ ਆਈ। ਮੈਂ ਸੀਟ ਤੋਂ ਪੋਟਲੀਆਂ ਸਰਕਾ ਕੇ ਇਕ ਪਾਸੇ ਕਰ ਦਿੱਤੀਆਂ ਤੇ ਬੇਜੀ ਦੇ ਮੂੰਹ ਵੱਲ ਦੇਖਿਆ ਕਿ ਸ਼ਾਇਦ ਕੁਝ ਕਹਿਣ। ਬੇਜੀ ਦੀਆਂ ਅੱਖਾਂ ਵਿਚੋਂ ਪਰਲ-ਪਰਲ ਅੱਥਰੂ ਵਹਿ ਰਹੇ ਸਨ। ਉਹ ਵਾਰ-ਵਾਰ ਦੁਪੱਟੇ ਨਾਲ ਅੱਖਾਂ ਪੂੰਝ ਰਹੇ ਸਨ, ਪਰ ਟੁੱਟੇ ਹੋਏ ਬੰਨ੍ਹ ਦਾ ਪਾਣੀ ਵਹਿੰਦਾ ਜਾ ਰਿਹਾ ਸੀ। ਸਾਡੀ ਗੱਡੀ ਜਿਹਲਮ ਦੇ ਪੁਲ 'ਤੇ ਆ ਗਈ ਸੀ। ਰਾਤ ਦੀ ਉਸ ਖਾਮੋਸ਼ੀ ਵਿਚ ਖੜ... ਖੜ... ਖੜ... ਦੀ ਤੇਜ਼ ਆਵਾਜ਼ ਆ ਰਹੀ ਸੀ। ਮੈਂ ਖਿੜਕੀ ਤੋਂ ਝਾਕ ਕੇ ਜਿਹਲਮ ਦਾ ਪੁਲ ਦੇਖਣ ਲੱਗਾ। ਮੈਂ ਸੁਣਿਆ ਸੀ ਕਿ ਜਿਹਲਮ ਦਾ ਪੁਲ ਬੜਾ ਮਜ਼ਬੂਤ ਹੈ। ਪੱਥਰ ਤੇ ਲੋਹੇ ਦੇ ਬਣੇ ਉਸ ਮਜ਼ਬੂਤ ਪੁਲ ਨੂੰ ਹਨੇਰੇ ਵਿਚ ਮੈਂ ਦੇਖ ਰਿਹਾ ਸਾਂ। ਮੇਰੀ ਨਜ਼ਰ ਹੋਰ ਥੱਲੇ ਜਾ ਰਹੀ ਸੀ, ਜਿਥੇ ਹਨੇਰਾ ਘੁੱਪ ਸੀ, ਪਰ ਮੈਂ ਜਾਣਦਾ ਸਾਂ ਉਥੇ ਪਾਣੀ ਹੈ, ਜਿਹਲਮ ਦਰਿਆ ਦਾ ਠਾਠਾਂ ਮਾਰਦਾ ਹੋਇਆ ਸਾਫ਼-ਸੁਥਰਾ ਪਾਣੀ ਜੋ ਪੱਥਰ ਤੇ ਲੋਹੇ ਦੇ ਬਣੇ ਹੋਏ ਪੁਲ ਤੋਂ ਥੱਲੇ ਵਹਿ ਰਿਹਾ ਸੀ।


***ਮੈਂ ਬਾਹਰ ਝਾਕ ਕੇ ਦੇਖਿਆ। ਸਾਡੀ ਗੱਡੀ ਨਿੱਕੇ ਜਿਹੇ ਸਟੇਸ਼ਨ 'ਤੇ ਖੜ੍ਹੀ ਸੀ। ਪਲੇਟਫਾਰਮ 'ਤੇ ਲੈਂਪ ਪੋਸਟਾਂ ਦੀ ਹਲਕੀ-ਹਲਕੀ ਰੌਸ਼ਨੀ ਸੀ ਤੇ ਅਜੀਬ ਜਿਹਾ ਸ਼ੋਰ ਮਚਿਆ ਹੋਇਆ ਸੀ। ਡਰ ਨਾਲ ਮੇਰੇ ਰੌਂਗਟੇ ਖੜ੍ਹੇ ਹੋ ਗਏ। ਚੌਦਾਂ ਸਾਲ ਪਹਿਲਾਂ ਦੀਆਂ ਸੁਣੀਆਂ ਹੋਈਆਂ ਘਟਨਾਵਾਂ ਬਿਜਲੀ ਬਣ ਕੇ ਚਮਕ ਗਈਆਂ, ਜਦੋਂ ਫਸਾਦੀਆਂ ਨੇ ਕਿੰਨੀਆਂ ਹੀ ਗੱਡੀਆਂ ਰੋਕ ਕੇ ਲੋਕਾਂ ਨੂੰ ਗਾਜਰਾਂ-ਮੂਲੀਆਂ ਵਾਂਗ ਕੱਟ ਕੇ ਬੋਟੀ-ਬੋਟੀ ਕਰ ਦਿੱਤਾ ਸੀ। ਮਾਮਾ ਜੀ ਵੀ ਜਾਗ ਕੇ ਮੈਨੂੰ ਹਲੂਣ ਰਹੇ ਸਨ। 'ਕੀ ਗੱਲ ਏ?' ਤਾਂ ਹੀ ਮੇਰੇ ਕੰਨਾਂ ਵਿਚ ਆਵਾਜ਼ ਪਈ। ਉਸ ਭੀੜ ਵਿਚੋਂ ਕੋਈ ਚੀਕ ਰਿਹਾ ਸੀ, 'ਇਸ ਗੱਡੀ ਵਿਚ ਕੋਈ ਸਰਾਈਂ ਦਾ ਹੈ...?'***

***'ਇਹ ਕਿਹੜਾ ਸਟੇਸ਼ਨ ਹੈ?' ਮੈਂ ਬੇਜੀ ਨੂੰ ਪੁੱਛਿਆ।***

***ਬੇਜੀ ਨੇ ਕਿਹਾ, 'ਸਰਾਈਂ... ਆਪਣੇ ਪਿੰਡ ਦਾ ਸਟੇਸ਼ਨ।' ਬਾਹਰੋਂ ਫਿਰ ਆਵਾਜ਼ ਆਈ, 'ਇਸ ਗੱਡੀ ਵਿਚ ਕੋਈ ਸਰਾਈਂ ਦਾ ਹੈ?' ਮੈਂ ਬੇਜੀ ਵੱਲ ਦੇਖਿਆ। ਉਨ੍ਹਾਂ ਦੇ ਚਿਹਰੇ 'ਤੇ ਪੂਰਾ ਭਰੋਸਾ ਸੀ।***

# ਚੰਪਕ ਛਤਰੀ ਚੰਪਕ ਵਿਹੜਾ

*ਆਪਣੇ ਆਪ ਨੂੰ ਸ਼ਹਿਰੀ ਜਿਊੜਾ ਆਖਣ ਵਾਲੀ ਸਾਡੀ ਕਾਲਮਨਵੀਸ ਕਾਨਾ ਸਿੰਘ ਨੇ ਐਤਕੀਂ ਅਣਗੌਲੇ ਰੁੱਖ ਚੰਪਾ ਦਾ ਜ਼ਿਕਰ ਛੋਹਿਆ ਹੈ। ਆਪਣੇ ਇਸ ਲੇਖ ਵਿਚ ਉਹਨੇ ਚੰਪਾ ਨਾਲ ਜੁੜੀਆਂ ਖ਼ੂਬੀਆਂ ਦੀ ਚਰਚਾ ਤਾਂ ਕੀਤੀ ਹੈ, ਇਸ ਰੁੱਖ ਦੀ ਨਿਰਮਾਣਤਾ ਅਤੇ ਨਿਰਛਲਤਾ ਦੀ ਗੱਲ ਬੜੇ ਉਚੇਚ ਨਾਲ ਕੀਤੀ ਹੈ। ਕਾਨਾ ਸਿੰਘ ਦੀ ਹਰ ਕਥਾ ਕਿਸੇ ਨਾ ਕਿਸੇ ਸਬਕ ਨਾਲ ਜੁੜੀ ਹੁੰਦੀ ਹੈ। ਸੋਹਣਾ-ਸੁਨੱਖਾ ਅਤੇ ਅੱਖਾਂ ਨੂੰ ਤਾਜ਼ਗੀ ਦੇਣ ਵਾਲਾ ਇਹ ਰੁੱਖ ਸੱਚਮੁੱਚ, ਅਣਗੌਲਿਆ ਹੈ। ਕਾਨਾ ਸਿੰਘ ਨੇ ਚੰਪਾ ਦੀ ਕਹਾਣੀ ਇਸ ਢੰਗ ਨਾਲ ਸੁਣਾਈ ਹੈ ਕਿ ਮੱਲੋਮੱਲੀ ਧਿਆਨ ਚੰਪਾ ਵੱਲ ਚਲਿਆ ਜਾਂਦਾ ਹੈ। -ਸੰਪਾਦਕ*




ਕਾਨਾ ਸਿੰਘ
ਫੋਨ:+91-95019-44944

ਮੇਰਾ ਪਿਛੋਕੜ ਪੇਂਡੂ ਨਹੀਂ, ਸ਼ਹਿਰੀ ਹੈ।

ਫੁੱਲਾਂ-ਫਲਾਂ ਦੇ ਰੁੱਖਾਂ ਦੀਆਂ ਜਾਤਾਂ-ਕਿਸਮਾਂ ਦਾ ਮੈਨੂੰ ਬਾਹਲਾ ਗਿਆਨ ਨਹੀਂ। ਨਾਰੀਅਲ, ਪਿੱਪਲ, ਬੋਹੜ ਜਾਂ ਸਫ਼ੈਦੇ ਦੇ ਰੁੱਖਾਂ ਬਿਨਾਂ ਹੋਰਨਾਂ ਦੀ ਪਛਾਣ ਵੀ ਘੱਟ-ਵੱਧ ਹੀ ਹੈ। ਫਿਰ ਵੀ ਇਕ ਰੁੱਖ ਜਿਸ ਨੂੰ ਮੈਂ ਮੁੰਬਈ, ਦਿੱਲੀ ਜਾਂ ਪੰਜਾਬ ਵਿਚ ਹਰ ਥਾਂ 'ਤੇ ਵੇਖਿਆ ਅਤੇ ਕਦੇ ਨਾ ਗੌਲਿਆ, ਪਰ ਜਿਸ ਨਾਲ ਹੁਣ ਅੰਤਾਂ ਦਾ ਮੋਹ ਪੈ ਗਿਆ ਹੈ, ਉਹ ਹੈ ਚੰਪਾ ਦਾ ਰੁੱਖ।

ਲੰਮੇ ਕੱਦਾਵਰ, ਸੰਘਣੇ ਤੇ ਫਲ-ਫੁੱਲਦਾਰ ਬਿਰਖਾਂ ਦੀ ਭੀੜ ਵਿਚ ਬਿਨਾਂ ਗੌਲੇ ਜਾਣ ਦੀ ਤਰਦੱਸ ਕਰਦਾ, ਖਾਮੋਸ਼ ਇਕਲਵਾਂਝਾ ਜਿਹਾ। ਮਧਰੇ ਜਿਹੇ ਕੱਦ ਦਾ ਨਾਜ਼ੁਕ ਤੇ ਕੱਚਾ-ਕੱਚਾ, ਕੋਮਲ ਜਿਹਾ ਹੈ ਚੰਪਾ ਦਾ ਰੁੱਖ।

ਚੰਪਾ ਦੇ ਕਿਸੇ ਵੀ ਰੁੱਖ ਦੀ ਕੋਈ ਟਾਹਣੀ ਹੱਥ ਨਾਲ ਤ੍ਰੋੜ ਲਵੋ ਤੇ ਕਿਧਰੇ ਵੀ ਮਿੱਟੀ ਵਿਚ ਦੱਬ ਦਿਓ। ਇਹ ਨਾ ਤੁਹਾਥੋਂ ਪਾਣੀ ਮੰਗਦਾ ਹੈ ਤੇ ਨਾ ਹੀ ਉਚੇਚਾ ਧਿਆਨ। ਕੁਝ ਦਿਨਾਂ ਵਿਚ ਹੀ ਇਹ ਆਪਣੀ ਜੜ੍ਹ ਆਪੇ ਲਾ ਕੇ ਵਧਣ ਲੱਗਦਾ ਹੈ। ਬਸਤੀ ਦੇ ਗਰੀਬੜੇ ਬਾਲਕਾਂ-ਹਾਰ ਅਣਗੌਲਿਆਂ ਹੀ ਵਧਣ ਲਗਦਾ ਹੈ। ਇਕ-ਦੋ ਸਾਲਾਂ ਵਿਚ ਹੀ ਇਸ ਨੂੰ ਫੁੱਲ ਲੱਗਣ ਲੱਗਦੇ ਹਨ। ਹਲਕੀ ਪੀਲੀ ਅਤੇ ਗੁਲਾਬੀ ਭਾਅ ਮਾਰਦੇ ਚਿੱਟੇ-ਚਿੱਟੇ ਫੁੱਲ।

ਚਮੇਲੀ ਦੇ ਫੁੱਲ ਨਿੱਕੇ ਤੇ ਜ਼ਿਆਦਾ ਗੁੰਦਵੇਂ ਹੁੰਦੇ ਹਨ ਤੇ ਦੂਜੇ ਉਨ੍ਹਾਂ ਦੀ ਸੁਗੰਧ ਤੀਖਣ ਹੁੰਦੀ ਹੈ, ਕਾਮ-ਰਸੀ। ਗੁਲਾਬ ਦੀ ਸੁਗੰਧ, ਸੁਹਲ ਤੇ ਰਹੱਸਮਈ ਹੁੰਦੀ ਹੈ, ਪਰ ਚੰਪਾ ਦੀ ਸੁਗੰਧ ਬੱਚੇ ਦੀ ਮੁਸਕਰਾਹਟ ਵਰਗੀ ਸੂਖ਼ਮ, ਆਪ-ਮੁਹਾਰੀ ਅਤੇ ਨਿਸ਼ਕਪਟ ਹੁੰਦੀ ਹੈ ਜਿਸ ਨੂੰ ਨੱਕ ਕੋਲ ਲਿਆ ਕੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਖੁਸ਼ਬੂ ਤੁਹਾਡੀ ਫਿਜ਼ਾ ਵਿਚ ਘੁਲੀ-ਰਚੀ ਹੁੰਦੀ ਹੈ, ਪਰ ਤੁਸੀਂ ਬੇਖ਼ਬਰ ਹੁੰਦੇ ਹੋ।

ਚੰਪਾ ਦੇ ਫੁੱਲ ਆਪੇ ਹੀ ਖਿੜ-ਖਿੜਾ ਕੇ ਰਾਹਾਂ ਵਿਚ ਡਿੱਗ-ਡਿੱਗ ਵਿਛਦੇ ਜਾਂਦੇ ਹਨ। ਬੁਕੋ-ਬੁੱਕ। ਝੋਲੀਆਂ ਵਿਚ ਸਮਿੱਜਣ ਲਈ ਤਿਆਰ-ਬਰ-ਤਿਆਰ। ਇਹ ਸਾਨੂੰ ਫੁੱਲ ਤੋੜਨ ਦੀ ਦੋਸ਼ੀ ਭਾਵਨਾ ਤੋਂ ਵੀ ਮੁਕਤ ਕਰਦੇ ਹਨ। ਬਾਲਕ ਇਨ੍ਹਾਂ ਨੂੰ ਚੁਣ-ਚੁਣ ਕੇ ਪਾਣੀ ਭਰੇ ਟੱਬਾਂ ਵਿਚ ਪਾ-ਪਾ, ਆਪਣੀਆਂ ਕਲਪਿਤ ਬੇੜੀਆਂ ਫੇਰ-ਫੇਰ ਕੇ ਤਰਾਉਂਦੇ ਹਨ। ਬਾਲੜੀਆਂ ਚੰਪਾ ਦੇ ਫੁੱਲਾਂ ਨੂੰ ਆਪਣੇ ਕੰਨਾਂ ਅਤੇ ਗੁੱਤਾਂ ਵਿਚ ਟੁੰਗਦੀਆਂ ਹਨ।

ਘਰ-ਘਰ ਦੀ ਖੇਡ ਖੇਡਦੇ ਬਾਲਕ ਆਪਣੇ ਰੇਤ ਦੇ ਉਸਾਰੇ ਘਰਾਂ ਦੇ ਬੂਹੇ ਇਨ੍ਹਾਂ ਫੁੱਲਾਂ ਨਾਲ ਸ਼ਿੰਗਾਰਦੇ ਹਨ। ਉਹ ਟੋਕਰੀਆਂ ਭਰ-ਭਰ ਕੇ ਇਕ-ਦੂਜੇ ਉਪਰ ਫੁੱਲਾਂ ਦੀ ਬਰਖ਼ਾ ਕਰਦੇ ਹਨ। ਨਾ ਮਾਲੀਆਂ ਦੀਆਂ ਘੁਰਕੀਆਂ; ਨਾ ਕੰਡਿਆਂ ਦੀਆਂ ਚੋਭਾਂ। ਪਾਣੀ ਦੀ ਪਰਾਤ ਵਿਚ ਫੁੱਲ ਵਿਛਾ ਕੇ ਬੱਚੇ ਜਿਵੇਂ ਆਕਾਸ਼ ਦੇ ਤਾਰਿਆਂ ਨੂੰ ਧਰਤੀ ਉਤੇ ਲਾਹ-ਵਿਛਾ ਰਹੇ ਹੋਣ।

ਰੂਹੋ-ਰੂਹ ਸਰਸ਼ਾਰ ਬਾਲਕਾਂ ਨੂੰ ਚੰਪਾ ਦੇ ਫੁੱਲ ਉਮਡ-ਉਮਡ ਆਖਦੇ ਹਨ, ਚੁਣੋ-ਚੁਣੋ, ਸਾਨੂੰ ਚੁਣੋ। ਅਸੀਂ ਤੁਹਾਥੋਂ ਚੁਣਾਉਣ ਲਈ ਹੀ ਸਹਿਕ-ਸਹਿਕ ਡਿੱਗੇ ਪਏ ਹਾਂ। ਫੁੱਲ ਚੁਣਨਾ ਤੁਹਾਡਾ ਜਨਮ-ਸਿਧ ਅਧਿਕਾਰ ਹੈ।

ਸਰਦੀ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਚੰਪਾ ਦਾ ਰੁੱਖ ਆਪਣੇ ਪੱਤੇ ਛੰਡਣ ਲੱਗਦਾ ਹੈ। ਪੋਹ-ਮਾਹ ਦੀ ਕੜਾਕੇ ਦੀ ਠੰਢ ਵਿਚ ਉਹ ਬਿਲਕੁਲ ਹੀ ਨਿਪੱਤਰਾ ਹੋ ਜਾਂਦਾ ਹੈ, ਰੁੰਡ-ਮਰੁੰਡ। ਆਪ ਨੰਗਾ ਹੋ ਜਾਂਦਾ ਹੈ, ਸਾਨੂੰ ਨਿੱਘੀ ਧੁੱਪ ਦੇਣ ਦੀ ਖ਼ਾਤਰ। ਘਣਾ ਤਾਂ ਹੁੰਦਾ ਹੀ ਨਹੀਂ। ਫਿਰ ਵੀ ਜੇ ਛਾਂਗਣਾ ਹੋਵੇ ਤਾਂ ਇਸ ਦੀਆਂ ਨਿਉਂ-ਨਿਉਂ ਪੈਂਦੀਆਂ ਟਾਹਣੀਆਂ ਨੂੰ ਭਾਵੇਂ ਹੱਥ ਨਾਲ ਹੀ ਭੰਨ-ਤਰੋੜ ਲਵੋ; ਕਿਉਂਕਿ ਇਹ ਹੋਰ ਵੱਡਿਆਂ ਤਾਕਤਵਰ ਬਿਰਛਾਂ ਵਾਂਗ ਆਕੜਿਆ ਨਹੀਂ ਹੁੰਦਾ, ਇਸ ਲਈ ਇਸ ਨੂੰ ਆਰੀਆਂ ਜਾਂ ਕੁਹਾੜੀਆਂ ਦੇ ਵਾਰ ਵੀ ਨਹੀਂ ਸਹਿਣੇ ਪੈਂਦੇ।

ਇਕ ਬਿਰਧ ਜੋੜੇ ਨੇ ਆਪਣੇ ਵਿਹੜੇ ਵਿਚ ਦੋ-ਦੋ ਗਜ਼ ਦੀ ਵਿੱਥ ਉਤੇ ਚੰਪਾ ਦੇ ਪੰਜ ਰੁੱਖ ਲਾਏ ਹੋਏ ਹਨ। ਗਰਮੀਆਂ ਵਿਚ ਉਹ ਰੁੱਖ ਪੱਤੋ-ਪੱਤਾ ਅਤੇ ਫੁੱਲੋ-ਫੁੱਲ ਹੁੰਦੇ ਸੰਘਣੀ ਛੱਤ ਉਸਾਰ ਲੈਂਦੇ ਹਨ। ਇਸ ਛੱਤ ਦੇ ਹੇਠਾਂ ਠੰਢੀ ਤੇ ਨਿੱਘੀ ਕੁੱਲੀ ਜਿਹੀ ਬਣ ਜਾਂਦੀ ਹੈ। ਪੱਤਿਆਂ ਦੀ ਇਸ ਠੰਢੀ ਗੁਫ਼ਾ ਵਿਚ ਬੈਠੇ ਉਹ ਬਜ਼ੁਰਗ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ, ਆਂਦੇ-ਜਾਂਦੇ ਮਿੱਤਰਾਂ ਨੂੰ ਜੀ-ਆਇਆਂ ਆਖਦੇ, ਹੱਸਦੇ-ਖੇਡਦੇ ਨਾਲੋ-ਨਾਲ ਕਦੇ ਤਾਸ਼ ਖੇਡਦੇ, ਕਦੇ ਅਖ਼ਬਾਰ-ਪਰਚੇ ਪੜ੍ਹਦੇ ਜਾਂ ਮਟਰ ਛਿਲਦੇ, ਸਾਗ-ਸਬਜ਼ੀਆਂ ਕੱਟਦੇ-ਕੁਤਰਦੇ, ਕਿਸੇ ਨਾ ਕਿਸੇ ਕਾਰ-ਵਿਹਾਰ ਅਤੇ ਨਾਲੋ-ਨਾਲ ਪਿਆਰ ਵਿਚ ਰੁਝੇ ਡਾਢੇ ਚੰਗੇ ਲੱਗਦੇ ਹਨ। ਇਸ ਚੰਪਕ-ਛਤਰੀ ਹੇਠਾਂ ਉਨ੍ਹਾਂ ਬਜ਼ੁਰਗਾਂ ਨੇ ਪੋਰਟੇਬਲ ਝੂਲਾ ਵੀ ਟਿਕਾ ਰੱਖਿਆ ਹੈ। ਮੁਹੱਲੇ ਦੇ ਹਮ-ਉਮਰ ਅਕਸਰ ਹੀ ਉਨ੍ਹਾਂ ਨਾਲ ਆ ਜੁੜਦੇ ਹਨ। ਝਟ ਪਲ ਲਈ ਸੁਸਤਾ-ਅਲਸਾ ਕੇ ਦੁੱਖ ਸੁਖ ਵੰਡਾ ਲੈਂਦੇ ਹਨ।


ਚੰਪਾ ਦੇ ਫੁੱਲਾਂ ਦਾ ਨਜ਼ਾਰਾ।

ਕਦੇ ਨਹੀਂ ਕਹਿਣਾ ਪੈਂਦਾ ਇਸ ਜੋੜੇ ਨੂੰ 'ਕਦੇ ਆਇਆ ਕਰੋ ਜੀ'। ਬਸ ਆਪੇ ਹੀ ਆ ਢੁਕਦੇ ਹਨ ਮਿੱਤਰ-ਪਿਆਰੇ ਸਰਦੀਆਂ ਵਿਚ ਰਲ-ਮਿਲ ਧੁੱਪ ਸੇਕਣ ਅਤੇ ਗਰਮੀਆਂ ਵਿਚ ਚੰਪਕ-ਛਤਰੀ ਦੀ ਛਾਂ ਮਾਣਨ। ਝੂਲੇ ਦੇ ਮੋਹ ਅਤੇ ਕਹਾਣੀਆਂ ਸੁਣਨ ਦੇ ਲਾਲਚ ਵਜੋਂ ਬਾਲਕ ਵੀ ਰੌਣਕ ਬਣੇ ਰਹਿੰਦੇ ਹਨ ਇਸ ਚੰਪਕ ਵਿਹੜੇ ਦੀ।

ਸਰਦੀਆਂ ਵਿਚ ਪੰਜੇ ਰੁੱਖ ਝੜ ਜਾਂਦੇ ਹਨ ਅਸਲੋਂ ਹੀ। ਝੁਕ-ਝੁਕ ਪੈਂਦੀਆਂ ਕੱਚੀਆਂ ਟਾਹਣੀਆਂ ਤਰੁੰਡਣੀਆਂ ਬੱਚਿਆਂ ਦੀ ਖੇਡ ਹੁੰਦੀ ਹੈ। ਨਿਛੱਤੀ ਹੋਈ ਚੰਪਕ ਗੁਫ਼ਾ ਹੁਣ ਧੁੱਪ ਦਾ ਵਿਹੜਾ ਬਣ ਜਾਂਦੀ ਹੈ ਜਿੱਥੇ ਢੁੱਕੀਆਂ ਤੇ ਜੁੜੀਆਂ ਹੀ ਰਹਿੰਦੀਆਂ ਨੇ ਧੁੱਪ ਦੇ ਝੂਟੇ ਝੂਟਣ ਲਈ ਮਾਂਵਾਂ ਤੇ ਬਾਲਕਾਂ ਦੀਆਂ ਮਹਿਫ਼ਲਾਂ।

ਬੋਹੜ, ਅੰਬ, ਪਿੱਪਲ, ਨਿੰਮ ਜਾਂ ਜਾਮੁਨ, ਹੋਰ ਸਾਰੇ ਹੀ ਰੁੱਖਾਂ ਦਾ ਸਾਹਿਤ ਵਿਚ ਅਕਸਰ ਜ਼ਿਕਰ ਪੜ੍ਹਦੇ ਹਾਂ, ਪਰ ਚੰਪਾ ਦਾ ਰੁੱਖ ਸ਼ਾਇਦ ਹੀ ਚਰਚਾ ਦਾ ਵਿਸ਼ਾ ਬਣਿਆ ਹੋਵੇ। ਕਿਉਂ?

ਕਿਉਂਕਿ ਇਹ ਨਿਰਮਾਣ ਹੈ। ਸ਼ਰਮੀਲਾ ਜਿਹਾ। ਸਰਦੀਆਂ ਵਿਚ ਧੁੱਪ ਤੇ ਗਰਮੀਆਂ ਵਿਚ ਛਾਂ ਦਿੰਦਾ, ਫੁੱਲਾਂ ਦੀ ਬਰਖਾ ਨਾਲ ਰਾਹਾਂ ਵਿਚ ਵਿੱਛ-ਵਿੱਛ ਪੈਂਦਾ ਇਹ ਬਿਰਛ ਅਣਗੌਲਿਆ ਰਹਿ ਕੇ ਹੀ ਤ੍ਰਿਪਤ ਹੈ।

ਕਿਉਂ ਨਾ ਅਸੀਂ ਵੀ ਚੰਪਾ ਦੇ ਝੁੰਡ ਲਾ ਕੇ ਚੰਪਕ ਵਿਹੜੇ ਉਸਾਰੀਏ ਤੇ ਇਨ੍ਹਾਂ ਵਿਹੜਿਆਂ ਵਿਚ ਰਲ-ਬੈਠੀਏ ਚੰਪਕ-ਸੱਥ ਹੋ ਕੇ...!

## ਕਾਵਿ-ਕਿਆਰੀ

### ਚੇਤਨਾ ਦਾ ਬੰਨ੍ਹ

ਅਰਸ਼ਾਂ ਦੀ ਕੋਈ ਹੂਰ ਸੀ ਕਹਿੰਦੇ,
ਚੰਨ-ਚਾਨਣੀ ਨੂਰ ਸੀ ਕਹਿੰਦੇ।
ਗੁੰਦਵਾਂ ਜਿਸਮ ਤੇ ਗੋਰੀ-ਗੋਰੀ,
ਕੁਝ ਕਹਿੰਦੇ ਗੰਨੇ ਦੀ ਪੋਰੀ।
ਪਿੰਡ ਵਿਚ ਲੱਗਦੀ ਚਾਚੀ ਰੁੱਪੀ,
ਜਾਪੇ ਹੁਣ ਲੱਕੜੀ ਵਾਂਗ ਸੁੱਕੀ।
ਇਕ ਦਿਨ ਉਸ ਨੂੰ ਫੋਨ ਲਾਇਆ,
ਘਰ ਜਾ ਉਸ ਦੇ ਮਿਲਣਾ ਚਾਹਿਆ।
ਸੁਣ ਕੇ ਚਾਚੀ ਆਪ ਹੀ ਆਈ,
ਘੁੱਟ ਕੇ ਉਸ ਗਲਵਕੜੀ ਪਾਈ।

ਚਾਚੀ ਜੀ! ਥੋਨੂੰ ਕੀ ਹੋਇਆ,
ਪੁੱਛਦੇ ਹੀ ਮੇਰਾ ਦਿਲ ਰੋਇਆ।
ਸ਼ਰਮ ਨਾਲ ਉਸ ਨੀਵੀਂ ਪਾਈ,
ਕਹਿੰਦੀ ਜਾਵਾਂ ਵਕਤ ਲੰਘਾਈ।
ਇਸ ਉਮਰੇ ਕੀ ਝੱਲ ਕਰਾਂ ਮੈਂ,
ਦੱਸ ਕਿਵੇਂ ਇਹ ਗੱਲ ਕਰ ਕਰਾਂ ਮੈਂ।
ਤੜਕੇ ਉਠ ਇਸ਼ਨਾਨ ਹਾਂ ਕਰਦੀ,
ਰੱਬ ਦੇ ਵੱਲ ਧਿਆਨ ਹਾਂ ਧਰਦੀ।
ਸਾਰਾ ਦਿਨ ਘੜੀਸ ਮੈਂ ਹੋਵਾਂ,
ਫਿਕਰ ਦੀ ਚੱਕੀ ਪੀਸ ਮੈਂ ਹੋਵਾਂ।
ਜਿਉਂ ਜਿਉਂ ਸੂਰਜ ਢਲਦਾ ਜਾਵੇ,
ਮਨ ਵਿਚ ਸਹਿਮ ਹੀ ਪਲਦਾ ਜਾਵੇ।
ਤਾਂ ਵੀ ਆਸ ਦਾ ਦੀਪ ਜਗਾਵਾਂ,
ਇੰਤਜ਼ਾਰ ਬਣ ਜਾਣ ਨਿਗਾਹਾਂ।
ਘਰ ਵਲ ਮੋੜੇ ਕਦੋਂ ਮੁਹਾਰਾਂ,
ਬੂਹੇ ਵਿਚ ਖੜ੍ਹ ਰਾਹ ਨਿਹਾਰਾਂ,
ਨਿੱਤ ਉਹ ਬਾਹਰੋਂ ਪੀ ਕੇ ਆਵੇ,
ਗਾਲ੍ਹਾਂ ਕੱਢੇ, ਹੱਥ ਉਠਾਵੇ।
ਬੱਸ ਫਿਰ ਛੱਤਣੀ ਭੌਂ ਜਾਂਦਾ ਹੈ,
ਮਾਰ ਘੁਰਾੜੇ ਸੌਂ ਜਾਂਦਾ ਹੈ।
ਰੋਟੀ ਧਰੀ ਧਰਾਈ ਰਹਿ ਜਾਏ,
ਚਾਚੀ ਤੇਰੀ ਭੁੱਖੀ ਪੈ ਜਾਏ।
ਫਿਰ ਚੁੰਨੀ ਨਾਲ ਪੂੰਝੀਆਂ ਅੱਖਾਂ,
ਕਹਿੰਦੀ ਉਸ ਨੂੰ ਰੱਬ ਦੀਆਂ ਰੱਖਾਂ।
ਬਣ ਗਈ ਭੈੜੀ ਆਦਤ ਉਸ ਦੀ,
ਪਰ ਮੈਂ ਕਰਾਂ ਇਬਾਦਤ ਉਸ ਦੀ।

ਸੁਣ ਕੇ ਮੈਨੂੰ ਰੋਹ ਸੀ ਆਇਆ,
ਹਾਉਕੇ ਭਰਦੀ ਤਾਈਂ ਸੁਣਾਇਆ।
ਇਹ ਨਾ ਚੰਗੀ ਆਦਤ ਚਾਚੀ,
ਕਾਹਤੋਂ ਕਰੇਂ ਇਬਾਦਤ ਚਾਚੀ।
ਹੱਦਾਂ ਬੰਨੇ ਸਭ ਤੋੜ ਰਿਹਾ ਹੈ,
ਜੀਵਨ ਆਪਣਾ ਰੋੜ੍ਹ ਰਿਹਾ ਹੈ।
ਨਸ਼ਿਆਂ ਦਾ ਛੇਵਾਂ ਦਰਿਆ,
ਹੋਰ ਨਾ ਲਾਵੇ ਹੁਣ ਇਹ ਢਾਹ।
ਚੱਲ ਆਪਾਂ ਇਹ ਕਦਮ ਉਠਾਈਏ,
ਚੇਤਨਾ ਦਾ ਕੋਈ ਬੰਨ੍ਹ ਲਗਾਈਏ।

*-ਨੀਲਮ ਸੈਣੀ, ਕੈਲੀਫੋਰਨੀਆ*

---

### ਮੇਰੇ ਇਰਦ ਗਿਰਦ

ਜਿਹੜਾ ਸੂਰਜ ਤਨ ਨੂੰ ਖਾਵੇ,
ਧੁੱਪ ਜਿਸ ਦੀ ਸਭ ਰੰਗ ਉਡਾਵੇ।
ਹਵਾ ਵੀ ਨਿਰੀ ਉਡਾਵੇ ਮਿੱਟੀ,
ਸਿਰ ਮੂੰਹ 'ਤੇ ਬਸ ਘੱਟਾ ਪਾਵੇ।
ਕਾਗਜ਼ ਦੇ ਫੁੱਲਾਂ ਦੀ ਵਿਕਰੀ,
ਰੰਗ ਸੋਹਣੇ ਪਰ ਮਹਿਕ ਨਾ ਆਵੇ।
ਉਗੀਆਂ ਥੋਹ੍ਰਾਂ, ਕੰਡੇ ਚੁਭਦੇ,
ਫੁੱਲਾਂ ਦੀ ਗਲ, ਮਨ ਨਾ ਭਾਵੇ।
ਐਸੀ ਥਾਂ 'ਤੇ ਵਸਣਾ ਔਖਾ,
ਦਮ ਜੇ ਘੁਟੇ, ਹੱਸਣਾ ਔਖਾ।

ਭੀੜਾਂ ਦਾ ਜਿਥੇ ਚਿਹਰਾ ਕੋਈ ਨਾ,
ਚੀਕ ਰਹੇ ਨੇ 'ਮੇਰਾ' ਕੋਈ ਨਾ।
ਕਿੰਜ ਦਾ ਮੇਲਾ, ਸਭ ਗਵਾਚੇ,
ਉਂਗਲੀ ਫੜ ਲਏ, ਤੇਰਾ ਕੋਈ ਨਾ।
ਯਾਰ ਨੇ ਕਿਹੜੇ, ਵੈਰੀ ਕਿਹੜੇ,
ਸੱਚ ਕੀ ਦਸਣ, ਜੇਰਾ ਕੋਈ ਨਾ।
ਉਚੀਆਂ ਕੰਧਾਂ, ਕੈਦੀ ਤਨ ਮਨ,
ਖੁੱਲ੍ਹਾ ਡੁੱਲ੍ਹਾ ਵਿਹੜਾ ਕੋਈ ਨਾ।
ਕੌਣ ਹੈ ਕਿਸ ਦਾ ਦੱਸਣਾ ਔਖਾ,
ਮੈਲੀਆਂ ਅੱਖਾਂ, ਵਸਣਾ ਔਖਾ।

ਕਿਸ ਦੀ ਅੱਗ, ਕਿਸ ਦੇ ਚੁੱਲ੍ਹੇ,
ਝਾਤੀ ਮਾਰੀ, ਭੇਤ ਨੇ ਖੁੱਲ੍ਹੇ।
ਕੌਣ ਕਿਸ ਦਾ ਖੜਕਾਵੇ ਕੁੰਡਾ,
ਆਪਣੇ ਘਰ ਦਾ ਰਸਤਾ ਭੁੱਲੇ।
ਗਿਆਨ ਧਿਆਨ ਦੀ ਘਰ ਘਰ ਹੱਟੀ
ਸੌਦਾ ਸਾਰਾ ਝੂਠ ਹੀ ਤੁੱਲੇ।
ਡਰਦੀ ਜਿੰਦਗੀ ਅੰਦਰ ਬੈਠੀ
ਢਿੱਡੋਂ ਭੁੱਖੀ ਠੰਡੇ ਹਨ ਚੁੱਲੇ।
ਕਾਲੇ ਪਾਣੀ 'ਤੋਂ ਨੱਸਣਾ ਔਖਾ,
ਪਰ ਕੈਦਾਂ ਵਿਚ ਵਸਣਾ ਔਖਾ।

ਇੱਲਾਂ ਕੁੱਤਿਆਂ ਮਜਲਿਸ ਲਾਈ
ਮਾਸ ਛਕਣ ਦਾ ਆਇਆ ਵੇਲਾ।
ਕਿਸ ਪਸ਼ੂ ਦਾ ਮਾਸ ਪਕੇਗਾ,
ਇਸ ਮੁਸ਼ਕਲ ਦਾ ਪਿਆ ਝਮੇਲਾ।
ਕੋਈ ਖਾਂਦਾ ਏ ਮਰੀਆਂ ਗਊਆਂ,
ਕੋਈ ਖਾਂਦਾ ਏ ਮਰਿਆ ਲੇਲਾ।
ਜਾਤ ਧਰਮ ਨੂੰ ਹੋਇਆ ਖਤਰਾ
ਡਾਂਗਾਂ ਚਲਣ ਉਜੜੇ ਮੇਲਾ।
'ਆਦਮ ਜਾਤ' ਨੂੰ ਲਭਣਾ ਔਖਾ,
ਕਿੰਝ ਦੀ ਨਗਰੀ? ਵੱਸਣਾ ਔਖਾ।

*-ਦਿਲਜੋਧ ਸਿੰਘ*
*ਵਿਸਕਾਨਸਿਨ।*

---

### ਦਰਿਆ

ਦਰਿਆ ਬਣਨਾ
ਤੇ ਦਰਿਆ ਵਿਚ ਠਿੱਲ੍ਹਣਾ
ਹੈ ਅੱਡੋ ਅੱਡ ਮਾਅਰਕਾ।
ਦਰਿਆ ਬਣੋ ਜਾਂ ਦਰਿਆ-ਦਿਲ ਬਣੋ,
ਕੰਢੇ ਢਾਹੁਣ ਦੀ ਪ੍ਰਵਿਰਤੀ ਤਿਆਗੋ।
ਮਜ਼ਬੂਤ ਰੱਖੋ ਸਿਰੜ ਜ਼ਬਤ
ਕੰਢੇ ਨਾ ਖੋਰੋ ਆਡੰਬਰਪੁਣੇ ਵਿਚ।
ਆਪਣੀ ਚਾਦਰ ਵਿਚ ਪੈਰ ਪਸਾਰੋ।
ਕੰਢਿਆਂ ਉਪਰੋਂ ਵਗਣਾ
ਜਾਂ ਆਪਣੇ ਕੰਢੇ ਸਾੜਨਾ
ਤੌੜੀ ਵਾਂਗ
ਹੈ ਖਤਰਨਾਕ ਰੁਝਾਨ।
ਰੈਫਟਿੰਗ ਤੋਂ ਪਹਿਲਾਂ
ਪੱਥਰਾਂ ਚੱਟਾਨਾਂ ਸੰਗ ਆੜੀ ਪਾਓ
ਖਹਿਣ ਤੇ ਸਹਿਣ ਦੀ ਅਦਾਕਾਰੀ ਸਿੱਖੋ
ਲੱਗ ਜਾਣਗੇ ਫਿਰ ਚੱਪੂ ਸੌਖੇ।

*-ਚਰਨਜੀਤ ਸਿੰਘ ਪੰਨੂ*
*ਸੈਨ ਹੋਜ਼ੇ।*

## ਸੁਰਿੰਦਰ ਸੋਹਲ ਦੀਆਂ ਤਾਜ਼ਾ ਕਵਿਤਾਵਾਂ

### ਸਜ਼ਾ

ਪਰੋਮੀਥੀਅਸ ਨੇ
ਦੇਵਤਿਆਂ ਦੀ ਅੱਗ ਚੁਰਾਈ ਸੀ
ਇਸ 'ਜੁਰਮ' ਦੀ ਸਜ਼ਾ
ਕਿੰਨੀ ਭਿਆਨਕ ਹੈ!
ਚੀਲ ਰੋਜ਼ ਆਉਂਦੀ ਹੈ
ਪਰੋਮੀਥੀਅਸ ਦਾ ਪਿੰਡਾ ਨੋਚਦੀ ਹੈ।

ਮੈਨੂੰ ਮੇਰੀ ਸਜ਼ਾ ਪਤਾ ਹੈ
ਮੈਂ ਤਾਂ ਅੱਗ ਚੁਰਾਈ ਵੀ
ਰਾਖ਼ਸ਼ਾਂ ਦੀ ਹਵੇਲੀ 'ਚੋਂ ਹੈ।

ਜੁਡਾਅ'ਜ਼ ਕਿੱਸ*
ਤੋਹਮਤ, ਦੁੱਖ, ਪੀੜ, ਉਨੀਂਦਰਾ
ਮੈਨੂੰ ਤਲਾਸ਼ਦੇ ਹੰਭ ਗਏ
ਉਨ੍ਹਾਂ ਨੂੰ
ਮੇਰੀ ਪਛਾਣ ਨਾ ਹੋ ਸਕੀ।

ਬੇਪਛਾਣ ਭੀੜ ਦੇ
ਹਨ੍ਹੇਰੇ ਜੰਗਲ ਵਿਚ
ਅਚਾਨਕ ਤੂੰ
ਮੇਰੀ ਗੱਲ੍ਹ 'ਤੇ
ਨਾਗਮਣੀ ਵਰਗਾ ਚੁੰਮਣ ਰੱਖਿਆ
ਉਨ੍ਹਾਂ ਦੀ ਤਲਾਸ਼ ਮੁੱਕ ਗਈ...

**ਈਸਾ ਮਸੀਹ ਦੀ ਪਛਾਣ ਕਰਨ ਲਈ ਜੁਡਾਅ ਨੇ ਉਸ ਦੀ ਗੱਲ੍ਹ 'ਤੇ ਚੁੰਮਣ ਲਿਆ ਤਾਂ ਸਿਪਾਹੀਆਂ ਨੇ ਈਸਾ ਨੂੰ ਗ੍ਰਿਫ਼ਤਾਰ ਕਰ ਲਿਆ ਸੀ।*

### ਪੰਜਾਬ

ਚੁੰਝਾਂ ਮਾਰਨ
ਚਿੜੀਆਂ ਆਵਣ
ਇੰਤਜ਼ਾਰ ਵਿਚ ਸ਼ੀਸ਼ਾ

ਮੇਰਾ ਸਿਰ
ਰੁੱਖ ਅੱਗੇ ਝੁਕ ਗਿਆ।

ਉਤਾਰਾ
ਤੇਰਾ ਸੁਨੇਹਾ
ਅਣਗਿਣਤ ਫ਼ਰਿਸ਼ਤਿਆਂ ਦੇ
ਮੂੰਹਾਂ, ਕੰਨਾਂ, ਅੱਖਾਂ ਦਾ ਪੈਂਡਾ ਗਾਹੁੰਦਾ
ਮੇਰੇ ਕੋਲ ਪਹੁੰਚਿਆ ਹੈ।
ਵੱਖ ਵੱਖ ਢੰਗ ਦੇ ਵਾਕ
ਸਫ਼ਾਈ ਦੇਣ ਨੂੰ ਲੱਗੇ
ਥਾਂ ਥਾਂ ਪੂੰਝੇ
ਬੇਤਰਤੀਬੇ ਸ਼ਬਦ
ਅਰਥਾਂ 'ਤੇ ਰਲ਼ਿਆਂ ਦੀ ਗ਼ਰਦ।

ਬਿਲਕੁਲ ਉਸੇ ਤਰ੍ਹਾਂ
ਕਿਸੇ ਲਿਖਤ ਦਾ
ਉਤਾਰਾ-ਦਰ-ਉਤਾਰਾ ਕਰਦਿਆਂ ਜਿਵੇਂ
'ਮੂਲ ਪਾਠ' 'ਤੇ
ਹੱਥ, ਕਲਮ, ਕਾਗ਼ਜ਼, ਸੋਚ, ਮੌਸਮ, ਮਨ
ਅਸਰ-ਅੰਦਾਜ਼ ਹੋ ਜਾਂਦੇ ਨੇ।

### ਵਿਉਪਾਰ

ਮੈਂ
ਜਿਊਂਦਾ ਮੁਰਗ਼ਾ
ਮਸ਼ੀਨ ਨਾਲ ਕੱਟ ਕੇ
ਵੇਚਦਾਂ

ਮੁਸਲਮਾਨ ਨੂੰ
'ਹਲਾਲ' ਦੱਸਦਾਂ
ਸਰਦਾਰ ਨੂੰ
'ਝਟਕਾ'।

### ਸਮਾਧੀ

ਟੀ ਵੀ ਬੰਦ ਹੈ
ਫੋਨ ਮੌਨ ਅਵਸਥਾ ਵਿਚ
ਅਖ਼ਬਾਰ ਡਰਾਈਵ-ਵੇਅ 'ਚ ਪਈ ਹੈ
ਆਪਣੀ ਦੁਨੀਆਂ ਸਮੇਟੀ
ਬਾਜ਼ਾਰ ਗਈ ਹੈ ਪਤਨੀ
ਬੱਚਿਆਂ ਨਾਲ।
ਅੱਖਾਂ ਮੀਟੀ
ਘਾਹ 'ਤੇ ਲੇਟਿਆ ਮੈਂ
ਦਿਲ 'ਚ ਸੰਭਾਲ ਕੇ ਰੱਖੇ
ਬਚਪਨ ਦੇ ਖਿਡੌਣਿਆਂ ਨਾਲ
ਖੇਡਾਂ ਪਿਆ।

# ਬੋਲ਼ੇ ਦੀ ਸੁਣਵਾਈ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਬੋਲ਼ੇ ਦੀ ਵੀ ਕਾਹਦੀ ਜੂਨ ਹੈ, ਹੈਂ-ਹੈਂ ਕਰਦਾ, ਉਚੀ-ਉਚੀ ਬੋਲਦਾ, ਅੱਧਾ ਤਾਂ ਉਹ ਆਪ ਕਮਲ਼ਾ ਹੁੰਦਾ ਹੈ ਤੇ ਬਾਕੀ ਦਾ ਅੱਧਾ ਉਸ ਨੂੰ ਲੋਕ ਬਣਾ ਛੱਡਦੇ ਹਨ। ਹਰ ਕੋਈ ਉਸ ਨੂੰ ਬੁਲਾਉਂਦਾ ਵੀ ਬੋਲ਼ਾ-ਬੋਲ਼ਾ ਕਹਿ ਕੇ ਹੀ ਹੈ। ਅੰਨ੍ਹਿਆਂ ਨਾਲ ਲੋਕ ਬਥੇਰੀ ਹਮਦਰਦੀ ਕਰਦੇ ਦੇਖੇ ਗਏ ਹਨ, ਉਨ੍ਹਾਂ ਲਈ ਨੇਤਰਹੀਣ ਜਿਹੇ ਸੁਖਾਵੇਂ ਸ਼ਬਦ ਵਰਤੇ ਜਾਂਦੇ ਹਨ, ਉਨ੍ਹਾਂ ਨੂੰ ਫੜ ਫੜ ਕੇ ਲੰਘਾਇਆ ਜਾਂਦਾ ਹੈ। ਦੂਜੇ ਪਾਸੇ ਬੋਲ਼ਿਆਂ ਨਾਲ ਮਗ਼ਜ਼ ਖਪਾਈ ਕਰਨ ਤੋਂ ਹਰ ਕੋਈ ਕਤਰਾਉਂਦਾ ਹੈ, ਉਨ੍ਹਾਂ ਲਈ ਕੋਈ ਹਮਦਰਦੀ ਭਰਿਆ ਸ਼ੁਭ ਸ਼ੁਭ ਬੋਲ ਨਹੀਂ। ਹਾਂ, 'ਚੁਬਾਰੇ ਚੜ੍ਹਿਆ' ਦਾ ਲਕਬ ਦੇ ਕੇ ਸਿੰਘ ਬੋਲਿਆਂ ਨੇ ਜ਼ਰੂਰ ਉਨ੍ਹਾਂ ਨਾਲ ਕੁਝ ਇਨਸਾਫ ਕੀਤਾ ਹੈ। ਇਕ ਵੇਲੇ ਮੇਰੀ ਬੀਬੀ ਨੂੰ ਕਿਸੇ ਬੀਮਾਰੀ ਕਾਰਨ ਬਹੁਤ ਉਚਾ ਸੁਣਨ ਲੱਗ ਪਿਆ। ਬੱਸ ਉਸ ਦੀ ਸ਼ਾਮਤ ਆ ਗਈ। ਪੰਜਾਬੀ ਸੂਬੇ ਲਈ ਚੱਲੀ ਐਜੀਟੇਸ਼ਨ ਦੇ ਦਿਨ ਸਨ। ਇਕ ਦਿਨ ਸਾਡੀ ਚਾਚੀ ਨੇ ਬੀਬੀ ਨੂੰ ਦੱਸਿਆ, "ਤੁਹਾਡੀ ਰਸੋਈ ਵਿਚ ਕੁੱਤਾ ਵੜ ਗਿਆ ਹੈ।" ਉਤਸੁਕਤਾ ਸਹਿਤ ਬੀਬੀ ਨੇ ਝਟ ਦੇਣੀ ਪੁੱਛਿਆ, "ਕੀ? ਪੰਜਾਬੀ ਸੂਬਾ ਬਣ ਗਿਆ ਹੈ?" ਜਮਾਂਦਰੂ ਬੋਲ਼ੇ ਤਾਂ ਗੂੰਗੇ ਵੀ ਬਣ ਜਾਂਦੇ ਹਨ, ਜਦ ਸੁਣਦਾ ਕੁਝ ਨਹੀਂ ਤਾਂ ਬੋਲਣਾ ਕਿਵੇਂ ਸਿੱਖਣ? ਗ਼ੌਰਤਲਬ ਹੈ ਕਿ ਬੋਲ਼ਾ ਸ਼ਬਦ ਨੇ ਗੂੰਗਾ, ਚੁੱਪ ਜਾਂ ਸੰਨਾਟੇ ਭਰਿਆ ਦੇ ਅਰਥ ਵੀ ਗ੍ਰਹਿਣ ਕਰ ਲਏ ਹਨ। ਅੰਨ੍ਹੀਆਂ ਬੋਲ਼ੀਆਂ ਹਨੇਰੀਆਂ ਬਿਨਾਂ ਕਿਸੇ ਖੜਕੇ ਦੜਕੇ ਦੇ ਆਉਂਦੀਆਂ ਹਨ। ਬੋਲ਼ੀਆਂ ਰਾਤਾਂ ਸੰਨਾਟੇ ਭਰੀਆਂ ਹੁੰਦੀਆਂ ਹਨ। ਵੇਗ ਜਾਂ ਗਰਮੀ ਵਿਚ ਆਈ ਝੋਟੀ ਖੂਬ ਅੜਿੰਗਦੀ ਹੈ ਇਸ ਲਈ ਇਸ ਸਥਿਤੀ ਨੂੰ ਮੱਝ ਦਾ ਬੋਲਣਾ ਕਿਹਾ ਜਾਂਦਾ ਹੈ। ਦੁਆਬੇ ਵਿਚ ਮੱਝ ਦੇ ਵੇਗ ਵਿਚ ਰਹਿਣ ਦੇ ਸਮੇਂ ਨੂੰ ਥੇਗ ਕਿਹਾ ਜਾਂਦਾ ਹੈ। ਬਹੁਤੀਆਂ ਮੱਝਾਂ ਥੇਗ ਦੌਰਾਨ ਅੜਿੰਗਦੀਆਂ ਨਹੀਂ, ਉਨ੍ਹਾਂ ਲਈ ਦੁਆਬੇ ਵਿਚ ਪ੍ਰਚਲਤ ਮੁਹਾਵਰਾ ਹੈ, ਬੋਲ਼ਾ ਥੇਗ।

ਅਸੀਂ ਬੋਲ਼ੇ ਦੇ ਕਮਲੇ ਜਿਹੇ ਬੰਦੇ ਬਣ ਜਾਣ ਦੀ ਗੱਲ ਕੀਤੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਸ਼ ਸ਼ਬਦ ਦਾ ਕਮਲੇ ਦੇ ਅਰਥਾਂ ਨਾਲ ਗੂੜ੍ਹਾ ਸਬੰਧ ਹੈ। ਤੁਸੀਂ ਬਾਵਰਾ ਸ਼ਬਦ ਤਾਂ ਸੁਣਿਆ ਹੀ ਹੋਵੇਗਾ। ਬਾਵਲਾ ਜਾਂ ਬਾਂਵਲਾ ਵੀ ਇਸ ਦੇ ਰੁਪਾਂਤਰ ਹਨ। ਇਹ ਸ਼ਬਦ ਕਮਲਾ, ਪਾਗਲ, ਦੀਵਾਨਾ ਦਾ ਸਮਾਨਅਰਥੀ ਹੈ। ਬਾਵਲਾ ਦੀ ਵ ਧੁਨੀ ਓ ਵਿਚ ਵੱਟ ਗਈ ਤਾਂ ਸ਼ਬਦ ਬਣ ਗਿਆ ਬੋਲ਼ਾ। ਇਹ ਧੁਨੀ ਪਰਿਵਰਤਨ ਇਕ ਆਮ ਗੱਲ ਹੈ: ਧਵਲਾ ਤੋਂ ਧੌਲਾ, ਕੰਵਲ ਤੋਂ ਕੌਲ, ਕਵਣ ਤੋਂ ਕੌਣ ਆਦਿ। ਅਸਲ ਵਿਚ ਡੌਰਾ-ਭੌਰਾ ਸ਼ਬਦ ਜੁੱਟ ਵਿਚ ਭੌਰਾ ਸ਼ਬਦ ਵੀ ਬਾਵਰਾ ਦਾ ਹੀ ਵਟਿਆ ਰੂਪ ਹੈ। ਕਬੀਰ ਸਾਹਿਬ ਦੀ ਇਹ ਤੁਕ ਬਾਵਰੇ, ਗੂੰਗੇ ਅਤੇ ਬੋਲ਼ੇ ਦੀ ਸ਼ਾਬਦਿਕ ਸਾਂਝ ਵੱਲ ਸੰਕੇਤ ਕਰਦੀ ਪ੍ਰਤੀਤ ਹੁੰਦੀ ਹੈ, 'ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ।'

ਮਨ ਵਿਚ ਬਾਵਲਾ ਸ਼ਬਦ ਲਿਆਉਂਦਿਆਂ ਉਲਟੇ ਸਿਧੇ ਕਪੜੇ ਪਹਿਨੇ, ਲੰਬੇ ਖਿਲਰੇ ਵਾਲਾਂ ਵਾਲੇ ਬੰਦੇ ਦਾ ਚਿੱਤਰ ਸਾਹਮਣੇ ਆਉਂਦਾ ਹੈ। ਜਾਣੋਂ ਸੁਧ ਬੁਧ ਗੁਆਈ ਬੈਠੇ, ਕਿਸੇ ਧੁਨ ਵਿਚ ਖੁਭੇ, ਖਬਤੀ, ਜਨੂੰਨੀ ਬੰਦੇ ਦੀ ਮੂਰਤ ਹੋਵੇ। ਇਸ ਸ਼ਬਦ ਦਾ ਰੁਪਾਂਤਰ ਹੈ ਬਾਂਵਰਾ। ਇਹ ਕੁਝ ਕਾਵਿਕ ਜਿਹਾ ਸ਼ਬਦ ਹੈ ਤੇ ਇਸ ਦੀ ਵਰਤੋਂ ਗੀਤਾਂ ਵਿਚ ਆਮ ਹੀ ਹੁੰਦੀ ਹੈ, 'ਮਨ ਮੋਰਾ ਬਾਂਵਰਾ'। ਪਰ ਇਸ ਸ਼ਬਦ ਦਾ ਪ੍ਰਚਲਤ ਬੋਲਚਾਲੀ ਰੂਪ ਹੈ ਬੌਲਾ, ਜਾਂ ਬਊਲਾ ਜੋ ਬਿਲਕੁਲ ਹੀ ਝੱਲੇ ਬੰਦੇ ਦਾ ਬੋਧਕ ਪ੍ਰਤੀਤ ਹੁੰਦਾ ਹੈ।



ਭਾਸ਼ਾ ਦੀ ਖੂਬਸੂਰਤੀ ਹੈ ਕਿ ਇਕੋ ਸ਼ਬਦ ਦੇ ਥੋੜੇ-ਬਹੁਤੇ ਬਦਲਵੇਂ ਰੂਪ ਨਾਲ ਉਨ੍ਹਾਂ ਦੇ ਅਰਥਾਂ ਵਿਚ ਸੂਖਮ ਪਰਿਵਰਤਨ ਹੋ ਜਾਂਦਾ ਹੈ। ਏਥੇ ਸੁਚੇਤ ਕਰ ਦੇਵਾਂ ਕਿ ਘੁੰਗਰਾਲੇ ਵਾਲਾਂ ਦੀਆਂ ਲਿਟਾਂ ਲਈ ਵਰਤੇ ਜਾਂਦੇ ਸ਼ਬਦ ਬਾਂਵਰੀਆਂ ਦਾ ਚਰਚਿਤ ਬਾਂਵਰਾ ਨਾਲ ਕੋਈ ਸਬੰਧ ਨਹੀਂ, ਇਹ ਸੰਸਕ੍ਰਿਤ 'ਬਰਬਰ' ਤੋਂ ਬਣਿਆ ਹੈ।

ਇਕ ਹੋਰ ਪੱਖ ਵਿਚਾਰੀਏ। ਬਾਵਲਾ ਸ਼ਬਦ ਦਾ ਸਬੰਧ ਬਊਲ ਨਾਲ ਵੀ ਹੈ ਜੋ ਬੰਗਾਲ ਦੀ ਭਗਤੀਧਾਰਾ ਦੀ ਇਕ ਲੋਕ ਸੰਗੀਤ ਸ਼ੈਲੀ ਹੈ। ਮੁਢਲੇ ਤੌਰ ਤੇ ਬਊਲ ਬੰਗਾਲ ਦਾ ਇਕ ਸਮਧਰਮੀ ਧਾਰਮਿਕ ਸੰਪਰਦਾਏ ਹੈ, ਜਿਸ ਦੇ ਅਨੁਆਈ ਵੈਸ਼ਣਵ ਅਤੇ ਸੂਫੀ ਵਿਚਾਰਾਂ ਦੇ ਹੁੰਦੇ ਹਨ। ਉਨ੍ਹਾਂ ਦੇ ਵੈਰਾਗਮਈ ਗੀਤਾਂ ਨੂੰ ਬਊਲੀ-ਗਾਨ ਕਿਹਾ ਜਾਂਦਾ ਹੈ। ਇਸ ਦੇ ਫਿਰਤੂ ਗਵਈਆਂ ਦੇ ਟੋਲੇ ਸਿਵ ਭਗਤ ਜੰਗਮਾਂ ਦੀ ਤਰ੍ਹਾਂ ਪ੍ਰਭੂ-ਪ੍ਰੇਮ ਵਿਚ ਰੰਗੇ ਅਲਮਸਤ ਹੋ ਕੇ ਕਈ ਲੋਕ ਸਾਜ਼ਾਂ ਸਹਿਤ ਨਚਦੇ-ਗਾਉਂਦੇ ਫਿਰਦੇ ਹਨ। ਉਹ ਧੋਤੀ ਪਾਉਂਦੇ, ਲੰਬੇ ਵਾਲ ਰੱਖਦੇ ਤੇ ਸਿਰ 'ਤੇ ਜੂੜਾ ਬਣਾਉਂਦੇ ਹਨ। ਗਲ ਵਿਚ ਤੁਲਸੀ ਦੀ ਮਾਲਾ ਵੀ ਪਹਿਨੀ ਹੁੰਦੀ ਹੈ। ਬਊਲ ਸ਼ਬਦ ਬਾਵਲਾ ਤੋਂ ਥੋੜੇ ਧੁਨੀ ਪਰਿਵਰਤਨ ਨਾਲ ਬਣਿਆ ਜੋ ਖੁਦ ਸੰਸਕ੍ਰਿਤ 'ਵਤੁਲ' ਤੋਂ ਵਿਉਤਪਤ ਹੋਇਆ ਹੈ। ਵਾਤੁਲ ਦਾ ਸੰਸਕ੍ਰਿਤ ਵਿਚ ਅਰਥ ਵਾਯੂ ਨਾਲ ਹੋਣ ਵਾਲੇ ਰੋਗ ਤੋਂ ਇਲਾਵਾ ਹਨੇਰੀ, ਵਾਵਰੋਲਾ ਆਦਿ ਵੀ ਹੈ। ਆਯੁਰਵੇਦ ਅਨੁਸਾਰ ਸਰੀਰ ਵਿਚ ਤ੍ਰਿਦੋਸ਼ ਅਰਥਾਤ ਕਫ, ਪਿਤ, ਵਾਤ ਦੇ ਅਸੰਤੁਲਨ ਨਾਲ ਰੋਗ ਉਤਪੰਨ ਹੁੰਦੇ ਹਨ। ਮਾਲੀਖੌਲੀਆ ਅਤੇ ਰੀਹ ਬਾਰੇ ਲਿਖੇ ਲੇਖਾਂ ਵਿਚ ਇਸ ਦੀ ਚਰਚਾ ਹੋ ਚੁੱਕੀ ਹੈ। ਪੰਜਾਬੀ ਵਿਚ ਵਾਤ ਨੂੰ ਵਾਇ ਜਾਂ ਵਾਦੀ ਕਿਹਾ ਜਾਂਦਾ ਹੈ। ਉਂਜ ਵਾਤੁਲ ਸ਼ਬਦ ਸਰੀਰ ਵਿਚ ਹਵਾ ਦੇ ਅਸੰਤੁਲਨ ਕਾਰਨ ਹੋਣ ਵਾਲੇ ਰੋਗਾਂ ਲਈ ਆਮ ਸ਼ਬਦ ਹੈ। ਇਹ ਰੋਗ ਹਨ: ਰੀਹ, ਜੋੜਾਂ ਦਾ ਦਰਦ ਤੇ ਪਾਗਲਪਣ, ਖ਼ਬਤ ਆਦਿ। ਸਾਡੇ ਕੰਮ ਦਾ ਅਰਥ ਹੈ ਪਾਗਲਪਣ। ਪਾਗਲਪਣ ਦੇ ਦੌਰੇ ਵਿਚ ਆਏ ਬੰਦੇ ਬਾਰੇ ਅਸੀਂ ਆਮ ਕਹਿ ਦਿੰਦੇ ਹਾਂ ਕਿ ਉਹ ਹਵਾ ਵਿਚ ਆ ਗਿਆ ਹੈ। ਉਸ ਦਾ ਸਿਆਣਿਆਂ ਤੋਂ ਝਾੜਾ ਕਰਾਇਆ ਜਾਂਦਾ ਹੈ।

ਬਾਵਲੇ ਲੋਕਾਂ ਦੇ ਦਿਮਾਗ ਵਿਚ ਵੀ ਇਕ ਧੁੰਨ ਸਵਾਰ ਹੋ ਜਾਂਦੀ ਹੈ। ਇਕ ਧੁੰਨ ਵਿਚ ਸਵਾਰ ਲੋਕਾਂ ਨੂੰ ਦੀਵਾਨਾ ਜਾਂ ਪਾਗਲ ਹੀ ਸਮਝਿਆ ਜਾਂਦਾ ਹੈ। ਉਂਜ ਵੀ ਅਜੇਹੇ ਬੰਦੇ ਹਵਾ ਭਰੇ ਹੁੰਦੇ ਹਨ। ਅੰਗਰੇਜ਼ੀ fool ਸ਼ਬਦ ਵਿਚ ਮੂਰਖ ਦੇ ਨਾਲ ਨਾਲ ਪਾਗਲ ਦੇ ਭਾਵ ਵੀ ਹਨ ਤੇ ਇਸ ਦੇ ਮੁਢਲੇ ਲਾਤੀਨੀ ਸ਼ਬਦ ਦਾ ਅਰਥ ਧੌਂਕਣੀ ਹੈ ਜਿਸ ਨਾਲ ਹਵਾ ਦਿੱਤੀ ਜਾਂਦੀ ਹੈ। ਕਈ ਕਵੀ ਆਪਣੇ ਨਾਂ ਪਿਛੇ ਪਾਗਲ, ਦੀਵਾਨਾ ਜਾਂ ਬਾਵਰਾ ਤਖੱਲਸ ਰੱਖ ਲੈਂਦੇ ਹਨ। ਸੋ ਬੰਗਾਲ ਦੇ ਬਊਲਾਂ ਨੂੰ ਵੀ ਅਜਿਹਾ ਹੀ ਸਮਝਿਆ ਗਿਆ ਹੈ। ਵਾਤ ਸ਼ਬਦ ਤੋਂ ਵਾਤਾਵਰਣ ਤੇ ਹੋਰ ਕਈ ਸ਼ਬਦ ਬਣੇ ਹਨ। ਖੁਦ ਵਾਤ ਸ਼ਬਦ ਪਿਛੇ 'ਵਹ' ਧਾਤੂ ਹੈ।

ਕੁਝ ਵਿਦਵਾਨਾਂ ਦੇ ਮਤ ਅਨੁਸਾਰ ਬਊਲ ਸ਼ਬਦ 'ਫਾਰਸ ਦੀ ਸੂਫੀ ਪਰੰਪਰਾ ਬਾ'ਬਲ ਤੋਂ ਨਿਕਲਿਆ ਹੈ । ਇਹ ਪੰਥ ਬਾਹਰਵੀਂ ਸਦੀ ਵਿਚ ਯਮਨ ਦੇ ਪ੍ਰਸਿਧ ਸੂਫੀ ਸੰਤ ਅਲੀ ਬਾ ਅਲਾਵੀ ਅਲ ਹੁਸੈਨੀ ਦੇ ਨਾਂ ਤੋਂ ਸ਼ੁਰੂ ਹੁੰਦਾ ਹੈ। ਕੁਝ ਵੀ ਹੋਵੇ, ਮੇਰਾ ਵਿਚਾਰ ਹੈ ਕਿ ਬਾਹਰੋਂ ਆਏ ਸ਼ਬਦਾਂ ਜਾਂ ਵਿਚਾਰਾਂ ਵਾਸਤੇ ਨਵੀਂ ਭੂਮੀ ਵਿਚ ਜੜ੍ਹ ਫੜਨ ਲਈ ਇਥੇ ਪ੍ਰਚਲਤ ਰਲਦੇ-ਮਿਲਦੇ ਸ਼ਬਦਾਂ, ਸੰਕਲਪਾਂ ਦੀ ਪੁਸ਼ਟੀ ਚਾਹੀਦੀ ਹੁੰਦੀ ਹੈ। ਬਊਲ ਦੇ ਬਾਵਲਾ ਤੋਂ ਬਣੇ ਹੋਣ ਦੇ ਤਰਕ ਪੁਖਤਾ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਾਵਲਾ ਤੇ ਇਸ ਦੇ ਹੋਰ ਰੂਪਾਂਤਰਾਂ ਦੀ ਦਰਜਨਾਂ ਵਾਰ ਵਰਤੋਂ ਹੋਈ ਮਿਲਦੀ ਹੈ। ਸਿੱਖ ਅਤੇ ਭਗਤੀ ਲਹਿਰ ਦੇ ਮੋਢੀ ਗੁਰੂਆਂ ਭਗਤਾਂ ਨੂੰ ਇਸ ਦਾ ਅਵੱਸ਼ ਗਿਆਨ ਹੋਵੇਗਾ। ਸੋ ਗੁਰਬਾਣੀ ਵਿਚ ਦਰਜ ਪਦਿਆਂ ਵਿਚ ਇਸ ਸ਼ਬਦ ਦਾ ਇਸ ਲਹਿਰ ਵੱਲ ਸੰਕੇਤ ਵੀ ਜ਼ਰੂਰ ਹੋਵੇਗਾ।

ਆਓ, ਜ਼ਰਾ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਵਰਤੋਂ ਦੇ ਕੁਝ ਨਮੂਨੇ ਦੇਖੀਏ। ਨਾਮ ਦੀ ਸ਼ਕਤੀ ਤੇ ਜ਼ੋਰ ਦਿੰਦੇ ਗੁਰੂ ਭਗਤ ਕਿਸੇ ਪ੍ਰਕਾਰ ਦੀ ਮਾਨਸਿਕ ਭਟਕਣਾ ਜਾਂ ਧਾਰਮਿਕ ਆਵੇਗ ਵਿਚ ਵਹਿ ਜਾਣ ਦੀ ਨਿਖੇਧੀ ਕਰਦੇ ਹਨ। ਭਗਤ ਕਬੀਰ ਨੇ ਇਸ ਸ਼ਬਦ ਦੀ ਬੇਹੱਦ ਵਰਤੋਂ ਕੀਤੀ ਹੈ, ਆਮ ਤੌਰ ਤੇ 'ਮਨ ਬਉਰਾ ਰੇ' ਉਕਤੀ ਸਹਿਤ: 'ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ' (ਭਗਤ ਕਬੀਰ); 'ਮਨ ਰੇ ਕਹਾ ਕਹਾ ਭਇਓ ਬੈ ਬਉਰਾ' (ਗੁਰੂ ਤੇਗ ਬਹਾਦਰ); ਗਲ ਫਾਹੀ ਬਉਰਾ ਬਉਰਾਨਾ, (ਗੁਰੂ ਨਾਨਕ); ਬਿਨੁ ਨਾਵੈ ਸਭ ਫਿਰੈ ਬਉਰਾਣੀ' (ਗੁਰੂ ਅਮਰ ਦਾਸ)। ਦਿਲਚਸਪ ਹੈ ਕਿ ਕਬੀਰ ਸਾਹਿਬ ਰਾਮ ਨਾਮ ਵਿਚ ਬਉਰਾ ਹੋਣ ਨੂੰ ਖੂਬ ਤਰਜੀਹ ਦਿੰਦੇ ਹਨ, 'ਆਪ ਨਾ ਬਉਰਾ ਰਾਮ ਕੀਓ ਬਉਰਾ'।

ਵਾਰਿਸ ਸ਼ਾਹ ਨੇ ਬਾਵਰਾ ਸ਼ਬਦ ਦੀ ਵਰਤੋਂ ਕੀਤੀ ਹੈ। ਸਹਿਤੀ ਆਖਦੀ ਹੈ:

ਅਸਾਂ ਜਾਦੂੜੇ ਘੋਲ ਕੇ ਸਭ ਪੀਤੇ, ਕਰਾਂ ਬਾਵਰੇ ਜਾਦੂਆਂ ਵਾਲਿਆਂ ਨੂੰ।

ਰਾਜੇ ਭੋਜ ਜਿਹੇ ਕੀਤੇ ਚਾ ਘੋੜੇ, ਨਹੀਂ ਜਾਣਦਾ ਸਾਡਿਆਂ ਚਾਲਿਆਂ ਨੂੰ।

ਰਾਜ ਨਾਥ ਮਿਸ਼ਰਾ ਨਾਂ ਦਾ ਇਕ ਧਰੁਪਦ ਸੰਗੀਤਕਾਰ ਹੋਇਆ ਹੈ ਜੋ ਬੈਜੂ ਬਾਵਰਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਨਾਂ ਦਾ ਅਰਥ ਬਣਦਾ ਹੈ 'ਬੈਜੂ ਜਨੂੰਨੀ'। ਇਸ ਬਾਰੇ ਕੋਈ ਪ੍ਰਮਾਣਿਕ ਜਾਣਕਾਰੀ ਘਟ ਹੀ ਮਿਲਦੀ ਹੈ। ਕੁਝ ਦੰਤ-ਕਥਾਵਾਂ ਅਨੁਸਾਰ ਉਹ ਗਵਾਲੀਅਰ ਦੇ ਰਾਜਾ ਮਾਨ ਸਿੰਘ ਦਾ ਦਰਬਾਰੀ ਗਾਇਕ ਸੀ ਜੋ ਅਕਬਰ ਦੇ ਦਰਬਾਰੀ ਗਾਇਕ ਤਾਨਸੈਨ ਦਾ ਸਮਕਾਲੀ ਸੀ। ਬੈਜੂ ਬਾਵਰਾ ਦਾ ਸਬੰਧ ਹੁਸ਼ਿਆਰਪੁਰ ਦੇ ਇਕ ਪਿੰਡ ਬਜਵਾੜਾ ਨਾਲ ਵੀ ਜੋੜਿਆ ਜਾਂਦਾ ਹੈ।

ਇਸ ਬਾਰੇ ਇਕ ਦੰਦ ਕਥਾ ਅਨੁਸਾਰ ਬਜਵਾੜਾ ਪਿੰਡ ਦਾ ਨਾਂ ਬੈਜੂ ਬਾਵਰਾ ਦੇ ਨਾਂ 'ਤੇ ਪਿਆ। ਬੈਜੂ ਬਾਵਰਾ ਸੰਗੀਤ ਵਿਚ ਬਾਵਰਾ (ਮਸਤ) ਹੋ ਜਾਂਦਾ ਸੀ। ਉਸ ਨੇ ਕਿਸੇ ਵੇਲੇ ਬਜਵਾੜਾ (ਉਸ ਵੇਲੇ ਕੋਈ ਹੋਰ ਨਾਂ) ਪਿੰਡ ਦੇ ਮਹਾਨ ਸੰਗੀਤਕਾਰ ਹਰੀ ਦਾਸ ਨੂੰ ਹੀ ਆਪਣਾ ਗੁਰੂ ਧਾਰਿਆ ਸੀ। ਹਰੀ ਦਾਸ ਨੇ ਆਪਣੇ ਸ਼ਿਸ਼ ਬੈਜੂ ਨੂੰ ਸੰਗੀਤ ਵਿਚ ਮਸਤ ਹੋ ਜਾਣ ਕਰਕੇ ਇਕ ਨਵਾਂ ਨਾਂ ਦਿੱਤਾ-ਬੈਜੂ ਬਾਵਰਾ। ਬੈਜੂ ਬਾਵਰਾ ਏਨਾ ਮਸ਼ਹੂਰ ਹੋਇਆ ਕਿ ਇਸ ਪਿੰਡ ਦਾ ਨਾਂ ਬਾਅਦ ਵਿਚ ਵਿਗੜ ਕੇ ਬਜਵਾੜਾ ਪੈ ਗਿਆ। ਆਇਨ-ਏ-ਅਕਬਰੀ ਦੇ ਮੁਤਾਬਿਕ ਇਸ ਨੂੰ ਇਕ ਪਰਗਨਾ ਕਿਹਾ ਜਾਂਦਾ ਸੀ। ਮਾਨਤਾ ਅਨੁਸਾਰ ਸ਼ੇਰ ਸ਼ਾਹ ਸੂਰੀ ਦਾ ਜਨਮ ਵੀ 1472 ਵਿਚ ਇਸੇ ਪਿੰਡ ਹੋਇਆ। ਬਜਵਾੜਾ ਕਿਸੇ ਵੇਲੇ ਘੋੜਿਆਂ ਦੀ ਮੰਡੀ ਹੁੰਦਾ ਸੀ। ਪਰ ਅਸੀਨ ਇਸ ਨੂੰ ਦੰਦ ਕਥਾ ਹੀ ਕਹਾਂਗੇ। ਧੁਨੀ ਸਮਾਨਤਾ ਕਾਰਨ ਕਈ ਥਾਂਵਾਂ ਦੇ ਨਾਂ ਮਸ਼ਹੂਰ ਹਸਤੀਆਂ ਦੇ ਨਾਂ ਨਾਲ ਜੋੜ ਲਏ ਜਾਂਦੇ ਹਨ। ਲਾਹੌਰ ਦਾ ਨਾਂ ਰਾਮ ਚੰਦਰ ਦੇ ਪੁੱਤਰ ਲਵ ਅਤੇ ਕਸੂਰ ਦਾ ਨਾਂ ਕੁਸ਼ ਨਾਲ ਜੋੜਿਆ ਜਾਂਦਾ ਹੈ। ਪਰ ਏਥੇ ਸੱਚਾਈ ਕੋਈ ਨਹੀਂ।

# ਸੌ ਸਾਲਾ ਬੰਤਾ ਸਿੰਘ ਰਾਧਾ ਸੁਆਮੀ ਦੇ ਤੁਰ ਜਾਣ 'ਤੇ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਦਸੰਬਰ ਮਹੀਨੇ ਦੇ ਸ਼ੁਰੂ ਵਿਚ ਬੰਤਾ ਸਿੰਘ ਰਾਧਾ ਸੁਆਮੀ ਦਾ ਤੁਰ ਜਾਣਾ ਇੱਕ ਤਰ੍ਹਾਂ ਨਾਲ ਵੀਹਵੀਂ ਸ਼ਤਾਬਦੀ ਦੇ ਮੂੰਹ ਜ਼ੁਬਾਨੀ ਇਤਿਹਾਸ ਦਾ ਸਦਾ ਲਈ ਗੁਆਚ ਜਾਣਾ ਹੈ।

ਸੌ ਸਾਲਾਂ ਨੂੰ ਢੁੱਕੇ ਬੰਤਾ ਸਿੰਘ ਕੋਲ ਬਹਿਣਾ ਇਤਿਹਾਸ ਦੇ ਜੀਵੰਤ ਕਾਂਡ ਵਿਚ ਵਿਚਰਨਾ ਸੀ। ਉਸ ਦੇ ਨਾਨੇ ਤੇ ਦਾਦੇ ਨੇ ਦਿਆਲ ਬਾਗ ਆਗਰਾ ਤੋਂ ਨਾਮ ਲੈ ਕੇ ਅਪਣਾ ਸਾਰਾ ਜੀਵਨ ਰਾਧਾ ਸੁਆਮੀ ਲਹਿਰ ਨੂੰ ਸਮਰਪਿਤ ਕਰ ਦਿੱਤਾ ਸੀ। ਉਹ ਦੋਵੇਂ ਬਾਬਾ ਜੈਮਲ ਸਿੰਘ ਦੇ ਸਮਕਾਲੀ ਸਨ, ਜਿਸ ਨੇ ਰਾਧਾ ਸੁਆਮੀਆਂ ਦੇ ਸੱਚੇ, ਸੁੱਚੇ ਤੇ ਸਾਦਾ ਜੀਵਨ ਦੀ ਥਾਹ ਪਾ ਕੇ 1893 ਵਿਚ ਦਿਆਲ ਬਾਗ ਨੂੰ ਅਲਵਿਦਾ ਕਹਿ ਕੇ ਅਪਣੇ ਵਡੇਰਿਆਂ ਦੀ ਧਰਤੀ ਵਿਚ ਬਿਆਸ ਨਦੀ ਦੇ ਕੰਢੇ ਖਾਲੀ ਪਈ ਭੋਂ ਵਿਚ ਪਾਣੀ ਲਈ ਖੂਹ ਪੁੱਟ ਕੇ ਡੇਰਾ ਲਾ ਲਿਆ। ਬੰਤਾ ਸਿੰਘ ਦੇ ਨਾਨਾ-ਦਾਦਾ ਵੀ ਉਹਦੇ ਪਿੱਛੇ ਪਿੱਛੇ ਬਿਆਸ ਆ ਵੱਸੇ।

ਨਸ਼ਾਹੀਣ ਜੀਵਨ ਦਾ ਨਾਮ ਲੈਣ ਤੋਂ ਪਿਛੋਂ ਘਸੇ ਪਿਟੇ ਰੀਤੀ-ਰਿਵਾਜਾਂ ਨੂੰ ਤਿਆਗ ਕੇ ਨਵਾਂ ਜੀਵਨ ਸ਼ੁਰੂ ਕਰਨਾ ਉਨ੍ਹਾਂ ਲਈ ਵਰਦਾਨ ਸੀ। ਬੰਤਾ ਸਿੰਘ ਨੇ ਵੀ 1974 ਵਿਚ ਸੈਨਿਕ ਇੰਜੀਨੀਅਰਿੰਗ ਸੇਵਾ ਵਿਚ ਸੁਪਰਡੈਂਟ ਦੇ ਅਹੁਦੇ ਤੋਂ ਸੇਵਾ ਮੁਕਤ ਹੋ ਕੇ ਬਿਆਸ ਆ ਕੇ ਡੇਰੇ ਦੀ ਸੇਵਾ ਸੰਭਾਲ ਲਈ। ਪੂਰੇ ਚਾਲੀ ਸਾਲ ਉਸ ਨੇ ਹਰ ਕੰਮ ਪੈਦਲ ਚਲ ਕੇ ਕੀਤਾ ਤੇ ਲਗਾਤਾਰ ਵਰਜਿਸ਼ ਕਰਕੇ ਅਪਣੇ ਜਿਸਮ ਦਾ ਭਾਰ ਘਟਣ ਵਧਣ ਨਹੀਂ ਦਿੱਤਾ। ਦੁੱਧ ਨਾਲ ਕਣਕ ਦਾ ਦਲੀਆ, ਦਾਲ, ਰੋਟੀ ਤੇ ਸਬਜ਼ੀ ਖਾ ਕੇ ਸਦਾ ਖੁਸ਼ ਰਹਿਣ ਵਾਲੀ ਇਸ ਹਸਤੀ ਨੇ ਇਸ ਮਹੀਨੇ ਦੇ ਅੰਤ ਉਤੇ ਸੌ ਸਾਲਾਂ ਦਾ ਹੋ ਜਾਣਾ ਸੀ। ਰੂਹਾਨੀ ਸ਼ਕਤੀ ਨੂੰ ਬੱਲ ਦੇਣ ਲਈ ਨਵੀਂ ਮਰਯਾਦਾ ਨੇ ਉਸ ਨੂੰ ਅਪਣੇ ਅੰਦਰੋਂ ਰੱਬ ਲੱਭਣ ਦਾ ਦਾਨ ਦਿੱਤਾ ਸੀ।



*ਬੰਤਾ ਸਿੰਘ ਰਾਧਾ ਸੁਆਮੀ*

ਰਈਆ ਨੇੜੇ ਬੁਲ੍ਹੇ ਨੰਗਲ ਪਿੰਡ ਦੇ ਜੰਮ ਪਲ ਬੰਤਾ ਸਿੰਘ ਦੀ ਗੁਰੂ ਤੇਗ ਬਹਾਦਰ ਵਿਚ ਅਥਾਹ ਸ਼ਰਧਾ ਸੀ, ਜਿਨ੍ਹਾਂ ਨੇ ਬਾਬਾ ਬਕਾਲਾ ਵਿਚ 26 ਸਾਲ ਨੌਂ ਮਹੀਨੇ ਤੇ 13 ਦਿਨ ਰਹਿ ਕੇ ਭਗਤੀ ਕੀਤੀ ਸੀ। ਜੇ ਗੁਰੂ ਜੀ ਦੀ ਯਾਦ ਵਿਚ ਬਾਬਾ ਬਕਾਲਾ ਵਿਚ ਹਾਈ ਸਕੂਲ ਨਾ ਬਣਦਾ ਤਾਂ, ਬੰਤਾ ਸਿੰਘ ਦੇ ਕਹਿਣ ਅਨੁਸਾਰ ਨਾ ਹੀ ਉਨ੍ਹਾਂ ਸੈਨਿਕ ਸੇਵਾ ਲਈ ਚੁਣਿਆ ਜਾਣਾ ਸੀ ਤੇ ਉਨ੍ਹਾਂ ਦੇ ਪੁੱਤਰ ਅਵਤਾਰ ਸਿੰਘ ਪੱਢਾ ਨੇ ਡਾਕਟਰੀ ਦੀ ਵਿਦਿਆ ਪ੍ਰਾਪਤ ਕਰਕੇ ਨੁਸ਼ਹਿਰਾ ਪੰਨੂੰਆਂ ਦੀ ਜੰਮੀ ਜਾਈ ਡੈਂਟਲ ਡਾਕਟਰ ਭੁਪਿੰਦਰ ਪੱਢਾ ਨਾਲ ਵਿਆਹ ਕਰਵਾ ਕੇ ਅਪਣੇ ਪੁੱਤਰ ਧੀਆਂ ਨੂੰ ਡਾਕਟਰੀ ਵਿਦਿਆ ਪ੍ਰਾਪਤ ਕਰਾਉਣੀ ਸੀ। ਤੇ ਨਾਂ ਹੀ ਏਸ ਪਰਿਵਾਰ ਦੇ ਸੱਤ ਜੀਵਾਂ ਨੇ ਕਰਨੈਲੀ ਪ੍ਰਾਪਤ ਕਰਨੀ ਸੀ। ਬੰਤਾ ਸਿੰਘ ਨੂੰ ਆਪਣੇ ਭਤੀਜੇ ਕੈਪਟਨ ਦਿਆਲ ਸਿੰਘ 'ਤੇ ਵੀ ਮਾਣ ਸੀ ਜਿਸ ਨੇ 1954 ਵਿਚ 6 ਫੁੱਟ 4 ਇੰਚ ਉਚੀ ਛਾਲ ਮਾਰ ਕੇ ਸਮੁੱਚੇ ਭਾਰਤ ਦਾ ਰਿਕਾਰਡ ਤੋੜਿਆ ਤੇ 1962 ਦੀ ਭਾਰਤ-ਚੀਨ ਜੰਗ ਵਿਚ ਕੁਰਬਾਨੀ ਦੇ ਗਿਆ।

ਬੰਤਾ ਸਿੰਘ ਮੇਰਾ ਕੁੜਮ ਸੀ। ਮੈਂ ਪੂਰੇ ਚਾਰ ਦਹਾਕੇ ਸਮੇਂ-ਸਮੇਂ ਉਨ੍ਹਾਂ ਨੂੰ ਮਿਲਦਾ ਰਿਹਾ ਹਾਂ। ਉਹ ਸਦਾ ਮੁਸਕਰਾਉਂਦੇ ਰਹਿੰਦੇ ਸਨ। ਪੁਰਾਣੀਆਂ ਗੱਲਾਂ ਕਰਨ ਦੇ ਬੜੇ ਚਾਹਵਾਨ ਸਨ। ਉਹ ਇਹ ਦੱਸਣਾ ਕਦੀ ਨਹੀਂ ਸੀ ਭੁਲਦੇ ਕਿ ਉਨ੍ਹਾਂ ਨੇ ਪੇਸ਼ਾਵਰ-ਕੱਲਕਤਾ ਜਰਨੈਲੀ ਸੜਕ ਪੱਕੀ ਹੁੰਦੀ ਤੱਕੀ ਹੈ। ਇਸ ਨੂੰ ਇੱਟਾਂ ਨਾਲ ਪੱਕੀ ਕੀਤਾ ਗਿਆ ਸੀ ਤੇ ਜਦੋਂ ਕਦੀ ਕੋਈ ਮੋਟਰ ਸਾਈਕਲ ਸਵਾਰ ਮਿੱਟੀ ਵਿਚ ਲਥ ਪਥ ਇਹਦੇ ਉਤੋਂ ਲੰਘਦਾ ਸੀ ਤਾਂ ਨਾਲ ਦੇ ਪਿੰਡਾਂ ਦੇ ਲੋਕ ਉਸ ਦੀ ਫਿਟ-ਫਿੱਟ ਸੁਣਨ ਸੜਕ ਵਲ ਨੂੰ ਧਾਅ ਪੈਂਦੇ ਸਨ। ਇਹ ਵੀ ਕਿ ਜਦੋਂ 1949 ਵਿਚ ਉਸ ਨੇ ਅਪਣੇ ਪਿੰਡ ਵਾਲੇ ਘਰ ਨੂੰ ਪੱਕਾ ਕੀਤਾ ਤਾਂ ਉਸ ਵਿਚ ਲਾਏ ਨਲਕੇ ਅਤੇ ਟੋਕੇ ਵਾਲੀ ਮਸ਼ੀਨ ਨੂੰ ਨੇੜਲੇ ਪਿੰਡਾਂ ਦੇ ਲੋਕ ਵੇਖਣ ਆਉਂਦੇ ਸਨ।

ਬੰਤਾ ਸਿੰਘ ਇਹ ਵੀ ਦਸਦੇ ਕਿ 1935 ਵਾਲੇ ਕੋਟਾ (ਪਾਕਿਸਤਾਨ) ਦੇ ਭੂਚਾਲ ਸਮੇਂ ਉਹ ਅਪਣੇ ਤਿੰਨ ਭਰਾਵਾਂ ਸਮੇਤ ਕੋਟੇ ਵਿਚ ਹੀ ਵੱਖ-ਵੱਖ ਥਾਵਾਂ ਉਤੇ ਆਪੋ-ਆਪਣਾ ਕੰਮ ਕਰ ਰਹੇ ਸਨ ਪਰ ਸਾਰੇ ਹੀ ਬਚੇ ਰਹੇ। ਦੂਜੀ ਵੱਡੀ ਜੰਗ ਸਮੇਂ ਬਗਦਾਦ ਵਿਖੇ ਭਾਰਤੀ ਸੈਨਾ ਦਾ ਮੈਸ ਸਕੱਤਰ ਹੁੰਦਿਆਂ ਉਹ ਅਪਣੀ ਦਾਲ ਸਬਜ਼ੀ ਮੁਸਲਮਾਨਾਂ ਨੂੰ ਭੇਜ ਦਿੰਦੇ ਸਨ ਤੇ ਉਨ੍ਹਾਂ ਦੀ ਪੱਕੀ ਆਪ ਖਾ ਲੈਂਦੇ ਸਨ। ਦੋਨਾਂ ਧਿਰਾਂ ਦੀ ਰਸੋਈ ਵੱਖੋ ਵੱਖਰੀ ਸੀ। ਉਨ੍ਹਾਂ ਨੂੰ ਮੁਸਲਮਾਨ ਮਿੱਤਰਾਂ 'ਤੇ ਮਾਣ ਸੀ।

ਬੰਤਾ ਸਿੰਘ ਨੇ ਉਰਦੂ ਅਖਰਾਂ ਵਿਚ ਗਿਆਨੀ ਪਾਸ ਕੀਤੀ ਹੋਈ ਸੀ ਤੇ ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਦੀ ਹੀਰ ਨੂੰ ਓਨੇ ਹੀ ਸ਼ੌਕ ਨਾਲ ਉਚਾਰਦੇ ਸਨ, ਜਿੰਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਬਾ ਫਰੀਦ ਦੇ ਸ਼ਲੋਕਾਂ ਨੂੰ। ਉਨ੍ਹਾਂ ਨੇ ਸੇਵਾ ਮੁਕਤੀ ਤੋਂ ਪਿੱਛੋਂ ਦਾ ਸਾਰਾ ਜੀਵਨ ਬਿਆਸ ਡੇਰੇ ਵਿਚ ਹੀ ਬਤੀਤ ਕੀਤਾ ਤੇ ਉਹ ਇਹ ਦੱਸਣਾ ਕਦੀ ਨਹੀਂ ਸਨ ਭੁਲੱਦੇ ਕਿ ਇਹੋ ਜਿਹੇ ਡੇਰੇ 90 ਬਾਹਰਲੇ ਦੇਸ਼ਾਂ ਵਿਚ ਹਨ ਤੇ ਅੱਜ ਦੇ ਦਿਨ ਇਨ੍ਹਾਂ ਡੇਰਿਆਂ ਦੇ ਰਾਧਾ ਸੁਆਮੀਆਂ ਦੀ ਗਿਣਤੀ ਸੈਂਕੜੇ-ਹਜ਼ਾਰਾਂ ਵਿਚ ਨਹੀਂ, ਲੱਖਾਂ ਵਿਚ ਹੈ।

ਰਾਧਾ ਸੁਆਮੀ ਡੇਰਾ ਬਿਆਸ ਵਾਲੇ ਤਿੰਨ ਸੌ ਬਿਸਤਰਿਆਂ ਦਾ ਹਸਪਤਾਲ ਵੀ ਚਲਾਉਂਦੇ ਹਨ, ਜਿਥੇ 25 ਕਿਲੋ ਮੀਟਰ ਤੱਕ ਦੇ ਮਰੀਜਾਂ ਦਾ ਮੁਫ਼ਤ ਇਲਾਜ ਹੁੰਦਾ ਹੈ। ਜਦੋਂ ਬੰਤਾ ਸਿੰਘ ਨੇ ਅਪਣੀ ਉਮਰ ਦਾ 95ਵਾਂ ਵਰ੍ਹਾ ਪਾਰ ਕਰ ਲਿਆ ਤਾਂ ਉਨ੍ਹਾਂ ਦਾ ਇਕ ਬੇਲੀ ਉਨ੍ਹਾਂ ਦੇ ਕੰਨੀ ਗਲ ਪਾ ਗਿਆ ਕਿ ਜਿਹੜਾ ਵਿਅਕਤੀ ਸੌ ਸਾਲ ਦੀ ਉਮਰ ਦਾ ਹੋ ਜਾਂਦਾ ਹੈ ਉਸ ਦੀ ਪੈਨਸ਼ਨ ਦੁੱਗਣੀ ਹੋ ਜਾਂਦੀ ਹੈ। ਭਾਵੇਂ ਉਨ੍ਹਾਂ ਦੀ ਪੈਨਸ਼ਨ ਪਹਿਲਾਂ ਹੀ ਉਨ੍ਹਾਂ ਦੀ ਅੰਤਲੀ ਤਨਖਾਹ ਤੋਂ ਤੇਰਾਂ ਗੁਣਾ ਹੋ ਚੁੱਕੀ ਸੀ, ਫਿਰ ਵੀ ਉਹ 100 ਸਾਲ ਦੇ ਹੋਣ ਵਾਲੀ ਮਿਤੀ ਨੂੰ ਉਡੀਕਦੇ ਰਹਿੰਦੇ ਸਨ। ਉਂਜ ਅੱਠ ਸਾਲ ਤੋਂ ਉਨ੍ਹਾਂ ਦੇ ਵਾਲ ਮੁੜ ਚਿੱਟੇ ਤੋਂ ਕਾਲੇ ਹੋਣ ਲੱਗ ਪਏ ਸਨ। ਉਨ੍ਹਾਂ ਦਾ ਪੈਨਸ਼ਨ ਦੁੱਗਣੀ ਹੋਣ ਦਾ ਸੁਪਨਾ ਪੂਰਾ ਨਹੀਂ ਹੋ ਸਕਿਆ। ਉਹ ਇੱਕ ਮਹੀਨਾ ਪਹਿਲਾਂ ਹੀ ਚਲਾਣਾ ਕਰ ਗਏ।

**(ਅੰਤਿਕਾ):** ਬਾਬਾ ਫਰੀਦ

ਫਰੀਦਾ ਖਾਕੁ ਨਾ ਨਿੰਦੀਐ
ਖਾਕੁ ਜੇਡ ਨਾ ਕੋਇ॥
ਜੀਵਦਿਆਂ ਪੈਰਾਂ ਤਲੇ
ਮੋਇਆਂ ਉਪਰ ਹੋਇ॥
ਕਾਗਾ ਕਰੰਗ ਢਡੋਲਿਆ
ਸਗਲਾ ਖਾਇਆ ਮਾਸ॥
ਇਹ ਦੋਇ ਨੈਣਾਂ ਮੱਤ ਛੁਹਓ
ਪਿਰ ਦੇਖਣ ਕੀ ਆਸ॥

# ਸਈਦ ਮਿਰਜ਼ਾ ਦੀ 'ਨਸੀਮ'

## ਬਾਬਰੀ ਮਸਜਿਦ ਢਾਹੁਣ ਦੇ ਸਮਿਆਂ ਦੀ ਦਹਿਸ਼ਤ ਦੀ ਦਾਸਤਾਨ


ਆਵਾਜ਼ ਦੇ ਕਹਾਂ ਹੈ...
-29-



ਕੁਲਦੀਪ ਕੌਰ
ਫੋਨ: +91-98554-04330




ਨਸੀਮ ਦਾ ਸ਼ਬਦੀ ਅਰਥ ਹੈ 'ਸਵੇਰ ਦੀ ਤਾਜ਼ੀ ਹਵਾ'। ਇਹ ਫਿਲਮ ਇਸ ਲਈ ਅਹਿਮ ਹੈ ਕਿਉਂਕਿ ਇਸ ਫਿਲਮ ਤੋਂ ਬਾਅਦ ਸਈਦ ਅਖਤਰ ਮਿਰਜ਼ਾ ਨੇ ਫਿਲਮਸਾਜ਼ੀ ਤੋਂ ਕਿਨਾਰਾ ਕਰ ਲਿਆ ਅਤੇ ਲੇਖਕ ਬਣ ਗਏ। 'ਨਸੀਮ' 1995 ਵਿਚ ਰਿਲੀਜ਼ ਹੋਈ। ਇਸ ਫਿਲਮ ਤੋਂ ਬਾਅਦ ਸਈਦ ਅਖਤਰ ਮਿਰਜ਼ਾ ਨੇ ਇੱਕ ਇੰਟਰਵਿਊ ਵਿਚ ਕਿਹਾ ਸੀ ਕਿ ਹੁਣ ਉਸ ਕੋਲ ਫਿਲਮਾਂ ਜ਼ਰੀਏ ਕਹਿਣ ਲਈ ਕੁਝ ਬਾਕੀ ਨਹੀਂ ਰਿਹਾ ਅਤੇ ਫਿਲਮ 'ਨਸੀਮ' ਉਨ੍ਹਾਂ ਦੀ ਫਿਲਮਸਾਜ਼ੀ ਦੇ ਕੁੱਲ ਤਜਰਬਿਆਂ ਦਾ ਜਮ੍ਹਾਂਫਲ ਹੈ। ਇਹ ਫਿਲਮ ਸਈਦ ਅਖਤਰ ਮਿਰਜ਼ਾ ਦੇ ਦਿਲ ਦੇ ਬਹੁਤ ਨੇੜੇ ਸੀ। ਫਿਲਮ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਸੀ, ਸ਼ਾਇਰ ਕੈਫੀ ਆਜ਼ਮੀ ਦੀ ਅਦਾਕਾਰੀ। ਸਈਦ




ਅਖਤਰ ਮਿਰਜ਼ਾ ਦੀਆਂ ਪਹਿਲੀਆਂ ਸਾਰੀਆਂ ਫਿਲਮਾਂ ਫਿਰਕੂਵਾਦੀ ਤਾਕਤਾਂ ਦੇ ਦੌਰ ਵਿਚ ਮੁਸਲਮਾਨ ਕਿਰਦਾਰਾਂ ਦੀ ਜ਼ਿੰਦਗੀ ਦੀਆਂ ਅਣਸੁਲਝੀਆਂ ਪਹੇਲੀਆਂ ਦੀ ਬਾਤ ਪਾਉਂਦੀਆਂ ਹਨ। ਇਸ ਫਿਲਮ ਦੀ ਪਿੱਠਭੂਮੀ ਵੀ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਢਾਉਣ ਨੂੰ ਬਣਾਇਆ ਗਿਆ ਹੈ। ਫਿਲਮ ਵਿਚ ਨਸੀਮ ਨਾਮ ਦੀ ਅੱਲ੍ਹੜ ਕੁੜੀ ਆਪਣੇ ਦਾਦੇ ਦੀ ਸਾਂਭ-ਸੰਭਾਲ ਕਰ ਰਹੀ ਹੈ। ਦਾਦਾ (ਕੈਫੀ ਆਜ਼ਮੀ) ਸਮਾਜਕ ਕੈਫੀਅਤ ਅਤੇ ਇਤਫਾਕ ਦਾ ਸ਼ੁਦਾਈ ਹੈ। ਅਯੁੱਧਿਆ ਵਿਚ ਮਸਜਿਦ ਢਾਹੁਣ ਦੇ ਦਿਨਾਂ ਵਿਚ ਉਹ ਆਪਣੀ ਪੋਤੀ ਨੂੰ ਉਨ੍ਹਾਂ ਰੀਤਾਂ, ਰਸਮਾਂ, ਸਾਂਝਾਂ, ਤੰਦਾਂ ਦੀਆਂ ਬਾਤਾਂ ਸੁਣਾਉਂਦਾ ਹੈ ਜਿਹੜੀਆਂ ਮਜ਼ਹਬਾਂ, ਫਿਰਕਿਆਂ, ਜਾਤਾਂ, ਵੰਡੀਆਂ ਨੂੰ ਨਾ ਸਿਰਫ ਰੱਦ ਕਰਦੀਆਂ ਹਨ ਸਗੋਂ ਬੰਦੇ ਨੂੰ ਖ਼ੂਬਸੂਰਤ ਕਦਰਾਂ-ਕੀਮਤਾਂ ਨਾਲ ਸਰਸ਼ਾਰ ਕਰਦੀਆਂ ਹਨ। ਇਹ ਕਦਰਾਂ-ਕੀਮਤਾਂ ਜ਼ਿੰਦਗੀ ਨਾਲ ਇਸ਼ਕ ਦੀਆਂ ਅਣਗਿਣਤ ਕਹਾਣੀਆਂ ਨੂੰ ਜਨਮ ਦਿੰਦੀਆਂ ਹਨ। ਇਹ ਕਹਾਣੀਆਂ ਮੰਦਿਰਾਂ-ਮਸਜਿਦਾਂ-ਮੱਠਾਂ ਨਾਲੋਂ ਕਿਤੇ ਵਧੀਆ ਤਰੀਕੇ ਨਾਲ ਲੋਕਾਂ ਦੇ ਆਪਸੀ ਰਿਸ਼ਤਿਆਂ ਨੂੰ ਗੰਢਾਂ ਦੇਈ ਰੱਖਦੀਆਂ ਹਨ। ਇਹ ਵਰਤਾਰਾ ਸਦੀਆਂ ਤੋਂ ਇੰਦਾਂ ਹੀ ਵਾਪਰਦਾ ਰਿਹਾ ਹੈ। ਨਾ ਤਾਂ ਕਦੇ ਤੰਗਦਿਲੀ ਨੇ ਆਪਣਾ ਖਾਸਾ ਛੱਡਿਆ ਹੈ ਤੇ ਨਾ ਹੁਣ ਤੱਕ ਜ਼ਿੰਦਗੀ ਨਾਲ ਇਸ਼ਕ ਨੇ ਹੀ ਹਾਰ ਮੰਨੀ ਹੈ।

ਇਹ ਫਿਲਮ ਕਵਿਤਾ ਵਾਂਗ ਹੌਲੀ-ਹੌਲੀ ਖੁੱਲ੍ਹਦੀ ਹੈ। ਨਸੀਮ ਦੇ ਪਰਿਵਾਰਕ ਮੈਂਬਰਾਂ ਵਿਚਕਾਰ ਦੰਗਿਆਂ ਨਾਲ ਸਬੰਧਤ ਲਗਾਤਾਰ ਹੋ ਰਹੀ ਗੱਲਬਾਤ ਅਤੇ ਕਿਰਦਾਰਾਂ ਦੇ ਆਪਸੀ ਸੰਵਾਦਾਂ ਰਾਹੀ ਫਿਲਮਸਾਜ਼ ਫਿਰਕਾਪ੍ਰਸਤੀ ਅਤੇ ਧਾਰਮਿਕ ਦਹਿਸ਼ਤ ਦੇ ਪ੍ਰਭਾਵਾਂ ਨੂੰ ਸਾਕਾਰ ਕਰਦਾ ਹੈ। ਫਿਲਮ ਇੱਕੋਂ ਸਮੇਂ ਦੋ ਵਿਰੋਧੀ ਦਿਸ਼ਾਵਾਂ ਵਿਚ ਸਫਰ ਕਰਦੀ ਹੈ। ਇੱਕ ਦਿਸ਼ਾ ਧਾਰਮਿਕ ਬੁਰਛਾਗਰਦੀ ਦਾ ਸ਼ਿਕਾਰ ਅਜਿਹੇ ਗਰੁੱਪਾਂ ਦੁਆਰਾ ਪੈਦਾ ਕੀਤੇ ਹਾਲਾਤ ਬਿਆਨ ਕਰਦੀ ਹੈ ਜਿਹੜੇ ਪਹਿਲਾਂ ਹੀ ਗਰੀਬੀ ਤੇ ਜ਼ਲਾਲਤ ਨਾਲ ਘੁਲ ਰਹੇ ਲੋਕਾਂ ਦੀ ਜ਼ਿੰਦਗੀ ਵਿਚ ਜ਼ਹਿਰ ਘੋਲ ਦਿੰਦੇ ਹਨ। ਦੂਜੀ ਦਿਸ਼ਾ ਸਾਂਝੀਵਾਲਤਾ ਅਤੇ ਭਾਈਚਾਰੇ ਨੂੰ ਪ੍ਰਨਾਏ ਲੋਕਾਂ ਦੀਆਂ ਕੋਸ਼ਿਸ਼ਾਂ ਵੱਲ ਇਸ਼ਾਰਾ ਕਰਦੀ ਹੈ। ਇਹੀ ਕੋਸ਼ਿਸ਼ਾਂ ਲੋਕਾਈ ਦਾ ਹਾਸਿਲ ਹੁੰਦੀਆਂ ਹਨ। ਇਸ ਫਿਲਮ ਵਿਚਲਾ ਦਾਦਾ ਸਮਾਜਕ ਰਿਸ਼ਤਿਆਂ ਦੀ ਉਹ ਨਿੱਘੀ ਧੁੱਪ ਹੈ ਜਿਹੜੀ ਹਰ ਤਰ੍ਹਾਂ ਦੇ ਹਨੇਰੇ ਖ਼ਿਲਾਫ ਲੜਨ ਦੇ ਸਮਰੱਥ ਹੈ। 'ਨਸੀਮ' ਇਸੇ ਨਿੱਘੀ ਧੁੱਪ ਦੀ ਅਗਲੀ ਲੜੀ ਹੈ।

ਇਹੀ ਨਸੀਮ ਘਰ ਦੇ ਬਾਕੀ ਮੈਂਬਰਾਂ ਵਿਚ ਚੱਲ ਰਹੀਆਂ ਦਲੀਲਾਂ ਅਤੇ ਬਹਿਸਾਂ ਦੀ ਚਸ਼ਮਦੀਦ ਗਵਾਹ ਹੈ। ਜਦੋਂ ਘਰ ਦਾ ਵੱਡਾ ਮੁੰਡਾ ਮੁਸ਼ਤਾਕ ਆਪਣੇ ਦੋਸਤ ਜ਼ਫਰ ਨਾਲ 'ਮੁਸਲਮਾਨਾਂ ਨੂੰ ਇਸ ਮੌਕੇ ਕੀ ਕਰਨਾ ਚਾਹੀਦਾ ਹੈ?' ਵਰਗੇ ਸਵਾਲਾਂ ਨਾਲ ਦੋ-ਚਾਰ ਹੁੰਦਿਆਂ ਗਰਮ-ਖਿਆਲ ਵਿਚਾਰਾਂ ਨਾਲ ਰਜ਼ਾਮੰਦੀ ਦਿਖਾਉਂਦਾ ਹੈ ਤਾਂ ਅਸਲ ਵਿਚ ਉਹ ਦਾਦਾ ਜੀ ਦੇ ਸਮਿਆਂ ਦੀ ਸਾਰਥਿਕਤਾ 'ਤੇ ਸਵਾਲ ਖੜ੍ਹੇ ਕਰ ਰਹੇ ਹੁੰਦੇ ਹਨ। ਦਾਦਾ ਜੀ ਇਸ ਸਾਰਥਿਕਤਾ ਦੀ ਮੌਜੂਦਾ ਜ਼ਰੂਰਤ ਦੀ ਤਸਦੀਕ ਕਰਦਿਆਂ ਆਖਦੇ ਹਨ ਕਿ ਦੰਗਾ-ਫਸਾਦ ਕੋਈ ਵੀ ਕਰੇ, ਅਸਲ ਵਿਚ ਤਾਂ ਗਰੀਬ ਤੇ ਬੇਵਸ ਲੋਕ ਹੀ ਹਰਜਾਨਾ ਭਰਦੇ ਹਨ। ਨਸੀਮ ਦਾ ਭਰਾ ਉਸ ਦੇ ਬਾਹਰ ਘੁੰਮਣ-ਫਿਰਨ 'ਤੇ ਪਾਬੰਦੀ ਲਗਾ ਦਿੰਦਾ ਹੈ। ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਨ੍ਹਾਂ 'ਤੇ ਕਦੇ ਵੀ ਹਮਲਾ ਹੋ ਸਕਦਾ ਹੈ। ਇਹ ਉਨ੍ਹਾਂ ਸਮਿਆਂ ਦੀ ਦਹਿਸ਼ਤ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਹੈ। ਫਿਲਮਸਾਜ਼ ਬਾਬਰੀ ਮਸਜਿਦ ਦੇ ਢਾਹੁਣ ਨੂੰ ਭਾਰਤੀ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੇ ਬਰਾਬਰ ਗਿਣਦਾ ਹੈ। ਬਾਬਰੀ ਮਸਜਿਦ ਦਾ ਢਹਿਣਾ ਸਾਂਝੀਆਂ ਰਵਾਇਤਾਂ ਅਤੇ ਸਹਿ-ਹੋਂਦ ਦੀ ਪਰੰਪਰਾ 'ਤੇ ਤਿੱਖੀ ਅਤੇ ਵੱਡੀ ਸੱਟ ਸੀ। ਫਿਲਮ ਵਿਚ ਇਸ ਨੂੰ ਦਾਦਾ ਜੀ ਦੇ ਫੌਤ ਹੋਣ ਰਾਹੀਂ ਦਰਸਾਇਆ ਗਿਆ ਹੈ, ਪਰ ਦਾਦਾ ਜੀ ਦੀ ਪਰੰਪਰਾ ਨਸੀਮ ਵਿਚ ਜ਼ਿੰਦਾ ਰਹਿੰਦੀ ਹੈ।



*1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਦੀ ਇਕ ਝਲਕ।*

---

# ਮੰਟੋ ਦੇ ਮਾਅਨੇ

## ਮੈਂ ਚਾਹੁੰਨਾ ਮੇਰੀ ਫਿਲਮ 'ਮੰਟੋ' ਲੋਕਾਂ ਨੂੰ ਝੰਜੋੜੇ: ਸਰਮਦ ਖੂਸਟ

*ਸਾਅਦਤ ਹਸਨ ਮੰਟੋ*



ਫਿਲਮਸਾਜ਼ ਸਰਮਦ ਸੁਲਤਾਨ ਖੂਸਟ ਦੀ ਫਿਲਮ 'ਮੰਟੋ' ਉਘੇ ਲੇਖਕ ਸਾਅਦਤ ਹਸਨ ਮੰਟੋ ਦੇ ਜੀਵਨ ਅਤੇ ਉਸ ਦੇ ਦੌਰ ਬਾਰੇ ਪਰਤਾਂ ਫਰੋਲਦੀ ਹੈ। ਖੂਸਟ ਨੇ ਇਸ ਤੋਂ ਪਹਿਲਾਂ 2012 ਵਿਚ 25 ਕਿਸ਼ਤਾਂ ਵਿਚ ਮੰਟੋ ਬਾਰੇ 'ਮੈਂ ਮੰਟੋ' ਨਾਂ ਦਾ ਲੜੀਵਾਰ ਤਿਆਰ ਕੀਤਾ ਸੀ। ਬਾਅਦ ਵਿਚ ਇਸੇ ਨੂੰ ਆਧਾਰ ਬਣਾ ਕੇ ਇਹ ਫਿਲਮ ਤਿਆਰ ਕੀਤੀ ਗਈ ਹੈ। ਖੂਸਟ ਹੈਰਾਨ ਅਤੇ ਖੁਸ਼ ਵੀ ਕਿ ਪਾਕਿਸਤਾਨੀ ਸੈਂਸਰ ਬੋਰਡ ਨੇ ਇਹ ਫਿਲਮ ਤੁਰੰਤ ਪਾਸ ਕਰ ਦਿੱਤੀ।

ਫਿਲਮ 'ਮੰਟੋ' ਨੂੰ ਲੋਕਾਂ ਅਤੇ ਫਿਲਮ ਅਲੋਚਕਾਂ ਨੇ ਖ਼ੂਬ ਹੁੰਗਾਰਾ ਭਰਿਆ ਹੈ। ਇਸ ਫਿਲਮ ਵਿਚ ਮੰਟੋ ਬਾਰੇ ਸ਼ਿਵ ਕੁਮਾਰ ਬਟਾਲਵੀ ਦਾ ਲਿਖਿਆ ਗੀਤ 'ਮਹਿਰਮ ਦਿਲਾਂ ਦੇ ਮਾਹੀ' ਵੀ ਸ਼ਾਮਲ ਕੀਤਾ ਗਿਆ। ਇਹ ਗੀਤ ਪਹਿਲਾਂ ਚਿਰ ਪਹਿਲਾਂ ਸੁਰਿੰਦਰ ਕੌਰ ਨੇ ਗਾਇਆ ਸੀ ਅਤੇ ਖੂਸਟ ਨੇ ਇਸ ਫਿਲਮ ਲਈ ਇਹ ਗੀਤ ਉਚੇਚੇ ਤੌਰ 'ਤੇ ਉਘੀ ਗਾਇਕਾ ਮੀਸ਼ਾ ਸ਼ਫੀ ਤੋਂ ਗਵਾਇਆ ਹੈ। ਇਸ ਤੋਂ ਇਲਾਵਾ ਮਿਰਜ਼ਾ ਗਾਲਿਬ ਦੀ ਅਮਰ ਰਚਨਾ 'ਆਹ ਕੋ ਚਾਹੀਏ' ਵੀ ਇਸ ਫਿਲਮ ਵਿਚ ਸ਼ਾਮਲ ਕੀਤੀ ਗਈ ਹੈ। ਗਾਲਿਬ ਦੀ ਇਹ ਰਚਨਾ ਅਲੀ ਸੇਠੀ ਨੇ ਗਾਈ ਹੈ। ਮਜੀਦ ਅਹਿਮਦ ਦਾ ਗੀਤ 'ਕੌਨ ਹੈ ਯੇਹ ਮੁਸ਼ਤਾਕ' ਅਤੇ ਮੁਹੰਮਦ ਹਨੀਫ਼ ਦੀ ਰਚਨਾ 'ਕਿਆ ਹੋਗਾ' ਨੇ ਵੀ ਖ਼ੂਬ ਰੰਗ ਬੰਨ੍ਹਿਆ ਹੈ। ਇਹ ਫਿਲਮ ਪਹਿਲਾਂ ਪਿਛਲੇ ਸਾਲ ਰਿਲੀਜ਼ ਕੀਤੀ ਜਾਣੀ ਸੀ ਪਰ ਬਾਅਦ ਵਿਚ 11 ਸਤੰਬਰ 2015 ਨੂੰ ਜਦੋਂ ਰਿਲੀਜ਼ ਕੀਤੀ ਗਈ ਤਾਂ ਇਸ ਨੂੰ ਖ਼ੂਬ ਹੁੰਗਾਰਾ ਮਿਲਿਆ।

ਇਸ ਫਿਲਮ ਵਿਚ ਮੰਟੋ ਦਾ ਕਿਰਦਾਰ ਸਰਮਦ ਖੂਸਟ ਨੇ ਖੁਦ ਨਿਭਾਇਆ ਹੈ ਅਤੇ ਪਤਨੀ ਦੀ ਭੂਮਿਕਾ ਵਿਚ ਸਾਨੀਆ ਸਈਦ ਨੇ ਫਿਲਮ ਵਿਚ ਜਾਨ ਪਾ ਦਿੱਤੀ। ਅਦਾਕਾਰਾ ਨਿਮਰਾ ਬੱਚਾ ਨੇ ਮੰਟੋ ਦੀ ਈਗੋ ਦੇ ਕਿਰਦਾਰ ਨਾਲ ਪੂਰਾ ਇਨਸਾਫ਼ ਕੀਤਾ ਹੈ ਅਤੇ ਕਈ ਸਵਾਲ ਵੀ ਖੜ੍ਹੇ ਕੀਤੇ ਹਨ। ਸਰਮਦ ਆਖਦਾ ਹੈ ਕਿ ਮੰਟੋ ਬਾਰੇ ਪਹਿਲਾਂ ਹੀ ਕਈ ਚਾਲੂ ਗੱਲਾਂ ਹੁੰਦੀਆਂ ਰਹੀਆਂ ਹਨ, ਇਹ ਫਿਲਮ ਉਸ ਦੇ ਅਸਲੇ ਵੱਲ ਝਾਤੀ ਮਾਰਨ ਦਾ ਹੰਭਲਾ ਹੈ। ਉਹ ਚਾਹੁੰਦਾ ਸੀ ਕਿ 'ਮੈਂ ਮੰਟੋ' ਅਤੇ ਇਸ ਫਿਲਮ ਰਾਹੀਂ ਮੰਟੋ ਆਪਣੇ ਅਸਲੀ ਰੂਪ ਵਿਚ ਸਭ ਦੇ ਸਾਹਮਣੇ ਆਵੇ। ਉਹ ਮੰਟੋ ਨੂੰ ਮਹਾਨ ਲੇਖਕ ਆਖਦਾ ਹੈ ਜਿਸ ਨੇ ਆਪਣੀਆਂ ਰਚਨਾਵਾਂ ਵਿਚ ਹਾਲਾਤ ਨਾਲ ਜੂਝਦੇ ਬੰਦੇ ਦੇ ਮਨ ਅੰਦਰ ਪੈ ਰਹੇ ਖੌਰੂ ਨੂੰ ਬਰੀਕੀ ਨਾਲ ਬਿਆਨ ਕੀਤਾ ਹੈ। ***-ਸਿਮਰਨ ਕੌਰ***



*ਫਿਲਮ 'ਮੰਟੋ' ਦੇ ਇਕ ਦ੍ਰਿਸ਼ ਵਿਚ ਸਰਮਦ ਖੂਸਟ।*



*ਫਿਲਮਸਾਜ਼ ਸਰਮਦ ਖੂਸਟ*

## ਨੰਦਿਤਾ ਦਾਸ ਵੀ ਬਣਾਏਗੀ 'ਮੰਟੋ'



ਉਘੀ ਅਦਾਕਾਰਾ ਅਤੇ ਬਤੌਰ ਫਿਲਮਸਾਜ਼ 'ਫਿਰਾਕ' ਵਰਗੀ ਫਿਲਮ ਬਣਾਉਣ ਵਾਲੀ ਨੰਦਿਤਾ ਦਾਸ ਵੀ ਸਾਅਦਤ ਹਸਨ ਮੰਟੋ ਬਾਰੇ ਫਿਲਮ ਬਣਾ ਰਹੀ ਹੈ। ਇਹ ਫਿਲਮ ਮੰਟੋ ਦੇ ਜੀਵਨ ਦੇ ਦਸ ਸਾਲਾਂ (1942 ਤੋਂ 1952) 'ਤੇ ਕੇਂਦਰਿਤ ਹੋਵੇਗੀ। ਇਸ ਫਿਲਮ ਲਈ ਪ੍ਰਸਿੱਧ ਅਦਾਕਾਰ ਇਰਫਾਨ ਖਾਨ ਨੇ ਕਿਰਦਾਰ ਨਿਭਾਉਣ ਦੀ ਇੱਛਾ ਪ੍ਰਗਟ ਕੀਤੀ ਹੈ, ਪਰ ਅਜੇ ਫਿਲਮ ਦੇ ਹੀਰੋ ਬਾਰੇ ਅੰਤਿਮ ਫੈਸਲਾ ਕੀਤਾ ਨਹੀਂ ਗਿਆ। ਯਾਦ ਰਹੇ ਕਿ ਮੰਟੋ ਨੂੰ ਅਸ਼ਲੀਲਤਾ ਦੇ ਦੋਸ਼ ਹੇਠ 6 ਵਾਰ ਅਦਾਲਤ ਵਿਚ ਘੜੀਸਿਆ ਗਿਆ; ਤਿੰਨ ਬਾਰ ਬ੍ਰਿਟਿਸ਼ ਹਕੂਮਤ ਵੇਲੇ ਅਤੇ ਤਿੰਨ ਵਾਰ ਪਾਕਿਸਤਾਨ ਸਰਕਾਰ ਨੇ, ਪਰ ਇਕ ਵਾਰ ਵੀ ਉਸ ਖਿਲਾਫ਼ ਦੋਸ਼ ਸਾਬਤ ਨਾ ਹੋਵੇ।


AJ
TRUCK DRIVING SCHOOL
ਏਅਰਪੋਰਟ ਤੋਂ ਪਿਕਅੱਪ ਤੇ ਡਰੌਪ ਆਫ ਦਾ ਵੀ ਖਾਸ ਪ੍ਰਬੰਧ ਹੈ।
deep@jfsinc.us
100% SATISFACTION GUARANTEED
ਵਾਜ਼ਿਬ ਰੇਟ, ਫਾਸਟ ਸਰਵਿਸ,
ਸਰਟੀਫਾਈਡ, ਤਜ਼ਰਬੇਕਾਰ ਇੰਸਟਰੱਕਟਰ,
ਰਿਹਾਇਸ਼ ਦਾ ਬਹੁਤ ਵਧੀਆ ਪ੍ਰਬੰਧ ਹੈ।
ਅਸੀਂ ਲਾਗ ਬੁੱਕ ਅਤੇ ਸੇਫਟੀ ਦੀ ਟ੍ਰੇਨਿੰਗ ਵੀ ਦਿੰਦੇ ਹਾਂ
ਲਾਇਸੰਸ ਦੀ ਗਾਰੰਟੀ ♦ Experienced Instructors
3506 W. Nielsen Ave. Fresno CA 93706
Tel.: 559.266.4000 Cell : 559.217.5986


The Clock is Ticking...
Dental Benefits Expire December 31st
THE AVERAGE ADULT IS
Missing at Least 2 Teeth.
You're Not Alone. We Can Help.
PANNU DENTAL GROUP
Call now for a
FREE
Private Implant Consultation!
1-800-360-9250
was
$3990
$985 Dental Implant SURGERY
Crown, denture and abutment not included, conditions and restriction apply.
Must present this ad at time of service. Call for details.
Coupon Expires Dec. 31st, 2016
5 CONVENIENT LOCATIONS!
San Jose (Evergreen Area), San Jose (Jackson Avenue), Fremont, Cupertino & Dublin
1-800-360-9250 • PannuDental.com


Need Water? Tired of waiting in Line?
Call: 844-486-9355
We have Multiple Drilling Rigs
and We Convert Pumps to Solar too
Run Your Well Without Bill
Kamaljit Dhillon
Simran Deol
Deep Grewal
Hydro Tech Solutions
One Stop Shop

# Two Awesome Packages. One Amazing Deal.

Get the best of Punjabi and American TV for one low price.

11 Punjabi Channels
+
55 English Channels

$34.98/mo

for 1 year then $69.98/mo with Offer Code SAVEBIG. Requires credit qualification, 24-month commitment with early termination fee and e-bill autopay.

11 Punjabi Channels: Punjabi Mega Pack

55 English Channels: Smart Pack

and more

Free for 3 months

## Order Now!
## 1-888-622-8456

Use Offer Code SAVEBIG

dish

**$10/mo. Credit for 12 Months Offer:** Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.

**Important Terms and Conditions: Promotional Offers:** Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current monthly price applies and is subject to change. **ETF:** If you cancel service during first 24 months, early termination fee of $20 for each month remaining applies.
**Additional Requirements: E-Bill Autopay Credit:** Promotional prices reflect a $10/mo credit for enrollment in e-bill autopay. If e-bill autopay is cancelled, credit will be removed. **Premium Channels:** Premium offer value is $135; after 3 months then-current monthly prices apply and are subject to change unless you call or go online to cancel prior to the end of 3 months. **Installation/Equipment Requirements:** A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply.
**Miscellaneous:** Offers available for new and qualified former customers. Activation Fee may apply. Offers subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. **Offers end 1/13/16.**
© 2015 DISH Network L.L.C. All rights reserved. HBO®, Cinemax® and related channels and service marks are the property of Home Box Office, Inc. SHOWTIME is a registered trademark of Showtime Networks Inc., a CBS Company.

Punjabi "Single Price" 2015